Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ-5, ਅੰਕ-6, ਜੁਲਾਈ 2015

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਪੱਤਰਕਾਰਾਂ ਦੇ ਕਤਲਾਂ ਪਿੱਛੇ ਕੰਮ ਕਰਦੇ ਖ਼ੂਨੀ ਹੱਥ

ਬੂਟਾ ਸਿੰਘ




ਪਿਛਲੇ ਦਿਨੀਂ ਹਿੰਦੁਸਤਾਨ ਵਿਚ ਪੱਤਰਕਾਰਾਂ ਨੂੰ ਜਾਨੋਂ ਮਾਰ ਦੇਣ ਅਤੇ ਅਗਵਾ ਕਰ ਲੈਣ ਦੀਆਂ ਉਪਰੋਥਲੀ ਘਟਨਾਵਾਂ ਸਾਹਮਣੇ ਆਈਆਂ ਹਨ। ਪੱਤਰਕਾਰਾਂ ਦੇ ਕਤਲ ਅਤੇ ਉਨ੍ਹਾਂ ਉਪਰ ਹਮਲੇ ਪਹਿਲਾਂ ਵੀ ਹੁੰਦੇ ਰਹੇ ਹਨ। ਪਰ ਹੁਣ ਇਨ੍ਹਾਂ ਦੀ ਗਿਣਤੀ ਵਧ ਰਹੀ ਹੈ। ਇਸੇ ਤਰ੍ਹਾਂ ਪਿਛਲੇ ਸਾਲਾਂ ਵਿਚ ਮੁਲਕ ਅੰਦਰ 100 ਤੋਂ ਉਪਰ ਸੂਚਨਾ ਅਧਿਕਾਰ ਕਾਰਕੁੰਨਾਂ ਦੇ ਕਤਲ ਹੋ ਚੁੱਕੇ ਹਨ ਜਿਨ੍ਹਾਂ ਨੇ ਵੱਖ-ਵੱਖ ਤਰ੍ਹਾਂ ਦੇ ਮਾਫ਼ੀਆ ਗਰੋਹਾਂ ਵਲੋਂ ਚਲਾਏ ਜਾ ਰਹੇ ਗ਼ੈਰਕਾਨੂੰਨੀ ਕਾਰੋਬਾਰਾਂ ਦਾ ਖ਼ੁਲਾਸਾ ਕੀਤਾ ਸੀ। ਇਸ ਦੀ ਕੀਮਤ ਉਨ੍ਹਾਂ ਨੂੰ ਆਪਣੀ ਜਾਨ ਦੇ ਕੇ ਚੁਕਾਉਣੀ ਪਈ ਹੈ। ਹਾਲੀਆ ਮਾਮਲਿਆਂ 'ਚ ਵੀ ਸਾਂਝੀ ਤੰਦ ਇਹ ਹੈ ਕਿ ਇਨ੍ਹਾਂ ਪੱਤਰਕਾਰਾਂ ਦੀ ਰਿਪੋਰਟਿੰਗ ਜ਼ਮੀਨ ਅਤੇ ਹੋਰ ਵਸੀਲਿਆਂ ਉਪਰ ਗ਼ੈਰਕਾਨੂੰਨੀ ਤੌਰ 'ਤੇ ਕਾਬਜ਼ ਮਾਫ਼ੀਆ ਗਰੋਹਾਂ ਦੇ ਹਿਤਾਂ ਲਈ ਖ਼ਤਰਾ ਬਣਦੀ ਸੀ।

ਸ਼ਾਹਜਹਾਂਪੁਰ (ਯੂ.ਪੀ.) ਦਾ ਰਹਿਣ ਵਾਲਾ ਜੋਗਿੰਦਰ ਸਿੰਘ ਸਮਾਜਵਾਦੀ ਪਾਰਟੀ ਦੇ ਮੰਤਰੀ ਰਾਮਮੂਰਤੀ ਸਿੰਘ ਵਰਮਾ ਦੇ ਘੁਟਾਲਿਆਂ ਬਾਰੇ ਆਵਾਜ਼ ਉਠਾ ਰਿਹਾ ਸੀ। ਉਹ ਸਥਾਨਕ ਅਖ਼ਬਾਰਾਂ ਵਿਚ ਅਤੇ ਫੇਸਬੁਕ ਉਪਰ ਲਗਾਤਾਰ ਲਿਖ ਰਿਹਾ ਸੀ। ਉਸ ਨੇ ਜਿਥੇ ਮੰਤਰੀ ਵਲੋਂ ਬਣਾਈ ਗ਼ੈਰਕਾਨੂੰਨੀ ਜ਼ਮੀਨ ਤੇ ਹੋਰ ਜਾਇਦਾਦ ਅਤੇ ਭੋਂਇ ਮਾਫ਼ੀਆ ਵਲੋਂ ਜ਼ਮੀਨਾਂ ਉਪਰ ਨਜਾਇਜ਼ ਕਬਜ਼ਿਆਂ, ਗ਼ੈਰਕਾਨੂੰਨੀ ਮਾਈਨਿੰਗ ਦੇ ਤੱਥ ਸਾਹਮਣੇ ਲਿਆਂਦੇ ਉਥੇ ਉਸਨੇ ਮੰਤਰੀ ਤੇ ਉਸ ਦੇ ਗੁੰਡਿਆਂ ਵਲੋਂ ਇਕ ਆਂਗਨਬਾੜੀ ਵਰਕਰ ਨਾਲ ਸਮੂਹਕ ਜਬਰ-ਜਨਾਹ ਦੇ ਮਾਮਲੇ ਬਾਰੇ ਵਿਸ਼ੇਸ਼ ਤੌਰ 'ਤੇ ਲਿਖਿਆ। ਇਸ ਘਟਨਾ ਬਾਰੇ ਜੋਗਿੰਦਰ ਸਿੰਘ ਨੇ ਆਪਣੇ ਫੇਸਬੁੱਕ ਖਾਤੇ 'ਸ਼ਾਹਜਹਾਨਪੁਰ ਸਮਾਚਾਰ" ਉਪਰ ਟਿੱਪਣੀ ਕੀਤੀ: "ਯੂ.ਪੀ. ਵਾਕਈ ਗੁੰਡਿਆਂ ਦੀ ਹੋ ਗਈ ਹੈ"। ਇਕ ਹੋਰ ਪੋਸਟ ਵਿਚ ਉਸਨੇ ਲਿਖਿਆ "ਸੂਚਨਾ ਮਿਲੀ ਹੈ

(ਬਾਕੀ ਸਫ਼ਾ 9 'ਤੇ)

## ਜਮਹੂਰੀ ਅਧਿਕਾਰ ਸਭਾ, ਬਠਿੰਡਾ ਵੱਲੋਂ ਪੱਤਰਕਾਰਾਂ 'ਤੇ ਹਮਲੇ ਦੀ ਨਿੰਦਾ

ਕਰਤਾਰਪੁਰ ਨੇੜਲੇ ਪਿੰਡ ਦਿਆਲਪੁਰ ਵਿੱਚ ਰੇਡੀਓ 'ਰੰਗਲਾ ਪੰਜਾਬ' ਟਰਾਂਟੋ ਦੇ ਪੱਤਰਕਾਰਾਂ ਬਲਜਿੰਦਰ ਕੋਟਭਾਰਾ ਤੇ ਅਮਨਦੀਪ ਕੌਰ ਹਾਂਸ ਉਪਰ ਅਕਾਲੀ ਵਰਕਰਾਂ ਵਲੋਂ ਹਮਲਾ ਕਰਨ, ਬੰਧਕ ਬਣਾਉਣ ਅਤੇ ਪੁਲਿਸ ਵਲੋਂ ਦੋਸ਼ੀਆਂ ਦਾ ਬਚਾਅ ਕਰਨ ਦੇ ਮਾਮਲੇ ਦੀ ਜਮਹੂਰੀ ਅਧਿਕਾਰ ਸਭਾ ਬਠਿੰਡਾ ਇਕਾਈ ਨੇ ਜ਼ੋਰਦਾਰ ਨਿਖੇਧੀ ਕੀਤੀ ਹੈ।

ਪ੍ਰੈਸ ਦੇ ਜਾਰੀ ਬਿਆਨ ਵਿੱਚ ਸਭਾ ਦੇ ਪ੍ਰਧਾਨ ਬੱਗਾ ਸਿੰਘ, ਸਕੱਤਰ ਰਣਧੀਰ ਗਿੱਲਪੱਤੀ ਤੇ ਪ੍ਰੈਸ ਸਕੱਤਰ ਸੁਦੀਪ ਸਿੰਘ ਨੇ ਕਿਹਾ ਕਿ ਦਲਿਤ ਬਸਤੀ ਅੰਦਰ ਉਹਨਾਂ ਦੇ ਮਸਲਿਆਂ ਦੀ ਕਵਰੇਜ ਕਰ ਰਹੇ ਇਹਨਾਂ ਪੱਤਰਕਾਰਾਂ 'ਤੇ ਹਮਲਾ ਨਾ ਸਿਰਫ ਪ੍ਰੈਸ ਦੀ ਅਜ਼ਾਦੀ 'ਤੇ ਹਮਲਾ ਹੈ ਸਗੋਂ ਵੰਚਿਤ ਤਬਕਿਆਂ ਦੇ ਮਸਲਿਆਂ ਨੂੰ ਜਨਤਾ 'ਚ ਨਾ ਉਭਰਣ ਦੇਣ ਅਤੇ ਜੁਬਾਨਬੰਦੀ ਦਾ ਮਾਮਲਾ ਵੀ ਹੈ। ਉਹਨਾਂ ਕਿਹਾ ਕਿਹਾ ਕਿ ਪੱਤਰਕਾਰਾਂ ਦੀ ਸੁਰੱਖਿਆ ਦੇ ਮਾਮਲੇ 'ਚ ਸਖਤ ਕਾਨੂੰਨੀ ਬੰਦੋਬਸਤ ਕਰਨ ਅਤੇ ਅਜਿਹੇ ਮਾਮਲਿਆਂ 'ਚ ਕਾਨੂੰਨੀ ਤੇ ਪ੍ਰਬੰਧਕੀ ਮਸ਼ੀਨਰੀ ਅੰਦਰ ਲੋੜੀਂਦੀ ਸੰਵੇਦਨਾ ਪੈਦਾ ਕਰਕੇ ਬੇਖੌਫ ਪੱਤਰਕਾਰਤਾ ਦਾ ਮਾਹੌਲ ਸਿਰਜਣ ਦੀ ਬਜਾਇ ਅਸੁਰੱਖਿਆ ਤੇ ਦਹਿਸ਼ਤ ਦੇ ਸੰਕੇਤ ਦਿੱਤੇ ਜਾ ਰਹੇ ਹਨ। ਨਿਡਰ ਤੇ ਪਾਰਦਰਸ਼ੀ ਪੱਤਰਕਾਰਤਾ ਬਹੁਤ ਜੋਖਮ ਭਰਿਆ ਕਿਤਾ ਬਣ ਚੁੱਕੀ ਹੈ। ਦਰੁਸਤ ਤੇ ਨਿਰਪੱਖ ਸੂਚਨਾ ਨੂੰ ਜਮਹੂਰੀਅਤ ਦੀ ਜਿੰਦ-ਜਾਨ ਦੱਸਦਿਆਂ ਸਭਾ ਦੇ ਆਗੂਆਂ ਨੇ ਕਿਹਾ ਕਿ ਸਮਾਜਿਕ ਬੇਇਨਸਾਫੀ ਅਤੇ ਲੋਕਾਂ ਦੇ ਮੰਗਾਂ-ਮਸਲਿਆਂ ਦੇ ਮਾਮਲਿਆਂ ਨੂੰ ਉਭਾਰਣ ਤੇ ਉਹਨਾਂ ਦੇ ਨਿਵਾਰਣ ਵਾਸਤੇ ਪੱਤਰਕਾਰ ਭਾਈਚਾਰੇ ਦਾ ਯੋਗਦਾਨ ਕਿਸੇ ਪਛਾਣ ਦਾ ਮੁਹਤਾਜ ਨਹੀਂ। ਪੱਤਰਕਾਰ ਹੀ ਬੇਜੁਬਾਨਿਆਂ ਦੀ ਜੁਬਾਨ ਬਣਦੇ ਹਨ ਜਿਸ ਕਰਕੇ ਬਹੁਤ ਵਾਰ ਉਹਨਾਂ ਨੂੰ ਵੀ ਧਕੜ ਤੇ ਦਬਾਊ ਤਾਕਤਾਂ ਦਾ ਨਿਸ਼ਾਨਾ ਬਣਨਾ ਪੈ ਜਾਂਦਾ ਹੈ। ਉਹਨਾਂ ਕਿਹਾ ਕਿ ਵੱਖ-ਵੱਖ ਥਾਵਾਂ ਤੇ ਜਿਵੇਂ ਪੱਤਰਕਾਰਾਂ 'ਤੇ ਹਮਲੇ ਹੋ ਰਹੇ ਹਨ, ਹੱਕਾਂ ਦੀ ਗੱਲ ਕਰਨ ਵਾਲੇ ਲੋਕਾਂ ਨੂੰ ਦਬਾਇਆ ਜਾ ਰਿਹਾ ਹੈ - ਇਹ ਮਾਹੌਲ ਐਮਰਜੈਂਸੀ ਦੇ ਕਾਲੇ ਦਿਨਾਂ ਦੀ ਯਾਦ ਤਾਜ਼ਾ ਕਰਵਾਉਂਦਾ ਹੈ। ਉਹਨਾਂ ਸਭਨਾਂ ਅਮਨਪਸੰਦ ਤੇ ਜਮਹੂਰੀ ਤਾਕਤਾਂ ਨੂੰ ਹਮਲੇ ਦਾ ਸ਼ਿਕਾਰ ਹੋਏ ਪੱਤਰਕਾਰ ਭਰਾਵਾਂ ਦੀ ਡਟਵੀਂ ਮਦਦ 'ਚ ਨਿਤਰਣ ਦਾ ਸੱਦਾ ਦਿੰਦਿਆ ਵਖਰੇਵੇਂ ਦੀਆਂ ਅਵਾਜ਼ਾਂ ਨੂੰ ਕੁਚਲ ਦੇਣ ਦੇ ਬਣ ਰਹੇ ਮਾਹੌਲ ਖਿਲਾਫ ਇਕਜੁਟ ਹੋਣ ਦਾ ਸੱਦਾ ਦਿੱਤਾ।



4

ਝੂਠੀ ਵਾਹ-ਵਾਹ ਤਿਆਗੋ- ਬੁਨਿਆਦੀ ਮੁੱਦਿਆਂ ਨੂੰ ਸੰਬੋਧਤ ਹੋਵੋ



8

ਸਾਵਧਾਨ ! ਐਮਰਜੈਂਸੀ ਦੇ ਕਾਲੇ ਦਿਨਾਂ ਦਾ ਖ਼ਤਰਾ ਫਿਰ ਸਿਰ ਚੁੱਕ ਰਿਹਾ !



13

Cuban workers caring for Nepal quake victims



22

ਇਕ ਜੰਗੀ ਕੈਦੀ, ਪ੍ਰੋਫੈਸਰ

SUPER VISA INSURANCE



Sherjang Singh Rana
416.910.9000

PUNJAB INSURANCE INC.

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Ravinder Singh Basra
416.845.6232

ਸੁਆਲ ਸੰਵਾਦ

# ਮੋਦੀ ਰਾਜ ਦੇ ਲਲਿਤ ਅਤੇ ਨਰਿੰਦਰ

ਦਲਜੀਤ ਅਮੀ

ਇੱਕੋ ਵੇਲੇ ਦੋ ਮੋਦੀਆਂ ਦੀ ਚਰਚਾ ਹੋ ਰਹੀ ਹੈ। ਇੱਕ ਨੇ ਯੋਗਾ ਨੂੰ ਕੌਮਾਂਤਰੀ ਪੱਧਰ ਉੱਤੇ ਪੇਸ਼ ਕੀਤਾ ਹੈ ਅਤੇ ਦੂਜਾ ਕ੍ਰਿਕਟ ਇਤਿਹਾਸ ਵਿੱਚ ਇੰਡੀਅਨ ਪ੍ਰੀਮੀਅਰ ਲੀਗ ਦਾ ਅਧਿਆਏ ਜੋੜਨ ਤੋਂ ਬਾਅਦ ਇਲਜ਼ਾਮਾਂ ਦੇ ਘੇਰੇ ਵਿੱਚ ਹੈ। ਪਿਛਲੇ ਦਿਨੀਂ ਉੱਤਰੀ ਅਰਧ ਗੋਲੇ ਵਿੱਚ ਸਾਲ ਦੇ ਸਭ ਤੋਂ ਵੱਡੇ ਦਿਨ ਨੂੰ ਪਲੇਠੇ ਕੌਮਾਂਤਰੀ ਯੋਗਾ ਦਿਵਸ ਵਜੋਂ ਮਨਾਇਆ ਗਿਆ। ਇਸੇ ਦੌਰਾਨ ਲਲਿਤ ਮੋਦੀ ਦੀ 'ਮਨੁੱਖੀ ਆਧਾਰ' ਉੱਤੇ ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਸਿੰਧਿਆ ਅਤੇ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵੱਲੋਂ ਕੀਤੀ ਗਈ ਇਮਦਾਦ ਵੀ ਚਰਚਾ ਵਿੱਚ ਹੈ। ਦੋ ਮੋਦੀਆਂ ਦੀ ਇੱਕੋ ਵੇਲੇ ਚਰਚਾ ਹੋਣਾ ਸਬੱਬ ਹੈ ਪਰ ਇਸ ਸਬੱਬ ਨਾਲ ਮੌਜੂਦਾ ਦੌਰ ਦੀਆਂ ਕਈ ਰਮਜ਼ਾਂ ਖੁੱਲ੍ਹਦੀਆਂ ਹਨ। ਦੋਵਾਂ ਦੀ ਜ਼ਿੰਦਗੀ ਵਿੱਚ ਕਈ ਗੱਲਾਂ ਇੱਕੋ ਜਿਹੀਆਂ ਹਨ।



ਲਲਿਤ ਮੋਦੀ ਅਮੀਰ ਕਾਰੋਬਾਰੀਆਂ ਦੇ ਘਰ ਜੰਮਣ ਤੋਂ ਲੈਕੇ ਇੰਡੀਅਨ ਪ੍ਰੀਮੀਅਰ ਲੀਗ ਦੀ ਕਾਮਯਾਬੀ ਅਤੇ ਵਿੱਤੀ ਬੇਨੇਮੀਆਂ, ਗ਼ੈਰ-ਅਨੁਸ਼ਾਸਨੀ ਵਿਹਾਰ ਅਤੇ ਪੇਸ਼ੇਵਰ ਬੇਈਮਾਨੀ ਦੇ ਇਲਜ਼ਾਮਾਂ ਵਿੱਚ ਘਿਰਿਆ ਹੋਇਆ ਹੈ। ਤੀਹ ਸਾਲ ਪਹਿਲਾਂ ਲਲਿਤ ਮੋਦੀ ਨੇ ਉੱਤਰੀ ਕੈਰੋਲੀਨਾ ਵਿੱਚ ਨਸ਼ਿਆਂ ਦੀ ਤਸਕਰੀ, ਹਿੰਸਾ ਅਤੇ ਅਗਵਾ ਕਰਨ ਵਿੱਚ ਸ਼ਾਮਿਲ ਹੋਣ ਦੇ ਇਲਜ਼ਾਮ ਕਬੂਲ ਕੀਤੇ ਸਨ। ਪਾਂਡੀ ਤੋਂ ਇੰਡੀਅਨ ਪ੍ਰੀਮੀਅਰ ਲੀਗ ਦੇ ਬਾਨੀ ਕਮਿਸ਼ਨਰ ਹੋਣ ਤੱਕ ਦਾ ਸਫ਼ਰ ਖੇਡ ਪ੍ਰਬੰਧ ਨਾਲ ਜੁੜੇ ਕਈ ਅਹੁਦਿਆਂ ਅਤੇ ਕਾਰੋਬਾਰੀ ਪਹਿਲਕਦਮੀਆਂ ਰਾਹੀਂ ਤੈਅ ਹੋਇਆ ਹੈ। ਦੂਜੇ ਪਾਸੇ ਨਰਿੰਦਰ ਮੋਦੀ ਨੇ ਚਾਹ ਬਣਾਉਣ ਵਾਲੇ ਖੋਖੇ ਤੋਂ ਗੁਜਰਾਤ ਦੇ ਮੁੱਖ ਮੰਤਰੀ ਰਾਹੀਂ ਪ੍ਰਧਾਨ ਮੰਤਰੀ ਤੱਕ ਦਾ ਸਫ਼ਰ ਤੈਅ ਕੀਤਾ ਹੈ। ਉਨ੍ਹਾਂ ਦੇ ਇਸ ਸਫ਼ਰ ਵਿੱਚ ਗੁਜਰਾਤ ਵਿੱਚ ਮੁਸਲਮਾਨਾਂ ਦਾ ਕਤਲੇਆਮ ਅਤੇ ਆਪਣਾ ਰਾਹ ਸਾਫ਼ ਕਰਨ ਲਈ ਵਰਤੇ ਸਿਆਸੀ ਦਾਅਪੇਚ ਲਗਾਤਾਰ ਚਰਚਾ ਦਾ ਵਿਸ਼ਾ ਰਹੇ ਹਨ। ਦੋਵਾਂ ਮੋਦੀਆਂ ਵਿੱਚੋਂ ਨਰਿੰਦਰ ਨੂੰ ਤਿਆਗੀ ਅਤੇ ਲਲਿਤ ਨੂੰ ਭੋਗੀ ਵਜੋਂ ਪੇਸ਼ ਕਰਨ ਦੀ ਮਸ਼ਕ ਲਗਾਤਾਰ ਚੱਲਦੀ ਰਹਿੰਦੀ ਹੈ। ਨਰਿੰਦਰ ਦੀ ਸਿਆਸੀ ਕਾਮਯਾਬੀ ਵਿੱਚ ਉਸ ਦੀ ਵਪਾਰਕ ਬੁੱਧੀ ਅਤੇ ਲਲਿਤ ਦੀ ਕਾਰੋਬਾਰੀ ਚੜ੍ਹਾਈ ਵਿੱਚ ਉਸ ਦੇ ਸਿਆਸੀ ਗੁਰਾਂ ਦਾ ਜ਼ਿਕਰ ਜ਼ਰੂਰ ਆਉਂਦਾ ਹੈ।

ਇੰਡੀਅਨ ਪ੍ਰੀਮੀਅਰ ਲੀਗ ਅਤੇ ਯੋਗਾ ਦੇ ਹਵਾਲੇ ਨਾਲ ਕੁਝ ਗੱਲਾਂ ਮੌਜੂਦਾ ਦੌਰ ਦੇ ਕਈ ਪੱਖਾਂ ਨੂੰ ਉਭਾਰਦੀਆਂ ਹਨ। ਇੰਡੀਅਨ ਪ੍ਰੀਮੀਅਰ ਲੀਗ ਤੋਂ ਕਈ ਸਾਲ ਪਹਿਲਾਂ 20-ਵੀਹ ਓਵਰਾਂ ਦੀ ਕ੍ਰਿਕਟ ਦੇ ਤਜਰਬੇ ਚੱਲ ਰਹੇ ਸਨ। ਇਸੇ ਦੌਰਾਨ ਕ੍ਰਿਕਟ ਖੇਡ ਮੈਦਾਨ ਦੀ ਥਾਂ ਟੈਲੀਵਿਜ਼ਨ ਦੇ ਪੇਸ਼ਕਾਰੀ ਵਜੋਂ ਸਮਝੀ ਜਾ ਰਹੀ ਸੀ। ਇਸ਼ਤਿਹਾਰਬਾਜ਼ੀ ਲਈ ਇਹ ਖੇਡ ਬਹੁਤ ਢੁੱਕਵੀਂ ਬਣਦੀ ਸੀ। ਇਸ ਖੇਡ ਦੀ ਸਭ ਤੋਂ ਤੇਜ਼-ਤਰਾਰ ਵੰਨਗੀ ਵਿੱਚ ਵੀ ਇਸ਼ਤਿਹਾਰਬਾਜ਼ੀ ਲਈ ਚੋਖੀ ਥਾਂ ਹੈ। ਖੇਡ-ਮੈਦਾਨ ਦੇ ਬਾਹਰ ਹਰ ਕੋਨੇ ਉੱਤੇ ਇਸ਼ਤਿਹਾਰਬਾਜ਼ੀ ਕੀਤੀ ਜਾ ਸਕਦੀ ਹੈ। ਖੇਡ ਦੌਰਾਨ ਹਰ ਓਵਰ ਤੋਂ ਬਾਅਦ, ਹਰ ਵਿਕਟ ਗਿਰਨ ਤੋਂ ਬਾਅਦ, ਓਵਰਾਂ ਅਤੇ ਪਾਰੀਆਂ ਦੌਰਾਨ ਇਸ਼ਤਿਹਾਰਬਾਜ਼ੀ ਟੈਲੀਵਿਜ਼ਨ ਦਾ ਪੂਰਾ ਪਰਦਾ ਹਥਿਆ ਸਕਦੀ ਹੈ। ਮੋਦੀ ਦੌਰ ਦੀ ਡਿਜੀਟਲ ਤਕਨੀਕ ਰਾਹੀਂ ਟੈਲੀਵਿਜ਼ਨ ਦੇ ਜ਼ਰੀਏ ਮੈਚ ਦੀਆਂ ਤਫ਼ਸੀਲਾਂ ਖੇਡ ਮੈਦਾਨ ਉੱਤੇ ਉੱਕਰੀਆਂ ਜਾਣ ਲੱਗੀਆਂ ਤਾਂ ਇਸ਼ਤਿਹਾਰ ਵੀ ਉੱਕਰਿਆ ਜਾਣ ਲੱਗਿਆ। ਜੇ ਗੇਂਦਬਾਜ਼ ਵਾਲੇ ਸਿਰੇ ਉੱਤੇ ਮੈਚ ਦਾ ਵੇਰਵਾ ਉਭਰਦਾ ਹੈ ਤਾਂ












ਵਿਕਟਕੀਪਰ ਦੇ ਪਿੱਛੇ ਇਸ਼ਤਿਹਾਰ ਲਿਸ਼ਕਦਾ ਹੈ। ਇਸ ਤੋਂ ਬਾਅਦ ਚਲਦੇ ਮੈਚ ਦੌਰਾਨ ਇਸ਼ਤਿਹਾਰ ਟੈਲੀਵਿਜ਼ਨ ਦੇ ਪਰਦੇ ਵਿੱਚ ਆਪਣੇ ਖ਼ਾਨੇ ਮੱਲ ਸਕਦਾ ਹੈ। ਜੇ ਪਹਿਲਾਂ ਹੇਠਲੀਆਂ ਪੱਟੀਆਂ ਸ਼ੁਰੂ ਹੋਈਆਂ ਤਾਂ ਹੌਲੀ-ਹੌਲੀ ਇਹ ਪੱਟੀਆਂ ਲਗਾਤਾਰ ਚੱਲਣ ਲੱਗੀਆਂ। ਇਹ ਲਿਖਤ ਤੋਂ ਗ੍ਰਾਫ਼ਿਕਸ ਰਾਹੀਂ ਐਨੀਮੇਸ਼ਨ ਅਤੇ ਮਲਟੀਮੀਡੀਆ-ਵੀਡੀਓ ਤੱਕ ਪਹੁੰਚ ਗਈਆਂ। ਹੁਣ ਟੈਲੀਵਿਜ਼ਨ ਦਾ ਪਰਦਾ ਇੱਕੋ ਵੇਲੇ ਹੇਠਲੀ ਅਤੇ ਵੱਖੀ ਦੀ ਪੱਟੀ ਰਾਹੀਂ ਵੰਡਿਆ ਜਾਂਦਾ ਹੈ ਜਿਸ ਉੱਤੇ ਇੱਕੋ ਵੇਲੇ ਇੱਕ ਤੋਂ ਜ਼ਿਆਦਾ ਇਸ਼ਤਿਹਾਰ ਮੈਚ ਦੇ ਨਾਲ ਚਲਦੇ ਹਨ। ਹੁਣ ਖੇਡ ਮਾਹਰ ਚੌਕਿਆਂ-ਛਿੱਕਿਆਂ ਜਾਂ ਮੈਚ ਦੀਆਂ ਝਾਕੀਆਂ ਨਾਲ ਇਸ਼ਤਿਹਾਰੀ ਵਿਸ਼ਲੇਸ਼ਣ ਲਗਾਉਂਦੇ ਹਨ। ਛਿੱਕੇ ਡੀ.ਐਲ.ਐਫ. ਹੋ ਗਏ ਹਨ।

ਜਦੋਂ 20-ਵੀਹ ਕ੍ਰਿਕਟ ਨੂੰ ਤਿੰਨ ਘੰਟਿਆਂ ਦੇ ਮਨੋਰੰਜਨ ਵਜੋਂ ਫ਼ਿਲਮ ਵਾਂਗ ਪੇਸ਼ ਕੀਤਾ ਜਾਂਦਾ ਹੈ ਤਾਂ ਕੁਝ ਤਬਦੀਲੀਆਂ ਹੋਰ ਵਾਪਰਦੀਆਂ ਹਨ। ਜਿਵੇਂ ਟੈਲੀਵਿਜ਼ਨ ਪਰਦੇ ਦੇ ਖੂੰਜਿਆਂ ਅਤੇ ਕੰਨੀਆਂ ਵਿੱਚ ਇਸ਼ਤਿਹਾਰ ਆਉਂਦਾ ਹੈ ਉਸੇ ਤਰ੍ਹਾਂ ਖੇਡ-ਮੈਦਾਨ ਦੇ ਕੋਨਿਆਂ ਵਿੱਚ ਦੇਸੀ-ਵਿਦੇਸ਼ੀ ਗੀਤ-ਸੰਗੀਤ-ਨਾਚ ਆਉਂਦਾ ਹੈ। ਫ਼ਿਲਮ ਸਨਅਤ ਦੇ ਅਦਾਕਾਰ ਆਪਣੀ ਅਦਾਕਾਰੀ ਅਤੇ ਕਾਰੋਬਾਰ ਲਈ 20-ਵੀਹ ਨੂੰ ਨਵੇਂ ਮੰਚ ਵਜੋਂ ਪ੍ਰਵਾਨ ਕਰਦੇ ਹਨ। ਉਨ੍ਹਾਂ ਦੇ ਜਸ਼ਨ ਅਤੇ ਅਫ਼ਸੋਸ ਨਾਲ 20-ਵੀਹ ਦਿਲਕਸ਼ ਹੋ ਜਾਂਦਾ ਹੈ। ਸ਼ਿਲਪਾ ਸ਼ੈਟੀ ਅਤੇ ਪ੍ਰੀਤੀ ਜ਼ਿੰਟਾ ਤੋਂ ਲੈ ਕੇ ਸ਼ਾਹਰੁਖ਼ ਖ਼ਾਨ ਤੱਕ ਕੈਮਰੇ ਲਈ ਢੁਕਵੀਆਂ ਥਾਂਵਾਂ ਉੱਤੇ ਬੈਠਦੇ ਹਨ ਅਤੇ ਲਗਾਤਾਰ ਸਰਗਰਮ ਰਹਿੰਦੇ ਹਨ। ਜੇ ਕਿਸੇ ਗੇਂਦਬਾਜ਼ ਜਾਂ ਬੱਲੇਬਾਜ਼ ਦਾ ਜਾਦੂ ਨਹੀਂ ਚੱਲਿਆ ਤਾਂ ਖੇਡ ਮੈਦਾਨ ਵਿਚਲੇ ਦਰਸ਼ਕਾਂ ਲਈ ਪੇਸ਼ਕਾਰੀਆਂ ਹਨ ਅਤੇ ਟੈਲੀਵਿਜ਼ਨ ਲਈ ਫ਼ਿਲਮ ਸਨਅਤ ਦੀ ਦਿਲਕਸ਼ੀ ਹੈ। ਲਲਿਤ ਮੋਦੀ ਦੇ ਦੌਰ ਵਿੱਚ ਕੈਰੀ ਪੈਕਰ ਦੇ ਤਿੰਨ ਦਹਾਕੇ ਦੇ ਤਜਰਬੇ ਪੁਰਾਣੇ ਯੁੱਗ ਦੀ ਕਹਾਣੀ ਲੱਗਣ ਲੱਗਦੇ ਹਨ। 20-ਵੀਹ ਖੇਡ ਪੰਨਿਆਂ ਤੋਂ ਪੇਜ-ਥ੍ਰੀ ਤੱਕ ਦਾ ਸਫ਼ਰ ਤੈਅ ਕਰਦਾ ਹੈ। ਦੇਰ ਰਾਤ ਤੱਕ ਚਲਦੇ ਸ਼ਰਾਬ, ਸ਼ਬਾਬ ਅਤੇ ਕਬਾਬ ਦੇ ਜਸ਼ਨ ਦੀਆਂ ਮਸਾਲੇਦਾਰ ਗੱਲਾਂ ਖ਼ਬਰਾਂ ਵਜੋਂ ਮਨੋਰੰਜਨ ਅਤੇ ਖ਼ਬਰੀਆ ਜਗਤ ਦਾ ਹਿੱਸਾ ਬਣਦੀਆਂ ਹਨ। ਖਿਡਾਰੀਆਂ ਦੀ ਸ਼ਰਾਬ ਪੀਣ ਦੀ ਸਮਰੱਥਾ, ਨੱਚਣ ਦਾ ਹੁਨਰ ਅਤੇ ਇੱਕ-ਰਾਤੀਆ-ਇਸ਼ਕ 20-ਵੀਹ ਦੇ ਬਾਹਰ ਇੰਡੀਅਨ ਪ੍ਰੀਮੀਅਰ ਲੀਗ ਦਾ ਪਸਾਰਾ ਕਰਦੇ ਹਨ। ਸੱਟੇਬਾਜ਼ਾਂ ਦੀ ਗ਼ੈਰ-ਕਾਨੂੰਨੀ ਸਰਗਰਮੀ ਵਧ ਜਾਂਦੀ ਹੈ ਅਤੇ 'ਭਰੋਸੇਯੋਗ' ਸੂਤਰਾਂ ਦੇ ਹਵਾਲੇ ਨਾਲ ਮੈਚ ਦੇ ਰੁਖ਼ ਦਾ ਅੰਦਾਜ਼ਾ ਲਗਾਉਣ ਲਈ ਠੋਸ ਜਾਣਕਾਰੀ ਮੰਨੀ ਜਾਂਦੀ ਹੈ। ਸੱਟੇਬਾਜ਼ੀ ਵੀ ਲੜੀ-ਲੜੀ ਜਾਂ ਮੈਚ-ਮੈਚ ਦੀ ਥਾਂ ਓਵਰ-ਓਵਰ ਅਤੇ ਗੇਂਦ-ਗੇਂਦ ਦੀ ਤਫ਼ਸੀਲ ਤੱਕ ਪੁੱਜ ਜਾਂਦੀ ਹੈ। ਚੌਕਿਆਂ-ਛਿੱਕਿਆਂ ਉੱਤੇ ਲਗਦੀਆਂ ਸ਼ਰਤਾਂ ਨੋ-ਬਾਲ ਅਤੇ ਵਾਇਡ-ਬਾਲ ਨੂੰ ਆਪਣੇ ਘੇਰੇ ਵਿੱਚ ਲੈ ਲੈਂਦੀਆਂ ਹਨ। ਇਸ ਹਮਾਮ ਵਿੱਚ ਖਿਡਾਰੀ, ਪ੍ਰੰਬਧਕ, ਮਾਲਕ ਅਤੇ ਪਤਵੰਤੇ ਚਾਂਗਰਾਂ ਮਾਰ-ਮਾਰ ਕੇ ਨਹਾਉਂਦੇ ਹਨ। ਭਾਰਤ ਵਿੱਚ ਚੋਣਾਂ ਦੌਰਾਨ ਸੁਰੱਖਿਆ ਕਾਰਨ ਇਜਾਜ਼ਤ ਨਾ ਮਿਲਣ ਉੱਤੇ ਭਾਰਤੀ ਟੈਲੀਵਿਜ਼ਨ ਦਰਸ਼ਕ ਦੀ ਸਹੂਲਤ ਮੁਤਾਬਕ ਇੰਡੀਅਨ ਪ੍ਰੀਮੀਅਰ ਲੀਗ ਦੱਖਣੀ ਅਫ਼ਰੀਕਾ ਵਿੱਚ ਹੁੰਦੀ ਹੈ ਅਤੇ ਇਸ ਨੂੰ ਮੁਲਕ ਦੀ ਕ੍ਰਿਕਟ ਜਗਤ ਵਿੱਚ ਵਧਦੀ ਤਾਕਤ ਵਜੋਂ ਪੇਸ਼ ਕੀਤਾ ਜਾਂਦਾ ਹੈ। ਜਦੋਂ ਲਲਿਤ ਮੋਦੀ ਨੂੰ ਵਿੱਤੀ ਬੇਨੇਮੀਆਂ, ਗ਼ੈਰ-ਅਨੁਸ਼ਾਸਨੀ ਵਿਹਾਰ ਅਤੇ ਪੇਸ਼ੇਵਰ ਬੇਈਮਾਨੀ ਦੇ ਇਲਜ਼ਾਮਾਂ ਤਹਿਤ ਪਾਸੇ ਕੀਤਾ ਜਾਂਦਾ ਹੈ ਤਾਂ 'ਖੇਡ ਹਰ ਹੀਲੇ ਜਾਰੀ ਰਹਿਣੀ ਚਾਹੀਦੀ ਹੈ' ਦਾ ਬੋਲਾ ਸਿਆਸੀ ਗ਼ਲਿਆਰਿਆਂ ਤੋਂ ਜਮਹੂਰੀਅਤ ਦੇ ਤੀਜੇ ਥੰਮ੍ਹ ਰਾਹੀਂ ਗੂੰਜਦਾ ਹੈ। ਕ੍ਰਿਕਟ ਨੂੰ 'ਸਲੀਕੇਦਾਰਾਂ' ਦੀ ਖੇਡ ਵਜੋਂ ਬਹਾਲ ਕਰਨ ਦੀ ਮੰਗ ਹੁੰਦੀ ਰਹਿੰਦੀ ਹੈ।

ਨਰਿੰਦਰ ਮੋਦੀ ਦੇ ਉਭਾਰ ਅਤੇ ਪੇਸ਼ਕਾਰੀ ਵਿੱਚ ਲਲਿਤ ਮੋਦੀ ਦੀਆਂ ਜੁਗਤਾਂ ਕੰਮ ਆਉਂਦੀਆਂ ਹਨ। ਉਹ ਫ਼ਿਰਕੂ ਫਸਾਦਾਂ ਵਾਲੀ ਕੈਨਵਸ ਉੱਤੇ ਵਿਕਾਸ ਦਾ ਡਿਜੀਟਲ ਪਰਦਾ ਪਾਉਂਦਾ ਹੈ। ਆਰਥਿਕ ਸੁਧਾਰਾਂ ਦੇ ਭਾਰਤੀ ਕੈਰੀ ਪੈਕਰ ਡਾ. ਮਨਮੋਹਨ ਸਿੰਘ ਦੀਆਂ ਪਹਿਲਕਦਮੀਆਂ ਨੂੰ ਸਿਆਸਤ ਦਾ 20-ਵੀਹ ਰੂਪ ਬਣਾ ਕੇ ਧੁੰਧਲਾ ਕਰਦਾ ਹੈ। ਉਹ 'ਮੇਡ ਇੰਨ ਇੰਡੀਆ' ਵਿੱਚ ਸਿਰਫ਼ ਪਹਿਲੇ ਡੱਡੇ ਦਾ ਕੱਕਾ ਬਣਾ ਕੇ ਇਸ਼ਤਿਹਾਰਬਾਜ਼ੀ ਦੀ ਅਹਿਮੀਅਤ ਨੂੰ ਉਘਾੜਦਾ ਹੈ। ਉਸ ਦੀ ਇਸ ਜੁਗਤ ਸਾਹਮਣੇ 'ਠੰਢਾ ਮਤਲਬ ਕੋਕਾ ਕੋਲਾ' ਦਾ ਮੰਡੀ ਮੁਖੀ ਉਧਮੀ ਖ਼ਾਸਾ ਮੱਧਮ ਪੈ ਜਾਂਦਾ ਹੈ। ਉਸ ਦਾ 'ਪ੍ਰਧਾਨ ਸੇਵਕ' ਵਜੋਂ ਮੰਤਰੀਆਂ-ਸੰਤਰੀਆਂ ਨੂੰ ਨੁਮਾਇਸ਼ੀ ਬਣਾ ਦੇਣਾ ਨਿਮਰਤਾ ਦਾ ਖੁੱਲ੍ਹੀ ਮੰਡੀ ਵਾਲਾ ਆਪਹੁਦਰਾ ਰੂਪ ਪੇਸ਼ ਕਰਦਾ ਹੈ। ਉਹ ਝਾੜੂ ਫੜ ਕੇ ਮੁਲਕ ਦੀ ਸਫ਼ਾਈ ਦਾ ਦਾਅਵਾ ਕਰਦਾ ਹੈ ਅਤੇ ਸਾਰੇ ਚਿੱਟਕੱਪੜੀਏ ਮੰਤਰੀਆਂ-ਸੰਤਰੀਆਂ ਨੂੰ ਕੂੜੇ ਦੇ ਢੇਰਾਂ ਲਾਗੇ ਤਸਵੀਰਾਂ ਖਿਚਵਾਉਣ ਦਾ ਵਰਦਾਨ ਦਿੰਦਾ ਹੈ। ਅਧਿਆਪਕ ਦਿਵਸ ਮੌਕੇ ਪੂਰੇ ਮੁਲਕ ਨੂੰ ਵਿਦਿਆਰਥੀ ਬਣਾ ਕੇ ਟੈਲੀਵਿਜ਼ਨ ਅੱਗੇ ਬਿਠਾਉਂਦਾ ਹੈ। ਇੱਕੋ ਦਿਨ ਵਿੱਚ ਚਾਰ ਪੌਸ਼ਾਕਾਂ ਬਦਲ ਕੇ ਵਧ ਰਹੇ ਆਰਥਿਕ ਪਾੜੇ ਵਾਲੇ ਸਮਾਜ ਵਿੱਚ ਉਹ ਸਾਦਗੀ ਦੇ ਮਾਅਨੇ ਸਮਝਾਉਂਦਾ ਹੈ। ਇਸੇ ਕੜੀ ਵਿੱਚ 21 ਜੂਨ ਨੂੰ ਕੌਮਾਂਤਰੀ ਯੋਗਾ ਦਿਵਸ ਮਨਾਇਆ ਜਾਂਦਾ ਹੈ। ਇੱਕ ਪਾਸੇ ਯੋਗਾ ਨੂੰ ਆਲਮੀ ਵਿਰਾਸਤ ਵਜੋਂ ਪੇਸ਼ ਕੀਤਾ ਜਾਂਦਾ ਹੈ ਅਤੇ ਦੂਜੇ ਪਾਸੇ ਇਸ ਨੂੰ 'ਭਾਰਤੀ ਸੰਸਕ੍ਰਿਤੀ ਦੇ ਆਲਮੀ ਰਾਜਪਲਟੇ' ਵਜੋਂ ਪ੍ਰਚਾਰਿਆ ਜਾਂਦਾ ਹੈ। ਸੁਆਲ ਯੋਗਾ ਦੀ ਕਸਰਤ ਵਜੋਂ ਅਹਿਮੀਅਤ ਦਾ ਨਹੀਂ ਹੈ ਸਗੋਂ ਇਸ ਦੀ ਪੇਸ਼ਕਾਰੀ ਨਾਲ ਜੁੜੀ ਸੋਚ ਦਾ ਹੈ। ਦੋ ਮਿਸਾਲਾਂ: ਗੋਰਖ਼ਪੁਰ ਤੋਂ ਭਾਜਪਾ ਦੇ ਸੰਸਦ ਮੈਂਬਰ ਅਦਿਤਿਆਨਾਥ ਯੋਗੀ ਨੇ ਯੋਗਾ ਦਿਵਸ ਦੀ ਸਰਕਾਰੀ ਮਸ਼ਕ ਉੱਤੇ ਸੁਆਲ ਕਰਨ ਵਾਲਿਆਂ ਘੱਟਗਿਣਤੀਆਂ ਨੂੰ ਜੁਆਬ ਦਿੱਤਾ, "ਵਿਰੋਧ ਕਰਨ ਵਾਲੇ ਮੁਲਕ ਤੋਂ ਬਾਹਰ ਜਾਓ ਜਾਂ ਸਮੁੰਦਰ ਵਿੱਚ ਡੁੱਬ ਮਰੋ।" ਰਾਸ਼ਟਰੀ ਸਵੈਮ ਸੇਵਕ ਦੇ ਆਗੂ ਰਾਮ ਮਾਧਵ ਨੇ ਯੋਗਾ ਦਿਵਸ ਦੇ ਸਮਾਗਮਾਂ ਵਿੱਚੋਂ ਗ਼ੈਰ-ਹਾਜ਼ਰ ਰਹੇ ਹਾਮਿਦ ਅੰਸਾਰੀ ਨੂੰ ਟਵਿੱਟਰ ਰਾਹੀਂ ਸੁਆਲ ਕੀਤੇ ਜਿਨ੍ਹਾਂ ਦਾ ਫ਼ਿਰਕੂ ਖ਼ਾਸਾ ਬਿਆਨ ਕਰਨ ਦੀ ਲੋੜ ਨਹੀਂ। ਬਾਅਦ ਵਿੱਚ ਉਨ੍ਹਾਂ ਨੇ ਇਹ ਦੋ ਟਵੀਟ ਮਿਟਾ ਦਿੱਤੇ ਕਿਉਂਕਿ ਹਾਮਿਦ ਅੰਸਾਰੀ ਦੀ ਸਿਹਤ ਖ਼ਰਾਬ ਹੋਣ ਦੀ ਖ਼ਬਰ ਨਾਗਪੁਰ ਪਹੁੰਚ ਗਈ ਸੀ।

ਯੋਗਾ ਦਿਵਸ ਦੇ ਸਮਾਗਮਾਂ ਵਿੱਚ ਪ੍ਰਧਾਨ ਮੰਤਰੀ ਯੋਗ ਆਸਣ ਕਰਦੇ ਨਜ਼ਰ ਆਏ। ਕਸਰਤ ਕਰਦੇ ਮੌਜੂਦਾ ਪ੍ਰਧਾਨ ਮੰਤਰੀ ਦੀ ਤਸਵੀਰ ਸਾਬਕਾ ਪ੍ਰਧਾਨ ਮੰਤਰੀਆਂ ਦੀਆਂ ਤਸਵੀਰਾਂ ਨਾਲੋਂ ਵੱਖਰੀ ਹੈ: ਜਵਾਹਰ ਲਾਲ ਨਹਿਰੂ ਦੇ ਸੀਸ ਆਸਣ ਅਤੇ ਇੰਦਰਾ ਗਾਂਧੀ ਦੇ ਯੋਗ ਆਸਣਾਂ ਤੋਂ ਵੱਖਰੀ ਹੈ। ਉਹ ਆਪਣੀ ਸਿਹਤ ਦੀ ਫ਼ਿਕਰਮੰਦੀ ਦੇ ਆਸਣ ਕਰਦੇ ਸਨ ਪਰ ਨਰਿੰਦਰ ਮੋਦੀ 'ਧਰਮ, ਦੇਸ਼ਭਗਤੀ, ਨੈਤਿਕਤਾ ਅਤੇ ਸੱਭਿਅਤਾ' ਦੇ 'ਆਲਮੀ ਸ਼ੰਖ ਨਾਦ' ਦੀ ਨੁਮਾਇੰਦਗੀ ਕਰ ਰਹੇ ਹਨ। ਜੇ ਸਭ ਤੋਂ ਵੱਧ ਖ਼ੂਨ ਦੀ ਕਮੀ ਦਾ ਸ਼ਿਕਾਰ ਲੋਕਾਂ ਦੇ ਮੁਲਕ ਵਿੱਚ ਸਿਹਤ ਮੁੱਦਿਆਂ ਦੀ ਗੱਲ ਹੋਵੇ ਤਾਂ ਆਵਾਮ ਲਈ ਖ਼ੁਸ਼ਖ਼ਬਰੀ ਹੋਵੇਗੀ। ਜੇ ਸਾਡੇ ਮੁਲਕ ਵਿੱਚ ਬਾਲ ਅਤੇ ਜਣੇਪਾ ਮੌਤਾਂ ਨੂੰ ਘੱਟ ਕਰਨ ਦੀ ਗੱਲ ਹੋਵੇ ਜਾਂ ਮੁਲਕ ਵਿੱਚ ਖੇਡ ਸੱਭਿਆਚਾਰ ਪੈਦਾ ਕਰਨ ਦਾ ਉਪਰਲਾ ਹੋਵੇ ਤਾਂ ਸਰਕਾਰ ਦਾ ਧੰਨਵਾਦੀ ਹੋਇਆ ਜਾ ਸਕਦਾ ਹੈ। ਜੇ ਯੋਗਾ ਨੂੰ ਯੋਗੀਆਂ ਰਾਹੀਂ ਧਰਮ ਦੀ ਪ੍ਰਾਪਤੀ ਵਜੋਂ ਪੇਸ਼ ਕੀਤਾ ਜਾਂਦਾ ਹੈ ਤਾਂ ਮੁਲਕ ਦੀ ਸਿਹਤ ਨੂੰ ਇਸ ਤੋਂ ਖ਼ਤਰਾ ਹੈ।

ਯੋਗਾ ਦੀ ਸਰਕਾਰੀ ਮਸ਼ਕ ਨੂੰ ਇਸ ਦੇ ਅਲੰਬਰਦਾਰਾਂ ਦੀ ਸਿਆਸਤ ਤੋਂ ਵੱਖ ਕਰ ਕੇ ਨਹੀਂ ਸਮਝਿਆ ਜਾ ਸਕਦਾ। ਉਹ ਲੋਕਾਂ ਦੀ 'ਠੰਢੇ' ਦੀ ਲੋੜ ਨੂੰ ਆਪਣੀ ਬੋਤਲ ਦੀ ਮੰਡੀ ਨਾਲ ਜੋੜ ਰਹੇ ਹਨ। ਲੋਕਾਂ ਨੇ ਕਸਰਤ ਕਰਨੀ ਹੈ ਕਿਉਂਕਿ ਤੰਦਰੁਸਤ ਦਿਮਾਗ਼ ਤੰਦਰੁਸਤ ਸਰੀਰ ਵਿੱਚ ਵਾਸ ਕਰਦਾ ਹੈ। ਲੋਕਾਂ ਨੇ ਖੇਡਣਾ ਹੈ ਕਿਉਂਕਿ ਖ਼ੁਰਾਕ ਮਨੁੱਖ ਪਹਿਲਾ ਅਤੇ ਖੇਡ ਮਨੁੱਖ ਦਾ ਉੱਤਮ ਸਕੂਨ ਹੈ। ਖੁੱਲ੍ਹੀ ਮੰਡੀ ਦੇ ਦੌਰ ਵਿੱਚ ਮੋਦੀਆਂ ਦਾ ਉਦਮੀ ਖ਼ਾਸਾ ਸਮਝਣਾ ਬਹੁਤ ਜ਼ਰੂਰੀ ਹੈ। ਇਸ ਦੌਰ ਵਿੱਚ ਲਲਿਤ ਖੇਡ ਭਾਵਨਾ ਉੱਤੇ ਸਵਾਰ ਹੁੰਦਾ ਹੈ ਤਾਂ ਨਰਿੰਦਰ ਦੇਸ਼ ਭਗਤੀ ਦਾ ਰਥਵਾਨ ਬਣਦਾ ਹੈ। ਜੇ ਡਾ ਮਨਮੋਹਨ ਸਿੰਘ ਦੇ ਦੌਰ ਵਿੱਚ ਰਾਡੀਆ ਟੇਪਾਂ ਦੇ ਵਿਵਾਦਾਂ ਵਿੱਚ ਫਸੇ ਰਤਨ ਟਾਟਾ ਦੀ 'ਨਿੱਜੀ ਜ਼ਿੰਦਗੀ ਵਿੱਚ ਖ਼ਲਲ' ਦਾ ਧਿਆਨ ਰੱਖਿਆ ਜਾ ਸਕਦਾ ਹੈ ਤਾਂ ਨਰਿੰਦਰ ਮੋਦੀ ਦੇ ਦੌਰ ਵਿੱਚ ਲਲਿਤ ਮੋਦੀ ਦੀ 'ਮਨੁੱਖੀ ਇਮਦਾਦ' ਤਾਂ ਹੀ ਕੀਤੀ ਜਾਵੇਗੀ। ਲਲਿਤ ਮੋਦੀ ਦੇ ਦੌਰ ਵਿੱਚ ਭਾਵੇਂ ਕੈਰੀ ਪੈਕਰ ਪੁਰਾਣਾ ਜਾਪਣ ਲੱਗ ਜਾਵੇ ਪਰ ਉਸੇ ਦੀ ਵਿਰਾਸਤ ਨਵੇਂ ਰੂਪ ਵਿੱਚ ਮੂੰਹਜ਼ੋਰ ਹੋ ਕੇ ਅੱਗੇ ਵਧਦੀ ਹੈ।



# ਯੋਗਾ ਦਾ ਧਰਮੀਕਰਨ, ਸਿਆਸੀਕਰਨ ਬੰਦ ਹੋਵੇ

**ਗੁਰਮੇਲ ਗਿੱਲ**

ਸਰੀ: ਯੋਗਾ ਸਰੀਰ ਨੂੰ ਤੰਦਰੁਸਤ ਰਖਣ ਲਈ ਇਕ ਵਰਜਿਸ਼ ਹੈ। ਬਾਕੀ ਸਰੀਰਕ ਕਸਰਤਾਂ ਵਾਂਗ ਇਸ ਦੀ ਵਰਤੋਂ ਜਾਂ ਪ੍ਰੈਕਟਿਸ ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋ ਸਕਦਾ, ਪਰ ਜਿਸ ਤਰਾਂ ਅੱਜ ਕੱਲ ਇਸ ਨੂੰ ਧਰਮ ਨਾਲ ਜੋੜ ਕੇ ਇਸ ਦਾ ਪ੍ਰਚਾਰ ਕੀਤਾ ਜਾਂਦਾ ਹੈ ਤੇ ਇਸ ਤੋਂ ਸਿਆਸੀ, ਧਾਰਮਿਕ ਤੇ ਵਪਾਰਿਕ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਉਹ ਛੱਲ ਤੇ ਕਪਟ ਹੈ। ਤਰਕਸ਼ੀਲ ਕਲਚਰਲ ਸੁਸਾਇਟੀ ਆਫ਼ ਕੈਨੇਡਾ ਵੈਨਕੂਵਰ ਇਸ ਕਾਰਵਾਈ ਦਾ ਗੰਭੀਰ ਨੋਟਿਸ ਲੈਂਦੇ ਹੋਏ ਲੋਕਾਂ ਨੂੰ ਸੁਚੇਤ ਕਰਦੀ ਹੈ ਕਿ ਯੋਗਾ ਵਾਰੇ ਹੋ ਰਹੇ ਪ੍ਰਚਾਰ ਨਾਲ ਗੁਮਰਾਹ ਹੋਣ ਦੀ ਥਾਂ ਇਸ ਪਿੱਛੇ ਛਿਪੇ ਮਨਸੂਬਿਆਂ ਨੂੰ ਪਛਾਨਣ। ਬੀਜੇਪੀ ਦੀ ਸਰਕਾਰ ਬਨਣ ਤੋਂ ਬਾਅਦ ਭਾਰਤ ਵਿਚ ਧਾਰਮਿਕ ਕਟੜਵਾਦ ਦਾ ਫਨੀਅਰ ਸੱਪ ਲੋਕਾਂ ਦੀ ਸਦੀਆਂ ਪੁਰਾਣੀ ਭਾਈਚਾਰਕ ਏਕਤਾ ਨੂੰ ਡੰਗ ਮਾਰਨ ਦੀ ਤਿਆਰੀ ਕਰ ਰਿਹਾ ਹੈ। ਯੋਗਾ ਦਾ ਦੇਸ਼ ਪ੍ਰਦੇਸ਼ ਵਿਚ ਇਕ ਖਾਸ ਧਰਮ ਨਾਲ ਜੋੜ ਕੇ ਤਾਬੜ ਤੋੜ ਪ੍ਰਚਾਰ ਉਸੇ ਕੜੀ ਦਾ ਇਕ ਹਿਸਾ ਹੈ।

ਦੂਜੇ ਪਾਸੇ ਸਾਡੀ ਸਰਕਾਰ ਜੋ ਕਾਰਪੋਰੇਟ ਘਰਾਣਿਆਂ ਦੀ ਇਕ ਰਖੇਲ ਹੈ, ਉਹ ਉਨ੍ਹਾਂ ਦੇ ਹਿਤਾਂ ਦੀ ਪੂਰਤੀ ਲਈ ਉਨ੍ਹਾਂ ਨੂੰ ਤਾਂ ਟੈਕਸਾਂ ਵਿਚ ਛੋਟ ਤੇ ਛੋਟ ਦੇ ਰਹੀ ਹੈ ਪਰ ਆਮ ਆਦਮੀ ਤੇ ਆਰਥਿਕ ਬੋਝ ਦਿਨ ਪ੍ਰਤੀ ਦਿਨ ਵਧਾ ਰਹੀ ਹੈ ਅਤੇ ਇਸ ਦੇ ਨਾਲ ਹੀ ਉਸ ਨੂੰ ਮਿਲ ਰਹੀਆਂ ਸਹੂਲਤਾਂ ਜਿਵੇਂ ਵਿਦਿਆ, ਸਿਹਤ, ਬੁਢਾਪਾ ਪੈਨਸ਼ਨ ਵਗੈਰਾ ਤੇ ਕੱਟ ਤੇ ਕੱਟ ਲਾ ਰਹੀ ਹੈ । ਘਟੋ ਘੱਟ ਉਜਰਤ ਵਿਚ ਨਿਗੂਣਾ ਵਾਧਾ ਆਮ ਆਦਮੀ ਤੇ ਨਿਤ ਦਿਨ ਵਧਦੀ ਮਹਿੰਗਾਈ ਦੀ ਪੈ ਰਹੀ ਆਰਥਿਕ ਮਾਰ ਦੇ ਮੇਚ ਦਾ ਨਹੀਂ। ਆਰਥਿਕ ਪਾੜਾ ਦਿਨੋ ਦਿਨ ਵੱਧ ਰਿਹਾ ਹੈ। ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬਿਆ ਦੀ ਇਕ ਰਿਪੋਰਟ ਮੁਤਾਬਿਕ ਪਿਛਲੇ 30 ਸਾਲਾਂ ਵਿਚ ਕੈਨੇਡਾ ਦੀ ਉਪਰਲੀ 1% ਤੇ ਬਾਕੀ 99% ਵਸੋਂ ਦੀ ਔਸਤ ਆਮਦਨੀ ਵਿਚਲਾ ਪਾੜਾ ਲਗਭੱਗ ਦੁਗਣਾ ਹੋ ਗਿਆ ਹੈ। ਇਸ ਦਾ ਨਤੀਜਾ ਹੈ ਕਿ ਆਮ ਆਦਮੀ ਤੇ ਕਰਜ਼ੇ ਦਾ ਭਾਰ ਦਿਨੋ ਦਿਨ ਵਧਦਾ ਜਾ ਰਿਹਾ ਹੈ ਤੇ ਉਸ ਦੀ ਬੇਚੈਨੀ ਵਧਦੀ ਜਾ ਰਹੀ ਹੈ।

ਸਰਕਾਰਾਂ ਲੋਕਾਂ ਦਾ ਧਿਆਨ ਦੂਜੇ ਪਾਸੇ ਖਿੱਚਣ ਲਈ ਧਰਮਾਂ ਦੇ ਆਸਰੇ ਭਾਲਦੀਆਂ ਰਹਿੰਦੀਆਂ ਹਨ, ਸਿਆਸੀ ਚਾਲਾਂ ਚਲਦੀਆਂ ਰਹਿੰਦੀਆਂ ਹਨ ਤੇ ਤਰਾਂ ਤਰਾਂ ਦੇ ਸ਼ੋਸ਼ੇ ਛੱਡਦੀਆਂ ਰਹਿੰਦੀਆਂ ਹਨ। ਯੋਗਾ ਦਾ ਇਸ ਤਰਾਂ ਜੋਰ ਸ਼ੋਰ ਨਾਲ ਪ੍ਰਚਾਰ, ਵਪਾਰੀਕਰਨ ਤੇ ਸਿਆਸੀਕਰਨ ਇਸੇ ਕੜੀ ਦਾ ਇਕ ਹਿਸਾ ਹੈ। ਤਰਕਸ਼ੀਲ ਸੁਸਾਇਟੀ ਸਰਕਾਰ ਤੋਂ ਮੰਗ ਕਰਦੀ ਹੈ ਕਿ ਲੋਕਾਂ ਦਾ ਟੈਕਸਾਂ ਦਾ ਪੈਸਾ ਇਹੋ ਜਿਹੇ ਹੱਥਕੰਡਿਆਂ ਤੇ ਜ਼ਾਇਆ ਕਰਨ ਦੀ ਥਾਂ ਲੋਕਾਂ ਦੀਆਂ ਆਰਥਿਕ ਮੁਸ਼ਕਲਾਂ ਦੇ ਹੱਲ ਲਈ ਸੁਹਿਰਦ ਯਤਨ ਕਰੇ। ਬੀ ਸੀ ਦੀ ਸਰਕਾਰ ਅਤੇ ਸਿਟੀ ਆਫ਼ ਵੈਨਕੋਵਰ ਵਲੋਂ 21 ਜੂਨ 2015 ਨੂੰ ਯੋਗਾ ਦਿਵਸ ਮਨਾਉਣ ਦੇ ਬਹਾਨੇ ਲੂਲੂ ਲੇਮਨ ਕੰਪਨੀ ਦੀ ਮਸ਼ਹੂਰੀ ਵਾਸਤੇ ਉਸਨੂੰ ਵਪਾਰਕ ਫਾਇਦਾ ਪਹੁੰਚਾਉਣ ਲਈ ਬੁਰਾਡ ਬ੍ਰਿਜ ਨੂੰ 7 ਘੰਟਿਆਂ ਲਈ ਬੰਦ ਕਰਨ ਦੇ ਪ੍ਰੋਗ੍ਰਾਮ ਦਾ ਜਿਸ ਤਰ੍ਹਾਂ ਲੋਕਾਂ ਨੇ ਵਿਰੋਧ ਕਰ ਕੇ ਸਰਕਾਰ ਨੂੰ ਇਸ ਨੂੰ ਕੈਂਸਲ ਕਰਨ ਲਈ ਮਜਬੂਰ ਕਰ ਦਿਤਾ ਉਹ ਇਕ ਹਾਂ ਪੱਖੀ ਵਰਤਾਰਾ ਹੈ । ਤਰਕਸ਼ੀਲ ਸੁਸਾਇਟੀ ਲੋਕਾਂ ਨੂੰ ਬੇਨਤੀ ਕਰਦੀ ਹੈ ਕਿ ਉਹ ਧਾਰਮਿਕ ਕਟੜਵਾਦ ਤੇ ਸਰਕਾਰੀ ਚਾਲਾਂ ਨੂੰ ਪਛਾੜਦੇ ਹੋਏ ਆਪਣੀਆਂ ਸਮੱਸਿਆਵਾਂ ਦੇ ਹਲ ਲਈ ਸਰਕਾਰ ਨੂੰ ਮਜਬੂਰ ਕਰਨ ਵਾਸਤੇ ਹਮੇਸ਼ਾਂ ਇਸੇ ਤਰਾਂ ਇਕ ਜੁਟ ਹੋ ਕੇ ਹੰਭਲਾ ਮਾਰਦੇ ਰਹਿਣ। ਤਰਕਸ਼ੀਲ ਸੁਸਾਇਟੀ ਸਰਕਾਰ ਦੇ ਹਰ ਲੋਕ ਵਿਰੋਧੀ ਫੈਸਲੇ ਦਾ ਵਿਰੋਧ ਕਰ ਰਹੀਆਂ ਧਿਰਾਂ ਦਾ ਇਕ ਅੰਗ ਬਣ ਕੇ ਚਲਣ ਦਾ ਅਹਿਦ ਕਰਦੀ ਹੈ।

*'ਸਾਫ਼ ਸੁਥਰੇ ਭਾਰਤ' ਦੀ ਮੁਹਿੰਮ*

# ਝੂਠੀ ਵਾਹ-ਵਾਹ ਤਿਆਗੋ-ਬੁਨਿਆਦੀ ਮੁੱਦਿਆਂ ਨੂੰ ਸੰਬੋਧਤ ਹੋਵੋ

**ਨਰਭਿੰਦਰ**

'ਸਾਫ਼ ਸੁਥਰਾ ਭਾਰਤ' ਇਕ ਅਜਿਹਾ ਚੋਚਲੇਬਾਜ਼ ਜੁਮਲਾ ਹੈ ਜਿਹੜਾ ਦੇਸ਼ ਦੇ ਅਵਾਮ ਨੂੰ ਮੂਰਖ ਬਣਾਉਣ 'ਚ ਅਹਿਮ ਭੂਮਿਕਾ ਅਦਾ ਕਰ ਰਿਹਾ ਹੈ। ਇਸ ਜੁਮਲੇ ਦੇ ਦੋਹਰੇ ਤੀਰੇ ਮਹਿਣੇ (ਅਰਥ) ਹਨ, ਪਰ ਹਾਲੇ ਅਸੀਂ ਇਸ ਉਤੇ ਚਰਚਾ ਨਹੀਂ ਕਰਾਂਗੇ। ਪਹਿਲਾ ਸਮਝਣ ਵਾਲਾ ਨੁਕਤਾ ਇਹ ਕਿ ਕੀ ਇਹ ਨਵੇਂ ਜੁਮਲੇਬਾਜ਼ ਪ੍ਰਧਾਨ ਮੰਤਰੀ ਦੀ ਮੌਲਿਕ ਸੋਚ ਦੀ ਉਪਜ ਹੈ? ਅਤੇ ਕੀ ਇਹ ਪਹਿਲੀ ਵਾਰ ਭਾਰਤ ਨੂੰ 'ਸਾਫ਼ ਸੁਥਰਾ' ਕਰਨ ਦੀ ਮੁਹਿਮ ਵਿੱਢੀ ਗਈ ਹੈ? ਹਾਕਮਾਂ ਨੂੰ ਹਰ ਸਾਲ ਹਰ ਨਾਅਰਾ ਨਵੇਂ ਲੇਬਲ ਹੇਠ ਵੇਚਣਾ ਆਉਂਦਾ ਹੈ ਅਤੇ ਕਾਰਪੋਰੇਟੀ ਪੂੰਜੀ ਦਾ ਸਿਪਾਹ ਸਿਲਾਰ ਇਸ ਦਾ ਖਾਸਾ ਮਾਹਿਰ ਹੈ। ਲੋਕਾਂ ਨੂੰ ਚੰਗੇਰੀ ਜ਼ਿੰਦਗੀ ਦੀ ਗੱਲ ਸਮੇਂ ਸਮੇਂ ਹਰ ਹਕੂਮਤ ਕਰਦੀ ਰਹੀ ਹੈ। ਬੇਸ਼ੱਕ ਇਹ ਮੁਹਿਮਾਂ ਕਾਗਜ਼ਾਂ 'ਚ ਰਹੀਆਂ ਅਤੇ ਇਨ੍ਹਾਂ ਦੀ ਮਾਰਕੀਟਿੰਗ ਵੀ ਨਹੀਂ ਹੋਈ। ਮਿਸਾਲਵਜੋਂ 1986 'ਚ ਕੇਂਦਰੀ ਗ੍ਰਾਮੀਣ ਸਨੇਟੇਸ਼ਨ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ ਸੀ। ਸਨੇਟੇਸ਼ਨ ਪ੍ਰੋਗਰਾਮ ਆਮ ਤੌਰ 'ਤੇ ਪਖਾਨਾ ਸੁਵਿਧਾ ਲਈ ਜਾਣਿਆ ਜਾਂਦਾ ਹੈ। ਪਰ ਇਸ ਪ੍ਰੋਗਰਾਮ ਦੇ ਵੱਖ-ਵੱਖ ਪਹਿਲੂ ਇਵੇਂ ਹਨ 1. ਮੈਲੇ ਦੀ ਸੁੱਰਖਿਆ ਸਫ਼ਾਈ 2. ਸਾਫ਼ ਪਾਣੀ ਦਾ ਰਾਖਵਾਂਕਰਨ ਅਤੇ ਉਸਦੀ ਵੰਡ 3. ਨਿੱਜੀ ਸਾਫ਼ ਸਫ਼ਾਈ 4. ਸਿਹਤਮੰਦੀ ਦਾ ਤੌਰ ਤਰੀਕਾ। ਭਾਵ ਇਹ ਕਿ 'ਸਾਫ਼ ਸੁਥਰੇ ਭਾਰਤ' ਦਾ ਮਤਲਬ ਕੈਮਰੇ ਮੂਹਰੇ ਖਲੋ ਕੇ ਗੰਦ ਨੂੰ ਹੂਝਣ ਨਹੀਂ ਸਗੋਂ ਇਸ ਗੰਦ ਪ੍ਰਤੀ ਸੁਚੇਤ ਹੋਣਾ ਵੀ ਹੈ ਜਿਹੜਾ ਮਨੁੱਖ ਦੀ ਨਿਰੋਈ ਸਿਹਤ ਲਈ ਨੁਕਸਾਨਦਾਇਕ ਵੀ ਹੈ। ਆਪਣੇ ਦੇਸ਼ ਦੇ ਨਾਗਰਿਕਾਂ ਦੀ ਨਿਰੋਈ ਸਿਹਤ ਪ੍ਰਤੀ ਸਿਰਫ਼ ਅਤੇ ਸਿਰਫ਼ ਉਹੀ ਸੋਚ ਸਕਦਾ ਹੈ ਜਿਸ ਦੀ ਖੁਦ ਨਿਰੋਈ ਸੋਚ ਹੋਵੇ ਅਤੇ ਜਦੋਂ ਸੋਚ ਵਿਚ ਨਿਰੋਆਪਣ ਨਾ ਹੋਵੇ ਉਦੋਂ ਝਾੜੂ ਦੀ ਡਰਾਮੇਬਾਜ਼ੀ ਲੋਕਾਂ ਨੂੰ ਵੀ ਫੋਕੀ ਲੱਗਣ ਲੱਗਦੀ ਹੈ।

1986 ਦੀ ਕੇਂਦਰੀ ਗ੍ਰਾਮੀਣ ਸਨੇਟੇਸ਼ਨ ਪ੍ਰੋਗਰਾਮ ਮੁਹਿੰਮ ਪਿਛੋਂ ਜਵਾਹਰ ਲਾਲ ਨਹਿਰੂ ਸ਼ਹਿਰੀ ਪੁਨਰ ਨਵੀਨੀਕਰਨ ਮਿਸ਼ਨ ਜਿਸ ਮੁਹਿਮ ਹੇਠ ਸ਼ਹਿਰੀ ਗਰੀਬੀ ਲਈ ਬੁਨਿਆਦੀ ਸੇਵਾਵਾਂ ਮੁਹੱਈਆ ਕਰਾਉਣਾ ਸ਼ਾਮਲ ਸੀ (B.S.U.P.), ਫਿਰ ਰਾਜੀਵ ਅਵਾਸ ਯੋਜਨਾ, ਇਕ ਸਾਰਤਾ ਬਸਤੀ ਵਿਕਾਸ ਪ੍ਰੋਗਰਾਮ (I.H.S.D.P.), 2008 ਵਿਚ ਸ਼ਹਿਰੀ ਸਨੇਟੇਸ਼ਨ ਨੀਤੀ, 2001 ਵਿਚ ਕੌਮੀ ਸ਼ਹਿਰੀ ਆਬਾਦੀ ਅਤੇ ਅਵਾਗਨ ਨੀਤੀ, 2012 'ਚ ਨਿਰਮਲ ਭਾਰਤ ਅਭਿਆਨ ਅਜਿਹੀਆਂ ਹੀ ਯੋਜਨਾਵਾਂ ਸਨ ਜਿਨ੍ਹਾਂ ਦਾ ਮਕਸਦ ਲੋਕਾਈ ਲਈ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣਾ ਸੀ ਅਤੇ ਇਕ ਸਾਫ਼ ਸੁਥਰੀ ਆਬੋ ਹਵਾ ਅਤੇ ਰਹਿਣ ਸਹਿਣ ਦਾ ਵਾਤਾਵਰਣ ਮੁਹੱਈਆ ਕਰਾਉਣਾ ਸੀ ਪਰ ਇਨ੍ਹਾਂ ਸਾਰੀਆਂ ਮੁਹਿਮਾਂ ਦੇ ਬਾਵਜੂਦ ਜਿਹੜੀਆਂ ਲੋਕਾਂ ਉਤੇ ਲਾਏ ਟੈਕਸਾਂ ਦੇ ਪੈਸੇ ਨਾਲ ਚਲਾਈਆਂ ਗਈਆਂ ਅਤੇ ਜਿਸ ਉਤੇ ਕਈ ਹਜ਼ਾਰ ਕਰੋੜ ਲੋਕਾਂ ਦਾ ਪੈਸਾ ਰੋੜਿਆ ਗਿਆ ਸਾਰਾ ਹੀ ਉਨ੍ਹਾਂ ਦੀ ਜ਼ਿੰਦਗੀ ਦੀ ਬੇਹਤਰੀ ਦੀ ਥਾਂ ਅਫ਼ਸਰਸ਼ਾਹੀ ਸਮੇਤ ਪੇਂਡੂ ਅਤੇ ਸ਼ਹਿਰੀ ਖੇਤਰਾਂ 'ਚ ਕਾਬਜ਼ ਚੌਧਰੀ ਵਰਗ (ਨਿਗਮਾਂ ਦੇ ਚੇਅਰਮੈਨ ਅਤੇ ਸਰਪੰਚਾਂ) ਨੇ ਹੀ ਹਜ਼ਮ ਕੀਤਾ ਅਤੇ ਇਹੋ ਵਰਗ ਵਧਿਆ ਫੁੱਲਿਆ। ਐਨੇ ਹਜ਼ਾਰ ਕਰੋੜ ਲਾਉਣ ਪਿਛੋਂ ਵੀ ਦੇਸ਼ ਦੀ ਸਨੇਟੇਸ਼ਨ ਸਥਿਤੀ ਕਿਹੋ ਜਿਹੀ ਹੈ ਉਸ ਉਤੇ ਨਿਗਾਹ ਮਾਰਨੀ ਜ਼ਰੂਰੀ ਹੈ।

ਇਥੇ ਇਹ ਨੁਕਤਾ ਵੀ ਸਾਫ਼ ਕਰ ਦੇਈਏ ਕਿ ਇਹ ਮੁਹਿਮਾਂ ਅਤੇ ਉਨ੍ਹਾਂ ਉਤੇ ਰੋੜਿਆ ਜਾਣ ਵਾਲਾ ਪੈਸਾ ਸਿਰਫ਼ ਭਾਰਤੀ ਹਕੂਮਤਾਂ ਜਾਂ ਹਕੂਮਤ ਉਤੇ ਕਾਬਜ਼ ਰਾਜਸੀ ਸ਼ਖਸੀਅਤਾਂ ਦੀ ਦਿਮਾਗ ਦੀ ਉਪਜ ਨਹੀਂ ਹੁੰਦਾ ਇਸ ਦਾ ਸਬੰਧ ਕੌਮਾਂਤਰੀ ਵਾਅਦਿਆਂ ਨਾਲ ਵੀ ਹੁੰਦਾ ਹੈ ਜਿਹੜੇ ਸੰਯੁਕਤ ਰਾਸ਼ਟਰ ਸੰਘ ਦੀਆਂ ਵੱਖ-ਵੱਖ ਕਮੇਟੀਆਂ ਜਾਂ ਅਦਾਰਿਆਂ ਵਜੋਂ ਲਏ ਜਾਂਦੇ ਹਨ ਅਤੇ ਜਿਨ੍ਹਾਂ ਲਈ ਉਹ ਪੈਸਾ ਵੀ ਭੇਜਦੇ ਹਨ। ਮਿਸਾਲ ਲਈ ਜੁਲਾਈ 2010 ਨੂੰ ਸੰਯੁਕਤ ਰਾਸ਼ਟਰ ਸੰਘ ਦੀ ਇਕ ਆਮ ਬੈਠਕ ਨੇ ਪੀਣ ਦੇ ਪਾਣੀ ਅਤੇ ਸ਼ੋਚਾਲਿਆ (ਪਖਾਨਿਆਂ) ਨੂੰ ਮਨੁੱਖੀ ਨਾਗਰਿਕ ਅਧਿਕਾਰਾਂ ਵਿਚ ਸ਼ਾਮਲ ਕਰ ਲਿਆ ਸੀ। ਭਾਵ ਦੁਨੀਆਂ ਦੇ ਨਾਗਰਿਕਾਂ ਲਈ ਸਿੱਖਿਆ, ਸਿਹਤ ਅਤੇ ਖੁਰਾਕ ਸੁੱਰਖਿਆ ਵਾਂਗੂੰ, ਪੀਣ ਦਾ ਪਾਣੀ ਅਤੇ ਪਖਾਨਾ ਵੀ ਬੁਨਿਆਦੀ ਅਧਿਕਾਰਾਂ 'ਚ ਸ਼ਾਮਲ ਕਰ ਲਿਆ ਗਿਆ। ਅਜਿਹੇ ਫੈਸਲਿਆਂ ਉਤੇ ਭਾਰਤੀ ਸਰਕਾਰ ਵਲੋਂ ਦਸਤਖਤ ਹੁੰਦੇ ਹਨ ਜਿਸ ਨੂੰ ਪ੍ਰਵਾਨ ਕਰ ਲੈਣ ਪਿਛੋਂ ਇਹਨੂੰ ਲਾਗੂ ਵੀ ਕਰਨਾ ਹੁੰਦਾ ਹੈ। ਇਹਦੇ ਪ੍ਰਵਾਨ ਕਰ ਲੈਣ ਪਿਛੋਂ ਹਾਲੇ ਵੀ ਹਾਲਤ ਬੇਹੱਦ ਪਤਲੀ ਹੈ। ਮਿਸਾਲ ਲਈ ਦੁਨੀਆ 'ਚ 1990 ਵਿਚ 54 ਫੀਸਦੀ ਆਬਾਦੀ ਹੀ ਪਾਣੀ ਅਤੇ ਪਖਾਨਿਆਂ ਦੀ ਸਹੂਲਤ ਮਾਣੀ ਸੀ ਜਿਹੜੀ 2008 ਵਿਚ ਵਧ ਕੇ 61 ਫੀਸਦੀ ਹੋ ਗਈ। ਭਾਵ 18 ਸਾਲਾਂ 'ਚ ਸਿਰਫ਼ 7 ਫੀਸਦੀ ਹੀ ਵਾਧਾ ਹੋਇਆ। ਭਾਰਤ ਦੀ ਹਾਲਤ ਇਸ ਤੋਂ ਵੀ ਪੇਤਲੀ ਹੈ। 2001 ਤੋਂ 2011 ਤੱਕ ਦੇ ਦਸਾਂ ਸਾਲਾਂ ਵਿਚ ਭਾਰਤ ਵਿਚ ਪਖਾਨਿਆਂ ਦੀ ਸਲਾਨਾ ਵਾਧਾ ਦਰ ਮਹਿਜ ਇਕ ਫੀਸਦੀ ਹੀ ਰਹੀ ਹੈ। ਜੇ ਰਫ਼ਤਾਰ ਇਹੋ ਰਹੀ ਤਾਂ 2081 ਤੱਕ ਜਾ ਕੇ ਹਰ ਭਾਰਤੀ ਨੂੰ ਪਖਾਨੇ ਦੀ ਸਹੂਲਤ ਮੁਹੱਈਆ ਹੋਵੇਗੀ। ਇਹ ਸਾਡੀ ਸਾਫ਼ ਸੁਥਰੀ ਭਾਰਤ ਦੀ ਰਫ਼ਤਾਰ ਹੈ। ਉਂਝ ਮੋਦੀ ਜੀ ਦਾ ਦਾਅਵਾ ਹੈ ਕਿ 'ਸਾਫ਼ ਸੁਥਰੀ ਭਾਰਤ ਮੁਹਿਮ' ਹੇਠ 2019 ਤੱਕ ਅਸੀਂ ਹਰ ਘਰ ਲਈ ਪਖਾਨਾ ਮੁਹੱਈਆ ਕਰਵਾਂਗੇ ਭਾਵ 2918 ਤੱਕ ਲੋਕ ਖੁੱਲ੍ਹੇ ਵਿਚ ਟੱਟੀ ਜਾਣਾ ਬੰਦ ਕਰ ਦੇਣਗੇ। ਐਸੇ ਵੇਲੇ ਦੁਨੀਆ 'ਚ 260 ਕਰੋੜ ਲੋਕ ਖੁੱਲ੍ਹੇ ਵਿਚ ਟੱਟੀ ਪੇਸ਼ਾਬ ਜਾਂਦੇ ਹਨ। ਇਹ ਅੰਕੜੇ ਠੀਕ ਨਹੀਂ ਹਕੀਕਤ ਵਿਚ ਇਸ ਤੋਂ ਕਿਤੇ ਵੱਧ ਹੈ। ਅਸੀਂ ਵਿਸ਼ਵ ਸਿਹਤ ਸੰਸਥਾ ਅਤੇ ਯੂਨੀਚੇਫ ਦੀ ਰਿਪੋਰਟ ਵੇਖ ਕੇ ਹੈਰਾਨ ਰਹਿ ਜਾਂਦੇ ਹਾਂ ਕਿ ਭਾਰਤ ਉਨ੍ਹਾਂ ਦੇਸ਼ਾਂ 'ਚੋਂ ਸਭ ਤੋਂ ਉਪਰ ਹੈ ਜਿਹੜੇ ਆਪਣੇ ਨਾਗਰਿਕਾਂ ਨੂੰ ਪਖਾਨੇ ਵੀ ਮੁਹੱਈਆ ਨਹੀਂ ਕਰਵਾ ਸਕਿਆ।

**ਅਲੱਗ ਅਲੱਗ ਦੇਸ਼ਾਂ ਵਿਚ ਖੁੱਲ੍ਹੇ ਵਿਚ ਪਖਾਨਾ ਜਾਣ ਵਾਲੇ ਲੋਕਾਂ ਦੀ ਗਿਣਤੀ ਕਰੋੜਾਂ ਵਿਚ**

| **ਦੇਸ਼** | **ਗਿਣਤੀ (ਕਰੋੜਾਂ ਵਿਚ)** |
|---|---|
| ਭਾਰਤ | 66.50 |
| ਇੰਡੋਨੇਸ਼ੀਆ | 6.60 |
| ਇਥੋਪੀਆ | 5.20 |
| ਪਾਕਿਸਤਾਨ | 5.00 |
| ਚੀਨ | 3.10 |
| ਕੋਲੰਬੀਆ | 9.00 |
| ਨਾਈਜੀਰਆ | 3.16 |

Prayress on sanitation repart by WHO and Wnicef

ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਦੇਸ਼ ਦੀ ਆਜ਼ਾਦੀ ਦੇ 68 ਸਾਲ ਪਿਛੋਂ ਵੀ ਅੱਧੀ ਆਬਾਦੀ ਲਈ ਅਸੀਂ ਪਖਾਨੇ (ਟੱਟੀਆਂ) ਦੀ ਮੁਢਲੀ ਸਹੂਲਤ ਵੀ ਮੁਹੱਈਆ ਨਹੀਂ ਕਰਵਾ ਸਕੇ। ਸਾਫ਼ ਸੁਥਰੇ ਭਾਰਤ ਦੀ ਇਸ ਬੁਨਿਆਦੀ ਸਮੱਸਿਆ ਲਫ਼ਾਜ਼ੀ ਨਾਲ ਹੱਲ ਨਹੀਂ ਹੋ ਸਕਦੀ। ਇਕ ਹੋਰ ਤਸਵੀਰ ਅਸੀਂ ਭਾਰਤ ਦੇ ਰਾਜਾਂ ਵਿਚ ਖੁੱਲ੍ਹੇ ਜਾਣ ਵਾਲੇ ਲੋਕਾਂ ਦੀ ਫੀਸਦੀ ਮੁਤਾਬਕ ਵੇਖ ਸਕਦੇ ਹਾਂ



**ਖੁੱਲ੍ਹੇ ਪਖਾਨਾ ਜਾਣ ਵਾਲੇ ਲੋਕਾਂ ਦੀ ਫੀ ਸਦੀ**

| **ਰਾਜ** | **ਪੇਂਡੂ** (%) | **ਸ਼ਹਿਰ** (%) |
|---|---|---|
| ਰਾਜ | 5.6 | 2.1 |
| ਮਨੀਪੁਰ | 12.3 | 2.3 |
| ਮਿਜ਼ੋਰਾਮ | 0.9 | 12.9 |
| ਸਿੱਕਮ | 14.9 | 2.2 |
| ਤ੍ਰਿਪੁਰਾ | 15.4 | 5.0 |
| ਆਸਾਮ | 38.5 | 5.0 |
| ਪੱਛਮੀ ਬੰਗਾਲ | 51.3 | 11.3 |
| ਤਾਮਿਲਨਾਡੂ | 73.3 | 16.2 |
| ਉਤਰਪ੍ਰਦੇਸ਼ | 7.1 | 14.4 |

ਸੈਨਗਜ਼ 2011

ਇਸ ਰਾਜਵਾਰ ਸੂਚੀ 'ਚੋਂ ਅਸੀਂ ਵੇਖਦੇ ਹਾਂ ਕਿ ਪੇਂਡੂ ਆਬਾਦੀ ਦਾ ਵੱਡਾ ਹਿਸਾ ਅਜੇ ਵੀ ਖੁੱਲ੍ਹੇ ਪਖਾਨੇ ਜਾਂਦਾ ਹੈ। ਤਾਮਿਲਨਾਡੂ, ਉਤਰਪ੍ਰਦੇਸ਼, ਉੜੀਸਾ, ਝਾਰਖੰਡ, ਬਿਹਾਰ, ਮੱਧ ਪ੍ਰਦੇਸ਼ ਵਿਚ ਪੇਂਡੂ ਖੇਤਰ ਦੀ ਦੋ ਤਿਹਾਈ ਆਬਾਦੀ ਇਸ ਸਹੂਲਤ ਤੋਂ ਵਾਂਝੀ ਹੈ। ਹਾਲਾਂ ਸ਼ਹਿਰਾਂ ਦੀ ਹੀ ਹਾਲਤ ਕੁਝ ਬਿਹਤਰ ਹੈ। ਸਵਾਲ ਪੱਛਮੀ ਬੰਗਾਲ ਦਾ ਵੀ ਹੈ ਜਿਥੇ 51.3 ਫੀਸਦੀ ਪੇਂਡੂ ਆਬਾਦੀ ਖੁੱਲ੍ਹੇ 'ਚ ਪਖਾਨਾ ਜਾਂਦੀ ਹੈ। ਅਫਸੋਸ ਕਿ ਤਿੰਨ ਚਾਰ ਦਹਾਕੇ ਰਾਜ 'ਤੇ ਕਾਬਜ਼ ਰਹਿਣ ਵਾਲੇ ਕਮਿਊਨਿਸਟ ਹਕੂਮਤ ਵੀ ਲੋਕਾਂ ਨੂੰ ਬੁਨਿਆਦੀ ਸਹੂਲਤ ਮੁਹੱਈਆ ਕਿਉਂ ਨਹੀਂ ਕਰਵਾ ਸਕੀ?

ਇਸ ਸਮੱਸਿਆ ਦੇ ਨਾਲ ਹੀ ਇਕ ਹੋਰ ਸਮੱਸਿਆ ਵੀ ਜੁੜੀ ਹੈ ਉਹ ਹੈ ਹੱਥ ਨਾਲ ਮੈਲਾ (ਪਖਾਨਾ) ਉਠਾਉਣ ਦੀ ਸਮੱਸਿਆ। 1993 ਵਿਚ ਹਕੂਮਤ ਨੇ ਇਕ ਕਾਨੂੰਨ ਬਣਾ ਦਿੱਤਾ ਸੀ ਕਿ 'ਹੱਥ ਨਾਲ ਮੈਲਾ ਉਠਾਉਣਾ ਅਪਰਾਧ ਹੈ ਅਤੇ ਅਜਿਹੇ ਕੰਮ ਲਈ ਸੇਵਾ ਲੈਣਾ ਗੁਨਾਹ ਹੈ।' ਜਿਸ ਵਿਚ ਇਕ ਸਾਲ ਦੀ ਸਜ਼ਾ ਅਤੇ ਦੋ ਹਜ਼ਾਰ ਰੁਪਏ ਜੁਰਮਾਨੇ ਦੀ ਮਦ ਸ਼ਾਮਲ ਸੀ। ਕਾਨੂੰਨ ਬਣਿਆਂ ਦਸ ਸਾਲ ਹੋ ਗਏ ਹਨ ਪਰ ਅਜੇ ਪ੍ਰਥਾ ਖਤਮ ਨਹੀਂ ਹੋਈ। ਦੇਸ਼ ਦੇ ਕਈ ਹਿੱਸਿਆਂ ਸਮੇਤ ਪੰਜਾਬ ਵਿਚੋਂ ਵੀ ਅਜਿਹੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ। ਸੁਪਰੀਮ ਕੋਰਟ ਵਿਚ ਕਈ ਅਰਜ਼ੀਆਂ ਇਸ ਕਾਨੂੰਨ ਦੀ ਉਲੰਘਣਾ ਸਬੰਧੀ ਫੈਸਲੇ ਦੀ ਉਡੀਕ 'ਚ ਹਨ।

ਗੁਜਰਾਤ ਨੂੰ ਇਕ ਮਾਡਲ ਦੇ ਤੌਰ 'ਤੇ ਪ੍ਰਚਾਰਿਆ ਗਿਆ ਸੀ ਤੇ ਜਾ ਰਿਹਾ ਹੈ। ਗੁਜਰਾਤ ਸਬੰਧੀ 'ਮਾਨਵ ਗੌਰਵ ਸੰਸਥਾ' ਨੇ ਇਕ ਸਰਵੇ ਕਰਕੇ ਰਿਪੋਰਟ ਜਾਰੀ ਕੀਤੀ ਹੈ। ਗੁਜਰਾਤ ਦੇ ਸਭ ਤੋਂ ਅਮੀਰ ਸ਼ਹਿਰ ਵਿਚ ਹੱਥਾਂ ਨਾਲ ਮੈਲਾ ਚੁੱਕਣ ਦੀ ਘਿਣਾਉਣੀ ਪ੍ਰਥਾ ਅਜੇ ਵੀ ਜਾਰੀ ਹੈ। ਬੇਸ਼ੱਕ ਹਾਕਮ ਅਤੇ ਪ੍ਰਸ਼ਾਸਨ ਇਸ ਤੋਂ ਇਨਕਾਰ ਕਰਦੇ ਹਨ, ਪਰ ਇਸ ਜਾਂਚ ਦਲ ਨੇ ਸ਼ਹਿਰ ਵਿਚ ਹੱਥ ਨਾਲ ਮੈਲਾ (ਪਖਾਨਾ) ਚੁੱਕਣ ਦੇ 188 ਥਾਵਾਂ ਦੀ ਨਿਸ਼ਾਨਦੇਹੀ ਕੀਤੀ। ਅਹਿਮਦਾਬਾਦ ਨਗਰਪਾਲਿਕਾ ਦੇ ਖੇਤਰ ਵਿਚ 126 ਥਾਵਾਂ ਉਤੇ ਹੱਥ ਨਾਲ ਮੈਲਾ ਚੁੱਕਦੇ ਉਨ੍ਹਾਂ ਅੱਖੀਂ ਵੇਖਿਆ। ਇਸ ਕੰਮ ਵਿਚ ਜ਼ਿਆਦਾਤਰ ਔਰਤਾਂ ਸਨ ਅਤੇ ਜਿਨ੍ਹਾਂ ਕੋਲ ਇਕ ਝਾੜੂ, ਲੋਹੇ ਦੀ ਚਾਦਰ ਦਾ ਟੁਕੜਾ ਅਤੇ ਇਕ ਪੀਪਾ ਹੁੰਦਾ ਹੈ। ਨਗਰ ਪਾਲਿਕਾ ਨੇ ਇਸ ਪੁਰਾਤਨ ਚਲੀਆਂ ਰਹੀ ਪ੍ਰਥਾ ਲਈ ਨਵੀਨ ਕਿਸਮ ਦੇ ਸੰਦ ਵੀ ਮੁਹੱਈਆ ਨਹੀਂ ਕਰਵਾਏ। ਇਹ ਅਸਥਾਈ ਮਜ਼ਦੂਰ ਹਨ ਅਤੇ ਇਨ੍ਹਾਂ ਨੂੰ ਠੇਕੇਦਾਰ ਕੰਮ ਉਤੇ ਰੱਖਦਾ ਹੈ। ਲਗਭਗ 90 ਕੁ ਰੁਪਏ ਦਿਹਾੜੀ ਮਿਲਦੀ ਹੈ ਅਤੇ ਇਨ੍ਹਾਂ ਨੂੰ ਹੋਰ ਕੋਈ ਸਹੂਲਤ ਨਹੀਂ। ਸਾਲ 20013 ਵਿਚ ਗੁਜਰਾਤ ਸਰਕਾਰ ਨੇ ਸਾਰੇ ਵੱਡੇ ਸ਼ਹਿਰਾਂ ਅਤੇ 195 ਸ਼ਹਿਰਾਂ ਅਤੇ ਕਸਬਿਆਂ ਵਿਚ ਹੱਥ ਨਾਲ ਮੈਲਾ ਸਾਫ਼ ਕਰਨ ਵਾਲੇ ਮਜ਼ਦੂਰਾਂ ਦੇ ਸਰਵੇਖਣ ਦੇ ਸਰਕਾਰੀ ਆਦੇਸ਼ ਜਾਰੀ ਕੀਤੇ ਸਨ ਪਰ ਇਹ ਸਰਵੇਖਣ ਫਿਰ ਹੋਇਆ ਹੀ ਨਹੀਂ। ਨਿੱਜੀ ਠੇਕੇਦਾਰਾਂ ਅਤੇ ਨਗਰਪਾਲਿਕਾਵਾਂ ਉਤੇ ਕਾਬਜ਼ ਲਾਬੀ ਲਈ ਇਹ ਸੋਨੇ ਦਾ ਅੰਡਾ ਦੇਣ ਵਾਲੀ ਮੁਰਗੀ, ਭਾਵ ਘੱਟ ਮਜ਼ਦੂਰੀ ਉਤੇ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਸਰਵਜਨਕ ਕਰ ਦੇਣ ਨਾਲ ਖੁਦ ਇਕ ਸਮੱਸਿਆ ਸਹੇੜਣ ਵਾਲਾ ਸੀ। ਡਰ ਇਹ ਵੀ ਸੀ ਕਿ ਜੇ ਸਰਵੇਖਣ ਪਿਛੋਂ ਇਨ੍ਹਾਂ ਨੂੰ ਛੁਟੀ ਦੇ ਦਿੱਤੀ ਗਈ ਤਾਂ ਇਹ ਕੰਮ ਕਰੇਗਾ ਕੌਣ? ਉਧਰ ਮਜ਼ਦੂਰਾਂ ਲਈ ਰੁਜ਼ਗਾਰ ਲਈ ਲਟਕਦੀ ਤਲਵਾਰ ਅਤੇ ਹੱਥਾਂ ਨਾਲ ਟੱਟੀ ਚੁੱਕਣ ਵਾਲਿਆਂ ਨੂੰ ਹੋਰ ਨਵਾਂ ਕੰਮ ਕੌਣ ਦੇਵੇਗਾ? ਪਾਪੀ ਪੇਟ ਦਾ ਸਵਾਲ ਵੀ ਹੈ ਪਰ ਸਵਾਲ ਇਹ ਕਿ ਇਹ ਸਾਫ਼ ਸੁਥਰਾ ਅਭਿਆਨ ਦਿੱਲੀ ਤੋਂ ਕਿਉਂ ਗੁਜਰਾਤ ਤੋਂ ਕਿਉਂ ਨਹੀਂ ਸ਼ੁਰੂ ਹੋਇਆ।

ਸ਼ਹਿਰੀ ਵਿਕਾਸ ਮੰਤਰਾਲੇ ਦੀ 2010 ਦੀ ਰਿਪੋਰਟ (ਉਸ) ਸਾਲ ਵਿਚ 5161 ਸ਼ਹਿਰਾਂ ਵਿਚੋਂ 4861 ਸ਼ਹਿਰਾਂ ਵਿਚ ਨਿਕਾਸੀ ਦਾ ਪ੍ਰਬੰਧ ਨਹੀਂ ਸੀ। ਭਾਵ ਸੀਵਰੇਜ ਦਾ ਢੁਕਵਾਂ ਪ੍ਰਬੰਧਕ ਨਹੀਂ ਸੀ। ਸ਼ਹਿਰੀ ਆਬਾਦੀ ਦਾ ਵੱਡਾ ਹਿਸਾ ਵੀ ਖੁੱਲ੍ਹੇ 'ਚ ਪਖਾਨੇ ਜਾਂਦਾ ਹੈ। ਹੁਣ ਸਰਕਾਰਾਂ ਦੇ ਪਖਾਨੇ ਬਣਾਉਣ ਦੇ ਦਾਅਵਿਆਂ ਦੀ ਹਕੀਕਤ ਵੇਖਦੇ ਹਾਂ। ਨਿਰਮਲ ਭਾਰਤ ਮੁਹਿਮ ਅਧੀਨ ਸਰਕਾਰ ਨੇ ਦਾਅਵਾ ਕੀਤਾ ਕਿ 3 ਕਰੋੜ 15 ਲੱਖ ਪਖਾਨੇ ਪੇਂਡੂ ਖੇਤਰ ਵਿਚ ਬਣਾਏ ਗਏ। ਮੇਰੇ ਪਿੰਡ ਪੱਧਰੀ ਕਲਾਂ 'ਚ ਸਾਲ 2010-11 ਵਿਚ 70 ਤੋਂ ਵੱਧ ਪਖਾਨੇ ਆਏ ਪਰ ਇਕ ਵੀ ਨਹੀਂ ਉਸਾਰਿਆ ਗਿਆ ਇਨ੍ਹਾਂ ਫੰਡਾਂ ਨੂੰ ਹਜ਼ਮ ਕਰਨ ਦੀ ਜਾਂਚ ਪਿਛਲੇ 5 ਸਾਲ ਤੋਂ ਚਲ ਰਹੀ ਹੈ। ਡਾਇਰੈਕਟਰ ਪੇਂਡੂ ਵਿਕਾਸ ਦੇ ਡਾਇਰੈਕਟਰ ਤੱਕ ਹਾਈਕੋਰਟ ਦੇ ਆਦੇਸ਼ਾਂ ਦੇ ਬਾਵਜੂਦ ਜਾਂਚ ਮੁਕੰਮਲ ਕਰਾਉਣ ਤੋਂ ਅਸਮਰਥ ਰਿਹਾ ਹੈ। ਖ਼ੈਰ ਜਿਥੇ ਕਿਤੇ ਬਣੇ ਵੀ ਉਥੇ ਪਾਣੀ ਨਾ ਹੋਣ ਕਰਕੇ ਉਹ ਬਹੁਤ ਛੇਤੀ ਅਲੋਪ ਹੋ ਗਏ। ਪੱਛਮੀ ਬੰਗਾਲ ਵਿਚ 1077 ਪੇਂਡੂ ਪੰਚਾਇਤਾਂ ਨੂੰ ਨਿਰਮਲ ਗ੍ਰਾਮ ਯੋਜਨਾ ਦਾ ਲਾਭ ਦਿੱਤਾ ਗਿਆ। ਇਨ੍ਹਾਂ ਪਿੰਡਾਂ 'ਚ 25 ਤੋਂ 30 ਫੀਸਦੀ ਸਦੀ ਪਖਾਨੇ ਵਰਤੋਂ ਯੋਗ ਨਹੀਂ ਹਨ। ਹੁਣ ਜਦੋਂ ਹਰ ਸਾਲ 1 ਕਰੋੜ 75 ਲੱਖ ਪਖਾਨੇ ਬਣਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ ਭਾਵ ਹਰ ਰੋਜ਼ 48000 ਤਾਂ ਵੀ ਦੇਸ਼ ਦੀ 100 ਫੀਸਦੀ ਆਬਾਦੀ ਨੂੰ ਪਖਾਨੇ ਬਣਾ ਕੇ ਦੇਣ ਵਿਚ ਲਗਭਗ 40 ਸਾਲ ਲੱਗ ਜਾਣਗੇ ਅਤੇ ਇਹ ਲੋਕਾਂ ਦੇ ਟੈਕਸਾਂ ਨਾਲ ਅਦਾ ਕੀਤੇ ਪੈਸੇ ਦੀ ਅਫ਼ਸਰਸ਼ਾਹੀ ਅਤੇ ਇਕ ਵਰਗ ਵਲੋਂ ਖੁੱਲ੍ਹੀ ਲੁੱਟ ਕਰਨ ਦੀ ਲੰਬੀ ਯੋਜਨਾ ਤੋਂ ਸ਼ਿਵਾ ਕੁਝ ਨਹੀਂ ਹੋਵੇਗੀ।

ਸਵੱਛਤਾ ਦਾ ਸਬੰਧ ਖਬਰਾਂ ਨਾਲ ਜਾਂ ਲੋਕਾਂ ਨੂੰ ਗੁੰਮਰਾਹ ਕਰਨ ਨਾਲ ਨਹੀਂ ਹੁੰਦਾ। ਇਹਦਾ ਸਿੱਧਾ ਸਬੰਧ ਲੋਕਾਂ ਦੀ

ਸਿਹਤ ਨਾਲ ਹੈ। ਪੂਰੀ ਮੁਹਿੰਮ ’ਚ ਕਿਸੇ ਨੇ ਇਹ ਤੱਥ ਜ਼ਾਹਿਰ ਨਹੀਂ ਕੀਤਾ ਸੀ। ਪਖਾਨਿਆਂ ਦੀ ਕਮੀ ਅਤੇ ਸਾਫ਼ ਸੁਥਰੇ ਪਾਣੀ ਦੀ ਘਾਟ ਕਾਰਨ ਮਨੁੱਖੀ ਸਿਹਤ ਲਈ ਇਕ ਭਿਆਨਕ ਸੰਕਟ ਖੜ੍ਹਾ ਹੋ ਗਿਆ ਹੈ। ਜਿਹਦਾ ਅਸਰ ਲੋਕਾਂ ਦੀ ਪਹਿਲਾਂ ਹੀ ਕਮਜ਼ੋਰ ਆਰਥਿਕ ਹਾਲਤ ਦਾ ਬਦਤਰ ਹੁੰਦੇ ਜਾਣਾ ਵੀ ਹੈ। ਇਕ ਮੋਟੇ ਜਿਹੇ ਅਨੁਮਾਨ ਮੁਤਾਬਕ ਸਨੇਟੇਸ਼ਨ ਦੀ ਘਾਟ ਕਾਰਨ ਭਾਰਤ ਵਿਚ ਹਰ ਸਾਲ ਗਰਾਮ ਘਰੇਲੂ ਪੈਦਾਵਾਰ ਦਾ 6.4 ਫੀਸਦੀ ਹਿੱਸਾ ਗੁੰਮ ਹੋ ਜਾਂਦਾ ਹੈ। ਸਨੇਟੇਸ਼ਨ ਦੀ ਘਾਟ ਕਾਰਨ ਵੱਖ-ਵੱਖ ਤਰ੍ਹਾਂ ਦੀਆਂ ਬਿਮਾਰੀਆਂ ਫੈਲਦੀਆਂ ਹਨ ਜਿਨ੍ਹਾਂ ’ਚ ਦਸਤ, ਮਲੇਰੀਆ, ਪੀਲੀਆ, ਟਾਈਫਾਈਡ ਬੀਮਾਰੀਆਂ ਪ੍ਰਮੁੱਖ ਹਨ। ਪੂਰੀ ਦੁਨੀਆ ਵਿਚ 16 ਲੱਖ ਲੋਕ ਹਰ ਸਾਲ ਪੀਣ ਵਾਲੇ ਪਾਣੀ ਦੀ ਅਸ਼ੁੱਧਤਾ ਕਾਰਨ ਹੀ ਮਰ ਜਾਂਦੇ ਹਨ। ਇਨ੍ਹਾਂ ਵਿਚ ਭਾਰਤ ਦੀ ਗਿਣਤੀ 4 ਲੱਖ ਤੋਂ ਘੱਟ ਹੁੰਦੀ ਹੈ। ਇਕ ਵਿਦੇਸ਼ੀ ਵਿਸ਼ਵ ਵਿਦਿਆਲੇ ਪ੍ਰਿੰਸਟਨ ਦੇ ਅਰਥ ਸ਼ਾਸਤਰੀ ਡੀਨ ਸਪੀਅਰਜ ਨੇ ਇਕ ਖੋਜ ਕਰਕੇ ਇਹ ਤੱਥ ਲਿਆਂਦਾ ਕਿ ਖੁੱਲ੍ਹੇ ਵਿਚ ਪਖਾਨਾ ਕਰਨ ਨਾਲ ਬੈਕਟੀਰੀਆ ਦੇ ਫੈਲਣ ਪਸਰਨ ਨਾਲ ਬੱਚੇ ਬਹੁਤ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ ਅਤੇ ਉਨ੍ਹਾਂ ਦਾ ਵਜ਼ਨ ਅਤੇ ਲੰਬਾਈ ਘੱਟ ਜਾਂਦੀ ਹੈ। ਉਹਦੇ ਮੁਤਾਬਕ ਸੰਘਣੀ ਆਬਾਦੀ ਵਾਲੇ ਖੇਤਰਾਂ ਵਿਚ ਜਿਥੇ ਰੋਗ ਫੈਲਣ ਦੇ ਵੱਧ ਮੌਕੇ ਹਨ, ਬੱਚਿਆਂ ਦੀ ਮੌਤ ਦਰ ਵਧੇਰੇ ਹੁੰਦੀ ਹੈ। ਇਹਦੇ ਨਾਲ ਦੂਸ਼ਤ ਪਾਣੀ ਵੀ ਇਕ ਸਮੱਸਿਆ ਹੈ ਜਿਹੜਾ ਇਸ ਵਿਚ ਵਾਧੇ ਦਾ ਕਾਰਨ ਬਣਦਾ ਹੈ। ਸਾਲ 2012 ਵਿਚ ਹੀ ਇਕ ਨਮੂਨਾ ਸਰਵੇਖਣ ਹੋਇਆ ਜਿਸ ’ਚ ਇਹ ਜ਼ਾਹਿਰ ਹੋਇਆ ਕਿ ਪਿੰਡਾਂ ਵਿਚ 88.5 ਫੀਸਦੀ ਪਰਿਵਾਰਾਂ ਨੂੰ ਅਤੇ ਸ਼ਹਿਰਾਂ ਵਿਚ 89 ਫੀਸਦੀ ਪਰਿਵਾਰਾਂ ਨੂੰ ਲੋੜੀਂਦਾ ਪੀਣ ਵਾਲਾ ਪਾਣੀ ਮੁਹੱਈਆ ਨਹੀਂ ਹੁੰਦਾ। ਲੈਨਸੈਟ ਵਿਚ ਇਕ ਰਿਪੋਰਟ ਛਪੀ ਹੈ ਜਿਸ ਮੁਤਾਬਕ ਪੇਂਡੂ ਭਾਰਤ ਦੇ 60 ਫੀਸਦੀ ਲੋਕਾਂ ਅਤੇ ਸ਼ਹਿਰਾਂ ਦੇ 40 ਫੀਸਦੀ ਲੋਕਾਂ ਦੇ ਘਰਾਂ ਵਿਚ ਪੀਣ ਵਾਲਾ ਪਾਣੀ ਦੂਸ਼ਿਤ ਹੈ। ਇਹੋ ਕਾਰਨ ਹੈ ਕਿ ਸਾਡੇ ਦੇਸ਼ ਵਿਚ ਗੁਆਂਢੀ ਦੇਸ਼ਾਂ ਨਾਲੋਂ ਵੀ ਮਾੜੀ ਹਾਲਤ ਹੈ।

| ਦੇਸ਼ ਦਾ ਨਾਂ | ਘੱਟ ਵਜ਼ਨ (%) | ਘੱਟ ਲੰਬਾਈ (%) |
|---|---|---|
| ਭਾਰਤ | 43 | 48 |
| ਬੰਗਲਾਦੇਸ਼ | 36 | 41 |
| ਨੇਪਾਲ | 29 | 41 |
| ਪਾਕਿਸਤਾਨ | 32 | 44 |
| ਸ੍ਰੀਲੰਕਾ | 21 | 17 |

‘ਸਾਫ਼ ਸੁਥਰਾ ਭਾਰਤ’ ਮੁਹਿੰਮ ਵਿਚ ਪਖਾਨਿਆਂ ਦੀ ਲੋੜ ਅਤੇ ਉਸਾਰੀ ਲਈ ਬੁਨਿਆਦੀ ਢਾਂਚੇ ਉਤੇ ਖਰਚ ਕਰਨ ਨਾਲੋਂ ਸਿਰਫ਼ ਐਡਵਰਟਾਈਜਮੈਂਟ ਉਤੇ ਹੀ ਵੱਧ ਖਰਚ ਕੀਤਾ ਜਾ ਰਿਹਾ ਹੈ। ਮੋਦੀ ਦੇ ਆਉਣ ਤੋਂ ਪਹਿਲਾਂ ਹੀ ਇਹ ਰੁਝਾਨ ਜ਼ੋਰ ਫੜ ਗਿਆ ਸੀ ਜੋ ਹਰ ਨਾਅਰੇ/ਨੀਤੀ ਨੂੰ ਵਸਤੂ ਬਣਾ ਕੇ ਵੇਚੇ ਅਤੇ ਇਸ ਲਈ ਫ਼ਿਲਮੀ ਸਿਤਾਰਿਆਂ ਨੂੰ ਕਰੋੜਾਂ ’ਚ ਖ੍ਰੀਦ ਕੇ ਬ੍ਰਾਂਡ ਅਬੈਸਡਰ ਬਣਾ ਦਿਉ। ਹੁਣ ਵੀ ਅਜਿਹੇ ਅਬੈਸਡਰਾਂ ਦੀ ਫੌਜ ਉਤਾਰ ਦਿੱਤੀ ਗਈ ਹੈ। ਮੋਦੀ ਵੈਸੇ ਵੀ ਕੰਮ ਨਾਲੋਂ ਪ੍ਰਚਾਰ ਉਤੇ ਵੱਧ ਜ਼ੋਰ ਦਿੰਦਾ ਹੈ। ਜਿਸ ਸੰਸਥਾ ਦਾ ਉਹ ਪ੍ਰਚਾਰਕ ਰਿਹਾ ਹੈ ਉਹ ਜਾਣਦੀ ਹੈ ਕਿ ਲੋਕਾਂ ਦੀ ਮਾਨਸਿਕਤਾ ਕਮਜ਼ੋਰ ਹੁੰਦੀ ਹੈ ਅਤੇ ਇਸ ਉਤੇ ਬਾਰ ਬਾਰ ਪ੍ਰਚਾਰਿਆ ਝੂਠ ਵੀ ਸੱਚ ਦੀ ਛਾਪ ਛੱਡ ਜਾਂਦਾ ਹੈ।

ਵਿਕਸਤ ਰਾਜਾਂ ਵਿਚ ਵੀ ਵਧੇਰੇ ਲੋਕ ਖੁੱਲ੍ਹੇ ਵਿਚ ਪਖਾਨਾ ਜਾਂਦੇ ਹਨ। ਉਹ ਵੀ ਜਿਨ੍ਹਾਂ ਦੇ ਘਰਾਂ ’ਚ ਪਖਾਨੇ ਹਨ, ਬਾਹਰ ਜਾਣਾ ਪਸੰਦ ਕਰਦੇ ਹਨ ਕਿਉਂਕਿ ਇਹਦੇ ਨਾਲ ਸਵੇਰ ਦੀ ਸੈਰ ਹੋ ਜਾਂਦੀ ਹੈ। ਰੀਸਰਚ ਇੰਸਟੀਚਿਊਟ ਆਫ਼ ਕੰਪੇਸੇਨੇਟ ਇਕੋਨੋਮਿਕਸ ਦੀ ਰਿਪੋਰਟ ਮੁਤਾਬਕ ਜਿਨ੍ਹਾਂ ਘਰਾਂ ’ਚ ਪਖਾਨੇ ਹਨ ਉਥੇ ਵੀ 56 ਫੀਸਦੀ ਘਰਾਂ ਦਾ ਇਕ ਮੈਂਬਰ ਬਾਹਰ ਹੀ ਜਾਂਦਾ ਹੈ। ਪੰਜਾਬ, ਹਰਿਆਣਾ, ਉਤਰਪ੍ਰਦੇਸ਼, ਰਾਜਸਥਾਨ, ਗੁਜਰਾਤ ਦੇ ਕਈ ਲੋਕਾਂ ਦਾ ਮਤ ਹੈ ਕਿ ਖੁੱਲ੍ਹੇ ’ਚ ਪਖਾਨਾ ਜਾਣ ਵਾਲੇ ਆਲਸੀ ਨਹੀਂ ਹੁੰਦੇ। ਬੰਗਾਲ ਦੇ ਵੀਰਭੂਮੀ ਜ਼ਿਲ੍ਹੇ ਦੇ 65 ਫੀਸਦੀ ਲੋਕ ਘਰਾਂ ਨੇੜੇ ਪਾਣੀ ਹੋਣ ਦੇ ਬਾਵਜੂਦ ਬਾਹਰ ਪਖਾਨਾ ਜਾਂਦੇ ਹਨ ਉਵੇਂ ਹੀ ਅਫਰੀਕਾ ਦੇ ਗਰੀਬ ਪਰਿਵਾਰਾਂ ਕੋਲ ਜਿਹੜੇ ਸਹਾਰਾ ਖੇਤਰ ਵਿਚ ਰਹਿੰਦੇ ਹਨ ਬਹੁਤ ਘੱਟ ਪਾਣੀ ਹੈ, ਉਨ੍ਹਾਂ ਵਿਚ 35 ਫੀਸਦੀ ਦੂਰ ਪਖਾਨਾ ਜਾਂਦੇ ਹਨ। ਪੇਂਡੂ ਭਾਰਤ ਵਿਚ 75 ਫੀਸਦੀ ਹਿੰਦੂ ਖੁੱਲ੍ਹੇ ਵਿਚ ਪਖਾਨੇ ਜਾਂਦੇ ਹਨ ਅਤੇ ਮੁਸਲਮਾਨਾਂ ਵਿਚ ਇਹ 55 ਫੀਸਦੀ ਹੈ। ਪਖਾਨੇ ਪਿਛੋਂ ਸਿਰਫ਼ 50 ਫੀ ਸਦੀ ਲੋਕ ਹੀ ਸਾਬਣ ਨਾਲ ਹੱਥ ਧੋਂਦੇ ਹਨ।

‘ਸਾਫ਼ ਸੁਥਰਾ ਭਾਰਤ ਮੁਹਿੰਮ’ ਵਿਚ ਸਫ਼ਾਈ ਕਰਮਚਾਰੀਆਂ ਪ੍ਰਤੀ ਨਜ਼ਰੀਆ ਬਦਲਿਆ ਨਹੀਂ। ਉਨ੍ਹਾਂ ਦੇ ਵਿਕਾਸ ਅਤੇ ਜੀਵਨ ਦੀਆਂ ਹਾਲਤਾਂ ਨੂੰ ਬਦਲਣ ਲਈ ਪੂਰੀ ਮੁਹਿੰਮ ਕੋਲ ਕੁਝ ਨਹੀਂ। ਵਿਸ਼ੇਸ਼ ਕਰਕੇ ਉਹ ਲੋਕ ਜਿਹੜੇ ਹੱਥ ਨਾਲ ਮੈਲਾ ਸਾਫ਼ ਕਰਦੇ ਹਨ ਅਤੇ ਸਿਰ ਉਤੇ ਚੁੱਕ ਕੇ ਲਿਜਾਂਦੇ ਹਨ, ਬਿਲਕੁਲ ਹੀ ਵਿਸਾਰੇ ਗਏ ਹਨ, ਜਿਨ੍ਹਾਂ ’ਚ ਮੇਹਤਰ, ਬਾਲਮੀਕੀ, ਡੋਮ, ਤੋੜੀ, ਧਾਨ੍ਹਕਾ, ਮਾਡੀਮਾ, ਹੇਲਾ ਆਦਿ ਆਉਂਦੇ ਹਨ। ਇਹ ਉਹ ਲੋਕ ਹਨ ਜਿਨ੍ਹਾਂ ਦੀ ਜ਼ਿੰਦਗੀ ਖੁਦ ਬਦ ਤੋਂ ਬਦਤਰ ਹੈ ਅਤੇ ਜਿਨ੍ਹਾਂ ਦੇ ਬੱਚੇ ਵੀ ਇਸੇ ਧੰਦੇ ਵਿਚ ਲੱਗੇ ਹਨ। ਇਨ੍ਹਾਂ ਪ੍ਰਤੀ ਭਾਜਪਾ ਦੀ ਜਾਤ ਪਾਤੀ ਭਾਵ ਬ੍ਰਾਹਮਣਵਾਦੀ ਦ੍ਰਿਸ਼ਟੀ ’ਚ ਕੋਈ ਫਰਕ ਨਹੀਂ ਆਇਆ। ਕੁਝ ਸਾਲ ਪਹਿਲਾਂ 2007 ਵਿਚ ਮੋਦੀ ਨੇ ਖੁਦ ਲਿਖਿਆ ਸੀ ਜਿਹੜਾ ਪਿਛੋਂ ਕਈ ਵਾਰੀ ਦੁਹਰਾਇਆ ਵੀ ਕਿ, “ਮੈਨੂੰ ਨਹੀਂ ਲੱਗਦਾ ਬਾਲਮੀਕੀ ਲੋਕ ਸਿਰਫ਼ ਰੋਜ਼ੀ ਰੋਟੀ ਲਈ ਹੀ ਇਹ ਕੰਮ ਹੱਥਾਂ (ਹੱਥਾਂ ਨਾਲ ਮੈਲਾ ਚੁੱਕਣਾ) ਕਰਦੇ ਹਨ। ਸਿਰਫ਼ ਰੋਜ਼ੀ ਰੋਟੀ ਦੇ ਲਈ ਹੀ ਇਹ ਕੰਮ ਪੀੜ੍ਹੀ ਦਰ ਪੀੜ੍ਹੀ ਨਹੀਂ ਕਰਦੇ। ਕਿਸੇ ਇਕ ਸਮੇਂ ਉਨ੍ਹਾਂ ਨੂੰ ਇਹ ਗਿਆਨ ਜਾਂ ਇਹ ਅਹਿਸਾਸ ਜ਼ਰੂਰ ਹੋਇਆ ਹੋਵੇਗਾ ਕਿ ਉਹ (ਬਾਲਮੀਕ) ਇਹ ਕੰਮ ਭਗਵਾਨ ਨੂੰ ਖੁਸ਼ ਕਰਨ ਦੇ ਲਈ ਕਰਦੇ ਹਨ। ਇਸੇ ਪ੍ਰੇਰਣਾ ਨਾਲ ਉਹ ਸਦੀਆਂ ਤੋਂ ਇਹ ਕੰਮ ਕਰਦੇ ਆਏ ਹਨ। ਮੈਨੂੰ ਨਹੀਂ ਲੱਗਦਾ ਕਿ ਉਹ ਸਿਰਫ਼ ਪੈਸੇ ਦੇ ਲਈ ਇਹ ਔਖੇਰਾ ਕੰਮ ਕਰਦੇ ਹਨ। ਭਗਵਾਨ ਨੇ ਉਨ੍ਹਾਂ (ਬਾਲਮੀਕੀਸਮੁਦਾਏ) ਨੂੰ ਇਹ ਕੰਮ (ਮੈਲਾ ਚੁੱਕਣਾ) ਅੰਤਰਿਕ ਅਧਿਆਤਮਕ ਸਾਧਨਾ ਦੀ ਤਰ੍ਹਾਂ ਸਦੀਆਂ ਤੋਂ ਚਲਦੇ ਰਹਿਣ ਦੇ ਲਈ ਸੌਂਪਿਆ ਹੈ। ਕਿੰਨੀ ਸ਼ਾਤਰ ਹੈ ਮਨੂੰਵਾਦੀ ਸੋਚ। ਅਧਿਆਤਮਕ ਸਾਧਨਾ ਦੇ ਇਸ ਰਾਹ ਨਾਲ ਜੇ ਪ੍ਰਮਾਤਮਾ ਪ੍ਰਾਪਤ ਹੁੰਦਾ ਹੈ ਤਾਂ ਫਿਰ ਹਿੰਦੂ ਧਰਮ ਦਾ ਉਚ ਬ੍ਰਾਹਮਣ ਵਰਗ ਅਤੇ ਮੋਦੀ ਜਿਹੜਾ ਉਨ੍ਹਾਂ ਦੀ ਪ੍ਰਤੀਬੱਧਤਾ ਕਰਦਾ ਹੈ। ਅਜਿਹੀ ਅਧਿਆਤਮ ਸਾਧਨਾ ਖੁਦ ਕਿਉਂ ਨਹੀਂ ਕਰ ਲੈਂਦੇ? ਮਾਲਕੀ ਵਾਲੀਆਂ ਅਤੇ ਉਚ ਜਾਤੀਆਂ ਅਜਿਹੀਆਂ ਸ਼ਾਤਰ ਸੋਚ ਕਰਕੇ ਹੀ ਕਈ ਸਦੀਆਂ ਤੋਂ ਉਨ੍ਹਾਂ ਨੂੰ ਗੁਲਾਮ ਵਰਗੀ ਸਥਿਤੀ ’ਚ ਸੁੱਟਣ ਦੀਆਂ ਜ਼ਿੰਮੇਵਾਰ ਹਨ। ਮੋਦੀ ਦੇ ਇਸ ਲਿਖਤੀ ਬਿਆਨ ’ਚ ਜਾਤੀਵਾਦੀ ਹੰਕਾਰ ਅਤੇ ਛੂਆ ਛੂਤ ਦੀ ਜ਼ਾਹਿਰਾ ਝਲਕ ਵੇਖੀ ਜਾ ਸਕਦੀ ਹੈ।

ਸਵਾਲ ਇਹ ਵੀ ਉਠਦਾ ਹੈ ਕਿ ਆਖਿਰ ਗਾਂਧੀ ਜੈਅੰਤੀ (2 ਅਕਤੂਬਰ) ਦਾ ਵੀ ਦਿਨ ਮੋਦੀ ਨੇ ਕਿਉਂ ਚੁਣਿਆ? ਜਦੋਂ



ਕਿ ਮੋਦੀ ਦਾ ਗਾਂਧੀ ਦੀ ਵਿਰਾਸਤ ਜਾਂ ਸੋਚ ਨਾਲ ਕੋਈ ਕਿਸੇ ਕਿਸਮ ਦਾ ਸਬੰਧ ਨਹੀਂ, ਨਾ ਹੋ ਸਕਦਾ ਹੈ। ਗਾਂਧੀ ਦੇ ਕਾਤਲ ਦੀ ਪ੍ਰਸ਼ੰਸਾ ਕਰਨ ਵਾਲਾ ਗਾਂਧੀ ਦਾ ਉਪਾਸ਼ਕ ਕਿਵੇਂ ਬਣ ਗਿਆ? ਇਸ ਲਈ ਖੁਦ ਗਾਂਧੀ ਦੀ ਹੀ ਲਿਖਤ ਨੂੰ ਵਾਚਣਾ ਪਵੇਗਾ। 1936 ਵਿਚ ਆਪਣੇ ਹੀ ਪਰਚੇ ਹਰੀਜਨ ਵਿਚ ਗਾਂਧੀ “ਇਕ ਭੰਗੀ ਜਾਂ ਮਿਹਤਰ ਸਮਾਜ ਲਈ ਉਹ ਕੰਮ ਕਰਦਾ ਹੈ ਜਿਹੜਾ ਇਕ ਮਾਂ ਆਪਣੀ ਸੰਤਾਨ ਦੇ ਲਈ ਕਰਦੀ ਹੈ। ਇਸ ਤਰ੍ਹਾਂ ਨਾਲ ਭੰਗੀ/ਮੇਹਤਰ ਸਮਾਜ ਦੀ ਸਿਹਤ ਸੁਰੱਖਿਆ ਲਈ ਸਾਰਿਆਂ ਦਾ ਮੈਲਾ ਸਾਫ਼ ਕਰਦੇ ਹਨ।” ਹੁਣ ਮੋਦੀ ਦੇ ਕਹੇ ਅਤੇ ਗਾਂਧੀ ਦੇ ਵਿਚਾਰਾਂ ਵਿਚ ਜਿਹੜੀ ਸਮਾਨਤਾ ਦਿਖਾਈ ਦਿੰਦੀ ਹੈ ਉਹ ਇਹ ਕਿ ਦੋਵੇਂ ਹੀ ਵਰਣ ਵਿਵਸਥਾ ਬਣੇ ਰਹਿਣ ਦੀ ਵਕਾਲਤ ਕਰਨ ਵਾਲੇ ਹਨ। ਭਾਵ ਦੋਵੇਂ ਹੀ ਮਨੂੰ ਦੀ ਵਰਣ ਵੰਡ ਦੇ ਹਮਾਇਤੀ ਹਨ ਅਤੇ ਸਭ ਤੋਂ ਹੇਠਲੇ ਦਲਿਤ ਜਾਂ ਚੌਥੇ ਪੈੜੇ ਦੇ ਲੋਕਾਂ ਨੂੰ, ਆਪਣੀ ਅਪਮਾਨਿਤ ਹੋਂਦ ਵਿਚ ਬਿਨਾਂ ਕਿਸੇ ਵਿਰੋਧ ਦੇ ਬਣੇ ਰਹਿਣ ਦੀ ਸਲਾਹ ਦਿੰਦੇ ਹਨ। ਦੋ ਵਿਰੋਧੀ ਦਿਸ਼ਾਵਾਂ ਵਾਲੇ ਬ੍ਰਾਹਮਣੀ ਵਿਚਾਰਾਂ ਦੀ ਸਰਵਉਚਤਾ ਉਤੇ ਇਕਮਿਕ ਹਨ। ਬ੍ਰਾਹਮਣੀ ਸੋਚ ਅਨੁਸਾਰ ਹੀ ਸਫ਼ਾਈ ਦਾ ਕੰਮ ਹੇਠਲੀ ਜਾਤੀ ਦਾ ਹੈ। ਇਹੋ ਮਾਨਸਿਕ ਗੰਦਗੀ ਹੈ। ਜਿਹੜੀ ਹੂੰਝਣ ਵਾਲੀ ਹੈ। ‘ਸਾਫ਼ ਸੁਥਰੇ ਭਾਰਤ’ ਦਾ ਜੇ ਨਿਰਮਾਣ ਕਰਨਾ ਹੈ ਤਾਂ ਪਹਿਲਾਂ ਉਨ੍ਹਾਂ ਵਰਗਾਂ ਜਾਂ ਵਰਣਾਂ ਦੇ ਦਿਮਾਗ ਸਾਫ਼ ਕਰਨੇ ਪੈਣਗੇ ਜਿਹੜੇ ਝਾੜੂ ਫੜਣ ਦਾ ਡਰਾਮਾ ਕਰਕੇ ਦੇਸ਼ ਦੇ ਸ਼ਹਿਰਾਂ ਕਸਬਿਆਂ ’ਚ ਦਲਿਤਾਂ/ਹੇਠਲੇ ਵਰਗਾਂ ਨੂੰ ਸਫ਼ਾਈ ਦਾ ਪਾਠ ਹੀ ਨਹੀਂ ਪੜ੍ਹਾ ਰਹੇ ਸਗੋਂ ਇਹ ਹੁਕਮ ਵੀ ਦੇ ਰਹੇ ਹਨ ਕਿ ਤੁਹਾਡਾ ਪਿਤਾ ਪੁਰਖੀ ਇਹੋ ਕੰਮ ਹੈ। ਅਸਲੀ ਸਫ਼ਾਈ ਮੁਹਿੰਮ ਤਾਂ ਇਨ੍ਹਾਂ ਬਦ ਦਿਮਾਗਾਂ ਅੰਦਰਲੀ ਮਾਨਸਿਕ ਗੰਦਗੀ ਅਤੇ ਆਰਥਿਕ ਅਣਸਾਵਾਂਪਨ ਖਤਮ ਕਰਨ ਵਿਰੁੱਧ ਚੱਲਣੀ ਚਾਹੀਦੀ ਹੈ। ਸਾਫ਼ ਸੁਥਰੇ ਭਾਰਤ ਦੇ ਨਿਰਮਾਣ ਲਈ ਸਾਫ਼ ਸੁਥਰੀ ਸੋਚ ਦਾ ਨਿਰਮਾਣ ਪਹਿਲਾਂ ਜ਼ਰੂਰੀ ਹੈ।

93544-30211


# ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ





ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਐਲਾਨ ਕਰਦੀ ਹੈ ਕਿ ਪੰਜ ਲੱਖ ਰੁਪਏ ਦਾ ਇਨਾਮ ਦੁਨੀਆ ਦੇ ਕਿਸੇ ਅਜਿਹੇ ਵਿਅਕਤੀ ਨੂੰ ਦੇਣ ਲਈ ਤਿਆਰ ਹੈ, ਜਿਹੜਾ ਧੋਖਾ-ਰਹਿਤ ਹਾਲਤਾਂ ਵਿੱਚ, ਕੋਈ ਚਮਤਕਾਰੀ ਜਾਂ ਅਲੌਕਿਕ ਸ਼ਕਤੀ ਦਾ ਵਿਖਾਵਾ ਕਰ ਸਕਦਾ ਹੋਵੇ। ਇਹ ਪੇਸ਼ਕਸ਼ ਸੁਸਾਇਟੀ ਨੂੰ ਪਹਿਲਾ ਇਨਾਮ ਜੇਤੂ ਮਿਲਣ ਤੱਕ ਖੁੱਲ੍ਹੀ ਹੋਵੇਗੀ। ਦੇਵ-ਪੁਰਸ਼, ਯੋਗੀ ਗੁਰੂ ਸਵਾਮੀ ਅਤੇ ਹੋਰ ਦੂਸਰੇ ਹੇਠ ਲਿਖੇ ਵਿੱਚੋਂ ਕਿਸੇ ਇੱਕ ਦਾ ਵਿਖਾਵਾ ਕਰਕੇ ਜਿੱਤ ਸਕਦੇ ਹਨ:

1. ਜਿਹੜਾ ਸੀਲਬੰਦ ਕਰੰਸੀ ਨੋਟ ਦੀ ਲੜੀ ਨੰਬਰ ਪੜ੍ਹ ਸਕਦਾ ਹੋਵੇ 2. ਜਿਹੜਾ ਕਿਸੇ ਕਰੰਸੀ ਨੋਟ ਦੀ ਠੀਕ ਨਕਲ ਪੈਦਾ ਕਰ ਸਕਦਾ ਹੋਵੇ, 3. ਜਿਹੜਾ ਬਲਦੀ ਹੋਈ ਅੱਗ ’ਤੇ ਅੱਧੇ ਮਿੰਟ ਲਈ ਬਿਨਾਂ ਜਲੇ ਨੰਗੇ ਪੈਰੀਂ ਖੜ੍ਹ ਸਕਦਾ ਹੋਵੇ, 4. ਅਜਿਹੀ ਵਸਤੂ ਜੋ ਅਸੀਂ ਮੰਗੀਏ, ਹਵਾ ਵਿੱਚੋਂ ਪੇਸ਼ ਕਰ ਸਕਦਾ ਹੋਵੇ, 5. ਮਨੋਵਿਗਿਆਨਕ ਸ਼ਕਤੀ ਨਾਲ ਕਿਸੇ ਵਸਤੂ ਨੂੰ ਹਿਲਾ ਦੇਵੇ ਜਾਂ ਮੋੜ ਦੇਵੇ। 6. ਟੈਲੀਪੈਥੀ ਰਾਹੀਂ ਕਿਸੇ ਦੂਸਰੇ ਵਿਅਕਤੀ ਦੇ ਵਿਚਾਰ ਪੜ੍ਹ ਕੇ ਦੱਸ ਸਕਦਾ ਹੋਵੇ, 7. ਪ੍ਰਮਾਤਮਾ ਜਾਂ ਦੈਵੀ-ਸ਼ਕਤੀ ਦੁਆਰਾ, ਗੰਗਾ ਜਲ ਨਾਲ ਜਾਂ ਪਵਿੱਤਰ ਰਾਖ ਨਾਲ ਆਪਣੇ ਸਰੀਰ ਦੇ ਅੰਗ ਨੂੰ ਇੱਕ ਇੰਚ ਵਧਾ ਸਕੇ, 8. ਜਿਹੜਾ ਯੌਗਿਕ ਸ਼ਕਤੀ ਨਾਲ ਹਵਾ ਵਿੱਚ ਉੱਡ ਸਕੇ, 9. ਯੌਗਿਕ ਸ਼ਕਤੀ ਨਾਲ ਪੰਜ ਮਿੰਟ ਲਈ ਆਪਣੀ ਨਬਜ਼ ਰੋਕ ਸਕੇ, 10. ਪਾਣੀ ਉਤੇ ਪੈਦਲ ਤੁਰ ਸਕੇ, 11.ਆਪਣਾ ਸਰੀਰ ਇੱਕ ਥਾਂ ਛੱਡ ਕੇ ਦੂਸਰੀ ਥਾਂ ਜਾ ਹਾਜ਼ਰ ਹੋਵੇ, 12. ਯੌਗਿਕ ਸ਼ਕਤੀ ਨਾਲ 30 ਮਿੰਟ ਲਈ ਸਾਹ ਕ੍ਰਿਆ ਰੋਕ ਸਕੇ, 13. ਭਗਤੀ ਜਾਂ ਇਲਾਹੀ ਸ਼ਕਤੀ ਰਾਹੀਂ ਗਿਆਨ ਹਾਸਲ ਕਰ ਸਕੇ ਅਤੇ ਰਚਨਾਤਮਕ ਬੁੱਧੀ ਦਾ ਵਿਕਾਸ ਕਰੇ, 14. ਪੁਨਰ-ਜਨਮ ਦੇ ਤੌਰ ’ਤੇ ਕੋਈ ਅਨੋਖੀ ਭਾਸ਼ਾ ਬੋਲ ਸਕੇ, 15. ਅਜਿਹੀ ਆਤਮਾ ਜਾਂ ਪ੍ਰੇਤ ਨੂੰ ਹਾਜ਼ਰ ਕਰੇ ਜਿਸਦੀ ਫੋਟੋ ਖਿੱਚੀ ਜਾ ਸਕਦੀ ਹੋਵੇ, 16. ਫੋਟੋ ਖਿੱਚ ਲੈਣ ਪਿੱਛੋਂ ਆਤਮਾ ਜਾਂ ਪ੍ਰੇਤ ਫੋਟੋ ਤੋਂ ਅਲੋਪ ਹੋ ਸਕੇ, 17. ਜ਼ਿੰਦਰਾ ਲੱਗੇ ਕਮਰੇ ਵਿੱਚੋਂ ਅਲੌਕਿਕ ਸ਼ਕਤੀ ਨਾਲ ਬਾਹਰ ਨਿਕਲ ਸਕੇ, 18. ਕਿਸੇ ਵਸਤੂ ਦਾ ਭਾਰ ਵਧਾ ਸਕੇ, 19 ਛੁਪੀ ਜਾਂ ਛੁਪਾਈ ਹੋਈ ਵਸਤੂ ਲੱਭ ਸਕੇ, 20 ਪਾਣੀ ਨੂੰ ਸ਼ਰਾਬ ਜਾਂ ਪੈਟਰੋਲ ਵਿੱਚ ਬਦਲ ਸਕੇ, 21 ਸ਼ਰਾਬ ਨੂੰ ਖੂਨ ਜਾਂ ਪੈਟਰੋਲ ਵਿੱਚ ਬਦਲ ਸਕੇ, 22. ਘਰਾਂ ਵਿੱਚ ਇੱਟਾ-ਰੋੜੇ ਅਤੇ ਖੂਨ ਦੇ ਛਿੱਟੇ ਆਦਿ ਡਿੱਗਣ ਜਾਂ ਕੱਪੜਿਆਂ ਨੂੰ ਅੱਗ ਲੱਗਣ ਪਿੱਛੇ ਕਿਸੇ ਗੈਬੀ ਸ਼ਕਤੀ ਦਾ ਹੱਥ ਸਿੱਧ ਕਰੇ, 23. ਕੋਈ ਜੋਤਿਸ਼ੀ ਦਾ ਹੱਥ-ਚਿੱਤਰਾਂ ਦਾ ਦਸ ਜਨਮ-ਪੱਤਰੀਆਂ ਨੂੰ ਵੇਖ ਕੇ ਆਦਮੀਆਂ ਅਤੇ ਔਰਤਾਂ ਦੀ ਵੱਖ-ਵੱਖ ਗਿਣਤੀ, ਮਰਿਆਂ ਅਤੇ ਜਿਉਂਦਿਆਂ ਦੀ ਗਿਣਤੀ ਦੱਸ ਸਕਣ ਜਾਂ ਜਨਮ ਦਾ ਠੀਕ ਸਮਾਂ ਤੇ ਸਥਾਨ ਸਮੇਤ ਅਖਸ਼ਾਸ਼ਾਂ ਤੇ ਰੇਖਾਸ਼ਾਂ ਦੇ ਦੱਸ ਸਕਣ। ਇਸ ਵਿੱਚ 5 ਪ੍ਰਤੀਸ਼ਤ ਗਲਤੀ ਮੁਆਫ ਹੋਵੇਗੀ।

## ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ

1. ਜਿਹੜਾ ਆਦਮੀ ਸਾਡੀ ਇਸ ਚੁਣੌਤੀ ਨੂੰ ਕਬੂਲ ਕਰਦਾ ਹੈ, ਬੇਸ਼ੱਕ ਉਹ ਇਨਾਮ ਜਿੱਤਣਾ ਚਾਹੁੰਦਾ ਹੈ ਜਾਂ ਨਹੀਂ, ਉਸਨੂੰ ਸਾਡੇ ਕੋਲ ਜਾਂ ਸਾਡੇ ਵੱਲੋਂ ਨਾਮਜ਼ਦ ਕੀਤੇ ਹੋਏ ਆਦਮੀ ਕੋਲ ਪੰਜ ਹਜ਼ਾਰ ਰੁਪਏ ਬਤੌਰ ਜ਼ਮਾਨਤ ਜਮ੍ਹਾਂ ਕਰਵਾਉਣੇ ਪੈਣਗੇ। ਇਹ ਰਕਮ ਜਿੱਤਣ ਦੀ ਹਾਲਤ ਵਿੱਚ ਵਾਪਸ ਕਰ ਦਿੱਤੇ ਜਾਣਗੇ; 2. ਕਿਸੇ ਆਦਮੀ ਦੀ ਚੁਣੌਤੀ ਉਸੇ ਹਾਲਾਤ ਵਿੱਚ ਹੀ ਸਵੀਕਾਰ ਕੀਤੀ ਜਾਵੇਗੀ ਜਦੋਂ ਉਹ ਜ਼ਮਾਨਤ ਦੇ ਪੈਸੇ ਜਮ੍ਹਾ ਕਰਵਾ ਦੇਵੇਗਾ। ਜੇ ਉਹ ਅਜਿਹਾ ਕਰਨ ਵਿੱਚ ਸਫ਼ਲ ਨਹੀਂ ਹੁੰਦਾ, ਉਸ ਨਾਲ ਕਿਸੇ ਕਿਸਮ ਦਾ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ; 3. ਜਮਾਨਤ ਜਮ੍ਹਾ ਕਰਵਾਉਣ ਤੋਂ ਬਾਅਦ ਕਿਸੇ ਵਿਅਕਤੀ ਦੇ ਚਮਤਕਾਰ ਨੂੰ ਪਹਿਲਾਂ ਸਾਡੇ ਵੱਲੋਂ ਨਾਮਜ਼ਦ ਕੀਤਾ ਹੋਇਆ ਵਿਅਕਤੀ ਲੋਕਾਂ ਦੀ ਹਾਜ਼ਰੀ ਵਿੱਚ ਕਿਸੇ ਨੀਯਤ ਦਿਨ ਤੇ ਪਰਖੇਗਾ; 4. ਜੇਕਰ ਚੁਣੌਤੀ ਦੇਣਵਾਲਾ ਆਦਮੀ ਪਰਖ ਦਾ ਸਾਹਮਣਾ ਨਹੀਂ ਕਰ ਸਕਦਾ ਜਾਂ ਮੁੱਢਲੀ ਪਰਖ ਵਿੱਚ ਹੀ ਅਸਫਲ ਹੋ ਜਾਂਦਾ ਹੈ ਤਾਂ ਉਸਦੀ ਜ਼ਮਾਨਤ ਜ਼ਬਤ ਹੋ ਜਾਵੇਗੀ; 5. ਜੇਕਰ ਆਦਮੀ ਮੁੱਢਲੀ ਪਰਖ ਵਿੱਚ ਜਿੱਤ ਜਾਂਦਾ ਹੈ ਤਾਂ ਆਖਰੀ ਪਰਖ ਸੂਬਾ ਕਮੇਟੀ ਦੁਆਰਾ ਲੋਕਾਂ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ, 6. ਜੇਕਰ ਕੋਈ ਆਦਮੀ ਆਖਰੀ ਪਰਖ ਵਿੱਚ ਵੀ ਜਿੱਤ ਜਾਂਦਾ ਹੈ ਤਾਂ ਉਸਨੂੰ ਪੰਜ ਲੱਖ ਰੁਪਏ ਦਾ ਇਨਾਮ, ਸਮੇਤ ਜਮਾਨਤ ਦੇ ਦਿੱਤਾ ਜਾਵੇਗਾ, 7. ਸਾਰੀਆਂ ਪਰਖਾਂ, ਧੋਖਾ ਨਾ ਹੋਣ ਵਾਲੀਆਂ ਹਾਲਤਾਂ ਵਿੱਚ ਸਾਡੇ ਵੱਲੋਂ ਨਾਮਜ਼ਦ ਜਾਂ ਸਾਡੀ ਸੂਬਾ ਕਮੇਟੀ ਵੱਲੋਂ ਪੂਰਨ ਤਸੱਲੀ ਤੱਕ ਕੀਤੀਆਂ ਜਾਣਗੀਆਂ।

ਮਾਸਟਰ ਭਜਨ ਸਿੰਘ : 403-455-4220, ਪ੍ਰੋ: ਗੋਪਾਲ ਕਾਉਂਕੇ : 403-970-3588

ਜਨਮ ਦਿਨ 'ਤੇ ਵਿਸ਼ੇਸ਼

# ਅਮਰ ਸ਼ਹੀਦ ਚੰਦਰ ਸ਼ੇਖਰ ਆਜ਼ਾਦ

**ਜਸਵੰਤ ਜੀਰਖ**

ਦ੍ਰਿੜ ਫੌਲਾਦੀ ਇਰਾਦੇ ਦੇ ਮਾਲਕ ਅਤੇ ਦੇਸ਼ ਦੀ ਆਜ਼ਾਦੀ ਲਈ ਭਰ ਜਵਾਨੀ 'ਚ ਸ਼ਹੀਦ ਹੋ ਜਾਣ ਵਾਲੇ ਸੂਰਬੀਰ ਚੰਦਰ ਸ਼ੇਖਰ ਆਜ਼ਾਦ ਨੂੰ ਜਦੋਂ ਉਨ੍ਹਾਂ ਦੇ ਜਨਮ ਤੋਂ 109 ਵਰ੍ਹੇ ਬਾਅਦ ਵੀ ਯਾਦ ਕਰ ਰਹੇ ਹਾਂ ਤਾਂ ਉਨ੍ਹਾਂ ਦਾ ਸ਼ਡੌਲ ਅਤੇ ਭਰਵਾਂ, ਇਕ ਹੱਥ ਮੁੱਛ ਤੇ ਅਤੇ ਡੱਬ ਵਿਚ ਪਿਸਤੌਲ ਟੰਗਿਆ ਚਿਹਰਾ ਸਾਹਮਣੇ ਆ ਜਾਂਦਾ ਹੈ। ਅਜਿਹੇ ਲੋਕ ਘੱਟ ਹੀ ਪੈਦਾ ਹੁੰਦੇ ਹਨ ਜਿਹੜੇ ਕਹਿਣੀ ਤੇ ਕਰਨੀ 'ਚ ਆਜ਼ਾਦ ਦੀ ਤਰ੍ਹਾਂ ਪੂਰੇ ਉਤਰਨ। ਉਹ ਕਿਹਾ ਕਰਦੇ ਸਨ ਕਿ ਅੰਗਰੇਜ਼ ਹਕੂਮਤ ਉਸ ਨੂੰ ਕਦੀ ਗ੍ਰਿਫ਼ਤਾਰ ਨਹੀਂ ਕਰ ਸਕੇਗੀ, ਉਹ ਹਮੇਸ਼ਾ ਆਜ਼ਾਦ ਰਹੇਗਾ। ਇਸੇ ਕਰਕੇ ਉਨ੍ਹਾਂ ਨੂੰ ਆਜ਼ਾਦ ਦੇ ਨਾਂ ਨਾਲ ਹੀ ਜਾਣਿਆ ਜਾਣ ਲੱਗਾ।


ਭਗਵਾਨ ਦਾਸ ਮਹੌਰ ਅਨੁਸਾਰ ਇਕ ਵਾਰ ਕਾਵਿ ਅਤੇ ਸੰਗੀਤ ਦੀਆਂ ਗੱਲਾਂ ਹੋ ਰਹੀਆਂ ਸਨ। ਜ਼ਿਆਦਾ ਗੱਲ ਭਗਤ ਸਿੰਘ ਅਤੇ ਵਿਜੇ ਕੁਮਾਰ ਸਿਨ੍ਹਾ ਦੀ ਕਰ ਰਹੇ ਸਨ, ਆਜ਼ਾਦ ਵੀ ਉਥੇ ਹੀ ਸਨ। ਮਹੌਰ ਜੀ ਆਪਣਾ ਪ੍ਰੇਮ ਗੀਤ ਗਾ ਕੇ ਸੁਣਾ ਰਹੇ ਸੀ-ਹਿਰਦੇ ਲਾਗੀ, ਪ੍ਰੇਮ ਕੀ ਬਾਤ ਨਿਰਾਲੀ...' ਆਜ਼ਾਦ ਜੀ ਕਹਿਣ ਲੱਗੇ "ਕੀ ਸਾਲਾ ਪ੍ਰੇਮ-ਫਰੇਮ ਬਕਦਾ ਰਹਿੰਦਾ ਹੈਂ। ਕਿਥੇ ਮਿਲੇਗਾ ਇਸ ਜ਼ਿੰਦਗੀ ਵਿਚ ਪ੍ਰੇਮ-ਫਰੇਮ ਦਾ ਅਵਸਰ? ਕੱਲ ਕਿਤੇ ਸੜਕ ਦੇ ਕੰਢੇ ਪੁਲਿਸ ਦੀ ਗੋਲੀ ਖਾ ਕੇ ਰਿੜ੍ਹਦੇ ਨਜ਼ਰ ਆਉਗੇ। "ਦੇਖ ਮੈਂ ਗਾਉਣਾ ਆਪਣੀ ਹੀ ਇਕ ਕਵਿਤਾ ਜਿਸ ਨੂੰ ਜ਼ਿੰਦਗੀ 'ਚ ਸੱਚ ਕਰਕੇ ਦਿਖਾਉਣ ਲਈ ਜਿਉਂਦਾ ਹਾਂ।"

**ਦੁਸ਼ਮਨ ਕੀ ਗੋਲੀਓਂ ਕਾ ਹਮ ਸਾਹਮਨਾ ਕਰੇਂਗੇ, ਆਜ਼ਾਦ ਹੀ ਰਹੇ ਹੈਂ-ਆਜ਼ਾਦ ਹੀ ਰਹੇਂਗੇ।**

ਰਚਨਾ ਦੀਆਂ ਇਨ੍ਹਾਂ ਦੋ ਪੰਕਤੀਆਂ ਤੇ ਆਪਾਂ ਨਿਛਾਵਰ ਕਰਨ ਲਈ ਉਸਨੇ 27 ਫਰਵਰੀ 1931 ਵਾਲੇ ਦਿਨ ਅਲਾਹਾਬਾਦ ਐਲਫਰੈਡ ਪਾਰਕ ਵਿਚ ਆਪਣੇ ਪਿਸਤੌਲ ਦੇ ਸਾਜ਼ ਤੇ ਗਲ ਨਾਲ ਨਹੀਂ, ਆਪਣੇ ਕੁਸ਼ਲ ਹੱਥੀਂ ਗਾਇਆ ਅਤੇ ਸਿਆਹੀ ਨਾਲ ਕਾਗਜ਼ 'ਤੇ ਨਹੀਂ, ਪਾਰਤ ਦੀ ਉੱਜਲ ਕ੍ਰਾਂਤੀਕਾਰੀ ਕਰਮ ਭੂਮੀ ਤੇ ਆਪਣੇ ਖੂਨ ਨਾਲ ਲਿਖਿਆ, ਉਸ ਨੂੰ ਸਹੀ ਅਰਥਾਂ ਵਿਚ ਪੂਰਾ ਕਰਕੇ ਅਮਰ ਕਰ ਦਿੱਤਾ, ਉਸ ਨੂੰ ਕਵਿਤਾ ਨਹੀਂ, ਰਚਨਾ ਬਣਾ ਦਿੱਤਾ।

ਚੰਦਰ ਸ਼ੇਖਰ ਆਜ਼ਾਦ ਦਾ ਜਨਮ ਬੇਹੱਦ ਗਰੀਬ ਪਰਿਵਾਰ ਵਿਚ ਹੋਇਆ। ਮੱਧ ਪ੍ਰਦੇਸ਼ ਦੀ ਝਾਬੂਆ ਤਹਿਸੀਲ ਦੇ ਭਾਵਰਾ ਪਿੰਡ ਵਿਚ ਪੰਡਤ ਸੀਤਾ ਰਾਮ ਤਿਵਾੜੀ ਅਤੇ ਮਾਤਾ ਜਗਰਾਣੀ ਦੀ ਇਕ ਟੁੱਟੀ ਭੱਜੀ ਬਾਂਸ ਦੀਆਂ ਫੱਟੀਆਂ ਦੇ ਜਾਲੀਦਾਰ ਪੱਲਿਆਂ ਵਾਲੀ ਝੌਂਪੜੀ ਵਿਚ ਪੈਦਾ ਹੋ ਕੇ ਆਜ਼ਾਦ ਨੇ ਅੰਗਰੇਜ਼ ਸਾਮਰਾਜ ਦੀਆਂ ਜੜ੍ਹਾਂ ਹਿਲਾ ਦੇਣ ਵਾਲੇ ਕਾਰਨਾਮੇ ਕਰ ਵਿਖਾਏ। ਉਨ੍ਹਾਂ ਦੇ ਪਿਤਾ ਦਾ ਪਿਛੋਕੜ ਉਤਰ ਪ੍ਰਦੇਸ਼ ਦਾ ਸੀ ਜੋ ਦੇਸ਼ ਵਿਆਪੀ ਅਕਾਲ ਸਮੇਂ ਰੋਜ਼ੀ-ਰੋਟੀ ਦੀ ਤਲਾਸ਼ ਵਿਚ ਘਰੋਂ ਨਿਕਲਦੇ ਭਾਵਰਾ ਵਿਚ ਸਰਕਾਰੀ ਬਾਗ ਦੀ ਰਖਵਾਲੀ ਦਾ ਕੰਮ ਕਰਨ ਲੱਗੇ। ਤਨਖਾਹ ਪੰਜ ਰੁਪਏ ਮਹੀਨਾ ਮਿਲਦੀ ਸੀ ਜੋ ਬਾਅਦ ਵਿਚ ਵਧ ਕੇ ਅੱਠ ਰੁਪਏ ਹੋ ਗਈ ਸੀ। ਪਿਤਾ ਕੋਈ ਬਹੁਤੇ ਪੜ੍ਹੇ ਲਿਖੇ ਨਹੀਂ ਸਨ ਅਤੇ ਮਾਤਾ ਜੀ ਬਿਲਕੁਲ ਕੋਰੇ ਅਨਪੜ੍ਹ ਸਨ। ਆਪਣੇ ਸ਼ਰਾਰਤੀਪੁਣੇ ਕਾਰਨ ਆਜ਼ਾਦ ਅਕਸਰ ਆਪਣੇ ਪਿਤਾ ਦੇ ਕ੍ਰੋਧ ਦਾ ਸ਼ਿਕਾਰ ਬਣਦੇ ਸਨ। ਉਹ ਆਪਣੇ ਮਾਤਾ ਪਿਤਾ ਦੀ ਪੰਜਵੀਂ ਅਤੇ ਆਖਰੀ ਸੰਤਾਨ ਸਨ ਅਤੇ ਉਨ੍ਹਾਂ ਦੇ ਸਾਰੇ ਭੈਣ-ਭਾਈ ਮਰ ਚੁੱਕੇ ਸਨ।

ਬਚਪਨ ਵਿਚ ਚੰਦਰ ਸ਼ੇਖਰ ਦੀ ਰੁਚੀ ਪੜ੍ਹਨ ਲਿਖਣ ਦੀ ਬਜਾਏ ਤੀਰ ਕਮਾਨ ਜਾਂ ਬੰਦੂਕ ਚਲਾਉਣ ਵਿਚ ਜ਼ਿਆਦਾ ਸੀ। ਸਕੂਲ ਜਾਣ ਦੇ ਬਹਾਨੇ ਉਹ ਘਰੋਂ ਨਿਕਲਕੇ ਰਸਤੇ ਵਿਚ ਆਪਣੇ ਦੋਸਤਾਂ ਨਾਲ ਚੋਰ ਸਿਪਾਹੀ ਦੀ ਖੇਡ ਖੇਡਦੇ ਰਹਿੰਦੇ ਜਾਂ ਤੀਰ ਕਮਾਨ ਚਲਾਉਣ ਦਾ ਅਭਿਆਸ ਕਰਦੇ ਅਤੇ ਜਾਨਵਰਾਂ ਦਾ ਸ਼ਿਕਾਰ ਕਰਦੇ। ਮਾਤਾ ਪਿਤਾ ਉਸ ਦੀਆਂ ਇਨ੍ਹਾਂ ਆਦਤਾਂ ਤੋਂ ਪ੍ਰੇਸ਼ਾਨ ਰਹਿੰਦੇ ਤੇ ਉਸ ਨੂੰ ਕਿਸੇ ਕੰਮ 'ਚ ਲਾਉਣ ਬਾਰੇ ਸੋਚਦੇ ਰਹਿੰਦੇ। ਆਜ਼ਾਦ ਦੀ ਪ੍ਰਗਤੀਸ਼ੀਲਤਾ ਨੂੰ ਸਮਝਣ ਲਈ ਸਾਨੂੰ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਮੱਧ ਪ੍ਰਦੇਸ਼ ਦੀ ਛੋਟੀ ਜਿਹੀ ਰਿਆਸਤ ਅਲੀਰਾਜਪੁਰ ਦੇ ਇਕ ਪਿੰਡ ਵਿਚ ਇਕ ਕੱਟੜ ਬ੍ਰਾਹਮਣ ਦੇ ਘਰ ਆਜ਼ਾਦ ਦਾ ਜਨਮ ਹੋਇਆ, ਜਿਸ ਨੂੰ ਜੇ ਜਾਤ ਪਾਤ ਛੂਆ-ਛਾਤ ਅਤੇ ਔਰਤ ਦੀ ਤੇਰ੍ਹਵੀਂ ਸਦੀ ਦੀ ਮਨੋਵਿਰਤੀ ਵਾਲਾ ਕਿਹਾ ਜਾਵੇ ਤਾਂ ਜ਼ਿਆਦਾ ਅਣਉਚਿਤ ਨਹੀਂ ਹੋਵੇਗਾ। ਫਿਰ ਵੀ ਅਜਿਹੇ ਮਾਹੌਲ 'ਚੋਂ ਤਰੱਕੀ ਕਰਦੇ-ਕਰਦੇ ਉਹ ਵੀਹਵੀਂ ਸਦੀ ਦੇ ਤੀਜੇ ਦਹਾਕੇ ਦੇ ਭਾਰਤੀ ਕ੍ਰਾਂਤੀਕਾਰੀਆਂ ਦੀ ਮੂਹਰਲੀ ਕਿਤਾਰ ਦੇ ਨੇਤਾ ਬਣੇ।




ਦਸ-ਬਾਰਾਂ ਸਾਲ ਦੀ ਉਮਰ ਵਿਚ ਇਕ ਕੱਟੜ ਬ੍ਰਾਹਮਣ ਬਾਲਕ ਦੇ ਰੂਪ ਵਿਚ ਸੰਸਕ੍ਰਿਤ ਪੜ੍ਹਨ ਲਈ ਉਹ ਘਰੋਂ ਭੱਜਕੇ ਕਾਂਸ਼ੀ ਪਹੁੰਚੇ, ਉਥੇ ਰਾਸ਼ਟਰੀ ਲਹਿਰ ਵਿਚ ਰੰਗੇ ਗਏ। ਇਥੇ ਹੀ 1921 ਵਿਚ ਨਾ ਮਿਲਵਰਤਣ ਅੰਦੋਲਨ ਵਿਚ ਹਿੱਸਾ ਲਿਆ ਅਤੇ ਗ੍ਰਿਫ਼ਤਾਰ ਹੋਏ। ਅੰਗਰੇਜ਼ ਅਦਾਲਤ ਵਲੋਂ 15 ਬੈਂਤਾਂ ਦੀ ਸਜ਼ਾ ਪਾਈ। ਇਸ ਸਮੇਂ ਜੱਜ ਵਲੋਂ ਜਦੋਂ ਚੰਦਰ ਸ਼ੇਖਰ ਨੂੰ ਨਾ ਪੁੱਛਿਆ ਗਿਆ ਤਾਂ ਉਹਨਾਂ ਕਿਹਾ, "ਆਜ਼ਾਦ", ਘਰ-ਜੇਲ੍ਹ, ਪਿਤਾ ਦਾ ਨਾਂ-ਆਜ਼ਾਦੀ। ਇਹ ਜਵਾਬ ਸੁਣਕੇ ਜੱਜ ਚਿੜ੍ਹ ਗਿਆ ਤੇ ਉਪਰੋਕਤ ਸਜ਼ਾ ਸੁਣਾਈ। ਬੈਂਤਾਂ ਵੱਜਣ ਨਾਲ ਉਨ੍ਹਾਂ ਦੀ ਚਮੜੀ ਉਧੜ ਗਈ ਅਤੇ ਲਹੂ-ਲੁਹਾਣ ਹੋਏ ਆਪਣੇ ਆਪ ਨੂੰ ਪੈਦਲ ਹੀ ਕਿਵੇਂ ਨਾ ਕਿਵੇਂ ਘਸੀਟਦੇ ਹੋਏ ਟਿਕਾਣੇ 'ਤੇ ਪਹੁੰਚ ਗਏ। ਤੰਦਰੁਸਤ ਹੋਣ ਉਪਰੰਤ ਉਨ੍ਹਾਂ ਦੀ ਸ੍ਰੀ ਮਨਮਥ ਨਾਥ ਗੁਪਤਾ ਅਤੇ ਸ੍ਰੀ ਪ੍ਰਣਵੇਸ਼ ਚੈਟਰਜੀ ਨਾਲ ਜਾਣ-ਪਹਿਚਾਣ ਹੋਈ ਜੋ ਪਹਿਲਾਂ ਹੀ ਇਨਕਲਾਬੀ ਦਲ ਦੇ ਮੈਂਬਰ ਬਣੇ ਹੋਏ ਸਨ। ਹੌਲੀ-ਹੌਲੀ ਆਜ਼ਾਦ ਨੂੰ ਵੀ ਇਸ ਦਲ ਦਾ ਮੈਂਬਰ ਬਣਾ ਲਿਆ ਗਿਆ। ਇਸ ਵੇਲੇ ਤੋਂ ਅੰਤ ਤੱਕ ਉਹ ਹਥਿਆਰਬੰਦ ਇਨਕਲਾਬ ਦੇ ਰਾਹ 'ਤੇ ਅੱਗੇ ਵਧਦੇ ਰਹੇ। ਇਕ ਦ੍ਰਿੜ੍ਹ ਇਰਾਦੇ ਅਤੇ ਹੌਂਸਲੇ ਵਾਲੇ ਜੋਸ਼ੀਲੇ ਨੌਜਵਾਨ ਵਾਲੇ ਗੁਣਾ ਕਰਕੇ ਹੀ ਪਾਰਟੀ ਵਲੋਂ ਹਰ ਐਕਸ਼ਨ ਦੌਰਾਨ ਉਨ੍ਹਾਂ ਨੂੰ ਜ਼ਰੂਰ ਭੇਜਿਆ ਜਾਂਦਾ।

1925 ਵਿਚ ਕਾਕੋਰੀ ਰੇਲ ਗੱਡੀ ਘਟਨਾ ਹੋਈ ਜਿਸ ਦੌਰਾਨ ਲਖਨਊ ਤੋਂ ਪੱਛਮ ਵੱਲ ਕਾਕੋਰੀ ਸਟੇਸ਼ਨ ਲਾਗੇ ਰੇਲ ਗੱਡੀ ਰੋਕ ਕੇ ਸਰਕਾਰੀ ਖਜ਼ਾਨਾ ਲੁੱਟਿਆ ਗਿਆ। ਚੰਦਰ ਸ਼ੇਖਰ ਆਜ਼ਾਦ ਵੀ ਇਸ ਐਕਸ਼ਨ ਵਿਚ ਸ਼ਾਮਲ ਸਨ। ਇਸ ਗੱਡੀ ਵਿਚੋਂ ਸਰਕਾਰੀ ਖਜ਼ਾਨੇ ਵਾਲੀ ਤਿਜੋਰੀ ਭੰਨਕੇ ਸਾਰਾ ਖਜ਼ਾਨਾ ਲੁੱਟ ਲਿਆ ਗਿਆ। ਸਾਰਾ ਖਜ਼ਾਨਾ ਇਕ ਗਠੜੀ ਵਿਚ ਬੰਨ੍ਹਕੇ ਸਾਰੇ ਜਾਣੇ ਸਹੀ ਸਲਾਮਤ ਹਥਿਆਰਾਂ ਸਮੇਤ ਸੁਰੱਖਿਅਤ ਥਾਂ ਪਹੁੰਚ ਗਏ। ਇਸ ਘਟਨਾ ਤੋਂ ਅੰਗਰੇਜ਼ ਸਰਕਾਰ ਬੁਖਲਾ ਉਠੀ ਜਿਸ ਕਾਰਨ ਤਲਾਸ਼ੀਆਂ ਅਤੇ ਗ੍ਰਿਫ਼ਤਾਰੀਆਂ ਦਾ ਜੋ ਦੌਰ ਚਲਿਆ ਉਸ ਵਿਚ ਆਜ਼ਾਦ ਅਤੇ ਕੁੰਦਨ ਲਾਲ ਨੂੰ ਛੱਡਕੇ ਬਾਕੀ ਸਾਰੇ ਸਾਥੀ ਫੜੇ ਗਏ।

ਆਜ਼ਾਦ ਕਾਕੋਰੀ ਕਾਂਡ ਤੋਂ ਫਰਾਰ ਹੋ ਕੇ ਝਾਂਸੀ ਆਏ ਜਿਥੇ ਮਾਸਟਰ ਰੁਦਰ ਨਰਾਇਣ ਦੇ ਘਰ ਠਹਿਰਨ ਲਈ ਸਹਾਇਤਾ ਮਿਲ ਗਈ ਜਿਸ ਆਜ਼ਾਦ ਨੂੰ ਗ੍ਰਿਫ਼ਤਾਰ ਕਰਾਉਣ ਲਈ ਬ੍ਰਿਟਿਸ਼, ਸਾਮਰਾਜਵਾਦੀ ਸਰਕਾਰ ਹਜ਼ਾਰਾਂ ਰੁਪਏ ਦੇ ਇਨਾਮ ਦਾ ਐਲਾਨ ਕਰ ਚੁੱਕੀ ਸੀ, ਉਹ ਆਜ਼ਾਦ ਐਸੇ ਸੰਕਟ ਦੇ ਸਮੇਂ ਮਾ. ਰੁਦਰ ਨਰਾਇਣ ਦੇ ਘਰ ਸੁਰੱਖਿਅਤ ਰਹਿ ਰਹੇ ਸਨ। ਕਈ ਵਾਰ ਮਾਸਟਰ ਜੀ ਦੇ ਘਰ ਦੀ ਤਲਾਸ਼ੀ ਵੀ ਪੁਲਿਸ ਵਲੋਂ ਲਈ ਗਈ ਜਿਸ ਦੌਰਾਨ ਆਜ਼ਾਦ ਖੁਦ ਹੀ ਪੁਲਿਸ ਨਾਲ ਅਜਿਹੇ ਢੰਗ ਨਾਲ ਗੱਲਬਾਤ ਕਰਦੇ ਕਿ ਕਿਸੇ ਨੂੰ ਵੀ ਭੋਰਾ ਸ਼ੱਕ ਨਾ ਹੁੰਦਾ ਕਿ ਇਹੋ ਆਜ਼ਾਦ ਹੈ। ਪੁਲਿਸ ਦੇ ਮੂੰਹੋਂ ਸ਼ਾਤਰ ਆਜ਼ਾਦ ਦੀ ਕਾਰਗੁਜ਼ਾਰੀ ਦੀਆਂ ਗੱਲਾਂ ਸੁਣਕੇ, ਉਨ੍ਹਾਂ ਦੇ ਸਾਹਮਣੇ ਤਾਂ ਬੜੇ ਹੈਰਾਨ ਹੋਇਆ ਕਰਦੇ ਪਰ ਬਾਅਦ ਵਿਚ ਬੜੇ ਖਿੜ-ਖਿੜਾਕੇ ਹੱਸਦੇ-"ਸਾਲੇ ਮੈਨੂੰ ਇਕ ਹਊਆ, ਇਕ ਜਾਦੂਗਰ ਸਮਝਦੇ ਐ, ਕਿੰਨਾ ਛੋਟਾ ਹੁੰਦਾ ਹੈ ਇਨ੍ਹਾਂ ਚੀਫ਼ਾਂ-ਫੀਫਾਂ ਦਾ ਦਿਮਾਗ।" ਗੁਲਾਮਾਂ ਦੇ ਦਿਮਾਗ 'ਚ ਵੱਡੀ ਤੋਂ ਵੱਡੀ ਸ਼ਾਨ ਇਕ ਡਿਪਟੀ ਹੋਣ 'ਚ ਹੀ ਹੈ। ਉਹ ਸਹੁਰਾ ਚੀਫ਼ ਕਮੋਦ ਸਿੰਘ ਕਹਿ ਰਿਹਾ ਸੀ-"ਬਈ ਕੀ ਕਹਿ ਰਹੇ ਹੋ! ਇਹ ਕ੍ਰਾਂਤੀਕਾਰੀ ਲੋਕ ਵੱਡਿਆਂ ਘਰਾਣਿਆਂ ਦੇ ਹਨ-ਅਸ਼ਫਾਕ ਉੱਲਾ ਨੂੰ ਹੀ ਦੇਖ ਲਓ, ਤੇਰੀ ਕਸਮ ਉਹ ਤਾਂ ਇਕ ਡਿਪਟੀ ਦੋਂ ਘੱਟ ਨਹੀਂ-ਇਕ ਡਿਪਟੀ ਤੋਂ...।"

ਜਦੋਂ ਝਾਂਸੀ ਵਿਚ ਕਈ ਗਤੀਵਿਧੀਆਂ ਨੇ ਪੁਲਿਸ ਦਾ ਧਿਆਨ ਖਿੱਚਿਆ ਤਾਂ ਫੜੋ-ਫੜੀ ਦੇ ਇਸ ਸੰਕਟ ਮਈ ਸਮੇਂ ਵਿਚ ਝਾਂਸੀ ਵਿਚ ਰਹਿਣਾ ਖਤਰੇ ਤੋਂ ਖਾਲੀ ਨਹੀਂ ਸੀ। ਇਸ ਹਾਲਾਤ ਵਿਚ ਆਜ਼ਾਦ ਨੇ ਝਾਂਸੀ ਦੇ ਦਲ ਵਾਲੀ ਸ਼ਾਖਾ ਨਾਲ ਮਿਲਕੇ ਉਹਨਾਂ ਨੂੰ ਭਵਿੱਖ ਦੇ ਕੰਮ ਸਮਝਾਕੇ ਉਥੋਂ ਜਾਣਾ ਹੀ ਠੀਕ ਸਮਝਿਆ।

ਇਕ ਕੰਬ ਅਤੇ ਇਕ ਰਮਾਇਣ ਦਾ ਗੁਟਕਾ ਲੈ ਕੇ ਆਜ਼ਾਦ ਨੇ ਝਾਂਸੀ ਤੇ ਓਰਸਾ ਦੇ ਵਿਚਕਾਰ ਪੈਂਦੇ ਇਕ ਪਿੰਡ ਢਿਮਰਪੁਰਾ ਦੇ ਕੋਲ ਇਕ ਛੋਟੀ ਜਿਹੀ ਨਦੀ ਮਾਤਰ ਦੇ ਕਿਨਾਰੇ ਵਿਚ ਕੁੱਟੀਆ ਵਿਚ ਆਪਣਾ ਆਸਣ ਜਮਾ ਲਿਆ। ਉਨ੍ਹਾਂ ਨੇ ਇਥੇ ਆਪਣਾ ਨਾਂ ਚੰਦਰ ਸ਼ੇਖਰ ਤੋਂ ਬਦਲਕੇ ਹਰੀ ਸ਼ੰਕਰ ਬ੍ਰਹਮਚਾਰੀ ਰੱਖਿਆ। ਪਿੰਡ ਢਿਮਰਪੁਰਾ ਵਿਚ ਉਨ੍ਹਾਂ ਨੇ ਭਿੱਖਿਆ ਮੰਗਣ ਵਾਲਿਆਂ ਵਾਂਗ ਆਪਣਾ ਭੋਜਨ ਮੰਗਿਆ ਅਤੇ ਪਿੰਡ ਵਾਲਿਆਂ ਨੂੰ ਰਮਾਇਣ ਦੀ ਕਥਾ ਸੁਣਾਉਣੀ ਸ਼ੁਰੂ ਕਰ ਕਰ ਦਿੱਤੀ। ਇਸ ਨਾਲ ਹਰ ਸ਼ੰਕਰ ਦਾ ਪਿੰਡ ਵਿਚ ਬਹੁਤ ਸਤਿਕਾਰ ਹੋਣਾ ਸ਼ੁਰੂ ਹੋ ਗਿਆ। ਉਨ੍ਹਾਂ ਦੀ ਪਾਠਸ਼ਾਲਾ ਵਿਚ ਪਿੰਡ ਦੇ ਛੋਟੇ-ਛੋਟੇ ਬੱਚੇ ਪੜ੍ਹਨ ਲੱਗੇ। ਇਕ ਦੋ ਮਹੀਨਿਆਂ ਵਿਚ ਇਥੇ ਪੱਕਾ ਆਧਾਰ ਬਣਾ ਲੈਣ ਬਾਅਦ ਉਨ੍ਹਾਂ ਨੇ ਝਾਂਸੀ ਤੋਂ ਆਪਣੇ ਕ੍ਰਾਂਤੀਕਾਰੀ ਸਾਥੀਆਂ ਨੂੰ ਬੁਲਾਉਣਾ ਸ਼ੁਰੂ ਕੀਤਾ ਅਤੇ ਕਾਕੋਰੀ ਦੇ ਬਾਅਦ ਦਲ ਦੇ ਖਿੰਡੇ ਹੋਏ ਸਰੋਤਾਂ ਨੂੰ ਮੁੜ ਜੋੜਨ ਵਿਚ ਜੁਟ ਗਏ। ਸ੍ਰੀ ਕੁੰਦਨ ਲਾਲ ਜੋ ਕਾਕੋਰੀ ਕਾਂਡ ਤੋਂ ਬਚੇ ਹੋਏ ਲੋਕਾਂ ਵਿਚੋਂ ਨੰਬਰ ਇਕ ਮੰਨੇ ਜਾਂਦੇ ਸੀ, ਆਜ਼ਾਦ ਨੂੰ ਇਸੇ ਟੱਟ ਤੇ ਮਿਲੇ ਅਤੇ ਕ੍ਰਾਂਤੀਕਾਰੀ ਸੰਗਠਨ ਦਾ ਅਗਲਾ ਪ੍ਰੋਗਰਾਮ ਇਥੇ ਹੀ ਬਣਿਆ।

ਪਿੰਡ ਢਿਮਰਪੁਰਾ ਵਿਚ ਬ੍ਰਹਮਚਾਰੀ ਹਰੀ ਸ਼ੰਕਰ ਦੇ ਬ੍ਰਹਮਦਰਜ ਦੀ ਅਗਲੀ ਪ੍ਰੀਖਿਆ ਵੀ ਹੋਈ ਜਿਸ ਵਿਚੋਂ ਉਹ ਪਹਿਲੇ ਦਰਜੇ ਵਿਚ ਪਾਸ ਹੋਏ। ਘਟਨਾ ਦੇ ਵੇਰਵਾ ਇਸ ਤਰ੍ਹਾਂ ਹੈ ਕਿ ਪਿੰਡ ਦੀ ਇਕ ਰਮਣੀ ਉਨ੍ਹਾਂ ਦੇ ਪਿਛੇ ਹੱਥ ਧੋਕੇ ਪੈ ਗਈ। ਜਦੋਂ ਉਸ ਦੀ ਤਿਰਸ਼ੀ ਨਜ਼ਰ ਨੇ ਬ੍ਰਹਮਚਾਰੀ ਨੂੰ ਜ਼ਰਾ ਵੀ ਨਾ ਭਟਕਾਇਆ ਤਾਂ ਰਮਣੀ ਦੇ ਹੰਝੂਆਂ ਦੀ ਨਦੀ ਦਾ ਹੜ੍ਹ ਉਨ੍ਹਾਂ ਨੂੰ ਵਹਾ ਦੇਣ ਲਈ ਵਧਿਆ। ਪਰ ਬ੍ਰਹਮਚਾਰੀ ਇਕ ਪਹਾੜ ਦੀ ਤਰ੍ਹਾਂ ਅਡੋਲ ਰਹੇ। ਇਹ ਸਾਰੀ ਵਾਰਤਾ ਆਜ਼ਾਦ ਨੇ ਸ੍ਰੀ ਭਗਵਾਨ ਦਾਸ ਮਹੌਰ ਨੂੰ ਖੁਦ ਦੱਸੀ ਜੋ ਉਨ੍ਹਾਂ ਦਾ ਸੰਗੀ ਸਾਥੀ ਸੀ। ਬ੍ਰਹਮਚਾਰੀ ਹਰੀ ਸ਼ੰਕਰ ਦੀ ਇਸ ਅਗਨੀ ਪ੍ਰੀਖਿਆ ਕਾਂਡ ਤੇ ਪਿੰਡ ਦੇ ਚਤੁਰ ਠਾਕੁਰ ਨੰਬਰਦਾਰ ਦੀ ਤਿੱਖੀ ਨਜ਼ਰ ਸੀ। ਇਸ ਤੋਂ ਬਾਅਦ ਉਹ ਹਰੀ ਸ਼ੰਕਰ ਦਾ ਐਸਾ ਭਗਤ ਬਣਿਆ ਕਿ ਉਨ੍ਹਾਂ ਤੇ ਆਪਣੇ ਭਰਾਵਾਂ ਤੋਂ ਵੀ ਵੱਧ ਵਿਸ਼ਵਾਸ ਕਰਨ ਲੱਗਾ। ਇਥੋਂ ਤੱਕ ਕਿ ਨੰਬਰਦਾਰ ਦੀ ਤਿਜੋਰੀ ਦੀ ਚਾਬੀ ਹਰੀ ਸ਼ੰਕਰ ਦੇ ਜਨੇਊ ਨਾਲ ਬੱਝੀ ਰਹਿੰਦੀ ਸੀ। ਹੁਣ ਆਜ਼ਾਦ ਨੂੰ ਪਿੰਡ ਢਿਮਰਪੁਰਾ ਵਿਚ ਬਾਬਾ ਜੀ ਬਣੇ ਰਹਿਣ ਦੀ ਜ਼ਰੂਰਤ ਨਹੀਂ ਰਹਿ ਗਈ ਸੀ। ਹੁਣ ਉਹ ਨੰਬਰਦਾਰ ਦੇ ਭਰਾ ਸਨ ਕੁੜਤੇ ਪਜਾਮੇ ਨਾਲ ਲੈਸ।

ਇਥੇ ਰਹਿੰਦਿਆਂ ਜਦੋਂ ਕ੍ਰਾਂਤੀਕਾਰੀ ਦਲ ਮੁੜ ਸੰਗਠਿਤ ਹੋ ਗਿਆ ਤਾਂ ਕੁਦਰਤੀ ਤੌਰ 'ਤੇ ਦਲ ਦੀ ਕਮਾਨ ਆਜ਼ਾਦ ਦੇ ਹੱਥ ਸੀ। ਪੰਜਾਬ ਤੋਂ ਭਗਤ ਸਿੰਘ, ਸੁਖਦੇਵ ਆਦਿ, ਉੱਤਰ ਪ੍ਰਦੇਸ਼ ਦੇ ਸਾਥੀ ਸ਼ਿਵ ਵਰਮਾ, ਕੁੰਦਨ ਲਾਲ, ਵਿਜੇ ਕੁਮਾਰ ਸਿਨਹਾ, ਸੁਰਿੰਦਰ ਨਾਥ ਪਾਂਡੇ ਆਦਿ ਨਾਲ ਸੰਪਰਕ ਸਥਾਪਤ ਕਰਕੇ ਦਲ ਮੁੜ ਜਥੇਬੰਦ ਕਰ ਲਿਆ।

ਇਥੇ ਹੀ ਇਕ ਹੋਰ ਦਿਲਚਸਪ ਘਟਨਾ ਵਾਪਰੀ ਕਿ ਇਕ ਦਿਨ ਆਜ਼ਾਦ ਕਿਸੇ ਹੋਰ ਨਾਲ ਝਾਂਸੀ ਤੋਂ ਵਾਪਸ ਆ ਰਹੇ ਸਨ। ਰਸਤੇ ਵਿਚ ਕਈ ਸਿਪਾਹੀਆਂ ਨੇ ਉਨ੍ਹਾਂ ਨੂੰ ਰੋਕਿਆ ਅਤੇ ਥਾਣੇ ਚੱਲਣ ਲਈ ਕਿਹਾ। ਸੰਭਵ ਹੈ ਕਿ ਆਜ਼ਾਦ ਦੇ ਹੁਲੀਏ ਅਤੇ ਇਨ੍ਹਾਂ ਦੀ ਗ੍ਰਿਫ਼ਤਾਰੀ ਲਈ ਰੱਖੇ ਵੱਡੇ ਇਨਾਮ ਦੀ ਖ਼ਬਰ ਉਨ੍ਹਾਂ ਨੂੰ ਮਿਲ ਗਈ ਹੋਵੇ। ਸਿਪਾਹੀ ਇਨ੍ਹਾਂ ਨੂੰ ਰੋਕ ਕੇ ਬੋਲੇ-ਕਿਉਂ ਤੂੰ ਆਜ਼ਾਦ ਹੈਂ?" ਇਹ ਬਿਨਾਂ ਬਨਾਉਟੀ ਹਾਸਾ ਹੱਸਦੇ ਹੋਏ ਬੋਲੇ-"ਹੈਂ -ਹੈਂ, ਆਜ਼ਾਦ ਜੋ ਹੈ, ਉਹ ਤਾਂ ਅਸੀਂ ਲੋਕ ਹੁੰਦੇ ਹੀ ਹਾਂ, ਅਸੀਂ ਤਾਂ ਆਜ਼ਾਦ ਹੀ ਹਾਂ, ਸਾਨੂੰ ਕਿਹੜਾ ਬੰਧਨ ਹੈ ਬਾਬਾ?" "ਹਨੂੰਮਾਨ ਜੀ ਦਾ ਭਜਨ ਕਰਦੇ ਹਾਂ ਅਤੇ ਅਨੰਦ ਕਰਦੇ ਹਾਂ।" ਇਸ ਤਰ੍ਹਾਂ ਗੱਲਾਂ ਬਾਤਾਂ 'ਚ ਆਜ਼ਾਦ ਜੀ ਨੇ ਪੁਲਿਸ ਸਿਪਾਹੀਆਂ ਨੂੰ ਬਹੁਤ ਟਾਲਣ ਦੀ ਕੋਸ਼ਿਸ਼ ਕੀਤੀ ਅਤੇ ਹਨੂੰਮਾਨ ਜੀ ਨੂੰ ਚੋਲਾ ਚੜ੍ਹਾਉਣ ਵਿਚ ਹੋ ਰਹੀ ਦੇਰੀ ਬਾਰੇ ਵੀ ਕਿਹਾ, ਪਰ ਪੁਲਸੀਏ ਨਾ ਮੰਨੇ। ਉਹ ਆਜ਼ਾਦ ਹੋਰਾਂ ਨੂੰ ਥਾਣੇ ਲਿਜਾਣ ਲਈ ਬਜ਼ਿਦ ਹੋ ਗਏ। ਆਜ਼ਾਦ ਪਹਿਲਾਂ ਤਾਂ ਬੜੀ ਨਿਮਰਤਾ ਨਾਲ ਉਨ੍ਹਾਂ ਦੇ ਨਾਲ ਹੋ ਤੁਰੇ, ਪਰ ਜਦੋਂ ਵੇਖਿਆ ਕਿ ਪੁਲਸੀਏ ਕਿਸੇ ਤਰ੍ਹਾਂ ਵੀ ਨਹੀਂ ਮੰਨ ਰਹੇ ਤਾਂ ਉਹ ਪਿਛੇ ਮੁੜ ਪਏ ਅਤੇ ਦ੍ਰਿੜਤਾ ਨਾਲ ਬੋਲੇ "ਤੁਹਾਡੇ ਥਾਣੇ ਦੇ ਦਰੋਗੇ ਨਾਲੋਂ ਹਨੂੰਮਾਨ ਜੀ ਵੱਡੇ ਹਨ, ਮੈਂ ਤਾਂ ਹਨੂੰਮਾਨ ਜੀ ਦਾ ਹੁਕਮ ਮੰਨਾਂਗਾ, ਤੁਸੀਂ ਮੰਨੋਂ ਆਪਣੇ ਦਰੋਗੇ ਦਾ।" ਇਨ੍ਹਾਂ ਦੀਆਂ ਬਦਲੀਆਂ ਹੋਈਆਂ ਅੱਖਾਂ ਦੇਖਕੇ ਸਿਪਾਹੀ ਸਹਿਮ ਗਏ ਅਤੇ ਦੇਖਦੇ ਹੀ ਰਹਿ ਗਏ ਜਦੋਂ ਆਜ਼ਾਦ ਹੋਰੀਂ ਪਿਛੇ ਮੁੜਕੇ ਵੇਖੇ ਬਿਨਾਂ ਆਪਣੇ ਹਨੂੰਮਾਨ ਜੀ ਨੂੰ ਚੋਲਾ ਚੜ੍ਹਾਉਣ ਚਲੇ ਗਏ।

ਆਜ਼ਾਦ ਜੀ ਦੀ ਮੌਕਾ ਸੰਭਾਲਣ ਵਿਚ ਮੁਹਾਰਤਾ ਵੀ ਕਮਾਲ ਦੀ ਸੀ। ਇਕ ਵਾਰੀ ਉਹ ਭਾਈ ਸ਼ਦਾਸ਼ਿਵ ਦੇ ਘਰ ਚੁਬਾਰੇ ਵਿਚ ਆਪਣੇ ਸਾਥੀਆਂ ਨੂੰ ਇਕ ਨਵੇਂ ਪਿਸਤੌਲ ਅਤੇ ਉਸ ਨੂੰ ਚਲਾਉਣ, ਭਰਨ ਬਾਰੇ ਦੱਸ ਰਹੇ ਸਨ। ਸਦਾਸ਼ਿਵ ਦਾ ਡੇਢ ਦੋ ਸਾਲ ਦਾ ਭਾਣਜਾ ਵੀ ਉਥੇ ਹੀ ਸੀ। ਵੈਸੇ ਤਾਂ ਸਾਰੇ ਦਰਵਾਜ਼ੇ ਆਦਿ ਬੰਦ ਕਰਕੇ ਕੁੰਡਾ ਲਾ ਦਿੱਤਾ ਸੀ। ਪਰ ਬੱਚੇ ਨੂੰ ਇਹ ਸਮਝਦੇ ਕਿ ਇਹ ਅਜੇ ਕੀ ਜਾਣਦਾ ਹੈ, ਉਸ ਦੇ ਸਾਹਮਣੇ ਹੀ ਪਿਸਤੌਲ ਕੱਢ ਲਿਆ। ਬੱਚਾ ਸਭ ਕੁਝ ਵੇਖਦਾ ਰਿਹਾ। ਇਤਫਾਕ ਇਹ ਹੋਇਆ ਕਿ ਉਸ ਬੱਚੇ ਦਾ ਪਿਤਾ ਜਾਣੀ ਭਾਈ ਸਦਾਸ਼ਿਵ ਦੇ ਜੀਜੇ ਨੇ ਉਥੇ ਆਉਣਾ ਚਾਹਿਆ ਅਤੇ ਕੁੰਡਾ ਖੋਲ੍ਹਣ ਤੋਂ ਪਹਿਲਾਂ ਹੀ ਇਕ ਸਰਾਹਣੇ ਹੇਠ ਪਿਸਤੌਲ ਲੁਕੋ ਦਿੱਤਾ। ਜਿਵੇਂ ਕਿ ਸਦਾਸ਼ਿਵ ਦਾ ਜੀਜਾ ਅੰਦਰ ਆਇਆ ਤਾਂ ਉਹ ਬੱਚਾ ਖੁਸ਼ੀ ਨਾਲ ਉਛਲਕੇ ਤੁਰੰਤ ਬੋਲਿਆ, "ਕਾਕਾ ਦੰਬੂਕ।" ਬਾਕੀ ਸਾਰੇ ਸੁੰਨ ਹੋ ਕੇ ਰਹਿ ਗਏ ਕਿ ਇਹ ਬੱਚਾ ਕੀ ਗਜ਼ਬ ਢਾਹੁਣ ਵਾਲਾ ਹੈ ਪਰ ਆਜ਼ਾਦ ਤੁਰੰਤ ਉਸ ਬੱਚੇ ਨਾਲ ਖੇਡਣ ਦੇ ਅੰਦਾਜ਼ 'ਚ ਉਲਝ ਗਏ "ਹਾਂ ਚਲਾਓ ਬੰਦੂਕ, ਚਲਾਓ" ਅਤੇ ਆਪ ਆਪਣੇ ਖੱਬੇ ਹੱਥ ਦੀ ਮੁੱਠੀ ਨੂੰ ਬੰਦੂਕ ਦੀ ਨਾਲੀ ਦਾ ਆਕਾਰ ਬਣਾ ਕੇ ਅਤੇ ਉਸ ਦੇ ਪਿਛੇ ਅੰਗੂਠੇ ਵਿਚ ਸੱਜੇ ਹੱਥ ਦੀ ਪਹਿਲੀ ਉਂਗਲੀ ਘੁੱਟਕੇ ਅੰਗੂਠੇ ਨਾਲ ਚੁਟਕੀ ਵਜਾਕੇ ਬੜੀ ਜ਼ੋਰ ਨਾਲ ਬੋਲੇ ਧੂ-ਰ-ਰ-

ਰ।" ਫਿਰ ਬੱਚੇ ਨੂੰ ਗੋਦ 'ਚ ਲੈ ਕੇ ਉਸ ਸਰਾਹਣੇ ਉਪਰ ਬੈਠ ਗਏ ਜਿਥੇ ਪਿਸਤੌਲ ਲੁਕੋਇਆ ਸੀ। ਬੱਚਾ ਖੇਡਣ ਲੱਗਾ ਦਿੱਤਾ। ਜੇ ਸਦਾਸ਼ਿਵ ਦਾ ਜੀਜਾ ਇਹ ਵੇਖ ਲੈਂਦਾ ਤਾਂ ਪਤਾ ਨਹੀਂ ਕੀ ਹੰਗਾਮਾ ਖੜ੍ਹਾ ਹੋ ਜਾਂਦਾ।

ਇਸ ਤਰ੍ਹਾਂ ਉਨ੍ਹਾਂ ਨੇ ਦਲ ਦੇ ਖਿੰਡੇ-ਪੁੰਡੇ ਸੂਤਰਾਂ ਨੂੰ ਦੁਬਾਰਾ ਜੋੜ ਕੇ ਕ੍ਰਾਂਤੀਕਾਰੀ ਦਲ ਦੇ ਨੇਤਾ ਦੇ ਰੂਪ 'ਚ ਅਮਰ ਸ਼ਹੀਦ ਭਗਤ ਸਿੰਘ ਨਾਲ ਮਿਲ ਕੇ ਉਸ ਦਲ ਦਾ ਸੰਚਾਲਨ ਕੀਤਾ। ਜਿਸਦੇ ਪ੍ਰਮੁੱਖ ਕੰਮ ਲਾਹੌਰ ਵਿਚ ਲਾਲਾ ਲਾਜਪਤ ਰਾਏ ਤੇ ਲਾਠੀਚਾਰਜ ਕਰਨ ਵਾਲੇ ਏ. ਐਸ. ਪੀ. ਸਾਂਡਰਸ ਦਾ ਕਤਲ, ਦਿੱਲੀ ਅਸੈਂਬਲੀ ਵਿਚ ਬੰਬ ਧਮਾਕਾ ਅਤੇ ਵਾਇਸਰਾਏ ਦੀ ਗੱਡੀ ਹੇਠ ਬੰਬ ਧਮਾਕਾ ਕਰਨਾ ਸਨ। ਹੋਰ ਵੀ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਉਨ੍ਹਾਂ ਦੇ ਜੀਵਨ ਨਾਲ ਜੁੜੀਆਂ ਹੋਈਆਂ ਹਨ ਜਿਨ੍ਹਾਂ ਦਾ ਵੇਰਵਾ ਇਕ ਲੇਖ ਵਿਚ ਦੇਣਾ ਅਸੰਭਵ ਹੈ।

ਇਹੋ ਜਿਹਾ ਸੀ ਸਾਡੇ ਉਸ ਮਹਾਨ ਨਾਇਕ ਦਾ ਚਰਿੱਤਰ, ਪਰ ਉਨ੍ਹਾਂ ਦੇ ਜੀਵਨ ਵਿਚ ਇਸ ਤਰ੍ਹਾਂ ਅਨਪੜ੍ਹ, ਗਲੇ-ਸੜੇ ਸੰਸਕਾਰਾਂ ਨਾਲ ਪੀੜਤ, ਗਰੀਬੀ ਵਿਚ ਪਈ ਹੋਈ ਜਨਤਾ ਦੇ ਕ੍ਰਾਂਤੀ ਮਾਰਗ 'ਤੇ ਵਧਦੇ ਜਾਣ ਦੀ ਇਕ ਸੰਖੇਪ ਉਦਾਹਰਣ ਸਾਨੂੰ ਮਿਲਦੀ ਹੈ। ਆਜ਼ਾਦ ਦਾ ਜਨਮ ਬੇਹੱਦ ਗਰੀਬੀ, ਅਨਪੜ੍ਹਤਾ, ਅੰਧਵਿਸ਼ਵਾਸ ਅਤੇ ਧਾਰਮਿਕ ਕੱਟੜਤਾ ਵਿਚ ਹੋਇਆ ਸੀ ਅਤੇ ਫਿਰ ਉਹ ਕਿਤਾਬਾਂ ਪੜ੍ਹ ਕੇ ਨਹੀਂ, ਰਾਜਨੀਤਕ ਸੰਘਰਸ਼ ਅਤੇ ਜੀਵਨ ਸੰਘਰਸ਼ ਵਿਚ ਆਪਣੇ ਤਿੱਖੇ ਅਨੁਭਵਾਂ ਤੋਂ ਸਿੱਖਦੇ ਹੋਏ ਹੀ ਉਸ ਕ੍ਰਾਂਤੀਕਾਰੀ ਦਲ ਦੇ ਨੇੜੇ ਬਣੇ ਜਿਸ ਨੇ ਆਪਣਾ ਨਾਮ ਰੱਖਿਆ ਸੀ 'ਹਿੰਦੋਸਤਾਨ ਸੋਸਲਿਸਟ ਰਿਪਬਲੀਕਨ ਆਰਮੀ' ਜਿਸ ਦਾ ਨਿਸ਼ਾਨਾ ਸੀ ਭਾਰਤ ਵਿਚ ਧਰਮ ਨਿਰਪੱਖ ਵਰਗ-ਰਹਿਤ ਸਮਾਜਵਾਦੀ ਪ੍ਰਜਾਤੰਤਰ ਦੀ ਸਥਾਪਨਾ। ਇਸੇ ਹਿੰਦੋਸਤਾਨੀ ਪ੍ਰਜਾਤੰਤਰ ਸੈਨਾ ਦੇ ਪ੍ਰਮੁੱਖ ਸੈਨਾਪਤੀ 'ਬਲਰਾਜ' ਦੇ ਰੂਪ ਵਿਚ ਉਹ ਪੁਲਿਸ ਨਾਲ ਯੁੱਧ ਕਰਦੇ ਹੋਏ 27 ਫਰਵਰੀ 1931 ਵਾਲੇ ਦਿਨ ਅਲਾਹਾਬਾਦ ਐਲਫਰੈਡ ਪਾਰਕ ਵਿਚ ਸ਼ਹੀਦ ਹੋ ਗਏ। ਇਕ ਤਰ੍ਹਾਂ 'ਆਜ਼ਾਦ' ਦੀ ਸ਼ਹਾਦਤ ਦੇ ਨਾਲ ਹੀ ਹਥਿਆਰਬੰਦ ਕ੍ਰਾਂਤੀਕਾਰੀ ਦਾ ਰੂਪ ਹੀ ਨਸ਼ਟ ਅਤੇ ਸਮਾਪਤ ਹੋ ਗਿਆ। ਸੰਖੇਪ ਵਿਚ ਇਥੇ ਇਹ ਕਿਹਾ ਜਾ ਸਕਦਾ ਹੈ ਕਿ ਗੁਪਤ ਸਾਜਿਸ਼ਕਾਰੀ ਕ੍ਰਾਂਤੀਕਾਰੀ ਪ੍ਰਵਿਰਤੀ ਆਪਣਾ ਇਤਿਹਾਸਕ ਕਾਰਜ ਪੂਰਾ ਕਰ ਚੁੱਕੀ ਸੀ ਅਤੇ ਉਹ ਸਮਾਜਵਾਦ ਮੁਖੀ ਹੋ ਕੇ ਵਿਸ਼ਾਲ ਜਨਤਾ ਅਤੇ ਲੋਕ ਸੰਘਰਸ਼ਾਂ ਵਲ ਵੇਖਣ ਲੱਗੀ ਸੀ। ਇਸ ਸਦੀ ਦੇ ਚੌਥੇ ਦਹਾਕੇ ਵਿਚ ਦੇਸ਼ ਦੀਆਂ ਸਾਰੀਆਂ ਜੇਲ੍ਹਾਂ ਵਿਚਲੇ ਵੱਡੀ ਗਿਣਤੀ ਵਿਚ ਕੈਦ ਕ੍ਰਾਂਤੀਕਾਰੀਆਂ ਵਿਚੋਂ 90% ਤੋਂ ਵੀ ਵੱਧ ਨੇ ਵਿਅਕਤੀਗਤ ਅਤੇ ਸਮੂਹਿਕ ਰੂਪ ਵਿਚ ਮਾਰਕਸਵਾਦੀ ਸਮਾਜਵਾਦ ਵਿਚ ਆਪਣਾ ਵਿਸ਼ਵਾਸ ਹੋ ਜਾਣ ਦਾ ਐਲਾਨ ਕਰ ਦਿੱਤਾ ਸੀ। ਖੁਸ਼ੀ ਵਾਲੀ ਗੱਲ ਹੈ ਕਿ ਪੰਡਿਤ ਬਨਾਰਸੀ ਦਾਸ ਚਤੁਰਵੇਦੀ (ਉਦੋਂ ਰਾਜ ਸਭਾ ਮੈਂਬਰ) ਕਈ ਸਾਲਾਂ ਤੋਂ ਐਲਫਰੈਡ ਪਾਰਕ ਅਲਾਹਾਬਾਦ ਵਿਚ ਆਜ਼ਾਦ ਦਾ ਇਕ ਸਮਾਰਕ ਬਣਾਏ ਜਾਣ ਦੀ ਅਪੀਲ ਕਰਦੇ ਰਹੇ ਹਨ ਜੋ ਸਫ਼ਲ ਹੋਈ ਹੈ ਅਤੇ ਸ਼ਾਨਦਾਰ ਸਮਾਰਕ ਬਣਾ ਦਿੱਤਾ ਗਿਆ ਹੈ।

ਅਮਰ ਸ਼ਹੀਦ ਕ੍ਰਾਂਤੀਕਾਰੀ ਸੈਨਾਪਤੀ ਚੰਦਰ ਸ਼ੇਖਰ ਆਜ਼ਾਦ ਦਾ ਸਮਾਰਕ ਅਨਪੜ੍ਹ, ਮਾੜੇ ਸੰਸਕਾਰਾਂ ਨਾਲ ਭਰਪੂਰ, ਗਰੀਬੀ ਵਿਚ ਪਈ ਹੋਈ ਜਨਤਾ ਦਾ ਕ੍ਰਾਂਤੀ ਦੇ ਮਾਰਗ 'ਤੇ ਕਦਮ-ਦਰ-ਕਦਮ ਵਧਦੇ ਜਾਣ ਦਾ ਸਮਾਰਕ ਹੈ।

98151-69825

# ਦਲਿਤਾਂ 'ਤੇ ਅੱਤਿਆਚਾਰ ਰੋਕੇਗਾ ਕੋਈ ?

**ਡਾ. ਅਜੀਤਪਾਲ ਸਿੰਘ ਐਮ. ਡੀ.**



ਦਲਿਤਾਂ 'ਤੇ ਅੱਤਿਆਚਾਰ ਦੀਆਂ ਘਟਨਾਵਾਂ 'ਚ ਨਾ ਸਿਰਫ਼ ਬੇਹੱਦ ਤੇਜ਼ੀ ਆਈ ਹੈ ਬਲਕਿ ਘਟਨਾਵਾਂ ਨੂੰ ਅੰਜਾਮ ਵੀ ਬੇਹੱਦ ਬੇਕਿਰਕ ਤਰੀਕੇ ਨਾਲ ਦਿੱਤਾ ਜਾ ਰਿਹਾ ਹੈ, ਇਹ ਸਾਫ਼ ਹੁੰਦਾ ਹੈ ਕਿ ਵਿਕਾਸ ਦੇ ਰਾਹ 'ਤੇ ਸਭ ਨੂੰ ਲੈ ਕੇ ਚਲਣ ਦੇ ਸਾਰੇ ਦਾਅਵੇ ਦੇ ਨਾਲ ਹੀ ਨਾਲ ਉਨ੍ਹਾਂ ਪ੍ਰਤੀ ਨਫ਼ਰਤ ਦਿਨੋ ਦਿਨ ਵਧਦੀ ਜਾ ਰਹੀ ਹੈ। ਜਿਥੇ ਵੀ ਇਹ ਘਟਨਾਵਾਂ ਹੋ ਰਹੀਆਂ ਹਨ, ਚਾਹੇ ਇਹ ਰਾਜਸਥਾਨ 'ਚ ਹੋਣ ਜਾਂ ਮਹਾਂਰਾਸ਼ਟਰ 'ਚ ਜਾਂ ਉਤਰ ਪ੍ਰਦੇਸ਼ ਜਾਂ ਉੜੀਸਾ 'ਚ, ਹਰ ਥਾਂ ਪ੍ਰਸ਼ਾਸ਼ਨ ਦੀ ਭੂਮਿਕਾ ਇਕ ਹੀ ਤਰ੍ਹਾਂ ਦੀ ਹੈ। ਖਾਮੋਸ਼ ਦਰਸ਼ਕ ਜਾਂ ਚੁੱਪ ਸਮਰਥਕ। ਇਹ ਪੀੜਤ ਦੇ ਨਾਲ ਖੜ੍ਹਾ ਨਜ਼ਰ ਨਹੀਂ ਆਉਂਦਾ, ਕੀ ਇਹ ਥੋਥਾ (Spineless) ਹੈ? ਘਟਨਾਵਾਂ ਇਸ ਗੱਲ ਦੀ ਗਵਾਹੀ ਦੇ ਰਹੀਆਂ ਹਨ ਕਿ ਇਹ ਬੇਅਸਰ ਜਾਂ ਬੋਦਾ (backless) ਹੈ ਕਿਉਂਕਿ ਤਕਰੀਬਨ ਹਰ ਮਾਮਲੇ 'ਚ ਹਿੰਸਾ ਕਰਨ ਵਾਲੇ ਸਮੂਹ ਦਾ ਮਕਸਦ ਦਲਿਤਾਂ ਨੂੰ ਸਬਕ ਸਿਖਾਉਣਾ ਰਿਹਾ ਹੈ। ਚਾਹੇ ਉਹ ਰਾਜਸਥਾਨ ਦੇ ਨਾਗੌਰ ਦੇ ਡਾਂਗਾਵਾਸ ਪਿੰਡ ਦੇ ਦਲਿਤਾਂ 'ਤੇ ਟ੍ਰੈਕਟਰ ਚਲਾਉਣ ਦੀ ਬੇਕਿਰਕ ਅੱਤਿਆਚਾਰੀ ਘਟਨਾ ਹੋਵੇ ਜਾਂ ਫਿਰ ਉਤਰ ਪ੍ਰਦੇਸ਼ ਦੇ ਸ਼ਾਹਜਹਾਂਪੁਰ ਦੇ ਹਰੇਵਾ ਪਿੰਡ 'ਚ ਦਲਿਤ ਔਰਤਾਂ ਨੂੰ ਨੰਗੇ ਕਰਕੇ ਘੁਮਾਉਣ ਦੀ ਘਟਨਾ ਹੋਵੇ ਜਾਂ ਫਿਰ ਮਹਾਂਰਾਸ਼ਟਰ ਦੇ ਸਿਰੜੀ 'ਚ ਦਲਿਤ ਨੌਜਵਾਨ ਦੀ ਅੰਬੇਡਕਰ ਦੀ ਰਿੰਗ ਟੋਨ 'ਤੇ ਕੀਤੀ ਗਈ ਬੇਰਹਿਮ ਹੱਤਿਆ ਦਾ ਮਾਮਲਾ ਹੋਏ। ਅਜਿਹੇ ਸਾਰੇ ਮਾਮਲਿਆਂ 'ਚ ਦਲਿਤ ਸਮੂਹ ਦੇ ਖੁਦਮੁਖਤਿਆਰ ਤੇ ਆਤਮ ਨਿਰਭਰ ਹੋਣ, ਪਹਿਲਾਂ ਵਾਂਗੂੰ ਅਖੌਤੀ ਉਚੀਆਂ ਜਾਤੀਆਂ ਦਾ ਦਬ ਦਬਾਅ ਮੰਨਣ ਤੋਂ ਇਨਕਾਰ ਕਰਨ ਨਾਲ ਸਮਾਜ 'ਚ ਪੈਦਾ ਹੋਈ ਖਲਬਲੀ ਨੂੰ ਵੇਖਿਆ-ਸਮਝਿਆ ਜਾ ਸਕਦਾ ਹੈ। ਨਫ਼ਰਤ ਦੀ ਸਿਖਰ ਵੇਖਣ ਨੂੰ ਮਿਲ ਰਹੀ ਹੈ। ਜ਼ਮੀਨ 'ਤੇ ਕਬਜ਼ੇ ਦੀ ਗੱਲ ਨੂੰ ਲੈ ਕੇ ਦਲਿਤ ਔਰਤਾਂ-ਮਰਦਾਂ 'ਤੇ ਟ੍ਰੈਕਟਰ ਭਜਾਏ ਜਾ ਰਹੇ ਹਨ। ਔਰਤਾਂ ਦੇ ਗੁਪਤ ਅੰਗਾਂ 'ਚ ਲੱਕੜਾ ਘਸੋੜੀਆਂ ਜਾ ਰਹੀਆਂ ਹਨ, ਮਰਦਾਂ ਦੇ ਯੋਨ ਅੰਗ ਨੂੰ ਤਹਿਸ-ਨਹਿਸ ਕੀਤਾ ਜਾ ਰਿਹਾ ਹੈ, ਉਥੇ ਅੰਬੇਡਕਰ ਦੀ ਮਹਾਨਤਾ ਦੱਸਣ ਵਾਲੀ ਰਿੰਗਟੋਨ 'ਤੇ ਉਤੇਜਿਤ ਹੋ ਕੇ ਦਲਿਤ ਲੜਕੇ ਨੂੰ ਮੋਟਰ ਸਾਈਕਲ ਪਿਛੇ ਘਸੀਟ ਕੇ ਮਾਰ ਸੁੱਟਣਾ ਦਲਿਤ ਲੜਕੇ ਦਾ ਗੈਰ ਦਲਿਤ ਲੜਕੀ ਨਾਲ ਪਿਆਰ ਕਰਨ ਦੀ ਸਜ਼ਾ ਵਜੋਂ ਲੜਕੇ ਦੇ ਪਰਿਵਾਰ ਦੀਆਂ ਔਰਤਾਂ ਨੂੰ ਨੰਗਿਆਂ ਕਰਕੇ ਪਿੰਡ 'ਚ ਘੁੰਮਾਉਣਾ ਅਤੇ ਦਲਿਤ ਦੂਲੇ (Bridegfoom) ਦਾ ਘੋੜੀ 'ਤੇ ਚੜ੍ਹ ਕੇ ਜਾਣ 'ਤੇ ਹੋ-ਹੱਲਾ ਖੜ੍ਹਾ ਕਰਨਾ, ਦਲਿਤ ਲੜਕੀ ਦੇ ਇਨਕਾਰ ਕਰਨ 'ਤੇ ਉਸ ਨਾਲ ਸਮੂਹਿਕ ਬਲਾਤਕਾਰ ਕਰਨਾ, ਤੇਜ਼ਾਬ ਪਾ ਕੇ ਚਿਹਰਾ ਸਾੜ ਕੇ ਕਰੂਪ ਕਰ ਦੇਣਾ, ਅਜਿਹੀਆਂ ਅਨੇਕਾਂ ਘਟਨਾਵਾਂ ਸਾਡੇ ਇਰਦ-ਗਿਰਦ ਹੋ ਰਹੀਆਂ ਹਨ। ਹਰ ਘਟਨਾ ਸਾਫ਼ ਸਾਫ਼ ਇਹ ਦਰਸਾ ਰਹੀ ਹੈ ਕਿ ਦਲਿਤਾਂ ਅੰਦਰ ਆਏ ਆਤਮ ਸਨਮਾਨ ਤੇ ਹੱਕ ਅਧਿਕਾਰਾਂ ਦਾ ਅਹਿਸਾਸ ਕਰਕੇ ਗੈਰ ਦਲਿਤ ਸਮਾਜ 'ਚ ਅਤੇ ਖਾਸ ਕਰਕੇ ਉਸ ਦੇ ਨੌਜਵਾਨ ਵਰਗ 'ਚ ਬਦਲਾ ਲੈਣ ਦਾ ਜਨੂੰਨ ਸਵਾਰ ਹੋ ਰਿਹਾ ਹੈ। ਰਾਜਸਥਾਨ ਦੇ ਨਗੌਰ ਜ਼ਿਲ੍ਹੇ ਦੇ ਡਾਂਗਾਵਾਸ ਪਿੰਡ 'ਚ 14 ਮਈ ਨੂੰ ਜਿਸ ਤਰ੍ਹਾਂ ਪਿੰਡ ਦੇ ਜਾਟਾਂ ਨੇ ਹਮਲਾ ਕਰਕੇ ਹਿੰਸਾ ਦੀ, ਉਸ ਘਟਨਾ ਦੀ ਤੁਲਨਾ ਮਹਾਂਰਾਸ਼ਟਰ ਦੇ ਖੈਰਲਾਂ ਜੀ ਕਾਂਡ ਨਾ ਹੋ ਰਹੀ ਹੈ। ਇਸ 'ਚ ਖ਼ਬਰ ਲਿਖੇ ਜਾਣ ਤੱਕ ਪੰਜ ਲੋਕਾਂ ਦੀ ਮੌਤ ਹੋ ਚੁੱਕੀ ਹੈ। ਕਈ ਲੋਕ ਜ਼ਖ਼ਮੀ ਹਾਲਤ 'ਚ ਹਸਪਤਾਲ ਦਾਖ਼ਲ ਹਨ, ਜਿਨ੍ਹਾਂ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਹਿੰਸਕ ਵਾਰਦਾਤਾਂ 'ਚ ਤਿੰਨ ਦਲਿਤਾਂ ਦੀ ਮੌਤ ਘਟਨਾ ਵਾਲੀ ਥਾਂ 'ਤੇ ਹੀ ਹੋ ਗਈ ਜਿਨ੍ਹਾਂ 'ਚ ਰਤਨਾਰਾਮ ਮੇਘਵਾਲ ਪੋਕਰਰਾਮ, ਪੰਚ ਰਾਮ ਸ਼ਾਮਲ ਹਨ ਅਤੇ ਰਾਮਪਾਲ ਗੋਸੁਆਮੀ ਦੀ ਮੌਤ ਹੋਈ। ਪਿਛੋਂ ਹਸਤਾਲ 'ਚ ਗਣਪਤ ਰਾਮ ਦੀ ਮੌਤ ਹੋ ਗਈ। ਦਲਿਤਾਂ 'ਚ ਟ੍ਰੈਕਟਰ ਭਜਾਉਣ ਅਤੇ ਦਲਿਤ ਔਰਤਾਂ ਦੇ ਗੁਪਤ ਅੰਗਾਂ 'ਚ ਲੱਕੜੀਆਂ ਪਾਉਣ, ਆਦਿਵਾਸੀਆਂ ਦੀਆਂ ਅੱਖਾਂ ਭੰਨਣ ਆਦਿ ਦੇ ਮਾਮਲੇ ਸਾਹਮਣੇ ਆਏ। ਹਾਲਾਂਕਿ ਖ਼ਬਰ ਲਿਖੇ ਜਾਣ ਤੱਕ ਔਰਤਾਂ ਡੀ ਡਾਕਟਰੀ ਜਾਂਚ ਨਹੀਂ ਕਰਵਾਈ ਗਈ ਸੀ। ਇਸ ਘਟਨਾ ਦੀ ਜਾਂਚ ਲਈ ਟੀਮ ਲੈ ਕੇ ਗਈ ਪੀਪਲਸ ਯੂਨੀਅਨ ਫਾਰ ਸਿਵਲ ਲਿਬਰਟੀਜ਼ ਦੀ ਕਵਿਤਾ ਸ੍ਰੀਵਾਸਤਵ ਨੇ ਦੱਸਿਆ ਕਿ ਡਾਗਾਵਾਸ 'ਚ ਜਿਸ ਤਰ੍ਹਾਂ ਦਲਿਤਾਂ 'ਤੇ ਵਿਉਂਤਬੱਧ ਹਮਲਾ ਕੀਤਾ ਗਿਆ ਅਤੇ ਪੁਲਿਸ ਪ੍ਰਸ਼ਾਸਨ ਨੇ ਇਸ ਨੂੰ ਰੋਕਣ ਲਈ ਕੁਝ ਨਹੀਂ ਕੀਤਾ, ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਨੇ ਕਿਹਾ ਕਿ ਰਾਜਸਥਾਨ ਸਰਕਾਰ, ਉਸ ਦੇ ਸਾਂਸਦ, ਵਿਧਾਇਕ, ਉਸਦੇ ਦਲਿਤ ਨੇਤਾ ਉਥੇ ਨਹੀਂ ਆਏ। ਕਾਂਗਰਸ ਨੇ ਵੀ ਉਸ ਨੂੰ ਵੱਡਾ ਮੁੱਦਾ ਨਹੀਂ ਬਣਾਇਆ। ਅਸੀਂ ਇਸ 'ਤੇ ਖੁੱਲ੍ਹੀ ਚਿੱਠੀ ਲਿਖ ਰਹੇ ਹਾਂ। ਸਾਰੇ ਜਾਂਚ ਦਲਾਂ ਦੀ ਰਿਪੋਰਟ ਮੁਤਾਬਕ ਜਾਟਾਂ ਨੇ ਬਕਾਇਦਾ ਪੰਚਾਇਤ ਕਰਕੇ ਦਲਿਤਾਂ ਨੂੰ ਸਬਕ ਸਿਖਾਉਣ ਦਾ ਫੈਸਲਾ ਕੀਤਾ। ਇਸ ਬਾਰੇ ਮਜ਼ਦੂਰ ਕਿਸਾਨ ਸ਼ਕਤੀ ਸੰਗਠਨ ਦੇ ਭੰਵਰ ਮੇਰਾਵੰਸ਼ੀ ਨੇ ਇਸ ਘਟਨਾ ਬਾਰੇ ਵਿਸਥਾਰ 'ਚ ਦੱਸਿਆ ਕਿ ਡਾਂਗਵਾਸ ਦੇ ਇਕ ਦਲਿਤ ਦੌਲਾਰਾਮ ਮੇਘਵਾਲ ਦੇ ਬੇਟੇ ਬਸਤੀਆਂ ਦੀ 23 ਵਿਘੇ 5 ਵਿਸਬਾ ਜ਼ਮੀਨ 'ਤੇ ਚਿਮਨਾਰਾਮ ਨਾਮਕ ਦਬੰਗ ਜਾਟ ਨੇ 1964 ਤੋਂ ਕਬਜ਼ਾ ਕਰ ਰੱਖਿਆ ਸੀ ਜਿਸ ਨੂੰ ਪਿਛੋਂ ਉਹਨਾਂ ਦੇ ਬੇਟੇ ਰਤਨਾਰਾਮ ਨੇ ਅਦਾਲਤ 'ਚ ਲੰਮੀ ਲੜਾਈ ਲੜ ਕੇ ਵਾਪਸ ਹਾਸਲ ਕਰ ਲਿਆ। ਰਤਨਾਰਾਮ ਮੇਘਵਾਲ ਨੇ ਇਥੇ ਇਕ ਕੱਚਾ ਘਰ ਬਣਾ ਕੇ ਰਹਿਣਾ ਸ਼ੁਰੂ ਕਰ ਦਿੱਤਾ। ਇਹ ਗੱਲ ਇਸ ਜ਼ਮੀਨ 'ਤੇ ਕਬਜ਼ਾ ਕੀਤੇ ਚਿਮਨਾਰਾਮ ਦੇ ਪੁੱਤਾਂ ਓਮ ਰਾਮ ਤੇ ਕਾਨਾਰਾਮ ਜਾਟ ਨੂੰ ਹਜ਼ਮ ਨਹੀਂ ਆਈ। ਬਲਕਿ ਰੜਕਦੀ ਰਹੀ। ਉਨ੍ਹਾਂ ਨੇ ਦੁਬਾਰਾ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੀ ਸ਼ਿਕਾਇਤ ਰਤਨਾ ਰਾਮ ਮੇਘਵਾਲ ਨੇ 21 ਅਪ੍ਰੈਲ ਨੂੰ ਮੇੜਤਾ ਥਾਣੇ ਵਿਚ ਕੀਤੀ, ਪਰ ਹੋਇਆ ਕੱਖ ਨਹੀਂ। ਫਿਰ ਉਨ੍ਹਾਂ ਨੇ ਜਾਨਮਾਲ ਦੀ ਰਾਖੀ ਦੀ ਬੇਨਤੀ 11 ਮਈ ਨੂੰ ਕੀਤੀ। 14 ਮਈ 2015 ਦੀ ਸਵੇਰੇ 9 ਵਜੇ ਦੇ ਡਾਂਗਾਵਾਸ ਦੇ ਜਾਟ ਫਿਰਕੇ ਦੀ ਨਜਾਇਜ਼ ਪੰਚਾਇਤ ਪਿਛੋਂ ਕਰੀਬ 500 ਲੋਕਾਂ ਦੀ ਭੀੜ ਰਤਨਾ ਰਾਮ ਮੇਘਵਾਲ ਦੀ ਜ਼ਮੀਨ 'ਤੇ ਆ ਪਹੁੰਚੀ, ਉਸ ਸਮੇਂ ਜ਼ਮੀਨ 'ਤੇ 16 ਰਿਸ਼ਤੇਦਾਰ-ਮਿੱਤਰ ਹਾਜ਼ਰ ਸਨ। ਭੰਵਰ ਨੇ ਦੱਸਿਆ ਕਿ ਭੀੜ ਹਿੰਸਕ ਹੋ ਗਈ ਅਤੇ ਦਲਿਤਾਂ ਨੂੰ ਟ੍ਰੈਕਟਰ ਨਾਲ ਕੁਚਲਣ ਦੀ ਕੋਸ਼ਿਸ਼ ਹੋਣ ਲੱਗੀ। ਤਿੰਨ ਦਲਿਤਾਂ ਤੇ ਇਕ ਗੈਰ ਦਲਿਤ ਦੀ ਮੌਕੇ 'ਤੇ ਹੀ ਮੌਤ ਹੋ ਗਈ। ਵੱਡੀ ਗਿਣਤੀ 'ਚ ਲੋਕ ਜ਼ਖ਼ਮੀ ਹੋਏ। ਹਿੰਸਾ ਦਾ ਇਹ ਤਾਂਡਵ ਦੋ ਘੰਟੇ ਤਕ ਜਾਰੀ ਰਿਹਾ ਅਤੇ ਤਿੰਨ ਕਿਲੋਮੀਟਰ 'ਤੇ ਹੀ ਸਥਿਤ ਪੁਲਿਸ ਥਾਣੇ ਵਲੋਂ ਕੋਈ ਦਖ਼ਲ-ਅੰਦਾਜ਼ੀ ਨਹੀਂ ਹੋਈ। ਇਸ ਪੂਰੀ ਘਟਨਾ 'ਤੇ ਰਾਜ ਸਰਕਾਰ ਨੇ ਜਬਰਦਸਤ ਉਦਾਸੀਨਤਾ ਵਿਖਾਈ। ਰਾਜਸਥਾਨ 'ਚ 34 ਦਲਿਤ ਵਿਧਾਇਕ ਹਨ ਜਿਨ੍ਹਾਂ 'ਚੋਂ 16 ਮੇਘਵਾਲ ਭਾਈਚਾਰੇ ਤੋਂ ਹਨ। ਇਸ ਘਟਨਾ 'ਤੇ ਸਿਰਫ਼ ਇਕ ਵਿਧਾਇਕ ਬੋਲੀ ਬਾਕੀ ਸਭ ਚੁੱਪ ਰਹੇ। ਅਜਿਹੀ ਹੀ ਉਦਾਸੀਨੀਤਾ ਮਹਾਂਰਾਸ਼ਟਰ ਦੇ ਸਿਰੜੀ 'ਚ ਵਾਪਰੀ ਜਿਥੇ ਇਕ ਦਲਿਤ ਨੌਜਵਾਨ ਦੇ ਬੇਰਹਿਮੀ ਨਾਲ ਮਾਰਕੁਟ ਕਰਕੇ ਹੱਤਿਆ ਕਰ ਦਿੱਤੀ ਗਈ। ਇਸ ਘਟਨਾ ਬਾਰੇ ਜਿਥੇ ਜਾਂਚ ਟੀਮ ਦੇ ਨਾਲ ਗਏ ਦਲਿਤ ਆਦਿਵਾਸੀ ਅਧਿਕਾਰ ਅੰਦੋਲਨ ਦੇ ਆਰਗੇਨਾਈਜ਼ਰ ਪ੍ਰਿਆਦਰਸ਼ੀ ਨੇ ਦੱਸਿਆ ਕਿ ਨਾਸਿਕ 'ਚ ਨਰਸਿੰਗ ਦੀ ਪੜ੍ਹਾਈ ਕਰਕੇ ਦਲਿਤ ਸਾਗਰ ਸ਼ੇਜਵਾਲੇ ਇਕ ਸ਼ਾਦੀ 'ਚ ਸਿਰੜੀ ਆਇਆ ਸੀ। ਉਹ ਆਪਣੇ ਸਾਥੀਆਂ ਨਾਲ ਬਾਰ 'ਚ ਬੈਠਾ ਸੀ ਜਿਥੇ ਕੁਝ ਦਿਨ ਹੀ ਪਹਿਲਾਂ ਜੇਲ੍ਹ 'ਚੋਂ ਜ਼ਮਾਨਤ 'ਤੇ ਛੁੱਟੇ ਵਿਸ਼ਾਲ ਕੋਟੇ 'ਤੇ ਉਸ ਦੇ ਸੱਤ ਸਾਥੀਆਂ ਲਾਲ ਝਗੜਾ ਹੋ ਗਿਆ। ਝਮੇਲੇ ਦਾ ਕਾਰਨ ਬਣੀ ਸਾਗਰ ਦੀ ਰਿੰਗਟੋਨ ਜਿਸ 'ਤੇ ਅੰਬੇਡਕਰ 'ਤੇ ਇਹ ਗਾਣਾ ਲੱਗਿਆ ਹੋਇਆ ਸੀ। 'ਤੁਮ ਚਾਹੇ ਕਰੋ ਜਿਤਨਾ ਹੱਲਾ, ਮਜ਼ਬੂਰ ਹੋਗਾ ਭੀਮ ਦਾ ਕਿਲਾ' ਇਸ ਰਿੰਗਟੋਨ ਕਾਰਨ ਝਗੜਾ ਵਧ ਗਿਆ ਤੇ ਉਨ੍ਹਾਂ ਨੇ ਸਾਗਰ 'ਤੇ ਬੀਅਰ ਦੀ ਬੋਤਲ ਨਾਲ ਹੱਲਾ ਬੋਲ ਦਿੱਤਾ। ਇਹ ਸਭ ਸੀ.ਸੀ.ਟੀ. ਵੀ ਫੁਟੇਜ਼ 'ਤੇ ਆ ਗਿਆ ਜਿਸ ਆਧਾਰ 'ਤੇ ਪੁਲਿਸ ਨੇ ਗ੍ਰਿਫ਼ਤਾਰੀ ਕੀਤੀ ਪਰ ਮਾਮਲਾ ਰੁਕਿਆ ਨਹੀਂ। ਇਹ ਨੌਜਵਾਨ ਸਾਗਰ ਨੂੰ ਮੋਟਰਸਾਈਕਲ 'ਤੇ ਸੁਟ ਕੇ 10 ਕਿਲੋਮੀਟਰ ਦੂਰ ਲੈ ਗਏ ਤੇ ਪਿਛੋਂ ਨੰਗੀ ਹਾਲਤ 'ਚ ਲਾਸ਼ ਹੀ ਮਿਲੀ। ਪੋਸਟਮਾਰਟਮ ਰਿਪੋਰਟ ਮੁਤਾਬਕ ਲਾਸ਼ ਉਪਰ 25 ਜ਼ਖ਼ਮ ਸੱਟਾਂ ਦੇ ਸਨ। ਲਾਸ਼ ਦੀ ਹਾਲਤ ਵੇਖ ਕੇ ਪੁਲਿਸ ਦਾ ਮੰਨਣਾ ਹੈ ਕਿ ਸਾਗਰ ਦੇ ਸਰੀਰ 'ਤੇ ਲਗਾਤਾਰ ਬਾਈਕ ਚਲਾਈ ਗਈ ਹੋਵੇਗੀ। ਸਾਰੇ ਹਮਲਾਵਰ ਸਥਾਨਕ ਸ਼ਕਤੀਸ਼ਾਲੀ ਮਰਾਠਾ ਤੇ ਓਬੀਸੀ ਫਿਰਕੇ ਦੇ ਸਨ। ਸਾਗਰ ਦੇ ਦੁਖੀ ਪਿਤਾ ਕਹਿੰਦੇ ਹਨ, "ਕਿੰਨੀ ਬੇਰਹਿਮੀ ਨਾਲ ਹਮਲੇ ਕੀਤੇ ਗਏ ਹੋਣਗੇ। ਲੜਾਈ ਕਿਸੇ ਵਕਤ ਹੋ ਸਕਦੀ ਹੈ ਪਰ ਅਜਿਹੀ ਬੇਰਹਿਮੀ। ਉਹ ਇਸ ਛੋਟੀ ਜਿਹੀ ਗੱਲ 'ਤੇ ਇਸ ਹੱਦ ਤੱਕ ਕਿਉਂ ਗਏ?' ਇਹ ਸਵਾਲ ਦੇਸ਼ ਭਰ 'ਚ ਖੜ੍ਹਾ ਹੈ। ਉਤਰ ਪ੍ਰਦੇਸ਼ ਦੇ ਸ਼ਾਹਜਹਾਂਪੁਰ 'ਚ ਹਰੇਬਾ ਪਿੰਡ 'ਚ ਇਕ ਦਲਿਤ ਲੜਕੇ ਕਸ਼ਅਪ ਫਿਰਕੇ ਦੀ ਲੜਕੀ ਨਾਲ ਪਿਆਰ ਕੀਤਾ ਅਤੇ ਦੋਨੋਂ ਘਰ ਛੱਡ ਕੇ ਚਲੇ ਗਏ। ਇਸ ਦਾ ਖ਼ੌਫ਼ਨਾਕ ਖਮਿਆਜਾ ਲੜਕੇ ਦੇ ਪਰਿਵਾਰ ਦੀਆਂ ਔਰਤਾਂ, ਨੂੰ ਭੁਗਤਣਾ ਪਿਆ ਅਤੇ ਇਕੱਲੀਆਂ ਔਰਤਾਂ ਵੇਖ ਉਨ੍ਹਾਂ ਨੂੰ ਨੰਗਿਆਂ ਕਰਕੇ ਸਾਰੇ ਪਿੰਡ 'ਚ ਘੁਮਾਇਆ। ਇਸ ਤਰ੍ਹਾਂ ਜਿਵੇਂ ਔਰਤਾਂ ਦਾ ਅਪਮਾਨ ਕੀਤਾ ਗਿਆ, ਇਹ ਜਾਗੀਰੂ ਸੋਚ ਦਾ ਪ੍ਰਤੀਕ ਹੈ। ਇਨ੍ਹਾਂ ਸਾਰੀਆਂ ਘਟਨਾਵਾਂ 'ਤੇ ਅਨੁਸੂਚਿਤ ਜਾਤੀ ਕਮਿਸ਼ਨ ਦੀ ਪੀ.ਐਲ. ਪੂਨੀਆ ਮੁਤਾਬਕ ਚਾਹੇ ਉਹ ਮੱਧ ਪ੍ਰਦੇਸ਼ 'ਚ ਦਲਿਤ ਦੂਹਲੇ ਦਾ ਘੋੜੀ ਚੜ੍ਹਨ ਦਾ ਮਾਮਲਾ ਹੋਵੇ ਜਾਂ ਅੰਬੇਡਕਰ ਦੀ ਰਿੰਗਟੋਨ ਸੁਣਨ ਜਾਂ ਜ਼ਮੀਨ 'ਤੇ ਹੱਕ ਜਤਾਉਣ ਦਾ ਮਾਮਲਾ ਹੋਵੇ, ਇਸ ਦੀ ਵੱਖ-ਵੱਖ ਜਾਤੀਆਂ 'ਚ ਤਿੱਖੀ ਪ੍ਰਤੀਕ੍ਰਿਆ ਹੋ ਰਹੀ ਹੈ, ਨਵੀਂ ਸਰਕਾਰ ਦੀ ਹਕੂਮਤ 'ਚ ਦਲਿਤਾਂ 'ਤੇ ਹਮਲੇ ਤੇਜ਼ ਹੋਏ ਹਨ ਕਿਉਂਕਿ ਉਚ ਜਾਤੀਆਂ ਨੂੰ ਭਾਜਪਾ ਦੀ ਰਾਜਸੀ ਸ਼ਹਿ ਹਾਸਲ ਹੈ।

98156-29301

# ਸਾਵਧਾਨ ! ਐਮਰਜੈਂਸੀ ਦੇ ਕਾਲੇ ਦਿਨਾਂ ਦਾ ਖ਼ਤਰਾ ਫਿਰ ਸਿਰ ਚੁੱਕ ਰਿਹਾ !



25 ਜੂਨ 1975 ਦਾ ਦਿਨ ਸਾਡੇ ਦੇਸ਼ ਦੇ ਇਤਿਹਾਸ ਵਿਚ ਖ਼ਾਸ ਤੌਰ 'ਤੇ ਜ਼ਾਲਮ ਦੌਰ ਦੇ ਪ੍ਰਤੀਕ ਵਜੋਂ ਅੰਕਿਤ ਹੈ। ਇਸ ਦਿਨ ਆਰਥਕ ਤੇ ਸਿਆਸੀ ਸੰਕਟ ਵਿਚ ਘਿਰੀ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਸੰਵਿਧਾਨਕ ਢਾਂਚੇ ਨੂੰ ਆਪਣੇ ਤਾਨਾਸ਼ਾਹ ਪੈਰਾਂ ਹੇਠ ਤਹਿਸ਼-ਨਹਿਸ਼ ਕਰਕੇ ਦੇਸ਼ ਉਪਰ ਐਮਰਜੈਂਸੀ ਲਾਗੂ ਕਰ ਦਿੱਤੀ ਗਈ ਸੀ। ਸੰਵਿਧਾਨਕ ਅਮਲ ਦੀ ਥਾਂ ਆਰਡੀਨੈਂਸ ਰਾਜ ਨੇ ਲੈ ਲਈ ਸੀ। ਸਾਰੇ ਸੰਵਿਧਾਨਕ ਤੇ ਜਮਹੂਰੀ ਅਧਿਕਾਰ ਮੁਅੱਤਲ ਕਰ ਦਿੱਤੇ ਗਏ ਸਨ, ਪ੍ਰੈੱਸ ਉਪਰ ਸੈਂਸਰਸ਼ਿਪ ਥੋਪ ਦਿੱਤੀ ਗਈ ਸੀ। ਇਸ ਦੌਰ ਦੀ ਖ਼ਾਸੀਅਤ ਇਹ ਸੀ ਕਿ ਜਿਥੇ ਸੰਘਰਸ਼ਸ਼ੀਲ ਲੋਕਾਂ ਤੇ ਇਨਕਲਾਬੀ ਤਾਕਤਾਂ ਨੂੰ ਵਿਆਪਕ ਪੱਧਰ 'ਤੇ ਸਰਕਾਰੀ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ, ਉਥੇ ਹਾਕਮ ਜਮਾਤਾਂ ਦੇ ਅੰਦਰੂਨੀ ਵਿਰੋਧ ਨੂੰ ਵੀ ਸੰਵਿਧਾਨ ਤੋਂ ਬਾਹਰ ਜਾਕੇ ਕਾਬੂ ਕਰਨ ਲਈ ਜਬਰ ਢਾਹਿਆ ਗਿਆ। ਵਿਰੋਧੀ-ਧਿਰ ਦੇ ਆਗੂਆਂ ਨੂੰ ਵੀ ਥੋਕ ਪੱਧਰ 'ਤੇ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ ਸੀ। ਹਾਸਲ ਅੰਕੜਿਆਂ ਅਨੁਸਾਰ ਇਕ ਲੱਖ ਤੋਂ ਵੱਧ ਲੋਕਾਂ ਨੂੰ ਜੇਲ੍ਹਾਂ ਵਿਚ ਡੱਕਿਆ ਗਿਆ। ਇਹ ਕਾਲਾ ਦੌਰ 21 ਮਾਰਚ 1977 ਤਕ ਜਾਰੀ ਰਿਹਾ। ਇਕ ਤਾਨਾਸ਼ਾਹ ਗੁੱਟ ਦੀਆਂ ਇਸ ਸਮੇਂ ਦੀਆਂ ਮਨਮਾਨੀਆਂ ਅਤੇ ਸਰਕਾਰੀ ਜ਼ੁਲਮ ਅੱਜ ਵੀ ਨਾਗਰਿਕਾਂ ਦੇ ਚੇਤਿਆਂ ਵਿਚ ਤਾਜ਼ਾ ਹਨ।

ਐਮਰਜੈਂਸੀ ਇਕ ਵਰਤਾਰੇ ਦਾ ਨਾਂ ਹੈ ਇਹ ਕਿਸੇ ਖ਼ਾਸ ਵਿਅਕਤੀ ਦੇ ਦਿਮਾਗ ਦੀ ਕਾਢ ਨਹੀਂ ਹੁੰਦੀ। ਇਹ ਵਿਚਾਰ ਜਮਹੂਰੀ ਅਧਿਕਾਰ ਸਭਾ ਨੇ 1978 ਵਿਚ ਰੱਖੇ ਸਨ। 1975 ਵਿਚ ਆਰਥਿਕ ਸੰਕਟ ਇਹ ਸੀ ਕਿ ਦੇਸ਼ ਦਾ ਵੱਡਾ ਹਿੱਸਾ ਅਕਾਲ ਦੀ ਲਪੇਟ ਵਿਚ ਸੀ ਤੇ ਸਰਕਾਰ ਲੋਕਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਨ ਤੋਂ ਨਾਕਾਮ ਸੀ। ਗੁਜਰਾਤ, ਬਿਹਾਰ ਵਿਚ ਤਾਂ ਲੋਕ ਸਰਕਾਰ ਦੇ ਵਿਰੁੱਧ ਸੜਕਾਂ ਉਪਰ ਆ ਨਿੱਕਲੇ ਸਨ। 1971 ਦੀ ਜੰਗ ਦਾ ਜਜ਼ਬਾਤੀ ਸਰੂਰ ਉਤਰ ਚੁੱਕਾ ਸੀ। 1974 ਦੇ ਐਟਮ ਬੰਬ ਧਮਾਕੇ ਦਾ ਰਾਸ਼ਟਰੀ ਜਨੂੰਨ ਵੀ ਲੋਕਾਂ ਨੂੰ ਭਰਮਾਉਣ 'ਚ ਨਾਕਾਮਯਾਬ ਰਿਹਾ ਸੀ। ਇਹੋ ਜਿਹੇ ਸਮੇਂ ਹਕੂਮਤ ਨੇ ਨਾਗਰਿਕਾਂ ਨੂੰ ਕੁਚਲਣ ਨੂੰ ਸਿਆਸੀ ਸੰਕਟ ਨੂੰ ਕਾਰਗਰ ਬਹਾਨਾ ਬਹਾਨਾ ਬਣਾਕੇ ਵਰਤਿਆ। ਇਸ ਵਰਤਾਰੇ ਦੇ ਮੂਲ ਲੱਛਣ ਸਮਝਣ ਦੀ ਜ਼ਰੂਰਤ ਹੈ। ਜਿਸ ਵਿਚ ਸਭ ਤੋਂ ਅਹਿਮ ਹੈ, ਇਕ ਵਿਅਕਤੀ ਅਤੇ ਉਸਦੇ ਦੁਆਲੇ ਜੁੜੀ ਚੌਕੜੀ ਵਿਚ ਤਾਕਤ ਦਾ ਕੇਂਦਰੀਕਰਨ। ਫ਼ੈਸਲੇ ਲੈਣ ਦੇ ਜਮਹੂਰੀ ਅਮਲ ਨੂੰ ਤਿਲਾਂਜਲੀ। ਇਹ 1975 ਵਿਚ ਹੁੰਦਾ ਦੇਖਿਆ ਤੇ ਹੁਣ ਮੋਦੀ ਤੇ ਪੀ ਐੱਮ ਓ ਦਫ਼ਤਰ ਨੂੰ ਦੇਖਿਆ ਜਾ ਸਕਦਾ ਹੈ।

1990ਵਿਆਂ ਵਿਚ ਨਵਉਦਾਰੀਵਾਦ ਦੀ ਨਵੀਂ ਆਰਥਕ ਨੀਤੀ ਰਾਹੀਂ ਲੋਕਾਂ ਵਿਚ ਆਰਥਕ ਸੰਕਟ ਦੇ ਹੱਲ ਦਾ ਸੰਘ ਪਾੜਵਾਂ ਪ੍ਰਚਾਰ ਕੀਤਾ ਗਿਆ। ਪਰ ਇਸ ਦਾ ਭਰਮ ਯਥਾਰਥ ਨੇ ਬਹੁਤ ਛੇਤੀ ਦੂਰ ਕਰ ਦਿੱਤਾ। ਔਕਸਫੋਰਡ ਯੂਨੀਵਰਸਿਟੀ ਦੀ ਕੰਗਾਲੀ ਦੀ ਰੀਪੋਰਟ ਜੋ 2006 ਦੇ ਅੰਕੜਿਆਂ 'ਤੇ ਅਧਾਰਿਤ ਹੈ, ਮੁਤਾਬਕ 37 ਕਰੋੜ ਲੋਕ ਕੰਗਾਲ ਹਨ ਜੋ ਪੌਸ਼ਟਿਕਤਾ ਦੀ ਘਾਟ ਨਾਲ ਮਰ ਰਹੇ ਹਨ। ਇਸੇ ਸਮੇਂ "ਜੀ.ਡੀ.ਪੀ." ਦੇ ਅੰਕੜੇਨਾਲ ਤਰੱਕੀ ਦਾ ਭਰਮ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਜੋ ਅਸਲ ਵਿਚ ਕੁਦਰਤੀ ਸਰੋਤਾਂ ਦੀ ਲੁੱਟ ਨਾਲ ਜੁੜਿਆ ਸੀ, ਜਿਸ ਲੁੱਟ ਦਾ ਆਦਿਵਾਸੀ ਲੋਕਾਂ ਨੇ ਬਹੁਤ ਬਹਾਦਰੀ ਨਾਲ ਮੁਕਾਬਲਾ ਕੀਤਾ। ਜਿਸ ਕਰਕੇ ਅਪਰੇਸ਼ਨ ਗਰੀਨ ਹੰਟ ਦੇ ਨਾਂ ਹੇਠ ਸਿੱਧੀ ਫ਼ੌਜੀ ਕਾਰਵਾਈ ਨੂੰ ਵੀ ਮੂੰਹ ਦੀ ਖਾਣੀ ਪਈ। ਮੀਸਾ ਤੇ ਹੋਰ ਕਾਲੇ ਕਾਨੂੰਨ ਵੀ ਲੋਕਾਂ ਦੀ ਜਮਹੂਰੀ ਆਵਾਜ਼ ਨੂੰ ਕੁਚਲ ਨਾ ਸਕੇ । 1975 ਵੇਲੇ ਰਾਜ ਕਰਦੀਆਂ ਜਮਾਤਾਂ ਵਿਚ ਅੰਦਰੂਨੀ ਖਿੱਚੋਤਾਣ ਸੀ। ਇਸ ਦੇ ਉਲਟ ਅੱਜ ਕਾਰਪੋਰੇਟ ਦੇ ਹਿੱਤ ਤੇ ਨਿੱਜੀ ਹਿੱਤ ਵਿਚ ਅਤੇ ਲੋਕਾਂ ਦੇ ਖ਼ਿਲਾਫ਼ ਸਮੁੱਚੀ ਹੁਕਮਰਾਨ ਜਮਾਤ ਦਰਮਿਆਨ ਸਮਝੌਤਾ ਚੱਲ ਰਿਹਾ ਹੈ। ਸੀਨੀਅਰ ਭਾਜਪਾ ਆਗੂ ਐੱਲ.ਕੇ.ਅਡਵਾਨੀ, ਜੋ ਇਸ ਪਾਰਟੀ ਦੇ "ਮਾਰਗਦਰਸ਼ਕ ਮੰਡਲ" ਦੇ ਮੈਂਬਰ ਵੀ ਹਨ, ਵਲੋਂ ਐਮਰਜੈਂਸੀ ਬਾਰੇ ਕੀਤੀ ਤਾਜ਼ਾ ਭਵਿੱਖਬਾਣੀ ਦਾ ਭਾਵ ਇਹ ਨਹੀਂ ਕਿ ਸ੍ਰੀ ਅਡਵਾਨੀ ਐਮਰਜੈਂਸੀ ਦੇ ਖ਼ਿਲਾਫ਼ ਹੈ। ਉਸ ਦੇ ਕਥਨ ਨੂੰ ਦੇਸ਼ ਦੇ ਇਨ੍ਹਾਂ ਬਣ ਚੁੱਕੇ ਹਾਲਾਤ ਨਾਲ ਜੋੜਕੇ ਦੇਖਣਾ ਚਾਹੀਦਾ ਹੈ।

ਅੱਜ 40 ਸਾਲ ਬਾਅਦ ਇਕ ਵਾਰ ਫਿਰ ਸੱਤਾਧਾਰੀ ਧਿਰ ਦੀਆਂ ਤਾਨਾਸ਼ਾਹ ਨੀਤੀਆਂ ਕਾਰਨ ਦੇਸ਼ ਦੇ ਹਾਲਾਤ ਉਸੇ ਤਰ੍ਹਾਂ ਦੇ ਬਣਦੇ ਜਾ ਰਹੇ ਹਨ ਜਿਸ ਤਰ੍ਹਾਂ ਦੇ ਸਭ ਤੋਂ ਕਾਲੇ ਦੌਰ ਦੇ ਜ਼ੁਲਮਾਂ ਦਾ ਸੰਤਾਪ ਸਾਡੇ ਨਾਗਰਿਕਾਂ ਨੂੰ ਉਸ ਸਮੇਂ ਸਹਿਣਾ ਪਿਆ ਸੀ। ਉਦੋਂ ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਬੁਰੀ ਤਰ੍ਹਾਂ ਨਾਕਾਰਾ ਕਰ ਦਿੱਤੀਆਂ ਗਈਆਂ ਸਨ ਅਤੇ ਸੱਤਾ ਦੀ ਸਮੁੱਚੀ ਤਾਕਤ ਇਕ ਆਪਾਸ਼ਾਹ ਗੁੱਟ ਵਲੋਂ ਹਥਿਆ ਲਏ ਜਾਣ ਨਾਲ ਰਾਜਸੀ ਨਿਜ਼ਾਮ ਇਕ ਖੁੱਲ੍ਹੀ ਤਾਨਾਸ਼ਾਹੀ 'ਚ ਬਦਲ ਗਿਆ ਸੀ। ਇਸੇ ਤਰ੍ਹਾਂ ਦੇ ਹਾਲਾਤ ਅੱਜ ਹਨ। ਅੱਜ ਜਿਨ੍ਹਾਂ ਤਾਕਤਾਂ ਦੇ ਹੱਥ ਵਿਚ ਦੇਸ਼ ਦੀ ਸੱਤਾ ਦੀ ਵਾਗਡੋਰ ਹੈ ਉਨ੍ਹਾਂ ਦੇ ਰਾਜਸੀ ਵਤੀਰੇ ਵਿੱਚੋਂ ਐਮਰਜੈਂਸੀ ਦੀਆਂ ਅਲਾਮਤਾਂ ਡੁੱਲ੍ਹ-ਡੁੱਲ੍ਹ ਪੈ ਰਹੀਆਂ ਹਨ। ਇਸ ਹਿੰਦੂਤਵੀ ਜਮਾਤ ਦਾ ਤਾਂ ਧੁਰ ਅੰਦਰੋਂ ਯਕੀਨ ਹੀ ਧਾਰਮਿਕ ਵੰਡੀਆਂ ਪਾਕੇ ਅਤੇ ਦੂਸਰਿਆਂ ਦੇ ਵਿਚਾਰ ਤੇ ਸੱਭਿਆਚਾਰ ਨੂੰ ਕੁਚਲਕੇ ਤਾਨਾਸ਼ਾਹੀ ਖੜ੍ਹੀ ਕਰਨ ਵਿਚ ਹੈ।

ਇੰਟੈਲੀਜੈਂਸਬਿਊਰੋ ਦਾ ਸਾਬਕਾ ਮੁਖੀਅਜੀਤਡੋਵਾਲ, ਜੋਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਨੂੰ "ਦੇਸ਼ ਵਿਰੋਧੀ ਤਾਕਤਾਂ ਦੇ ਕਾਜ ਦੀ ਹਮਾਇਤ ਕਰਨ ਵਾਲੀਆਂ ਫਰੰਟ ਜਥੇਬੰਦੀਆਂ" ਦੱਸਦਾ ਹੈ; ਜਿਸ ਲਈ ਆਰ.ਐੱਸ.ਐੱਸ. ਵਲੋਂ ਪ੍ਰਚਾਰਿਆ ਜਾਂਦਾ "ਸਭਿਆਚਾਰਕਸ਼ਨਾਖਤ" ਦਾ ਸੰਕਲਪ ਕੌਮੀ ਸੁਰੱਖਿਆ ਦੀ ਗੁਲੀ ਹੈ; ਜਿਸਨੇ ਕਸ਼ਮੀਰ ਵਿਚ ਬਦਨਾਮ ਸਰਕਾਰੀ ਕਾਲੀ ਬਿੱਲੀ ਕੂਕਾ ਪੈਰੇ ਅਤੇ ਉਸ ਦੀ ਜਥੇਬੰਦੀ "ਇਖਵਾਨੇ ਮੁਸਲਮੀਨ" ਰਾਹੀਂ ਪੰਜਾਬ ਦੀ ਆਲਮਸੈਨਾ' ਵਾਂਗ, ਅਨੇਕਾਂ ਕਸ਼ਮੀਰੀਆਂ ਦੇ ਕਤਲ ਕਰਵਾਏ ਸਨ; ਜੋ ਜੰਮੂ ਕਸ਼ਮੀਰ ਅਤੇ ਉੱਤਰ ਪੂਰਬੀ ਖਿੱਤੇ ਦੇ ਲੋਕਾਂ ਦੇ ਸੰਘਰਸ਼ਾਂ ਵਿਚ ਘੁਸਪੈਠ ਕਰਕੇ ਉਹਨਾਂ ਨੂੰ ਬਦਨਾਮ ਕਰਨ ਅਤੇ ਰਾਹੋਂ ਭਟਕਾਉਣ 'ਚ ਮਾਹਰ ਗਿਣਿਆ ਜਾਂਦਾ ਹੈ ਨੂੰ ਮੋਦੀ ਸਰਕਾਰ ਦਾ ਸੁਰੱਖਿਆ ਸਲਾਹਕਾਰ ਨਿਯੁਕਤ ਕਰਨਾ ਸਾਰੀਆਂ ਜਮਹੂਰੀ ਸ਼ਕਤੀਆਂ ਲਈ ਖ਼ਤਰੇ ਦਾ ਸੰਕੇਤ ਹੈ। ਰੱਖਿਆ ਮੰਤਰੀ ਮਨੋਹਰ ਪਾਰੀਕਰ ਵਲੋਂ "ਦਹਿਸ਼ਤਗਰਦਾਂ ਵਿਰੁੱਧ ਦਹਿਸ਼ਤਗਰਦ"ਦੀ ਨੀਤੀ ਦਾ ਖੁੱਲ੍ਹਾ ਐਲਾਨ ਇਸ ਗੱਲ ਦਾ ਸੰਕੇਤ ਹੈ ਕਿ ਸਲਵਾ ਜੁਡਮ, ਤਰ੍ਹਾਂ-ਤਰ੍ਹਾਂ ਦੇ ਕਾਲੀਆਂ ਬਿੱਲੀਆਂ ਗਰੋਹ, ਨਿੱਜੀ ਸੈਨਾਵਾਂ, ਫਿਰਕੂ ਫਾਸ਼ੀ ਕਾਤਲੀ ਗਰੋਹ, ਕੂਕਾ ਪੈਰੇ, ਪੂਹਲਾ ਨਿਹੰਗ ਆਦਿ ਸੰਘਰਸ਼ਸ਼ੀਲ ਲੋਕਾਂ 'ਤੇ ਝਪਟਣ ਲਈ ਸਜਾਏ ਸ਼ਿੰਗਾਰੇ ਜਾ ਰਹੇ ਹਨ। ਦੂਜੇ ਪਾਸੇ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਣ ਲਈ ਨਵੇਂ ਜਾਬਰ ਕਾਨੂੰਨ ਘੜੇ ਜਾ ਰਹੇ ਹਨ, ਪੁਰਾਣਿਆਂ ਨੂੰ ਵੱਧ ਕਾਰਗਰ ਬਣਾਇਆ ਜਾ ਰਿਹਾ ਹੈ, ਉਨ੍ਹਾਂ ਦੀ ਸਖ਼ਤੀ ਨਾਲ ਬੇਦਰੇਗ ਵਰਤੋਂ ਕੀਤੀ ਜਾ ਰਹੀ ਹੈ। ਅੱਧੇ ਤੋਂ ਵੱਧ ਭਾਰਤਵਿਚ ਅਫਸਪਾ ਲਾਗੂ ਹੈ। ਅਤਿ ਜਬਰ ਨੂੰ ਹੋਰ ਵਧ ਮਜ਼ਬੂਤ ਕਰਨ ਲਈ ਛੱਤੀਸਗੜ੍ਹ ਅਤੇ ਮਹਾਰਾਸ਼ਟਰ ਦੀਆਂ ਸਰਕਾਰਾਂ ਨੇ ਸਥਾਨਕ ਕਾਨੂੰਨ ਬਣਾਏ ਹਨ, ਗੁਜਰਾਤ, ਕਰਨਾਟਕ ਅਤੇ ਪੰਜਾਬ ਅਜੇਹੇ ਕਨੂੰਨ ਬਣਾਉਣ ਦੀਆਂ ਤਿਆਰੀਆਂ ਕਰ ਰਹੇ ਹਨ। ਪੰਜਾਬ 'ਚ ਧਰਨੇ-ਮੁਜ਼ਾਹਰਿਆਂ 'ਤੇ ਪਾਬੰਦੀ ਲਾਈ ਹੋਈ ਹੈ, ਆਪਣੀਆਂ ਹੱਕੀ ਮੰਗਾਂ ਲਈ ਅਤੇ ਸਰਕਾਰ ਦੀਆਂ ਲੋਕ ਦੋਖੀ ਕਾਰਵਾਈਆਂ ਵਿਰੁੱਧ ਰੋਸ ਪ੍ਰਦਰਸ਼ਨ ਕਰਨ ਵਾਲਿਆਂ ਤੇ ਇਰਾਦਾ ਕਤਲ(307), ਪੁਲਸ ਦੇ ਕੰਮ 'ਚ ਵਿਘਨ ਪਾਉਣ (186,353) ਅਤੇ ਅਮਨ-ਕਾਨੂੰਨ ਭੰਗ ਕਰਨ (107/151)ਦੇ ਦੋਸ਼ ਮੜ ਦਿੱਤੇ ਜਾਂਦੇ ਹਨ ਦਫ਼ਾ 144 ਲਾ ਕੇ ਲੋਕਾਂ ਦੇ ਇੱਕਠੇ ਹੋਣ ਤੇ ਪਾਬੰਦੀ ਸਾਲਾਂ ਤੋਂ ਲਗਾਤਾਰ ਜਾਰੀ ਹੈ।

ਆਪਣੇ ਆਪ ਨੂੰ ਐਮਰਜੈਂਸੀ ਦੇ ਪੀੜਤ ਵਜੋਂ ਪੇਸ਼ ਕਰਨ ਵਾਲੇ ਸ਼ਿਰੋਮਣੀ ਅਕਾਲੀ ਦਲ ਬਦਲ ਦੇ ਆਗੂ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੀ ਅਕਾਲੀ-ਭਾਜਪਾ ਸਰਕਾਰ ਨੇ ਸੰਘਰਸ਼ਸ਼ੀਲ ਲੋਕਾਂ ਨੂੰ ਲੁੱਟਣ ਤੇ ਕੁੱਟਣ, ਉਹਨਾਂ ਦੀ ਜ਼ੁਬਾਨਬੰਦੀ ਕਰਨ, ਜੇਹਲੀਂ ਡੱਕਣ ਅਤੇ ਇਸ ਤਰਾਂ ਉਹਨਾਂ ਦੇ ਜਮਹੂਰੀ ਹੱਕਾਂ ਦਾ ਘਾਣ ਕਰਨ 'ਚ ਹੁਣ ਤੱਕ ਦੀਆਂ ਸਾਰੀਆਂ ਸਰਕਾਰਾਂ ਨੂੰ ਮਾਤ ਪਾ ਦਿੱਤਾ ਹੈ। ਲੇਖਕਾਂ ਅਤੇ ਸਭਿਆਚਾਰਕ ਕਾਮਿਆਂ ਦੀਆਂ ਆਵਾਜ਼ਾਂ ਬੰਦ ਕੀਤੀਆਂ ਹਨ, ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਅਨਪੜ ਜਥੇਦਾਰਾਂ ਅਤੇ ਭਾਜਪਾਈ ਆਗੂਆਂ ਦੇ ਇਸ਼ਾਰਿਆਂ ਤੇ, ਪੁਲਸੀ ਬੂਟਾਂ ਥੱਲੇ ਰੌਂਦ ਦਿੱਤੀ ਹੈ, ਇਤਿਹਾਸ ਅਤੇ ਸਭਿਆਚਾਰ ਨੂੰ ਨੀਲੀ, ਪੀਲੀ ਅਤੇ ਭਗਵੀਂ ਰੰਗਤ ਚਾੜੀ ਜਾ ਰਹੀ ਹੈ। ਲੋਕ-ਦੋਖੀ ਹਾਕਮਾਂ ਦੇ ਸ਼ਿੰਗਾਰੇ ਜਥੇਦਾਰ, ਧਰਮ ਗੁਰੂ, ਸੰਤਾਂ ਅਤੇ ਮਹੰਤਾਂ ਨੇ ਆਪੂੰ ਹੀ ਕਿਤਾਬਾਂ, ਫਿਲਮਾਂ, ਨਾਟਕਾਂ ਅਤੇ ਕਲਾ ਕਿਰਤਾਂ ਨੂੰ ਸੈਂਸਰ ਕਰਨ ਦੀਜ਼ੁੰਮੇਦਾਰੀ ਸੰਭਾਲ ਲਈ ਹੈ। ਇਸ ਤਰਾਂ ਗਰੀਬ ਅਤੇ ਸੰਘਰਸ਼ਸ਼ੀਲ ਲੋਕਾਂ ਅਤੇ ਉਹਨਾਂ ਪੱਖੀ ਬੁੱਧੀਜੀਵੀਆਂ, ਤਰਕਸ਼ੀਲਾਂ, ਕਲਾਕਾਰਾਂ, ਗੀਤਕਾਰਾਂ, ਨਾਟਕਕਾਰਾਂ ਅਤੇ ਫਿਲਮਸਾਜ਼ਾਂ ਤੇ ਅਣ-ਐਲਾਨੀ ਐਮਰਜੈਂਸੀ ਮੜੀ ਹੋਈ ਹੈ। ਅੱਜ ਦੀ ਅਣ-ਐਲਾਨੀ ਐਮਰਜੈਂਸੀ ਕਦੇ ਵੀ ਐਲਾਨੀਆ ਤਾਨਾਸ਼ਾਹੀ ਬਣਕੇ ਸਾਹਮਣੇ ਆ ਸਕਦੀ ਹੈ।

ਇਕ ਸਾਲ ਪਹਿਲਾਂ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਜਪਾ ਦੀ ਬੇਮਿਸਾਲ ਬਹੁਮੱਤ ਵਾਲੀ ਸਰਕਾਰ ਬਣ ਗਈ। ਇਸ ਨਾਲ ਸਮੁੱਚੀ ਆਰਥਿਕਤਾ ਨੂੰ ਕਾਰਪੋਰੇਟ ਘਰਾਣਿਆਂ ਸਮੇਤ ਵੱਡੀ ਸਰਮਾਏਦਾਰੀ ਦੇ ਹਿੱਤ ਵਿਚ ਪਹਿਲੀ ਸਰਕਾਰ ਨਾਲੋਂ ਵੀ ਬੇਤਹਾਸ਼ਾ ਰੂਪ 'ਚ ਝੋਕ ਦੇਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਨਾਲ ਹੀ ਸੰਘ ਪਰਿਵਾਰ ਦਾ ਹਿੰਦੂਤਵੀ ਰਾਸ਼ਟਰਵਾਦ ਤੇ ਭਗਵੇਂ ਅੱਤਵਾਦ ਦਾ ਏਜੰਡਾ ਥੋਪਣ ਲਈ ਸਰਕਾਰੀ ਸੰਸਥਾਵਾਂ ਅਤੇ ਅਹੁਦਿਆਂ ਵਿਚ ਬੰਦੇ ਯੋਗਤਾ ਦੇ ਅਧਾਰ 'ਤੇ ਨਹੀਂ ਸਗੋਂ ਕੱਟੜ ਵਿਚਾਰਾਂ ਦੇ ਧਾਰਨੀ ਹੋਣ ਦੇ ਅਧਾਰ 'ਤੇ ਥੋਕ ਵਿਚ ਭਰਤੀ ਕੀਤੇ ਜਾ ਰਹੇ ਹਨ ਤੇ ਅਦਾਰਿਆਂ ਦੀ ਦੁਰਵਰਤੋਂ ਸ਼ੁਰੂ ਹੋ ਗਈ। 1975 'ਚ ਐਮਰਜੈਂਸੀ ਲਗਾਏ ਜਾਣ ਸਮੇ ਜਿਵੇਂ 'ਇੰਦਰਾ ਇੰਡੀਆ ਹੈ - ਇੰਡੀਆ ਇੰਦਰਾ ਹੈ' ਦੀ ਦੁਰਗਾ-ਪੂਜਾ ਦਾ ਘਿਣਾਉਣਾ ਪ੍ਰਚਾਰ ਜ਼ੋਰਾਂ 'ਤੇ ਸੀ, ਅੱਜ 'ਮੋਦੀ ਹੀ ਇੰਡੀਆ ਹੈ, ਇੰਡੀਆ ਮੋਦੀ ਹੈ' ਦੀ ਰਾਖ਼ਸ਼-ਪੂਜਾ ਦਾ ਜਾਦੂ ਸੱਤਾਧਾਰੀ ਧਿਰ ਦੇ ਸਿਰ ਚੜ੍ਹ ਬੋਲ ਰਿਹਾ ਹੈ। ਸੱਤਾਧਾਰੀ ਧਿਰ ਨੇ ਜੁਡੀਸ਼ਰੀ ਦੀਆਂ ਨਿਯੁਕਤੀਆਂ ਦਾ ਅਧਿਕਾਰ ਹਥਿਆਣ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ ਹੋਇਆ ਹੈ। ਇਸ ਨਾਲ ਮਜ਼ਲੂਮਾਂ ਨੂੰ ਨਿਆਂ ਪ੍ਰਣਾਲੀ ਤੋਂ ਨਿਆਂ ਦੀ ਆਖ਼ਰੀ ਉਮੀਦ ਵੀ ਦਮ ਤੋੜ ਰਹੀ ਹੈ। ਇਸ ਸੱਤਾਧਾਰੀ ਧਿਰ ਦਾ ਜਮਹੂਰੀਅਤ ਵਿਚ ਯਕੀਨ ਨਹੀਂ ਹੈ ਇਹ ਇਨ੍ਹਾਂ ਦੇ ਪਿਛਲੇ ਕਿਰਦਾਰ ਨੇ ਸਾਫ਼ ਕਰ ਹੀ ਦਿੱਤਾ ਹੈ। ਸੰਵਿਧਾਨਕ ਸੰਸਥਾਵਾਂ ਦਾ ਰੋਜ਼ਮਰਾ ਅਮਲ ਇਸ ਕਦਰ ਦਰਕਿਨਾਰ ਕੀਤਾ ਜਾ ਰਿਹਾ ਹੈ ਕਿ ਇਕ ਕਾਰਪੋਰੇਟਾਂ ਦੀ ਬਣਾਈ ਅਮਰੀਕਨ ਨੀਤੀ ਤੇ ਪਰਚਾਰ ਕੰਪਨੀ - ਐਪਕੋ ਵਰਡਲ ਵਾਈਡ - ਮੋਦੀ ਦੇ ਇਲੈਕਸ਼ਨ ਤੋਂ ਲੈ ਕੈ ਹੁਣ ਤਕ ਦੀਆਂ ਨੀਤੀਆਂ ਤੈਅ ਕਰ ਰਹੀ ਹੈ। ਇਹੀ ਕਾਰਣ ਹੈ ਕਿ ਕਾਰਪੋਰੇਟਾਂ ਦੇ ਹਿੱਤ ਵਿਚ ਸ਼ਰੇਆਮ ਫ਼ੈਸਲੇ ਲਏ ਜਾ ਰਹੇ ਹਨ ਤੇ ਜਨਤਾ ਨੂੰ ਹੱਕਾਂ ਤੋਂ ਬੇਦਖਲ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਦੇ ਵਿਦੇਸ਼ ਦੌਰੇ ਹੀ ਨੀਤੀਆਂ ਤੈਅ ਕਰਨ ਦਾ ਅਮਲ ਬਣੇ ਹੋਏ ਹਨ। ਸਿੱਖਿਆ, ਸਿਹਤ ਅਤੇ ਰੋਟੀ-ਰੋਜੀ ਦੇ ਬੁਨਿਆਦੀ ਅਧਿਕਾਰ ਲਗਭਗ ਖੋਹ ਲਏ ਗਏ ਹਨ। ਸਿੱਖਿਆ, ਸੱਭਿਆਚਾਰ ਅਤੇ ਇਤਿਹਾਸ ਲੇਖਣੀ ਦੇ ਖੇਤਰਾਂ ਦੇ ਜਾਨਦਾਰ ਜਮਹੂਰੀ, ਅਗਾਂਹਵਧੂ ਅਤੇ ਧਰਮ-ਨਿਰਪੱਖ ਅੰਸ਼ਾਂ ਦਾ ਬੀਜ-ਨਾਸ਼ ਕਰਨ ਲਈ ਨਿੱਤ ਨਵੇਂ ਤੋਂ ਨਵੇਂ ਹਮਲੇ ਸਾਹਮਣੇ ਆ ਰਹੇ ਹਨ ਅਤੇ ਇਨ੍ਹਾਂ ਨੂੰ ਭਗਵੇਂ ਰੰਗ 'ਚ ਰੰਗਕੇ ਇਥੇ ਹਿੰਦੂਤਵੀ ਧੌਂਸ ਲਾਗੂ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਇਕ ਤਬਕੇ ਨੂੰ ਜਜ਼ਬਾਤੀ ਕਰਨ ਲਈ ਅਜੀਬੋ-ਗਰੀਬ ਫ਼ੈਸਲੇ ਲਏ ਜਾ ਰਹੇ ਹਨ ਪਰ ਜਨਤਾ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਹਕੂਮਤ ਪੂਰੀ ਤਰ੍ਹਾਂ ਫੇਲ ਹੈ।

ਅੱਜ ਜਿਵੇਂ ਮੋਦੀ ਵਜ਼ਾਰਤ ਵਲੋਂ ਭੜਕਾਊ ਬਿਆਨ ਦਾਗ਼ਕੇ ਜੰਗਬਾਜ਼ੀ ਦਾ ਜਨੂੰਨ ਭੜਕਾਇਆ ਜਾ ਰਿਹਾ ਹੈ ਉਹ ਇੰਦਰਾ ਗਾਂਧੀ ਦੀ ਸਰਕਾਰ ਦੇ 1971 ਦੀ ਬੰਗਲਾਦੇਸ਼ ਜੰਗ ਸਮੇਂ ਦੇ ਹਮਲਾਵਰ ਜੰਗਬਾਜ਼ ਤੇਵਰਾਂ ਦੀ ਯਾਦ ਤਾਜ਼ਾ ਕਰਵਾ ਰਿਹਾ ਹੈ। ਜੰਗੀ ਜਨੂੰਨ ਹੁਕਮਰਾਨ ਜਮਾਤ ਦੇ ਹੱਥ ਵਿਚ ਦੇਸ਼ ਦੇ ਬੁਨਿਆਦੀ ਮਹੱਤਵ ਵਾਲੇ ਆਰਥਕ ਸਵਾਲਾਂ, ਖ਼ਾਸ ਕਰਕੇ ਆਮ ਲੋਕਾਈ ਦੀਆਂ ਮੰਗਾਂ ਤੇ ਮਸਲਿਆਂ ਦੀ ਆਵਾਜ਼ ਨੂੰ ਰਾਸ਼ਟਰਵਾਦੀ ਜਨੂੰਨ ਦੇ ਕੰਨ-ਪਾੜਵੇਂ ਸ਼ੋਰ ਵਿਚ ਡੁਬੋਕੇ ਇਸ ਬਾਰੇ ਚੁੱਪ ਵੱਟ ਲੈਣ ਦਾ ਅਜ਼ਮਾਇਆ ਹਥਿਆਰ ਹੈ। ਇਸ ਤਰ੍ਹਾਂ ਦਾ ਮਾਹੌਲ ਪੈਦਾ ਕਰਕੇ ਫ਼ੌਜੀ ਸਾਜ਼ੋ-ਸਮਾਨ ਦੀ ਖ਼ਪਤ ਵਧਾਉਣਾ ਇਸ ਹਕੂਮਤ ਦਾ ਇਕ ਸੋਚਿਆ-ਸਮਝਿਆ ਏਜੰਡਾ ਜਾਪਦਾ ਹੈ ਜੋ ਸੱਤਾਧਾਰੀ ਧਿਰ ਦੇ ਸੌੜੇ ਸਿਆਸੀ ਮੁਫ਼ਾਦਾਂ ਦੀ ਪੂਰਤੀ ਦੇ ਨਾਲ ਨਾਲ ਅੰਤਮ ਤੌਰ 'ਤੇ ਦੁਨੀਆ ਦੇ ਮਿਲਟਰੀ-ਇੰਡਸਟ੍ਰੀਅਲ ਢਾਂਚੇ ਦੀ ਮੰਡੀ ਦੀ ਖੜੋਤ ਤੋੜਕੇ ਉਨ੍ਹਾਂ ਦੇ ਮੁਨਾਫ਼ੇ ਯਕੀਨੀ ਬਣਾਉਣ ਦਾ ਸਾਧਨ ਹੋ ਨਿੱਬੜੇਗਾ। ਹੁਣੇ ਜਹੇ ਰੱਖਿਆ ਮੰਤਰੀ ਪਰੀਕਰ ਦੇ ਬਿਆਨ ਪਿੱਛੇ ਇਹੀ ਤਰਕ ਕੰਮ ਕਰਦਾ ਸੀ ਜਦੋਂ ਉਸਨੇ ਕਿਹਾ ਸਾਡੀਆਂ ਫ਼ੌਜਾਂ ਲੜਨ ਲਈ ਤਿਆਰ ਨਹੀਂ ਕਿਉਂ ਕਿ ਬੜੇ ਚਿਰ ਤੋਂ ਜੰਗ ਲੜੀ ਨਹੀਂ ਗਈ।

ਸੱਤਾਧਾਰੀ ਧਿਰ ਉਪਰ ਕਾਰਪੋਰੇਟ ਹਿੱਤ ਐਨੇ ਹਾਵੀ ਹਨ ਕਿ ਹਰ ਸੰਭਵ ਢੰਗ ਵਰਤਕੇ ਉਨ੍ਹਾਂ ਨੂੰ ਵੱਡੇ-ਵੱਡੇ ਲਾਭ ਦਿੱਤੇ ਜਾ ਰਹੇ ਹਨ। ਲੋਕਾਂ ਦੇ ਜ਼ਬਰਦਸਤ ਵਿਰੋਧ ਦੇ ਬਾਵਜੂਦ ਜ਼ਮੀਨ ਗ੍ਰਹਿਣ ਕਾਨੂੰਨ ਵਿਚ ਸੋਧਾਂ ਦਾ ਆਰਡੀਨੈਂਸ ਵਾਰ-ਵਾਰ ਜਾਰੀ ਕਰਨ ਦੇ ਸਿਰਤੋੜ ਯਤਨ ਇਸ ਦੀ ਵੱਡੀ ਮਿਸਾਲ ਹਨ। ਸਾਫ਼ ਤੌਰ 'ਤੇ ਆਰਡੀਨੈਂਸ ਰਾਜ ਦਾ ਇਕੋਇਕ ਮਨੋਰਥ ਨਿਗੂਣੇ ਆਰਥਕ ਵਸੀਲਿਆਂ ਵਾਲੇ ਲੋਕਾਂ ਤੋਂ ਜ਼ਮੀਨਾਂ ਖੋਹਕੇ ਕੌਡੀਆਂ ਦੇ ਭਾਅ ਕਾਰਪੋਰੇਟ ਸਰਮਾਏਦਾਰੀ

ਦੇ ਹਵਾਲੇ ਕਰਨਾ ਹੈ। ਕਾਰਪੋਰੇਟ ਸਰਮਾਏਦਾਰਾਂ ਤੋਂ ਖਰਬਾਂ ਰੁਪਏ ਦੇ ਟੈਕਸ ਨਾ ਵਸੂਲਕੇ ਉਲਟਾ ਟੈਕਸ ਮਹਿਕਮੇ ਨੂੰ 78 ਲੱਖ ਕਰੋੜ ਰੁਪਏ ਆਮ ਜਨਤਾ ਤੋਂ ਇਕੱਠੇ ਕਰਨ ਲਈ ਕਿਹਾ ਜਾ ਰਿਹਾ ਹੈ। ਵੱਡੀ ਸਰਮਾਏਦਾਰੀ ਵਲੋਂ ਬੈਂਕਾਂ ਨਾਲ ਅਰਬਾਂ ਰੁਪਏ ਦੇ ਘਪਲੇ ਕਿਸੇ ਗਿਣਤੀ 'ਚ ਹੀ ਨਹੀਂ ਜਦੋਂ ਕਿ ਰਾਜ-ਮਸ਼ੀਨਰੀ ਆਮ ਲੋਕਾਂ ਤੋਂ ਕਰਜ਼ਾ ਵਸੂਲਣ ਲਈ ਉਨ੍ਹਾਂ ਦਾ ਗਲਾ ਘੁੱਟਣ ਤੋਂ ਵੀ ਗੁਰੇਜ਼ ਨਹੀਂ ਕਰ ਰਹੀ।

ਹਕੂਮਤ ਲੋਕਾਂ ਦੀ ਹੱਕ-ਜਤਾਈ ਤੋਂ ਐਨੀ ਭੈਭੀਤ ਹੈ ਮਜ਼ਦੂਰਾਂ ਨੂੰ ਮਨੁੱਖੀ ਹੱਕਾਂ ਜਿਵੇਂ ਕਿ ਰੁਜ਼ਗਾਰ ਦਾ ਹੱਕ, ਯੂਨੀਅਨ ਬਣਾਉਣ ਦੇ ਹੱਕ, ਚੰਗੇ ਜੀਵਨ ਗੁਜ਼ਾਰੇ ਲਈ ਢੁਕਵੀਂ ਤਨਖਾਹ ਵਰਗੇ ਹੱਕਾਂ ਤੋਂ ਵਾਂਝੇ ਕੀਤਾ ਜਾ ਰਿਹਾ ਹੈ। ਮਜ਼ਦੂਰ ਜਮਾਤ ਵਲੋਂ ਲੰਮੇ ਜਾਨ-ਹੂਲਵੇਂ ਸੰਘਰਸ਼ਾਂ ਰਾਹੀਂ ਹਾਸਲ ਕੀਤੀ ਕਿਰਤ ਕਾਨੂੰਨ ਦੀ ਸੁਰੱਖਿਆ ਨੂੰ ਖ਼ਤਮ ਕਰਨ ਲਈ ਪਹਿਲਾਂ ਸੂਬਿਆਂ ਨੂੰ ਪ੍ਰਯੋਗਸ਼ਾਲਾ ਬਣਾਇਆ ਗਿਆ। ਹੁਣ ਇਸ ਨੂੰ ਦੇਸ਼ ਪੱਧਰ 'ਤੇ ਅਮਲ ਵਿਚ ਲਿਆਕੇ ਸਰਮਾਏਦਾਰੀ ਦੀਆਂ ਮਨਮਾਨੀਆਂ ਨੂੰ ਕਾਨੂੰਨੀ ਰੂਪ ਦੇਣਾ ਇਸ ਹਕੂਮਤ ਦੇ ਤਰਜੀਹੀ ਕੰਮਾਂ ਵਿੱਚੋਂ ਇਕ ਹੈ। ਤਾਂ ਜੋ ਸਰਮਾਏਦਾਰੀ ਕਿਰਤੀਆਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਅਤੇ ਜਵਾਬਦੇਹੀ ਤੋਂ ਮੁਕਤ ਹੋ ਜਾਵੇ।

ਇਹ ਹਕੂਮਤ ਆਪਣੇ ਕਾਰਪੋਰੇਟ ਵਿਕਾਸ ਦੇ ਏਜੰਡੇ ਦੀ ਆਲੋਚਨਾ ਪ੍ਰਤੀ ਐਨੀ ਅਸਹਿਣਸ਼ੀਲ ਹੈ ਕਿ ਜਿਸ ਐੱਨ.ਜੀ.ਓ. ਸਭਿਆਚਾਰ ਨੂੰ ਹੁਕਮਰਾਨ ਜਮਾਤ ਨੇ ਲੋਕਾਂ ਦੀ ਜਮਹੂਰੀ ਸੰਘਰਸ਼ਾਂ ਦੀ ਧਾਰ ਨੂੰ ਖੁੰਢਾ ਕਰਨ ਲਈ ਤੇ ਲੋਕਾਂ ਦੀਆਂ ਮੂਲ ਜ਼ਰੂਰਤਾਂ ਦੀ ਪੂਰਤੀ ਦੀ ਬੁਨਿਆਦੀ ਰਾਜਕੀ ਜ਼ਿੰਮੇਵਾਰੀ ਤੋਂ ਭੱਜਣ ਲਈ ਖ਼ੁਦ ਪ੍ਰਫੁੱਲਤ ਕੀਤਾ ਸੀ ਹੁਣ ਇਹ ਕਿਸੇ ਐੱਨ.ਜੀ.ਓ. ਵਲੋਂ ਕਾਰਪੋਰੇਟ ਲੁੱਟ ਦੇ ਘਪਲੇ ਦੇ ਪਰਦਾਫਾਸ਼ ਨੂੰ ਸਹਿਣ ਲਈ ਵੀ ਤਿਆਰ ਨਹੀਂ। ਜਿਸ ਦੀ ਮਿਸਾਲ ਗਰੀਨਪੀਸ ਦੀ ਕਾਰਕੁਨ ਨੂੰ ਇੰਗਲੈਂਡ ਵਿਚ ਕਾਰਪੋਰੇਟ ਦੇ ਘਰ ਜਾ ਕੇ ਉਨ੍ਹਾਂ ਦੀ ਲੁੱਟ ਨੂੰ ਨੰਗਾ ਕਰਨ ਤੋਂ ਸਿੱਧੀ ਧੱਕੇਸ਼ਾਹੀ ਵਰਤਕੇ ਰੋਕਣਾ ਹੈ। ਡਾਂ ਬਿਨਾਇਕ ਸੇਨ, 90ਫ਼ੀਸਦੀ ਅਪਾਹਜ ਪ੍ਰੋਫੈਸਰ ਸਾਈਬਾਬਾ ਵਰਗੀਆਂ ਜਮਹੂਰੀ ਸ਼ਖ਼ਸੀਅਤਾਂ ਨੂੰ ਸਾਲਾਂ ਬੱਧੀ ਜੇਲ੍ਹ ਵਿਚ ਸਾੜਨਾ ਐਮਰਜੈਂਸੀ ਦੇ ਅਸਾਰ ਹੀ ਹਨ।

ਪਿਛਲੇ ਸਾਲਾਂ ਵਿਚ ਗੁੜਗਾਓਂ-ਮਾਨੇਸਰ ਵਿਚ ਸਰਮਾਏਦਾਰੀ ਵਲੋਂ ਗੁੰਡਾ ਤਾਕਤ ਰਾਹੀਂ ਮਜ਼ਦੂਰਾਂ ਨੂੰ ਦਬਾਕੇ ਰੱਖਣ ਅਤੇ ਫਿਰ ਉਨ੍ਹਾਂ ਦੇ ਜ਼ੁਅਰਤਮੰਦ ਵਿਰੋਧ ਨੂੰ ਵਿਆਪਕ ਪੱਧਰ 'ਤੇ ਪੁਲਿਸ ਤਾਕਤ ਵਰਤਕੇ ਕੁਚਲਿਆ ਗਿਆ। ਹੁਣੇ ਜਿਹੇ ਮੰਡੀ ਹਿਮਾਚਲ ਵਿਚ ਜਦੋਂ ਮਜ਼ਦੂਰ ਆਪਣੀ ਪਿਛਲੇ ਦੋ ਮਹੀਨਿਆਂ ਦੀ ਤਨਖ਼ਾਹ ਦਾ 25 ਕਰੋੜ ਰੁਪਏ ਬਕਾਇਆ ਮੰਗ ਰਹੇ ਸਨ ਤਾਂ ਠੇਕੇਦਾਰ ਨੇ ਹਥਿਆਰਾਂ ਨਾਲ ਲੈਸ ਗੁੰਡਿਆਂ ਤੋਂ ਉਨਾਂ ਤੇ ਗੋਲੀ ਚਲਵਾ ਦਿਤੀ ਜਿਸ ਨਾਲ 5 ਮਜ਼ਦੂਰ ਜ਼ਖ਼ਮੀ ਹੋ ਗਏ। ਰੋਹ 'ਚ ਆ ਕੇ ਮਜ਼ਦੂਰਾਂ ਦੇ ਹਜੂਮ ਨੇ ਆਪਣੇ ਬਚਾਓ ਲਈ ਗੁੰਡਿਆਂ ਨੂੰ ਪਛਾੜਿਆ ਤਾਂ ਦੋ ਗੁੰਡੇ ਪਹਾੜ ਤੋਂ ਡਿਗਕੇ ਸੱਟਾਂ ਦੀ ਤਾਬ ਨਾ ਸਹਿੰਦੇ ਮਰ ਗਏ ਤੇ ਦੋ ਹਜੂਮ ਨੇ ਮਾਰ ਦਿੱਤੇ। ਇਹ ਘਟਨਾ ਕੁਝ ਗਲਾਂ ਸਪਸ਼ਟ ਕਰਦੀ ਹੈ। ਇਕ ਇਹ ਕਿ ਇਸ ਅਖਾਉਤੀ ਵਿਕਾਸ ਦਾ ਲਾਭ ਠੇਕੇਦਾਰ ਨੂੰ ਹੀ ਹੁੰਦਾ ਹੈ ਪਰ ਨਾਲ ਅਫ਼ਸਰਸ਼ਾਹੀ ਤੇ ਰਾਜਨੀਤਕ ਆਗੂ ਵੀ ਲਾਭ ਉਠਾਉਂਦੇ ਹਨ। ਇਹ ਹੈ "ਕਰੋਨੀ ਪੂੰਜੀਵਾਦ"। ਮਜ਼ਦੂਰਾਂ ਦੀ ਹੱਕਾਂ ਤੋਂ ਬੇਦਖਲੀ ਅਤੇ ਮਜ਼ਦੂਰਾਂ ਨੂੰ ਸਰਮਾਏਦਾਰੀ ਦੀ ਲੁੱਟ ਤੋਂ ਪੂਰੀ ਤਰ੍ਹਾਂ ਅਸੁਰੱਖਿਅਤ ਬਣਾ ਦੇਣ ਦੀ ਨੀਤੀ ਹੀ ਇਸ ਗੁੰਡਾ ਰਾਜ ਨੂੰ ਜਨਮ ਦੇ ਰਹੀ ਹੈ। ਕਿਉਂਕਿ ਗੁੰਡੇ ਪੰਜਾਬ ਤੋਂ ਲਿਜਾਏ ਗਏ ਸਨ ਇਸ ਦੀ ਪੂਰੀ ਜਾਣਕਾਰੀ ਲੋਕਾਂ ਤੱਕ ਨਾ ਪਹੁੰਚਣ ਦੀ ਸੂਰਤ ਵਿਚ ਇਹ ਫ਼ਿਰਕੂ ਨਫ਼ਰਤ ਪੈਦਾ ਕਰਨ ਦਾ ਸਾਧਨ ਬਣ ਸਕਦੀ ਹੈ।

ਆਜ਼ਾਦਾਨਾ ਖ਼ਬਰ ਲਈ ਨਿਡਰ ਤੇ ਆਜ਼ਾਦ ਵਿਚਾਰਾਂ ਵਾਲੇ ਪੱਤਰਕਾਰ ਜਮਹੂਰੀਅਤ ਲਈ ਅਤੇ ਸ਼ਾਂਤ ਮਾਹੌਲ ਲਈ ਅਤਿ ਜ਼ਰੂਰੀ ਹਨ। ਪਰ ਪਿਛਲੇ ਦਿਨਾਂ ਵਿਚ ਆਜ਼ਾਦ ਵਿਚਾਰਾਂ ਦੇ ਵਿਅਕਤੀਆਂ 'ਤੇ ਜਾਨ ਲੇਵਾ ਹਮਲੇ ਹੋਏ ਹਨ, ਯੂ ਪੀ ਵਿਚ ਇਕ ਪੱਤਰਕਾਰ ਨੂੰ ਪੁਲੀਸ ਨੇ ਮੰਤਰੀ ਦੀ ਸ਼ਹਿ ਤੇ ਜਿਉਂਦਾ ਸਾੜ ਦਿਤਾ, ਇਕ ਨੂੰ ਗੋਲੀ ਮਾਰਕੇ ਮਾਰਨ ਦੀ ਕੋਸ਼ਿਸ਼ ਕੀਤੀ, ਮੱਧ ਪਰਦੇਸ਼ ਵਿਚ ਇਕ ਪੱਤਕਾਰ ਨੂੰ ਅਗਵਾ ਕਰਕੇ ਜਲਾਕੇ ਮਾਰ ਦਿਤਾ ਗਿਆ। ਪੰਜਾਬ ਵਿਚ ਹੁਣੇ ਜਹੇ ਦੋ ਪੱਤਰਕਾਰਾਂ ਨੂੰ ਅਗਵਾ ਕੀਤਾ ਗਿਆ। ਹਰ ਜਗ੍ਹਾ ਹੀ ਪੱਤਰਕਾਰਾਂ ਤੇ ਆਜ਼ਾਦ ਖ਼ਿਆਲਾਂ ਦੇ ਲੋਕਾਂ 'ਤੇ ਹਮਲੇ ਹੋ ਰਹੇ ਹਨ।

ਪੁਲੀਸ ਬਿਨਾ ਵਰਦੀ ਹਥਿਆਰ ਲੈਕੇ ਦਨਦਨਾਉਂਦੀ ਫਿਰਦੀ ਹੈ। ਉਹ ਕਿਸੇ ਨੂੰ ਵੀ ਮਾਰ ਸਕਦੀ ਹੈ ਜਿਵੇਂ ਕਿ ਅੰਮ੍ਰਿਤਸਰ ਵਿਚ ਦਿਨ ਦਿਹਾੜੇ ਹੋਇਆ ਹੈ। ਇਕ ਤਰ੍ਹਾਂ ਨਾਲ ਠੰਡੀ ਐਮਰਜੈਂਸੀ ਤਾਂ ਲੱਗੀ ਹੀ ਹੋਈ ਹੈ।

ਪਰ ਅਖਾਉਤੀ ਵਿਕਾਸ ਮਾਡਲ ਵਲੋਂ ਸਿਰਜੇ ਇਹ ਦਿਨੋ-ਦਿਨ ਨਿੱਘਰ ਰਹੇ ਆਰਥਕ ਹਾਲਾਤ ਹਨ ਜਿਨ੍ਹਾਂ ਵਿਚ ਆਮ ਲੋਕਾਈ ਲਈ ਆਰਥਕ ਰਾਹਤ ਕੋਈ ਨਹੀਂ ਸਗੋਂ ਨਿੱਤ ਨਵੇਂ ਬੋਝ ਪਾਕੇ ਉਨ੍ਹਾਂ ਦੀ ਜ਼ਿੰਦਗੀ ਜੀਉਣ ਵਿਚ ਹੋਰ ਮੁਸ਼ਕਲਾਂ ਹੀ ਪੈਦਾ ਹੋਣਗੀਆਂ ਕਿਉਂਕਿ ਮੁਨਾਫ਼ਾ ਤਾਂ ਹੀ ਕਮਾਇਆ ਜਾ ਸਕਦਾ ਹੈ। ਇਹ ਇਸ ਖੁੱਲ੍ਹੀ ਮੰਡੀ ਦੇ ਆਰਥਕ ਮਾਡਲ ਦੀ ਮੂਲ ਫ਼ਿਤਰਤ ਹੈ। ਹੁਕਮਰਾਨ ਜਾਣਦੇ ਹਨ ਕਿ ਫੋਕੀਆਂ ਮੁਹਿੰਮਾਂ ਅਤੇ ਸਿਆਸੀ ਸਟੰਟਾਂ ਦੀ ਮਦਦ ਨਾਲ ਲੋਕਾਂ ਦੇ ਵਿਰੋਧ ਨੂੰ ਹਮੇਸ਼ਾ ਲਈ ਖਾਰਜ ਨਹੀਂ ਕੀਤਾ ਜਾ ਸਕਦਾ। ਸੱਤਾ ਦੀਆਂ ਮਨਮਾਨੀਆਂ ਨੂੰ ਠੱਲਣ ਲਈ ਜਥੇਬੰਦ ਜਮਹੂਰੀ ਵਿਰੋਧ ਹੀ ਲੋਕਾਂ ਕੋਲ ਆਪਣੇ ਹਿੱਤਾਂ ਦੀ ਰਾਖੀ ਅਤੇ ਜ਼ਿੰਦਗੀ ਦੀ ਬਿਹਤਰੀ ਦਾ ਇਕੋਇਕ ਰਾਹ ਹੈ। ਆਪਣੀ ਸੱਤਾ ਦੀ ਸਲਾਮਤੀ ਨੂੰ ਖ਼ਤਰਾ ਦੇਖਕੇ ਹੈਂਕੜਬਾਜ਼ ਰੁਚੀਆਂ ਵਾਲੀ ਇਹ ਹਕੂਮਤ ਸ਼ਰੇਆਮ ਐਮਰਜੈਂਸੀ ਲਗਾਉਣ ਤੋਂ ਕੋਈ ਝਿਜਕ ਨਹੀਂ ਦਿਖਾਏਗੀ।

ਜਮਹੂਰੀ ਹੱਕਾਂ ਉਪਰ ਮੰਡਲਾ ਰਹੇ ਫਾਸ਼ੀਵਾਦੀ ਖ਼ਤਰੇ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਹਾਲਾਤਾਂ ਦੀ ਨਜ਼ਾਕਤ ਬਾਰੇ ਨਾਗਰਿਕਾਂ ਦੀ ਜਾਗਰੂਕਤਾ ਹੀ ਜਮਹੂਰੀ ਹੱਕਾਂ ਉਪਰ ਹੋਣ ਵਾਲੇ ਘਾਤਕ ਹਮਲਿਆਂ ਨੂੰ ਰੋਕਣ ਦੀ ਮੁੱਢਲੀ ਗਾਰੰਟੀ ਹੈ। ਇਹ ਜਾਗਰੂਕਤਾ ਵਧਾਉਣਾ ਹੀ ਅੱਜ ਸਾਡਾ ਪਹਿਲ-ਪ੍ਰਥਮ ਫ਼ਰਜ਼ ਹੈ।

**ਸੂਬਾ ਕਮੇਟੀ, ਜਮਹੂਰੀ ਅਧਿਕਾਰ ਸਭਾ (ਪੰਜਾਬ)।**

**ਪ੍ਰੋਫੈਸਰ ਜਗਮੋਹਨ ਸਿੰਘ ਸੂਬਾ ਜਨਰਲ ਸਕੱਤਰ, ਪ੍ਰੋਫੈਸਰ ਏ.ਕੇ.ਮਲੇਰੀ ਸੂਬਾ ਪ੍ਰਧਾਨ**

# ਪੱਤਰਕਾਰਾਂ ਦੇ ਕਤਲਾਂ ਪਿੱਛੇ ਕੰਮ ਕਰਦੇ ਖ਼ੂਨੀ ਹੱਥ

(ਸਫ਼ਾ 1 ਦੀ ਬਾਕੀ)

ਕਿ ਰਾਜਮੰਤਰੀ ਰਾਮਮੂਰਤੀ ਸਿੰਘ ਵਰਮਾ ਦੇ ਗੁਰਗੇ ਕੁਕਰਮ ਪੀੜਤ ਔਰਤ ਦੇ ਘਰ ਉਪਰ ਹਮਲਾ ਕਰਕੇ ਉਸ ਦਾ ਅਗਵਾ ਅਤੇ ਕਤਲ ਕਰਨ ਦਾ ਯਤਨ ਕਰ ਸਕਦੇ ਹਨ।"

ਉਸ ਦੀ ਆਵਾਜ਼ ਬੰਦ ਕਰਨ ਲਈ ਮੰਤਰੀ ਅਤੇ ਉਸਦੇ ਦਲਾਲਾਂ ਨੇ ਉਸ ਨੂੰ ਡਰਾਉਣਾ-ਧਮਕਾਉਣਾ ਚਾਹਿਆ। ਜਦੋਂ ਉਹ ਨਾ ਝੁਕਿਆ ਫਿਰ ਉਸ ਨੂੰ ਜਾਨੋਂ ਮਾਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਗਈਆਂ। 28 ਅਪ੍ਰੈਲ ਨੂੰ ਉਸਦੇ ਘਰ ਨੇੜੇ ਉਸ ਉਪਰ ਹਮਲਾ ਕੀਤਾ ਗਿਆ। ਪਹਿਲੀ ਜੂਨ ਨੂੰ ਪੁਲਿਸ ਇੰਸਪੈਕਟਰ ਦੀ ਅਗਵਾਈ ਵਿਚ ਪੁਲਿਸ ਨੇ ਉਸ ਦੇ ਘਰ ਵਿਚ ਜਾਕੇ ਉਸ ਉਪਰ ਪੈਟਰੋਲ ਪਾਕੇ ਉਸ ਨੂੰ ਸਾੜ ਦਿੱਤਾ। ਹਸਪਤਾਲ ਵਿਚ ਉਹ ਦਮ ਤੋੜ ਗਿਆ। ਆਪਣੇ ਬਿਆਨ ਵਿਚ ਉਸਨੇ ਮੰਤਰੀ ਅਤੇ ਉਸਦੇ ਇਸ਼ਾਰੇ 'ਤੇ ਇਹ ਕਾਰਾ ਕਰਨ ਵਾਲੇ ਪੁਲਿਸ ਅਧਿਕਾਰੀਆਂ ਦੇ ਸਪਸ਼ਟ ਤੌਰ 'ਤੇ ਨਾਂ ਲਏ। ਸੂਬਾ ਸਰਕਾਰ ਦੇ ਇਸ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਦੇ ਇਰਾਦੇ ਇਸ ਕਤਲ ਦੀ ਜਾਂਚ ਡੀ.ਆਈ.ਜੀ. ਪੁਲਿਸ ਦੇ ਹਵਾਲੇ ਕਰਨ ਅਤੇ ਇਸ ਨੂੰ ਆਤਮਦਾਹ ਦਾ ਮਾਮਲਾ ਬਣਾਕੇ ਪੇਸ਼ ਕਰਨ ਨਾਲ ਜ਼ਾਹਿਰ ਹੋ ਗਏ ਹਨ। ਪੱਤਰਕਾਰ ਦੇ ਪਰਿਵਾਰ ਨੂੰ ਚੁੱਪ ਕਰਾਉਣ ਲਈ ਮੁਆਵਜ਼ੇ ਅਤੇ ਪਰਿਵਾਰ ਦੇ ਦੋ ਮੈਂਬਰਾਂ ਨੂੰ ਨੌਕਰੀ ਦਾ ਉਹੀ ਘਿਣਾਉਣਾ ਢੰਗ ਵਰਤਿਆ ਗਿਆ ਜੋ ਹਰ ਥਾਂ ਵਰਤਿਆ ਜਾ ਰਿਹਾ ਹੈ।

ਦੋ ਹਫ਼ਤੇ ਬਾਦ ਇਸੇ ਤਰ੍ਹਾਂ ਦਾ ਕਤਲ ਮੱਧ ਪ੍ਰਦੇਸ਼ ਵਿਚ ਹੋਇਆ। ਬਾਲਾਘਾਟ ਜ਼ਿਲ੍ਹੇ ਦੇ ਕਟਾਂਗੀ ਇਲਾਕੇ ਤੋਂ ਪੱਤਰਕਾਰ ਸੰਦੀਪ ਕੋਠਾਰੀ ਨੂੰ 19 ਜੂਨ ਨੂੰ ਅਗਵਾ ਕਰ ਲਿਆ ਗਿਆ, ਜੋ ਜਬਲਪੁਰ ਤੋਂ ਰੋਜ਼ਾਨਾ ਹਿੰਦੀ ਅਖ਼ਬਾਰਾਂ ਦਾ ਪੱਤਰਕਾਰ ਸੀ। ਅਗਲੇ ਦਿਨ ਉਸ ਦੀ ਲਾਸ਼ ਮਹਾਰਾਸ਼ਟਰ ਦੇ ਵਾਰਧਾ ਜ਼ਿਲ੍ਹੇ ਦੇ ਸਿੰਧੀ ਸ਼ਹਿਰ ਨੇੜੇ ਬੂਟੀਬੋਰੀ ਜੰਗਲ ਵਿਚ ਰੇਲ ਦੀ ਪਟੜੀ ਕੋਲੋਂ ਬੁਰੀ ਤਰ੍ਹਾਂ ਸੜੀ ਹੋਈ ਹਾਲਤ ਵਿਚ ਮਿਲੀ। ਸ੍ਰੀ ਕੋਠਾਰੀ ਨੇ ਖਾਣ ਘੁਟਾਲਾ ਨੰਗਾ ਕੀਤਾ ਸੀ। ਖਾਣਾਂ ਦਾ ਗ਼ੈਰਕਾਨੂੰਨੀ ਧੰਦਾ ਅਤੇ ਚਿੱਟ ਫੰਡ ਕੰਪਨੀ ਚਲਾਉਣ ਵਾਲੇ ਅਨਸਰਾਂ ਵਲੋਂ ਉਸ ਨੂੰ ਪ੍ਰੇਸ਼ਾਨ ਕਰਨ ਲਈ ਉਸ ਦੇ ਖ਼ਿਲਾਫ਼ 25 ਝੂਠੇ ਮੁਕੱਦਮੇ ਕੀਤੇ ਗਏ। ਜਿਨ੍ਹਾਂ ਵਿੱਚੋਂ 21 ਵਿੱਚੋਂ ਉਹ ਬਰੀ ਹੋ ਗਿਆ। ਦੋ ਹੁਣੇ ਜਹੇ ਦਰਜ ਕਰਵਾਏ ਗਏ ਸਨ ਅਤੇ ਦੋ ਮੱਧ ਪ੍ਰਦੇਸ਼ ਹਾਈ ਕੋਰਟ ਵਿਚ ਸੁਣਵਾਈ ਅਧੀਨ ਹਨ। ਇਨ੍ਹਾਂ ਵਿੱਚੋਂ ਉਸ ਉਪਰ ਤਿੰਨ ਝੂਠੇ ਮੁਕੱਦਮੇ ਜਬਰ-ਜਨਾਹ ਦੇ ਦਰਜ ਕਰਾਏ ਗਏ। ਇਨ੍ਹਾਂ ਵਿੱਚੋਂ ਇਕ ਮੁਕੱਦਮੇ ਵਿਚ ਤਾਂ ਸ਼ਿਕਾਇਤਕਰਤਾ ਨੇ ਅਦਾਲਤ ਵਿਚ ਸਾਫ਼ ਮੰਨ ਲਿਆ ਕਿ ਉਸ ਨੇ ਉਕਤ ਮਾਫ਼ੀਆ ਗਰੋਹ ਦੇ ਕਹਿਣ 'ਤੇ ਉਸ ਉਪਰ ਝੂਠਾ ਇਲਜ਼ਾਮ ਲਾਇਆ ਸੀ। ਇਸ ਨੂੰ ਅਧਾਰ ਬਣਾਕੇ ਸੰਦੀਪ ਨੇ ਮਾਫ਼ੀਆ ਗਰੋਹ ਦੇ ਤਿੰਨ ਸਰਗਨਿਆਂ ਅਤੇ ਝੂਠੇ ਗਵਾਹਾਂ ਵਿਰੁੱਧ ਮਾਨਹਾਨੀ ਦਾ ਮੁਕੱਦਮਾ ਕਰ ਦਿੱਤਾ। ਪਿੱਛੇ ਜਹੇ ਉਸਨੇ ਗ਼ੈਰਕਾਨੂੰਨੀ ਖਣਨ ਨੂੰ ਲੈ ਕੇ ਇਸ ਗਰੋਹ ਦੇ ਖ਼ਿਲਾਫ਼ ਇਕ ਹੋਰ ਮੁਕੱਦਮਾ ਕਰ ਦਿੱਤਾ। ਉਸ ਉਪਰ ਮਾਫ਼ੀਆ ਵਲੋਂ ਇਹ ਮੁਕੱਦਮੇ ਵਾਪਸ ਲੈਣ ਲਈ ਲਗਾਤਾਰ ਦਬਾਅ ਪਾਇਆ ਜਾ ਰਿਹਾ ਸੀ। ਉਹ ਮਾਫ਼ੀਆ ਅੱਗੇ ਨਹੀਂ ਝੁਕਿਆ ਜਿਸ ਕਾਰਨ ਉਸ ਨੂੰ ਜਾਨ ਤੋਂ ਹੱਥ ਧੋਣੇ ਪਏ। ਪੁਲਿਸ ਅਤੇ ਮਾਫ਼ੀਆ ਕਿਵੇਂ ਮਿਲਕੇ ਕੰਮ ਕਰਦੇ ਹਨ ਇਸ ਨੂੰ ਪੁਲਿਸ ਵਲੋਂ ਪੱਤਰਕਾਰ ਦੇ ਕਤਲ ਤੋਂ ਬਾਦ ਵੀ ਉਸ ਖ਼ਿਲਾਫ਼ ਕੀਤੇ ਜਾ ਰਹੇ ਗ਼ਲਤ ਪ੍ਰਚਾਰ ਤੋਂ ਸਮਝਿਆ ਜਾ ਸਕਦਾ ਹੈ। ਪੁਲਿਸ ਉਸ ਨੂੰ ਪੇਸ਼ੇਵਰ ਮੁਜਰਿਮ ਅਤੇ ਇਸ ਕਤਲ ਨੂੰ ਆਪਸੀ ਸ਼ਰੀਕੇਬਾਜ਼ੀ ਦਾ ਮਾਮਲਾ ਬਣਾਕੇ ਪੇਸ਼ ਕਰ ਰਹੀ ਹੈ। ਪੰਜਾਬ ਅੰਦਰ ਕਰਤਾਰਪੁਰ ਇਲਾਕੇ ਦੇ ਪਿੰਡ ਦਿਆਲਪੁਰ ਵਿਚ ਪੱਤਰਕਾਰਾਂ ਅਮਨਦੀਪ ਕੌਰ ਹਾਂਸ ਅਤੇ ਬਲਜਿੰਦਰ ਕੋਟਭਾਰਾ ਨੂੰ ਪਿੰਡ ਦੇ ਅਕਾਲੀ ਗੁੰਡਿਆਂ ਨੇ 21 ਮਈ ਨੂੰ ਓਦੋਂ ਦਿਨ-ਦਿਹਾੜੇ ਅਗਵਾ ਕਰ ਲਿਆ ਜਦੋਂ ਉਹ ਕੈਨੇਡਾ ਦੇ 'ਰੰਗਲਾ ਪੰਜਾਬ' ਰੇਡੀਓ ਲਈ ਇਸ ਪਿੰਡ ਦੇ ਦਲਿਤਾਂ ਦੇ ਸੰਘਰਸ਼ ਦੀ ਰਿਪੋਰਟ ਬਣਾ ਰਹੇ ਸਨ। ਉਹ ਕਿਸੇ ਤਰ੍ਹਾਂ ਪੱਤਰਕਾਰ ਭਾਈਚਾਰੇ ਅਤੇ ਪੁਲਿਸ ਅਧਿਕਾਰੀਆਂ ਨਾਲ ਸੰਪਰਕ ਕਰਨ ਵਿਚ ਕਾਮਯਾਬ ਹੋ ਗਏ। ਪੁਲਿਸ ਪਾਰਟੀ ਨੇ ਜਾਕੇ ਉਨ੍ਹਾਂ ਨੂੰ ਰਿਹਾਅ ਕਰਵਾਇਆ। ਸਥਾਨਕ ਪੁਲਿਸ ਵਲੋਂ ਪੱਤਰਕਾਰਾਂ ਨਾਲ ਬਦਸਲੂਕੀ ਅਤੇ ਗੁੰਡਾਗਰਦੀ ਕਰਨ ਵਾਲੇ ਅਨਸਰਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਥਾਂ ਸੱਤਾਧਾਰੀਆਂ ਦੇ ਇਸ਼ਾਰੇ 'ਤੇ ਮਾਮਲੇ ਨੂੰ ਦਬਾਉਣ ਦਾ ਯਤਨ ਕੀਤਾ ਗਿਆ ਅਤੇ ਪੱਤਰਕਾਰਾਂ ਉਪਰ ਸਮਝੌਤੇ ਲਈ ਦਬਾਅ ਪਾਇਆ ਗਿਆ। ਆਪਣੀ ਮੁਜਰਮਾਨਾ ਕਾਰਵਾਈ ਨੂੰ ਲੁਕੋਣ ਲਈ ਇਵੇਂ ਪੇਸ਼ ਕੀਤਾ ਜਾ ਰਿਹਾ ਹੈ ਕਿ ਉਹ ਤਾਂ ਪੱਤਰਕਾਰ ਹੀ ਨਹੀਂ ਕਿਉਂਕਿ ਸ੍ਰੀ ਕੋਟਭਾਰਾ ਕੋਲ ਪੁਰਾਣਾ ਸ਼ਨਾਖ਼ਤੀ ਕਾਰਡ ਸੀ। ਘੜੰਮ ਚੌਧਰੀਆਂ ਨੇ ਬਹਾਨਾ ਬਣਾਇਆ ਕਿ ਬਾਹਰਲੇ ਅਨਸਰ ਪਿੰਡ ਦੇ ਪਾਣੀ ਦੇ ਮਾਮਲੇ ਵਿਚ ਦਖ਼ਲਅੰਦਾਜ਼ੀ ਕਰ ਰਹੇ ਸਨ। ਹਕੀਕਤ ਇਹ ਸੀ ਕਿ ਪੱਤਰਕਾਰਾਂ ਦੀ ਫੇਰੀ ਦਾ ਪੰਚਾਇਤ ਵਲੋਂ ਕਰਵਾਏ ਜਾ ਰਹੇ ਕੰਮ ਨਾਲ ਕੋਈ ਵਾਹ-ਵਾਸਤਾ ਹੀ ਨਹੀਂ ਸੀ। ਉਹ ਇਥੇ ਦਲਿਤਾਂ ਦੇ ਪੰਚਾਇਤੀ ਜ਼ਮੀਨ ਵਿੱਚੋਂ ਆਪਣਾ ਹਿਸਾ ਲੈਣ ਲਈ ਚਲ ਰਹੇ ਸੰਘਰਸ਼ ਦੀ ਰਿਪੋਰਟ ਬਣਾਉਣ ਗਏ ਸਨ। ਜਗੀਰੂ ਜ਼ਹਿਨੀਅਤ ਵਾਲੇ ਅਕਾਲੀਆਂ ਨੂੰ ਇਹ ਕਿਵੇਂ ਮਨਜ਼ੂਰ ਹੋ ਸਕਦਾ ਹੈ ਕਿ ਉਨ੍ਹਾਂ ਦੀ ਮਰਜ਼ੀ ਤੋਂ ਬਗ਼ੈਰ ਕੋਈ ਪਿੰਡ ਵਿਚ ਆ ਕੇ ਦਲਿਤਾਂ ਦੇ ਸੰਘਰਸ਼ ਦੀ ਗੱਲ ਕਰਨ ਦੀ ਜ਼ੁਅਰਤ ਕਰ ਜਾਵੇ। ਉਨ੍ਹਾਂ ਦੇ ਸਪਸ਼ਟੀਕਰਨ ਜਗੀਰੂ ਧੌਂਸ ਦੀ ਸ਼ਰੇਆਮ ਨੁਮਾਇਸ਼ ਹਨ ਜਦੋਂ ਉਹ ਕਹਿੰਦੇ ਹਨ ਕਿ ਕੋਈ ਬਾਹਰਲਾ ਬੰਦਾ ਆ ਕੇ ਪਿੰਡ ਦੇ ਮਾਮਲੇ ਵਿਚ ਦਖ਼ਲ ਨਹੀਂ ਦੇ ਸਕਦਾ। ਉਹ ਸਮਝਦੇ ਹਨ ਕਿ ਪਿੰਡ ਤਾਂ ਸਾਡੀ ਜਗੀਰ ਹਨ। ਇਸ ਲਈ ਜੇ ਪੱਤਰਕਾਰਾਂ ਨੇ ਖ਼ਬਰ ਦੇਣੀ ਹੈ ਉਨ੍ਹਾਂ ਦੇ ਕਹੇ ਅਨੁਸਾਰ ਹੀ ਦੇਣ। ਜੇ ਦੱਬੇ-ਕੁਚਲੇ ਸਮਾਜ ਦੇ ਸਰੋਕਾਰਾਂ ਨਾਲ ਜੁੜੇ ਪੱਤਰਕਾਰ ਪਿੰਡ ਵਿਚ ਜਾਂਦੇ ਹਨ ਤਾਂ ਉਥੇ ਹੋ ਰਹੀ ਧੱਕੇਸ਼ਾਹੀ ਦਾ ਅਸਲ ਚਿਹਰਾ ਨੰਗਾ ਹੁੰਦਾ ਹੈ। ਅਕਾਲੀਆਂ ਦੀ ਇਹ ਘਿਣਾਉਣੀ ਹਰਕਤ ਪ੍ਰੈੱਸ ਦੀ ਆਜ਼ਾਦੀ ਉਪਰ ਸਿੱਧਾ ਹਮਲਾ ਤਾਂ ਹੈ ਹੀ। ਇਹ ਦਰਅਸਲ ਦੱਬੇਕੁਚਲੇ ਲੋਕਾਂ ਉਪਰ ਜਗੀਰੂ ਦਾਬੇ ਦਾ ਹਿੱਸਾ ਹੈ। ਭਾਵੇਂ ਜਨਤਕ ਦਬਾਅ ਤਹਿਤ ਪੁਲਿਸ ਨੇ ਸਰਪੰਚਣੀ ਦੇ ਪਤੀ ਅਤੇ ਹੋਰ ਅਣਪਛਾਤੇ ਬੰਦਿਆਂ ਖ਼ਿਲਾਫ਼ ਪਰਚਾ ਤਾਂ ਦਰਜ ਕਰ ਲਿਆ ਪਰ ਸਿਆਸੀ ਦਬਾਅ ਅਧੀਨ ਪੁਲਿਸ ਨੇ ਬਣਦੀਆਂ ਧਾਰਾਵਾਂ ਨਹੀਂ ਲਗਾਈਆਂ। ਲਿਹਾਜ਼ਾ ਇਨਸਾਫ਼ ਦਾ ਸਵਾਲ ਅਜੇ ਵੀ ਉਥੇ ਦਾ ਉਥੇ ਖੜ੍ਹਾ ਹੈ।

ਜ਼ਾਹਿਰ ਹੈ ਕਿ ਇਥੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਹੁਕਮਰਾਨ ਜਮਾਤਾਂ, ਰਾਜ ਮਸ਼ੀਨਰੀ, ਅਤੇ ਸਰਕਾਰੇ-ਦਰਬਾਰੇ ਪਹੁੰਚ ਵਾਲੇ ਵੱਡੇ ਲੋਕਾਂ ਦੇ ਰਹਿਮ-ਕਰਮ 'ਤੇ ਹੈ। ਜਿਉਂ-ਜਿਉਂ ਅਖਾਉਤੀ ਵਿਕਾਸ ਮਾਡਲ ਤਹਿਤ ਕਾਰਪੋਰੇਟ ਸਰਮਾਏਦਾਰੀ ਅਤੇ ਮਾਫ਼ੀਆ ਗਰੋਹਾਂ ਨੂੰ ਸਰਕਾਰੀ ਖੁੱਲ੍ਹ-ਖੇਡ ਵਧ ਰਹੀ ਹੈ ਇਸੇ ਅਨੁਪਾਤ 'ਚ ਇਨ੍ਹਾਂ ਗਰੋਹਾਂ ਵਲੋਂ ਕੀਤੀ ਜਾ ਰਹੀ ਕੁਦਰਤੀ ਵਸੀਲਿਆਂ ਦੀ ਵਿਆਪਕ ਲੁੱਟਮਾਰ ਦਾ ਪਰਦਾਫਾਸ਼ ਕਰਨ ਵਾਲੇ ਪੱਤਰਕਾਰਾਂ ਅਤੇ ਹੋਰ ਕਾਰਕੁੰਨਾਂ ਉਪਰ ਹਮਲਿਆਂ ਵਿਚ ਵੀ ਤੇਜ਼ੀ ਆ ਰਹੀ ਹੈ। ਇਸ ਕਾਤਲਾਨਾ ਵਰਤਾਰੇ ਵਿਰੁੱਧ ਲੋਕ ਜਾਗਰੂਕਤਾ ਅਤੇ ਲਾਮਬੰਦੀ ਹੀ ਮਾਫ਼ੀਆ, ਸਿਆਸਤਦਾਨਾਂ ਅਤੇ ਪੁਲਿਸ ਦੇ ਘਿਣਾਉਣੇ ਗੱਠਜੋੜ ਦੇ ਖ਼ੂਨੀ ਹੱਥਾਂ ਨੂੰ ਰੋਕ ਸਕਦੀ ਹੈ।

### ਯੂਥ ਅਕਾਲੀਆਂ ਵੱਲੋਂ ਪੱਤਰਕਾਰਾਂ ਨਾਲ ਗੁੰਡਾਗਰਦੀ ਦਾ ਮਾਮਲਾ

## ਅਕਾਲੀ ਸਰਪੰਚ ਪਤੀ ਸਮੇਤ ਕਈਆਂ 'ਤੇ ਪਰਚੇ ਦਰਜ

- ਪੀੜਤ ਪੱਤਰਕਾਰਾਂ ਵੱਲੋਂ ਅਸੰਤੁਸ਼ਟੀ ਦਾ ਪ੍ਰਗਟਾਵਾ, ਪੁਲਿਸ ਦੀ ਕਾਰਵਾਈ ਦਬਾਅ ਹੇਠ ਕਰਾਰ
- ਕਿਹਾ-ਮਹਿਲਾ ਪੱਤਰਕਾਰ ਨਾਲ ਧੱਕਾਮੁੱਕੀ ਕਰਨ ਤੇ ਆਈ ਕਾਰਡ ਖੋਹਣ ਦੀ ਨਹੀਂ ਲਗਾਈ ਕੋਈ ਧਾਰਾ

**ਯਾਦਵਿੰਦਰ ਯਾਦ**

ਯੂਥ ਅਕਾਲੀਆਂ ਵੱਲੋਂ ਦੋ ਪੱਤਰਕਾਰਾਂ ਨਾਲ ਕੀਤੀ ਗਈ ਗੁੰਡਾਗਰਦੀ ਵਿਰੁੱਧ ਅਕਾਲੀ ਸਰਪੰਚ ਪਤੀ ਸਮੇਤ ਕਈਆਂ 'ਤੇ ਵੱਖ ਵੱਖ ਧਾਰਾਵਾਂ ਹੇਠ ਮੁਕੱਦਮੇ ਦਰਜ ਕਰਕੇ ਪੁਲਿਸ ਨੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ ਪੀੜਤ ਪੱਤਰਕਾਰਾਂ ਨੇ ਬਣਦੀਆਂ ਧਾਰਾਵਾਂ ਨਾ ਲਗਾਉਣ 'ਤੇ ਅਸੰਤੁਸ਼ਟੀ ਜ਼ਾਹਰ ਕਰਦਿਆਂ ਕਿਹਾ ਸਿਆਸੀ ਦਬਾਅ ਹੇਠ ਬਣਦਾ ਮੁਕੱਦਮਾ ਦਰਜ ਨਹੀਂ ਕੀਤਾ ਗਿਆ।

ਸਰਪੰਚ ਪਤੀ ਦੀ ਹਾਜ਼ਰੀ ਵਿੱਚ 'ਰੰਗਲਾ ਪੰਜਾਬ ਰੇਡੀਓ' ਟਰਾਂਟੋ ਦੇ ਪੱਤਰਕਾਰਾਂ ਅਮਨਦੀਪ ਕੌਰ ਹਾਂਸ ਤੇ ਬਲਜਿੰਦਰ ਕੋਟਭਾਰਾ ਨਾਲ ਬੀਤੀ 21 ਜੂਨ ਨੂੰ ਪਿੰਡ ਦਿਆਲਪੁਰ ਵਿੱਚ ਕਵਰੇਜ ਕਰਨ ਤੋਂ ਰੋਕਦਿਆਂ ਯੂਥ ਅਕਾਲੀਆਂ ਵੱਲੋਂ ਧੱਕਾਮੁੱਕੀ ਕਰਨ, ਹੱਥੋਪਾਈ ਹੋਣ, ਕੈਮਰਾ ਖੋਹਣ ਦੀ ਕੋਸ਼ਿਸ਼, ਕੁੱਟਮਾਰ ਕਰਨ, ਫ਼ੋਟੋ ਡਿਲੀਟ ਨਾ ਕਰਨ 'ਤੇ ਧਮਕੀਆਂ ਦੇਣ ਤੇ ਫਿਰ ਬੰਧਕ ਬਣਾਉਦਿਆਂ ਤਕਰੀਬਨ ਡੇਢ ਘੰਟਾ ਗੁੰਡਾਗਰਦੀ ਕਰਨ 'ਤੇ ਜਲੰਧਰ ਜ਼ਿਲ੍ਹੇ ਦੇ ਥਾਣਾ ਕਰਤਾਰਪੁਰ ਵਿੱਚ ਮਹਿਲਾ ਅਕਾਲੀ ਸਰਪੰਚ ਦੇ ਪਤੀ ਤੇ ਹੋਰ 15-20 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਧਾਰਾ 341, 323, 506 ਭਾਰਤੀ ਦੰਡਾਵਲੀ ਤਹਿਤ ਮੁਕੱਦਮਾ ਦਰਜ ਕਰਕੇ ਪੁਲਿਸ ਨੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਦੂਜੇ ਪਾਸੇ ਪੀੜਤ ਪੱਤਰਕਾਰਾਂ ਅਮਨਦੀਪ ਹਾਂਸ ਤੇ ਬਲਜਿੰਦਰ ਕੋਟਭਾਰਾ ਨੇ ਪੁਲਿਸ ਕਾਰਵਾਈ 'ਤੇ ਅਸੰਤੁਸ਼ਟੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪੁਲਿਸ ਨੇ ਸਿਆਸੀ ਦਾਬੇ ਹੇਠ ਜਾਣਬੁੱਝ ਕੇ ਦੋਸ਼ੀਆਂ ਨੂੰ ਬਚਾਉਣ ਲਈ ਕਈ ਬਣਦੀਆਂ ਧਾਰਾਵਾਂ ਨਹੀਂ ਲਾਈਆਂ। ਸ਼ਿਕਾਇਤਕਰਤਾ ਅਮਨਦੀਪ ਹਾਂਸ ਨੇ ਦੱਸਿਆ ਕਿ ਮਹਿਲਾ ਨਾਲ ਬਦਸਲੂਕੀ ਕਰਨ ਤੇ ਧੱਕੇ ਮਾਰਨ 'ਤੇ ਬਣਦੀ ਧਾਰਾ 354 ਆਈ. ਪੀ. ਸੀ. ਤੇ ਪੱਤਰਕਾਰ ਬਲਜਿੰਦਰ ਕੋਟਭਾਰਾ ਦਾ ਸ਼ਨਾਖਤੀ ਪੱਤਰ ਖੋਹਣ ਸਬੰਧੀ ਧਾਰਾ 382 ਨਹੀਂ ਲਗਾਈ ਗਈ। ਦੋਹਾਂ ਪੱਤਰਕਾਰਾਂ ਨੇ ਕਿਹਾ ਕਿ ਬਣਦੀਆਂ ਧਾਰਾਵਾਂ ਲਵਾਉਣ ਤੇ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਕਰਵਾਉਣ ਲਈ ਉਹ ਸਹਿਯੋਗ ਦੇ ਰਹੀਆਂ ਵੱਖ ਵੱਖ ਜਥੇਬੰਦੀਆਂ ਦੀ ਮਦਦ ਨਾਲ ਸੰਘਰਸ਼ ਨੂੰ ਹੋਰ ਤਿੱਖਾ ਕਰਨਗੇ।

ਜ਼ਿਕਰਯੋਗ ਹੈ ਕਿ ਉਕਤ ਦੋਹੇ ਪੱਤਰਕਾਰ ਪਿੰਡ ਦਿਆਲਪੁਰ ਵਿੱਚ ਹੋਈ ਪੰਚਾਇਤੀ ਜ਼ਮੀਨ ਦੀ ਬੋਲੀ ਦਲਿਤ ਭਾਈਚਾਰੇ ਨੂੰ ਕਥਿਤ ਤੌਰ 'ਤੇ ਜ਼ਬਰੀ ਰੋਕਣ ਤੇ ਯੂਥ ਅਕਾਲੀਆਂ ਵੱਲੋਂ ਦਲਿਤਾਂ ਦੇ ਪਾਣੀ ਦੇ ਕੁਨੈਕਸ਼ਨ ਕੱਟਣ ਆਦਿ ਦੇ ਮਾਮਲੇ ਸਬੰਧੀ ਰੇਡੀਓ 'ਰੰਗਲਾ ਪੰਜਾਬ' ਤੇ 'ਮਾਲਵਾ ਮੇਲ' ਅਖ਼ਬਾਰ ਲਈ ਕਵਰੇਜ ਕਰਨ ਗਏ ਸਨ, ਜਿੱਥੇ ਉਹਨਾਂ ਨਾਲ ਧੱਕਾਮੁੱਕੀ ਕਰਦਿਆਂ ਉਹਨਾਂ ਨੂੰ ਬੰਦੀ ਬਣਾਇਆ ਗਿਆ ਸੀ ਤੇ ਵੱਡੀ ਗਿਣਤੀ ਕਰਤਾਰਪੁਰ ਪੁਲਿਸ ਨੇ ਆ ਕੇ ਮੁਕਤ ਕਰਵਾਇਆ।

# ਸਦਾ ਜਾਗਦੀ ਅਤੇ ਜਗਦੀ ਇਤਿਹਾਸ ਦੀ ਅੱਖ

**ਅਮੋਲਕ ਸਿੰਘ**

16 ਨਵੰਬਰ 1915 ਦਾ ਦਿਹਾੜਾ, ਆਮ ਦਿਹਾੜਾ ਨਹੀਂ। ਕਰਤਾਰ ਸਿੰਘ ਸਰਾਭਾ ਸਮੇਤ ਸੱਤ ਦੇਸ਼ ਭਗਤਾਂ ਨੂੰ ਇੱਕੋ ਵੇਲੇ ਇੱਕੋ ਰੱਸੇ ਨਾਲ ਫਾਂਸੀ ਲਾਏ ਜਾਣ ਦਾ ਦਿਹਾੜਾ ਹੈ। ਪੂਰੇ 100 ਵਰ੍ਹੇ ਬੀਤਣ 'ਤੇ ਵੀ ਇਹ ਦਿਹਾੜਾ,ਕਾਲੇ ਸਮਿਆਂ ਅੰਦਰ ਰੌਸ਼ਨ ਮਿਨਾਰ ਹੈ। ਖ਼ਾਸਕਰ ਖ਼ੁਦਕੁਸ਼ੀਆਂ ਦੇ ਕੁਲਹਿਣੇ ਹੱਲੇ ਦੀ ਮਾਰ ਹੇਠ ਆਏ ਅਤੇ ਨਸ਼ਿਆਂ ਦੇ ਸਾਗਰ ਵਿੱਚ ਗੋਤੇ ਖਾ ਰਹੇ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਦੀਆਂ ਪਲਕਾਂ ਅੱਗੇ ਨਵੇਂ ਇਤਿਹਾਸ,ਨਵੇਂ ਜੀਵਨ ਦੇ ਸਿਲੇਬਸ ਦਾ ਨਵਾਂ-ਨਕੋਰ ਵਰਕਾ ਖੋਲ੍ਹਣ, ਪੜ੍ਹਨ ਅਤੇ ਅਧਿਐਨ ਕਰਨ ਦਾ ਦਿਹਾੜਾ ਹੈ। ਉਦਾਸੀ, ਦਿਸ਼ਾਹੀਣਤਾ, ਬੇਗਾਨਗੀ, ਬੇਕਾਰੀ, ਨਿਰਾਸਤਾ ਦੇ ਘੁੱਪ ਹਨੇਰੇ 'ਚੋਂ ਪਾਰ ਜਾ ਕੇ ਸੂਰਜਾਂ ਦੇ ਹਮਸਫ਼ਰ ਬਣਨ ਦੀ ਲਟ-ਲਟ ਬਲਦੀ ਪ੍ਰੇਰਨਾ ਦਾ ਦਿਹਾੜਾ ਹੈ। ਵਿੱਦਿਆ ਦੇ ਨਿੱਜੀਕਰਨ, ਵਪਾਰੀਕਰਨ ਅਤੇ ਨੌਜਵਾਨਾਂ ਨੂੰ ਮਸ਼ੀਨਾਂ ਬਣਾ ਕੇ ਮੁਨਾਫ਼ੇ ਦੀ ਮੰਡੀ ਵਿੱਚ ਵਿਕਣ ਵਾਲੀ ਸ਼ੈਅ ਬਣਾਏ ਜਾਣ ਦੇ ਦੌਰ ਨੂੰ ਪਿਛਾੜਨ ਲਈ ਵੰਗਾਰਮਈ ਦਿਹਾੜਾ ਹੈ।

ਇਹ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ (ਮਹਾਂਰਾਸ਼ਟਰ), ਜਗਤ ਸਿੰਘ ਸੁਰ ਸਿੰਘ (ਅੰਮ੍ਰਿਤਸਰ),ਹਰਨਾਮ ਸਿੰਘ (ਸਿਆਲਕੋਟੀ), ਬਖਸ਼ੀਸ਼ ਸਿੰਘ ਗਿੱਲਵਾਲੀ (ਅੰਮ੍ਰਿਤਸਰ), ਸੁਰੈਣ ਸਿੰਘ ਪੁੱਤਰ ਬੂੜ ਸਿੰਘ ਤੇ ਸੁਰੈਣ ਸਿੰਘ ਪੁੱਤਰ ਈਸ਼ਰ ਸਿੰਘ ਦੋਵੇਂ ਪਿੰਡ ਗਿੱਲਵਾਲੀ (ਅੰਮ੍ਰਿਤਸਰ) ਨੂੰ ਲਾਹੌਰ ਕੇਂਦਰੀ ਜੇਲ੍ਹ ਵਿੱਚ ਫਾਂਸੀ ਲਾ ਕੇ ਸ਼ਹੀਦ ਕਰਨ ਦਾ ਅਭੁੱਲ ਦਿਹਾੜਾ ਹੈ।

ਇਨ੍ਹਾਂ ਸ਼ਹੀਦਾਂ ਦੀ ਸ਼ਤਾਬਦੀ (1915-2015) ਸਾਡੇ ਬੂਹੇ ਦਸਤਕ ਦੇ ਰਹੀ ਹੈ। ਰਵਾਇਤੀ ਲੀਹਾਂ ਤੋਂ ਹਟ ਕੇ ਸ਼ਤਾਬਦੀ ਨੂੰ ਅਰਥ ਭਰਪੂਰ ਮਹੱਤਵ ਦੇਣ, ਅਜੋਕੇ ਸਰੋਕਾਰਾਂ ਅਤੇ ਭਵਿੱਖ ਦੀਆਂ ਚੁਣੌਤੀਆਂ ਨੂੰ ਸੰਬੋਧਤ ਹੋਣ ਵਾਲੀ ਮੁਹਿੰਮ ਹੀ ਇਤਿਹਾਸਕ ਮੁੱਲ ਰੱਖਦੀ ਹੈ, ਨਹੀਂ ਤਾਂ ਰਸਮ ਬਣ ਕੇ ਲੰਘ ਜਾਏਗੀ। ਗ਼ਦਰ ਸ਼ਤਾਬਦੀ (1913-2013), ਕਾਮਾਗਾਟਾ ਮਾਰੂ ਸ਼ਤਾਬਦੀ (1914-2014) ਪ੍ਰਤੀ ਸਥਾਪਤੀ ਦੀ ਬੇਰੁਖ਼ੀ ਜਾਂ ਆਪਣੇ ਰਾਜਨੀਤਕ ਮੁਫ਼ਾਦ ਅਨੁਸਾਰੀ ਪਹੁੰਚ ਤਾਂ ਸਮਝ ਆਉਂਦੀ ਹੈ। ਇਉਂ ਹੀ 2015 ਦੀ ਸ਼ਤਾਬਦੀ ਲਈ ਉਨ੍ਹਾਂ ਤੋਂ ਆਸ ਕਰਨ ਦੀ ਬਜਾਏ ਇਤਿਹਾਸ ਸਾਡੇ ਕਰਨ ਗੋਚਰੇ ਫ਼ਰਜ਼ਾਂ ਪ੍ਰਤੀ ਜਾਗਰੂਕ ਹੋਣ ਦੀ ਆਸ ਕਰਦਾ ਹੈ।

ਇਤਿਹਾਸ ਬੋਲਦਾ ਹੈ ਕਿ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ ਨੂੰ ਬਾਲ ਜਰਨੈਲ ਕਿਹਾ ਕਰਦੇ ਸਨ। ਬਾਬਾ ਗੁਰਮੁਖ ਸਿੰਘ ਲਲਤੋਂ, ਹਰਨਾਮ ਸਿੰਘ ਟੁੰਡੀਲਾਟ, ਕੇਸਰ ਸਿੰਘ ਠੱਠਗੜ੍ਹ,ਲਾਲਾ ਹਰਦਿਆਲ ਵਰਗੇ ਸਰਾਭਾ ਦੀ ਨਿੱਕੀ ਉਮਰੇ ਉਚੇਰੀ ਅਤੇ ਲੰਮੇਰੀ ਇਨਕਲਾਬੀ ਪਰਵਾਜ਼ ਤੋਂ ਬੇਹੱਦ ਪ੍ਰਭਾਵਿਤ ਸਨ।

ਸ਼ਹੀਦ ਭਗਤ ਸਿੰਘ ਤਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਗੁਰੂ, ਭਰਾ ਅਤੇ ਸਾਥੀ ਦੱਸਿਆ ਕਰਦਾ ਸੀ। ਸ਼ਹੀਦ ਭਗਤ ਸਿੰਘ ਨੇ ਅਲਾਹਾਬਾਦ ਤੋਂ ਛਪੇ 'ਚਾਂਦ' ਦੇ ਵਿਸ਼ੇਸ਼ ਫਾਂਸੀ ਅੰਕ ਵਿੱਚ 1928 ਵਿੱਚ ਬਹੁਤ ਹੀ ਜਜ਼ਬਾਤੀ, ਸਾਹਿਤਕ ਅਤੇ ਕਲਾਤਮਕ ਅੰਦਾਜ਼ 'ਚ ਸ਼ਹੀਦ ਕਰਤਾਰ ਸਿੰਘ ਸਰਾਭਾ ਬਾਰੇ ਜੋ ਲਿਖਿਆ, ਉਹ ਅੱਜ ਹੋਰ ਵੀ ਪ੍ਰਸੰਗਕ ਹੈ। ਆਪਣੇ ਗਿਰਿਵਾਨ 'ਚ ਝਾਤੀ ਮਾਰਨ ਲਈ ਉਹ ਅੱਜ ਦਾ ਵੀ ਸੁਆਲ ਹੈ। ਭਗਤ ਸਿੰਘ ਨੇ ਲਿਖਿਆ ਹੈ:

"ਅੱਜ ਦੁਨੀਆਂ ਵਿੱਚ ਫੇਰ ਸਵਾਲ ਖੜ੍ਹਾ ਹੁੰਦਾ ਹੈ, ਉਨ੍ਹਾਂ ਦੇ ਮਰਨ ਦਾ ਕੀ ਫ਼ਾਇਦਾ ਹੋਇਆ? ਉਹ ਕਿਨ੍ਹਾਂ ਵਾਸਤੇ ਮਰੇ? ਉਨ੍ਹਾਂ ਦਾ ਆਦਰਸ਼ ਕੀ ਸੀ?"

ਸੰਨ 1929 ਵਿੱਚ ਭਗਤ ਸਿੰਘ ਦੀ ਕਲਮ ਵੱਲੋਂ ਖੜ੍ਹੇ ਕੀਤੇ ਸੁਆਲ ਸਰਾਭੇ ਦੀ ਸ਼ਹਾਦਤ ਤੋਂ ਸੌ ਵਰ੍ਹੇ ਮਗਰੋਂ ਹੋਰ ਵੀ ਵਿਰਾਟ ਅਤੇ ਤਿੱਖਾ ਰੂਪ ਧਾਰਨ ਕਰ ਗਏ ਹਨ। ਜੁਆਨੀ ਚੌਤਰਫ਼ੇ ਸੰਕਟਾਂ ਦੀ ਲਪੇਟ 'ਚ ਆਈ ਹੋਈ ਹੈ। ਭਗਤ ਸਿੰਘ ਨੇ ਲਿਖਿਆ ਸੀ:

ਚਮਨ ਜ਼ਾਰੇ ਮੁਹੱਬਤ ਮੇਂ ਉਸੀ ਨੇ ਬਾਗਵਾਨੀ ਕੀ,

ਕਿ ਜਿਸਨੇ ਆਪਣੀ ਮਿਹਨਤ ਕੋ ਹੀ

ਮਿਹਨਤ ਕਾ ਸਮਰ ਜਾਨਾ।

ਨਹੀਂ ਹੋਤਾ ਹੈ ਮੋਹਤਾਜੇ ਨੁਮਾਇਸ਼ ਫ਼ੈਜ਼ ਸ਼ਬਨਮ ਕਾ,

ਅੰਧੇਰੀ ਰਾਤ ਮੇਂ ਮੋਤੀ ਲੁਟਾ ਜਾਤੀ ਹੈ ਗੁਲਸ਼ਨ ਮੇਂ।

ਭਾਵ ਉਸ ਮਾਲੀ ਦਾ ਵੀ ਕੋਈ ਜਵਾਬ ਨਹੀਂ ਜਿਹੜਾ ਮਿਹਨਤ ਨੂੰ ਹੀ ਮਿਹਨਤ ਦਾ ਫ਼ਲ ਸਮਝਦਾ ਹੈ। ਉਹ ਕਿੰਨੇ ਮਹਾਨ ਹੁੰਦੇ ਹਨ, ਜਿਹੜੇ ਇਤਿਹਾਸ ਵਿੱਚ ਅਜਿਹੀ ਭੂਮਿਕਾ ਅਦਾ ਕਰਦੇ ਹਨ ਜਿਵੇਂ ਹਨੇਰੀ ਰਾਤ 'ਚ ਚੁਪਕੇ ਜਿਹੇ ਆ ਕੇ ਤ੍ਰੇਲ ਆਪਣੇ ਮੋਤੀ ਬਿਖੇਰ ਕੇ ਚਲੀ ਜਾਂਦੀ ਹੈ ਤੇ ਉਸ ਦਾ ਕੋਈ ਸਾਨੀ ਨਹੀਂ ਹੈ। ਅੱਜ ਇਨ੍ਹਾਂ ਸੰਗਰਾਮੀਆਂ ਦੀ ਸ਼ਹਾਦਤ ਦੀ 100ਵੀਂ ਵਰ੍ਹੇਗੰਢ ਨੌਜਵਾਨਾਂ ਤੋਂ ਉਸ ਸ਼ਬਨਮ ਵਰਗੀ ਇਤਿਹਾਸਕ ਭੂਮਿਕਾ ਦੀ ਆਸ ਕਰਦੀ ਹੈ। ਪਿਛਲੇ ਦਹਾਕਿਆਂ ਤਕ ਜਿਉਂਦੇ ਰਹੇ ਗ਼ਦਰੀ ਬਾਬੇ ਉੱਨੀ-ਇੱਕੀ ਦੇ ਸ਼ਬਦੀ ਫ਼ਰਕਾਂ ਨਾਲ ਰਿਕਾਰਡ ਕਰਵਾਈਆਂ ਟੇਪਾਂ, ਤਕਰੀਰਾਂ, ਹੱਥ ਲਿਖਤ ਡਾਇਰੀਆਂ, ਲੇਖਾਂ ਵਿੱਚ ਜੁਆਨੀ ਨੂੰ ਵੰਗਾਰਦੇ ਰਹੇ ਹਨ। ਇਨ੍ਹਾਂ ਦਾ ਇਤਿਹਾਸਕ ਪ੍ਰਮਾਣ ਦੇਸ਼ ਭਗਤ ਯਾਦਗਾਰ ਹਾਲ ਦੀ ਲਾਇਬ੍ਰੇਰੀ ਦੇ ਰਿਕਾਰਡ 'ਚ ਮੂੰਹੋਂ ਬੋਲਦਾ ਹੈ:

"ਗ਼ਦਰ ਪਾਰਟੀ ਨੇ ਗ਼ੁਲਾਮੀ ਖਿਲਾਫ਼ ਆਜ਼ਾਦੀ ਦਾ ਪਰਚਮ ਚੁੱਕਿਆ ਸੀ। ਅਨੇਕਾਂ ਸੂਰਬੀਰਾਂ ਨੇ ਸ਼ਹੀਦੀ ਜਾਮ ਪੀਤੇ। ਇਸ ਪਾਰਟੀ ਨੇ ਗ਼ੁਲਾਮੀ ਨਾਲ ਨਿਢਾਲ ਹੋਈ ਹਿੰਦੀ ਜਨਤਾ ਦੇ ਖ਼ੂਨ ਵਿੱਚ ਆਜ਼ਾਦੀ ਦੀ ਨਵੀਂ ਰੂਹ ਫੂਕ ਦਿੱਤੀ। ਇਸ ਦਾ ਸਿੱਟਾ ਅੱਜ ਸਾਡੇ ਸਾਹਮਣੇ ਹੈ। ਲਾਸਾਨੀ ਕੁਰਬਾਨੀਆਂ ਦੀ ਲੜੀ ਨੇ ਆਜ਼ਾਦੀ ਪ੍ਰਾਪਤੀ ਲਈ ਇੱਕ ਹੋਰ ਨਵਾਂ ਸਫ਼ਾ ਇਤਿਹਾਸ ਵਿੱਚ ਜੋੜ ਦਿੱਤਾ।

ਸਾਡੇ ਇਹ ਨਾਅਰੇ ਪਾਰਟੀ ਦੇ ਨਿਯਮਾਂ ਅਤੇ ਅਮਲਾਂ ਵਿੱਚੋਂ ਹਨ:

1. ਏਕਤਾ ਦਾ ਫ਼ਲ: ਸ਼ਕਤੀ ਅਤੇ ਆਜ਼ਾਦੀ

2. ਅਨੇਕਤਾ ਦਾ ਸਿੱਟਾ: ਦੁਰਬਲਤਾ ਤੇ ਗ਼ੁਲਾਮੀ

3. ਏਕਤਾ ਦਾ ਮੂਲ: ਸਮਾਜਵਾਦ

4. ਅਨੇਕਤਾ ਦਾ ਮੂਲ: ਸਾਮਰਾਜਵਾਦ

ਯੁੱਗ ਪਲਟ ਰਿਹਾ ਹੈ! ਆਪਣੇ ਕਰਤੱਵ ਪੂਰੇ ਕਰੋ!

ਨੌਜਵਾਨੋ! ਜਾਗੋ! ਉਠੋ!!

ਸੁੱਤਿਆਂ ਨੂੰ ਯੁੱਗ ਬੀਤ ਗਏ!

ਹਰ ਪ੍ਰਕਾਰ ਦੀ ਗ਼ੁਲਾਮੀ ਕੀ ਆਰਥਿਕ, ਕੀ ਰਾਜਨੀਤਕ ਅਤੇ ਕੀ ਸਮਾਜਕ ਜੜ੍ਹ ਤੋਂ ਉਖੇੜ ਸੁੱਟੋ! ਮਨੁੱਖਤਾ ਹੀ ਸੱਚਾ ਧਰਮ ਹੈ।

ਜੈ ਜਨਤਾ"

ਸੋਹਣ ਸਿੰਘ ਭਕਨਾ



ਅਜਿਹੇ ਉੱਚੇ-ਸੁੱਚੇ ਟੀਚੇ ਸਨ ਗ਼ਦਰੀ ਬਾਬਿਆਂ ਦੀ ਤੋਰ ਦੀ ਰਵਾਨੀ 'ਚ। ਅੱਜ ਲੋਕਾਂ ਦੀ ਏਕਤਾ, ਸਾਂਝ,ਭਾਈਚਾਰੇ ਨੂੰ ਤੀਲ੍ਹਾ-ਤੀਲ੍ਹਾ ਕਰਨ ਲਈ ਵਿਆਪਕ ਖ਼ਤਰੇ ਅੰਬਰਾਂ 'ਤੇ ਮੰਡਰਾ ਰਹੇ ਹਨ। ਲੋਕਾਂ ਉਪਰ ਅਨੇਕ ਪ੍ਰਕਾਰ ਦੇ ਬੋਝ ਦੀਆਂ ਪੰਡਾਂ ਲੱਦੀਆਂ ਜਾ ਰਹੀਆਂ ਹਨ। ਫ਼ਿਰਕੂ ਜ਼ਹਿਰ ਧੂੜੀ ਜਾ ਰਹੀ ਹੈ। ਲੋਕਾਂ ਦੇ ਜਨਮ ਸਿੱਧ ਮੌਲਿਕ ਮਾਨਵੀ ਅਧਿਕਾਰਾਂ ਉਪਰ ਨੰਗੀ ਤਲਵਾਰ ਲਟਕ ਰਹੀ ਹੈ। ਇਸ ਦੌਰ ਵਿੱਚ ਬਾਬਾ ਭਕਨਾ ਦੇ ਇਹ ਬੋਲ ਅਤੇ 1915 ਦੇ ਸ਼ਹੀਦਾਂ ਦੀ ਸ਼ਤਾਬਦੀ ਵਿਸ਼ੇਸ਼ ਧਿਆਨ ਖਿੱਚਦੀ ਹੈ। ਗ਼ਦਰੀ ਬਾਬੇ, ਇਤਿਹਾਸ ਪ੍ਰਤੀ ਕਦੇ ਵੀ ਲਕੀਰ ਦੇ ਫ਼ਕੀਰ ਨਹੀਂ ਬਣੇ। ਉਹ ਅਤੀਤ, ਇਤਿਹਾਸ ਜਾਂ ਬੁੱਤਾਂ ਦੇ ਪੂਜਕ ਨਹੀਂ ਬਣੇ। ਉਹ 1947 ਤੋਂ ਬਾਅਦ ਵੀ ਆਖ਼ਰੀ ਸਾਹ ਤਕ ਬੁਲੰਦ ਆਵਾਜ਼ 'ਚ ਹੋਕਾ ਦਿੰਦੇ ਰਹੇ ਕਿ ਅਜੇ ਸਾਡੇ ਅਤੇ ਸਾਡੇ ਅਮਰ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਨਹੀਂ ਬਣਿਆ। ਉਹ ਜ਼ਿੰਦਗੀ ਭਰ ਇਨਕਲਾਬੀ ਸਫ਼ਰ 'ਤੇ ਰਹੇ। ਸਰਾਭੇ ਹੋਰਾਂ ਦੀ ਸ਼ਹਾਦਤ ਪ੍ਰਤੀ ਮਹਿਜ਼ ਸ਼ਰਧਾਵਾਨ ਹੋਣ ਦੀ ਬਜਾਏ, ਉਨ੍ਹਾਂ ਦੇ ਅਧੂਰੇ ਕਾਜ ਲਈ ਉਹ ਨੌਜਵਾਨਾਂ, ਕਿਰਤੀ, ਕਿਸਾਨਾਂ, ਔਰਤਾਂ ਅਤੇ ਬੁੱਧੀਜੀਵੀਆਂ ਨੂੰ ਆਪਣੇ ਸਮੇਂ ਦੀਆਂ ਚੁਣੌਤੀਆਂ ਨੂੰ ਮੁਖ਼ਾਤਬ ਹੋਣ ਲਈ ਅੱਗੇ ਆਉਣ ਦਾ ਸੱਦਾ ਦਿੰਦੇ ਰਹੇ।

ਜਨਮ ਦਿਨ, ਸ਼ਹੀਦੀ ਦਿਨ, ਸਥਾਪਨਾ ਦਿਨ ਅਤੇ ਸ਼ਤਾਬਦੀ ਆਉਂਦੇ ਜਾਂਦੇ ਰਹਿੰਦੇ ਹਨ। ਇਤਿਹਾਸ ਦੇ ਸੰਵੇਦਨਸ਼ੀਲ ਵਾਰਸਾਂ ਨੇ ਸਥਾਪਤੀ ਅਤੇ ਰਵਾਇਤੀ ਤੌਰ ਤਰੀਕਿਆਂ ਨਾਲੋਂ ਇਨ੍ਹਾਂ ਇਤਿਹਾਸਕ ਮੌਕਿਆਂ 'ਤੇ ਆਪਣਾ ਸੰਤੁਲਿਤ,ਭਵਿੱਖ-ਮੁਖੀ ਅਤੇ ਲੋਕ-ਮੁਖੀ ਦ੍ਰਿਸ਼ਟੀਕੋਣ ਧਾਰਨ ਕਰ ਕੇ ਆਪਣੇ ਪੁਰਖਿਆਂ ਦੇ ਅਧੂਰੇ ਰਹਿ ਗਏ ਚਿੱਤਰ'ਚ ਆਪਣੇ ਬੁਰਸ਼ ਨਾਲ ਆਪਣੇ ਅੰਦਾਜ਼ 'ਚ ਖ਼ੂਬਸੂਰਤ ਰੰਗ ਭਰਨੇ ਹੁੰਦੇ ਹਨ।

ਅੱਜ ਅਨੇਕਾਂ ਕਾਰਨਾਂ ਕਰਕੇ ਪੰਜਾਬ ਦੀ ਜੁਆਨੀ ਪਰਦੇਸਾਂ ਵੱਲ ਉਡਾਰੀ ਮਾਰ ਰਹੀ ਹੈ। ਕਦੇ ਨਿੱਕੜੀ ਉਮਰੇ ਹੀ ਕਰਤਾਰ ਸਿੰਘ ਸਰਾਭਾ ਨੇ ਵੀ ਅਮਰੀਕਾ ਜਾ ਕੇ ਰਸਾਇਣ ਵਿਗਿਆਨ ਦੀ ਉੱਚ ਵਿੱਦਿਆ ਹਾਸਲ ਕਰਨ ਦਾ ਸੁਪਨਾ ਲਿਆ ਸੀ। ਉਸ ਨੇ ਬਰਕਲੇ ਯੂਨੀਵਰਸਿਟੀ ਦਾਖ਼ਲਾ ਲਿਆ। ਇੱਕ ਦਿਨ ਉਸ ਨੇ ਅਮਰੀਕਣ ਔਰਤ ਨੂੰ ਦੇਸ਼ ਭਗਤਾਂ ਨੂੰ ਪ੍ਰਣਾਮ ਕਰਦੇ ਦੇਖ ਕੇ ਇਸ ਬਾਰੇ ਜਾਨਣਾ ਚਾਹਿਆ। ਉਸ ਔਰਤ ਨੇ ਦੱਸਿਆ, "ਇਸ ਦਿਨ ਸਾਡਾ ਅਮਰੀਕਾ ਗ਼ੁਲਾਮੀ ਤੋਂ ਆਜ਼ਾਦ ਹੋਇਆ ਸੀ। ਅਸੀਂ ਆਜ਼ਾਦੀ ਪਰਵਾਨਿਆਂ ਨੂੰ ਕਦੇ ਵੀ ਭੁਲਾ ਨਹੀਂ ਸਕਦੇ।" ਉਸ ਪਲ ਸਰਾਭਾ ਸਿਰ ਤੋਂ ਪੈਰਾਂ ਤਕ ਝੰਜੋੜਿਆ ਗਿਆ। ਉਸ ਨੂੰ ਖ਼ਿਆਲਾਂ ਦੀਆਂ ਤਰੰਗਾਂ ਨੇ ਹਲੂਣ ਕੇ ਰੱਖ ਦਿੱਤਾ ਕਿ ਅਸੀਂ ਤਾਂ ਇੱਥੇ ਆ ਗਏ ਪੜ੍ਹਨ ਲਈ। ਡਾਲਰ ਕਮਾਉਣ ਲਈ। ਸਾਡੀ ਮਾਂ ਧਰਤੀ ਗ਼ੁਲਾਮ ਹੈ। ਸਾਨੂੰ ਇੱਥੇ ਕੁਲੀ, ਡੈਮ, ਕਾਲੇ, ਡਰਟੀ ਕਿਹਾ ਜਾਂਦਾ ਹੈ। ਪਿੱਛੇ ਮੁਲਕ 'ਚ ਸਾਡੇ ਲੋਕ ਭੁੱਖ-ਨੰਗ, ਕਰਜ਼ੇ, ਬੀਮਾਰੀ, ਬੇਕਾਰੀ, ਸੂਦਖੋਰੀ ਅਤੇ ਜ਼ਬਰ ਦੇ ਭੰਨੇ ਹੋਏ ਹਨ। ਅਸੀਂ ਫਿਰ ਕੀ ਜਾਗਦੇ ਇਨਸਾਨ ਹਾਂ ਜਾਂ ਖ਼ੁਦਪ੍ਰਸਤ? ਉਹਦੇ ਅੰਦਰ ਵਿਚਾਰਾਂ ਦਾ ਤੂਫ਼ਾਨ ਉੱਠ ਖੜ੍ਹਿਆ। ਉਹ ਸਰਾਭੇ ਪਿੰਡ ਦੇ ਹੀ ਦੇਸ਼ ਭਗਤ ਰੁਲੀਆ ਸਿੰਘ ਪਾਸ ਆਇਆ ਕਰਦਾ ਸੀ। ਉਹਦੀ ਸੰਗਤ ਪਰਮਾਨੰਦ,ਲਾਲਾ ਹਰਦਿਆਲ ਵਰਗਿਆਂ ਨਾਲ ਹੋਣ ਲੱਗੀ। ਨਿੱਕੜਾ ਵਿਦਿਆਰਥੀ ਬੇਹੱਦ ਜ਼ਹੀਨ ਅਤੇ ਤਿੱਖੜਾ ਸੀ।

ਉਹ 21 ਅਪਰੈਲ 1913 ਨੂੰ ਆਸਟਰੀਆ 'ਚ ਬਣਾਈ ਗਈ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫ਼ਿਕ ਕੋਸਟ' ਜਥੇਬੰਦੀ ਦੇ ਸੰਪਰਕ ਵਿੱਚ ਆ ਗਿਆ। ਉਹਦੇ ਵਿਸ਼ੇਸ਼ ਅਤੇ ਮੁੱਢਲੇ ਉੱਦਮ ਨਾਲ 'ਗ਼ਦਰ' ਅਖ਼ਬਾਰ ਸ਼ੁਰੂ ਹੋਇਆ। ਉਹ ਹੱਥੀਂ ਮਸ਼ੀਨ ਚਲਾ ਕੇ ਦਿਨ ਰਾਤ 'ਗ਼ਦਰ' ਪਰਚੇ ਦੀ ਛਪਾਈ, ਲਿਖਾਈ, ਤਰਜਮੇ, ਵੰਡ-ਵੰਡਾਈ ਅਤੇ ਵਿੱਤੀ ਲੋੜਾਂ ਦੀ ਪੂਰਤੀ ਲਈ ਸਮਰਪਿਤ ਹੋ ਗਿਆ। ਗ਼ਦਰ ਪਾਰਟੀ ਦਾ ਤਿੰਨ ਰੰਗਾਂ ਝੰਡਾ ਹਿੰਦੂ, ਮੁਸਲਿਮ ਤੇ ਸਿੱਖਾਂ ਦੀ ਏਕਤਾ ਦਾ ਪ੍ਰਤੀਕ ਅਤੇ ਵਿਚਕਾਰ ਕਰਾਸ ਤਲਵਾਰਾਂ ਸੰਘਰਸ਼ ਦਾ ਚਿੰਨ੍ਹ, ਦਾ ਡਿਜ਼ਾਈਨ ਕਰਨ 'ਚ ਵੀ ਉਸ ਦੀ ਪ੍ਰਮੁੱਖ ਭੂਮਿਕਾ ਸੀ।

ਗ਼ਦਰ ਅਤੇ ਆਜ਼ਾਦੀ ਦੀ ਜੱਦੋ-ਜਹਿਦ ਵਿੱਚ ਉਹ ਨੌਜਵਾਨਾਂ ਦੇ ਨਾਲ-ਨਾਲ ਔਰਤਾਂ ਦੇ ਵਿਸ਼ੇਸ਼ ਯੋਗਦਾਨ ਦੇ ਮਹੱਤਵ ਨੂੰ ਬਾਖ਼ੂਬੀ ਸਮਝਦਾ ਸੀ। ਸਰਾਭੇ ਨੇ ਲਿਖਿਆ ਹੈ:

ਹਿੰਦੋਸਤਾਨੀ ਲੋਕ ਆਮ ਰਵਾਜ਼ਨ ਆਪਣੀਆਂ ਔਰਤਾਂ ਨੂੰ ਮਰਦਾਂ ਤੋਂ ਹੀਣ ਸਮਝਦੇ ਹਨ। ਅਫ਼ਰੀਕਾ ਵਿੱਚ ਹਿੰਦੋਸਤਾਨ ਦੀਆਂ ਦੇਵੀਆਂ ਜਿਹੜੇ ਕੰਮ ਕਰ ਰਹੀਆਂ ਹਨ ਇਸ ਤੋਂ ਹਿੰਦੋਸਤਾਨੀਆਂ ਦੇ ਗ਼ਲਤ ਖ਼ਿਆਲਾਂ ਦਾ ਖੰਡਨ ਹੁੰਦਾ ਹੈ। ਅਫ਼ਰੀਕਾ ਦੇ ਲੋਕ-ਵਿਰੋਧੀ ਕਾਨੂੰਨਾਂ ਨੂੰ ਚਕਨਾਚੂਰ ਕਰਨ ਲਈ ਉੱਥੇ ਗੁਜਰਾਤੀ ਔਰਤਾਂ ਨੇ ਮਰਦਾਂ ਨਾਲੋਂ ਚਾਰ ਕਦਮ ਅੱਗੇ ਜਾ ਕੇ ਟਾਕਰਾ ਕੀਤਾ ਹੈ। ਉਨ੍ਹਾਂ ਅੱਗੇ ਹੋ ਕੇ ਗੰਨੇ ਦੇ ਖੇਤ ਫੂਕ ਸੁੱਟੇ। ਜਾਬਰਾਂ ਨਾਲ ਭਿੜੀਆਂ। ਜੇਲ੍ਹ ਜਾਣ ਤੋਂ ਨਹੀਂ ਡਰੀਆਂ।

ਅੱਜ ਪੰਜਾਬ ਵਿੱਚ ਆਪਣੇ ਹੱਕਾਂ ਲਈ ਹਰ ਮੋਰਚੇ 'ਤੇ ਅੱਗੇ ਹੋ ਕੇ ਜੂਝਦੀਆਂ ਨੌਜਵਾਨ ਲੜਕੀਆਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਦੂਰ-ਅੰਦੇਸ਼ੀ ਅਤੇ ਔਰਤਾਂ ਦੀ ਇਤਿਹਾਸਕ ਭੂਮਿਕਾ ਬਾਰੇ ਸੋਚਣੀ ਦੀ ਹੀ ਪੁਸ਼ਟੀ ਕਰਦੀਆਂ ਪ੍ਰਤੀਤ ਹੁੰਦੀਆਂ ਹਨ।

ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਬੇਬਾਕੀ ਨਾਲ ਉਸ ਸਮੇਂ, ਉਹ ਵੀ ਚੜ੍ਹਦੀ ਉਮਰੇ ਕੌੜਾ ਸੱਚ ਲਿਖਣਾ ਇਉਂ ਜਾਪਦਾ ਹੈ ਜਿਵੇਂ 100 ਵਰ੍ਹੇ ਬਾਅਦ ਉਹ ਹੋਰ ਵੀ ਲਿਸ਼ਕਿਆ ਅਤੇ ਨਿਖ਼ਰਿਆ ਹੈ। ਸਰਾਭੇ ਨੇ ਲਿਖਿਆ ਹੈ:

"ਮੈਂ ਸਿੰਘਾਂ ਤੋਂ ਪੁੱਛਦਾ ਹਾਂ ਕਿ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਸ਼ੇਰ ਬਣਨਾ ਸਿਖਾਇਆ ਸੀ। ਇੱਕ-ਇੱਕ ਨੂੰ ਸਵਾ-ਸਵਾ ਲੱਖ ਨਾਲ ਲੜਨਾ ਸਿਖਾਇਆ ਸੀ ਪਰ ਕੀ ਹੁਣ ਪੰਜਾਬ ਵਿੱਚ ਇਸ ਤਰ੍ਹਾਂ ਅੰਮ੍ਰਿਤ ਛਕਾਇਆ ਜਾਂਦਾ ਹੈ? ਪਹਿਲਾਂ ਵਰਗੀ ਬਹਾਦਰੀ ਸਿੰਘਾਂ ਵਿੱਚ ਕਿਉਂ ਨਹੀਂ ਰਹੀ? ਇਸ ਦੇ ਦੋ ਸਬੱਬ ਹਨ। ਪਹਿਲਾ, ਉਹ ਆਦਮੀ ਜਿਹੜੇ ਅੰਮ੍ਰਿਤ ਬਣਾਉਂਦੇ ਹਨ, ਉਹ ਖ਼ੁਦ ਗ਼ੁਲਾਮ ਹਨ। ਗੁਰਦੁਆਰਿਆਂ ਦੇ ਗ੍ਰੰਥੀ ਅੰਗਰੇਜ਼ ਬਾਂਦਰਾਂ ਨੂੰ ਝੁਕ-ਝੁਕ ਕੇ ਸਲਾਮ ਕਰਦੇ ਦੇਖੇ ਜਾ ਸਕਦੇ ਹਨ। ਭਲਾ ਜੇ ਅਜਿਹੇ ਨੀਚ ਪੁਰਸ਼ ਜਿਹੜੇ ਲੀਡਰ ਬਣੇ ਹੋਏ ਹਨ ਤਾਂ ਉਨ੍ਹਾਂ ਵਿੱਚ ਕੀ ਤਾਕਤ ਅਤੇ ਦਲੇਰੀ ਹੋ ਸਕਦੀ ਹੈ। ਜਦ ਤਕ ਗੁਰੂ ਗੋਬਿੰਦ ਸਿੰਘ ਜੀ ਵਰਗੇ ਸ਼ੇਰਦਿਲ ਤੇ ਬਹਾਦਰ ਆਦਮੀ ਲੀਡਰ ਨਹੀਂ ਹੁੰਦੇ ਤਦ ਤਕ ਕੋਈ ਅਸਰ ਨਹੀਂ ਹੋਵੇਗਾ। ਅੱਜ-ਕੱਲ੍ਹ ਦੇ ਹਾਲਾਤ 'ਤੇ ਅੱਛੀ ਤਰ੍ਹਾਂ ਨਿਗਾਹ ਮਾਰ ਕੇ ਸਿੰਘਾਂ ਨੂੰ ਚਾਹੀਦੈ ਕਿ ਉਹ ਗ਼ੁਲਾਮ ਅਤੇ ਡਰਾਕਲ ਗ੍ਰੰਥੀਆਂ ਨੂੰ ਕੱਢ ਕੇ ਬਾਹਰ ਮਾਰਨ।"

'ਗ਼ਦਰ' ਅਖ਼ਬਾਰ ਦੀ ਮਕਬੂਲੀਅਤ ਨੇ ਸਾਹਿਤ ਅੰਦਰ ਛੁਪੀ ਅਥਾਹ ਸ਼ਕਤੀ ਦਾ ਪ੍ਰਮਾਣ ਦਿੱਤਾ। ਕਰਤਾਰ ਸਿੰਘ ਸਰਾਭਾ ਦੇਸ਼ ਭਗਤ ਆਜ਼ਾਦੀ ਘੁਲਾਟੀਆ ਹੀ ਨਹੀਂ ਸਗੋਂ ਸਿਰੜੀ, ਨਿਹਚਾਵਾਨ ਅਤੇ ਪ੍ਰਤੀਬੱਧ ਕ੍ਰਾਂਤੀਕਾਰੀ ਪੱਤਰਕਾਰ ਅਤੇ ਆਜ਼ਾਦੀ ਸੰਗਰਾਮ ਦਾ ਸ਼ਹੀਦ ਪੱਤਰਕਾਰ ਵੀ ਹੈ।

ਚੋਟੀ ਦਾ ਕਲਮਕਾਰ, ਉਲੱਥਾਕਾਰ, ਕਾਮਾ ਅਤੇ ਹਰ ਖ਼ਤਰੇ ਨਾਲ ਧਾਅ ਗਲਵੱਕੜੀ ਪਾਉਣ ਵਾਲਾ ਸਰਾਭਾ ਹੀ ਸੀ ਜਿਸ ਨੇ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨਾਲ ਵਿਚਾਰ-ਵਟਾਂਦਰਾ ਕਰ ਕੇ ਕਾਮਾਗਾਟਾ ਮਾਰੂ ਜਹਾਜ਼ ਨੂੰ ਜਬਰੀ ਮੋੜੇ ਜਾਣ ਮੌਕੇ ਯੋਕੋਹਾਮਾ ਵਿਖੇ 200 ਪਿਸਤੌਲ ਤੇ 2000 ਗੋਲੀਆਂ ਦੇ ਪੇਟੀਆਂ'ਚ ਬੰਦ ਕਰ ਕੇ ਜਹਾਜ਼ 'ਚ ਪਹੁੰਚਦੀਆਂ ਕੀਤੀਆਂ।

ਇਹ ਸਰਾਭਾ ਹੀ ਸੀ ਜਿਹੜਾ ਅਜੇ ਜੁਆਨੀ ਦੀ ਸਰਦਲ 'ਤੇ ਕਦਮ ਟਿਕਾ ਰਿਹਾ ਸੀ ਪਰ ਅਮਰੀਕਾ ਛੱਡ ਕੇ ਆਪਣੇ ਦੇਸ਼ ਆਇਆ। ਫ਼ੌਜੀ ਛਾਉਣੀਆਂ 'ਚ ਸੰਪਰਕ ਬਣਾਏ। ਗ਼ਦਰ ਦੀ ਤਾਰੀਖ਼ ਮਿਥੀ ਪਰ ਕਿਰਪਾਲੇ ਦੀ ਗ਼ੱਦਾਰੀ ਨਾਲ ਗ਼ਦਰ ਦੀ ਸੂਹ ਮਿਲਣ 'ਤੇ ਫ਼ੌਜੀਆਂ ਨੂੰ ਨਿਹੱਥੇ ਕਰ ਦਿੱਤਾ ਗਿਆ। ਗ੍ਰਿਫ਼ਤਾਰੀਆਂ, ਕੇਸਾਂ ਅਤੇ ਜੇਲ੍ਹਾਂ,ਫ਼ਾਂਸੀਆਂ ਦਾ ਚੱਕਰ ਤੇਜ਼ ਹੋਇਆ। ਸਰਾਭਾ ਖ਼ੁਦ ਭਾਵੇਂ ਬਚ ਨਿਕਲਿਆ ਸੀ। ਅਫ਼ਗਾਨਿਸਤਾਨ ਦੀ ਸਰਹੱਦ ਪਾਰ ਕਰ ਕੇ ਸੁਰੱਖਿਅਤ ਬਾਹਰ ਜਾ ਸਕਦਾ ਸੀ ਪਰ ਉਹ ਗ਼ਦਰੀ ਗੂੰਜਾਂ ਯਾਦ ਕਰਦਿਆਂ ਵਾਪਸ ਮੁੜ ਆਇਆ।

ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ...

ਗ਼ਦਰੀ ਗੀਤ ਗਾਉਂਦਾ ਉਹ ਲੋਕਾਂ 'ਚ ਕੰਮ ਕਰਨ ਲੱਗਾ। ਉਹਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਵਿਸ਼ੇਸ਼ ਅਦਾਲਤ ਵਿੱਚ ਫਾਂਸੀ ਦੀ ਸਜ਼ਾ ਸੁਣਾਈ ਗਈ। ਇਹ ਫਾਂਸੀ ਟਲ ਸਕਦੀ ਸੀ ਪਰ ਸਰਾਭਾ ਆਪਣੇ ਮਿਸ਼ਨ ਦੀ ਮਸ਼ਾਲ ਜਗਦੀ ਅਤੇ ਮਘਦੀ ਰੱਖਣ ਲਈ ਫਾਂਸੀ ਦੀ ਪੀਂਘ ਝੂਟ ਜਾਣਾ ਹੀ ਬਿਹਤਰ ਸਮਝਦਾ ਸੀ। ਉਸ ਨੂੰ ਅਹਿਸਾਸ ਹੋ ਗਿਆ ਸੀ ਕਿ ਇੱਕ ਵਾਰ ਤਾਂ 'ਗ਼ਦਰ' ਨੂੰ ਗੰਭੀਰ ਪਛਾੜ ਵੱਜ ਗਈ, ਹੁਣ ਮਤਾਬੀ ਬਣ ਕੇ ਖ਼ੁਦ ਮੱਚਣਾ ਹੀ ਵਿਚਾਰਾਂ ਦੀ ਰੋਸ਼ਨੀ ਫੈਲਾਉਣਾ ਹੋਵੇਗਾ।

ਆਖ਼ਰ ਸਰਾਭੇ ਨੂੰ ਸਾਥੀਆਂ ਸਮੇਤ ਫਾਂਸੀ 'ਤੇ ਲਟਕਾ ਦਿੱਤਾ ਗਿਆ। ਕੋਈ ਸਾਢੇ ਅਠਾਰਾਂ ਵਰ੍ਹਿਆਂ ਦਾ ਕਰਤਾਰ ਸਿੰਘ ਸਰਾਭਾ ਜਿੰਨਾ ਗੱਭਰੂ 1915 'ਚ ਸੀ, 2015 ਸ਼ਤਾਬਦੀ ਮੌਕੇ ਅਤੇ ਭਵਿੱਖ ਵਿੱਚ ਵੀ ਓਨਾ ਹੀ ਭਰ ਜੁਆਨ ਪ੍ਰਤੀਤ ਹੁੰਦਾ ਰਹੇਗਾ। ਨਵੀਂ ਜੁਆਨੀ ਦੇ ਗਲ਼ ਲੱਗ ਕੇ ਮਿਲਦਾ ਰਹੇਗਾ। ਨਵੀਂ ਪਨੀਰੀ ਨਾਲ ਜੋਟੀ ਪਾ ਕੇ ਗੀਤ

ਗਾਉਂਦਾ ਰਹੇਗਾ ਜੋ ਉਸ ਦੀ ਕਲਮ ਨੇ ਲਿਖਿਆ ਅਤੇ ਉਸ ਨੇ ਖ਼ੁਦ ਗਾਇਆ ਸੀ:

ਜੋ ਕੋਈ ਪੂਛੇ ਕਿ ਕੌਨ ਹੋ ਤੁਮ
ਤੋ ਕਹਿ ਦੋ ਬਾਗ਼ੀ ਹੈ ਨਾਮ ਮੇਰਾ
ਜ਼ੁਲਮ ਮਿਟਾਨਾ ਹਮਾਰਾ ਪੇਸ਼ਾ
ਗ਼ਦਰ ਕਰਨਾ ਹੈ ਕਾਮ ਅਪਨਾ
ਨਮਾਜ਼ ਸੰਧਿਆ ਯਹੀ ਹਮਾਰੀ
ਔਰ ਪਾਠ ਪੂਜਾ ਸਭ ਯਹੀ ਹੈ
ਧਰਮ ਕਰਮ ਸਭ ਯਹੀ ਹੈ ਹਮਾਰਾ,
ਯਹੀ ਖ਼ੁਦਾ ਔਰ ਰਾਮ ਅਪਨਾ।

ਅਜੋਕੇ ਨਾਜ਼ੁਕ ਦੌਰ ਵਿੱਚ ਮੁਲਕ ਦੀ ਬੇੜੀ ਕਿਨਾਰੇ ਲਾਉਣ ਲਈ ਸਾਮਰਾਜੀ ਗਲਬੇ ਨੂੰ ਵਗਾਹ ਮਾਰਨਾ, ਜਗੀਰੂ-ਪੂੰਜੀਪਤੀ ਮੱਕੜਜਾਲ ਤੋਂ ਮੁਕਤ ਹੋਣਾ, ਫ਼ਿਰਕਾਪ੍ਰਸਤੀ, ਜ਼ਾਤ-ਪ੍ਰਸਤੀ, ਗ਼ਰੀਬੀ, ਬੇਕਾਰੀ, ਵਿਤਕਰੇਬਾਜ਼ੀ ਅਤੇ ਜ਼ਬਰ ਜ਼ੁਲਮ ਤੋਂ ਮੁਕਤ, ਆਜ਼ਾਦ, ਖ਼ੁਸ਼ਹਾਲ, ਅਤੇ ਸਾਂਝੀਵਾਲਤਾ ਭਰਿਆ ਨਿਜ਼ਾਮ ਸਿਰਜਣ ਲਈ ਚੇਤਨਾ ਦੇ ਚਾਨਣ ਦਾ ਛੱਟਾ ਦੇਣਾ 2015 ਸ਼ਤਾਬਦੀ ਦਾ ਮਨੋਰਥ ਹੋਵੇ। ਇਹੋ ਵਕਤ ਦੀ ਆਵਾਜ਼ ਹੈ। ਇਤਿਹਾਸ ਦੀ ਅੱਖ ਸਦਾ ਜਾਗਦੀ ਅਤੇ ਜਗਦੀ ਰਹਿੰਦੀ ਹੈ। ਡਾਢਿਆਂ ਨੂੰ ਐਵੇਂ ਭੁਲੇਖਾ ਹੁੰਦਾ ਹੈ ਕਿ ਇਤਿਹਾਸ ਉਨ੍ਹਾਂ ਦੀ ਮਨਮਰਜ਼ੀ ਦੀ ਤੋਰ ਤੁਰੇਗਾ ਅਤੇ ਉਨ੍ਹਾਂ ਮੁਤਾਬਕ ਦੇਖੇਗਾ।

# ਟੋਰਾਂਟੋ ਦੇ ਰੰਗ ਮੰਚ ਕਲਾਕਾਰ



ਅਵਤਾਰ ਔਜਲਾ

ਟੋਰਾਂਟੋ ਤੇ ਇਸ ਦੇ ਆਸ ਪਾਸ ਏਰੀਏ ਵਿੱਚ ਹੁੰਦੇ ਰੰਗ ਮੰਚ ਜਾਂ ਰੰਗਕਰਮੀਆਂ ਦੀ ਗੱਲ ਜਦੋਂ ਵੀ ਕਿਤੇ ਚਲਦੀ ਹੈ ਤਾਂ ਅਵਤਾਰ ਔਜਲਾ ਦਾ ਨਾਂ ਆਪ ਮੁਹਾਰੇ ਅੱਗੇ ਆ ਜਾਂਦਾ ਹੈ। 1990 ਤੋਂ ਲਗਾਤਾਰ ਸਟੇਜ ਸਰਗਰਮੀਆਂ ਨਾਲ ਜੁੜੀ ਔਜਲਾ ਨੂੰ ਬਹੁਤ ਸਾਰੇ ਨਾਮੀ ਨਾਟਕਕਾਰਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ।ਅਵਤਾਰ ਔਜਲਾ ਤੇ ਉਸਦੇ ਜੀਵਨ-ਸਾਥੀ ਨਾਹਰ ਔਜਲਾ ਦੇ ਕਈ ਨਾਟਕ ਤਾਂ ਕੈਨੇਡਾ ਭਰ ਵਿੱਚ ਦੇਖੇ ਜਾਂਦੇ ਚੈਨਲਾ ਤੋਂ ਪ੍ਰਸਾਰਿਤ ਕੀਤੇ ਗਏ ਹਨ ਜੋ ਚਰਚਾ ਦਾ ਵਿਸ਼ਾ ਬਣੇ ਰਹੇ ਹਨ।ਅਵਤਾਰ ਔਜਲਾ ਪੰਜਾਬੀ ਕਮਿਊਨਿਟੀ ਦੀ ਇੱਕ ਅਜੇਹੀ ਸਖ਼ਸ਼ੀਅਤ ਹੈ ਜਿਸਨੇ ਸਿਰਫ ਅਦਾਕਾਰੀ ਦੇ ਖੇਤਰ ਵਿੱਚ ਹੀ ਨਹੀਂ ਸਗੋਂ ਹੋਰ ਵੀ ਕਈ ਖੇਤਰਾਂ ਵਿੱਚ ਮੱਲਾਂ ਮਾਰੀਆਂ ਹਨ। "ਮਾਲਟਨ ਨੇਬਰਹੁੱਡ ਸਰਵਿਸਜ਼", "ਪੀਲ ਵਿਕਟਮ ਸਰਵਿਸਜ਼",ਵਾਲੰਟੀਅਰ ਸੰਸਥਾ "ਚਿਲਡਰਨ ਏਡ ਸੁਸਾਇਟੀ ਓਨਟਾਰੀਓ" ਤੇ "ਈਸਟ ਇੰਡੀਆ ਵਰਕਰਜ਼ ਐਸੋਸੀਏਸ਼ਨ" ਆਦਿ ਵਿੱਚ ਬਹੁਤ ਸਾਲ ਵਾਲੰਟੀਅਰ ਵਰਕ ਕਰਨ ਵਾਲੀ ਔਜਲਾ ਨੇ ਸੰਨ 2000 ਵਿੱਚ ਬਰੈਂਪਟਨ ਦੀ ਸਿਟੀ ਕੌਂਸਲਰ ਬਣ ਕੇ ਇੱਕ ਨਵਾਂ ਇਤਿਹਾਸ ਸਿਰਜਿਆ। ਕਿਸੇ ਇੰਡੋ-ਕੈਨੇਡੀਅਨ ਔਰਤ ਵਲੋਂ ਕੈਨੇਡਾ ਦੇ ਕਿਸੇ ਸ਼ਹਿਰ ਦੀ ਕੌਂਸਲਰ ਬਣਨਾ ਪਹਿਲੀ ਵਾਰ ਵਾਪਰਿਆ ਸੀ। ਮੇਨ ਸਟਰੀਮ ਲਈ ਇਹ ਅਚੰਭੇ ਵਾਲੀ ਘਟਨਾ ਸੀ, ਇਸੇ ਲਈ ਅਵਤਾਰ ਦੀਆਂ ਵੋਟਾਂ ਦੀ ਗਿਣਤੀ ਵਾਰ ਵਾਰ ਕੀਤੀ ਗਈ। ਗਿਣਤੀ ਸਮੇਂ ਓਨਟਾਰੀਓ ਦਾ ਹੈਲਥ ਮਨਿਸਟਰ ਉਥੇ ਆਪ ਹਾਜ਼ਰ ਹੋਇਆ। ਅਵਤਾਰ ਔਜਲਾ ਨੇ ਔਰਤਾਂ ਦੀ ਇੱਕ ਸੰਸਥਾ "ਸਾਂਝਾ ਵਿਰਸਾ" ਬਣਾ ਕੇ ਔਰਤਾਂ ਤੇ ਬੱਚਿਆਂ ਦੀਆਂ ਖੇਡਾਂ ਦੀ ਸ਼ੁਰੂਆਤ ਕੀਤੀ ਜਿਸ ਦਾ ਸਾਰਾ ਪ੍ਰਬੰਧ ਔਰਤਾਂ ਦੀ ਕਮੇਟੀ ਆਪ ਕਰਦੀ ਸੀ। ਸਾਊਥ ਏਸ਼ੀਅਨ ਸੀਨੀਅਰ ਕਲੱਬ ਦੇ ਮੇਲੇ ਦੀ ਸ਼ੁਰੂਆਤ ਅਵਤਾਰ ਔਜਲਾ ਵਲੋਂ ਹੀ ਕਰਵਾਈ ਗਈ ਸੀ ਜੋ ਅੱਜ ਤੱਕ ਲਗਾਤਾਰ ਲਾਇਆ ਜਾ ਰਿਹਾ ਹੈ।

ਅਵਤਾਰ ਔਜਲਾ ਦੀ ਨਾਟਕਾਂ ਵਿੱਚ ਕੰਮ ਕਰਨ ਦੀ ਸ਼ੁਰੂਆਤ ਕਾਲਜ ਪੜ੍ਹਦਿਆਂ ਹੀ ਇੱਕ ਨਾਟਕ ਵਿੱਚ ਛੋਟੇ ਜਿਹੇ ਰੋਲ ਨਾਲ ਹੋਈ ਸੀ। ਉਸ ਸਮੇਂ ਇਹਨਾ ਨੂੰ ਰੰਗ ਮੰਚ ਬਾਰੇ ਬਹੁਤੀ ਸੋਝੀ ਨਹੀਂ ਸੀ। ਫਿਰ ਉਹ ਆਪਣੇ ਪਰਿਵਾਰ ਨਾਲ ਕੈਨੇਡਾ ਆ ਪਹੁੰਚੀ ਤੇ ਹੋਰ ਲੋਕਾਂ ਵਾਂਗ ਇੱਥੋਂ ਦੇ ਸਿਸਟਮ ਵਿੱਚ ਰਚ ਮਿਚ ਗਈ।ਨਾਟਕਕਾਰ ਨਾਹਰ ਔਜਲਾ ਦੀ ਜੀਵਨ ਸਾਥਣ ਬਨਣ ਕਾਰਨ ਨਾਟਕਾਂ ਪ੍ਰਤੀ ਇਹਨਾ ਦੀ ਰੁਚੀ ਅੰਗੜਾਈਆਂ ਲੈਣ ਲੱਗੀ। ਪੰਜਾਬੀ ਲੋਕ ਮੇਲੇ ਅਤੇ ਈਸਟ ਇੰਡੀਆ ਵਰਕਰਜ਼ ਦੇ ਪ੍ਰੋਗਰਾਮਾਂ ਵਿੱਚ ਪੇਸ਼ ਕੀਤੇ ਨਾਟਕਾਂ ਵਿੱਚ ਸਰਗਰਮੀ ਨਾਲ ਭਾਗ ਲੈਣ ਲੱਗੀ ਜਿਹਨਾ ਵਿੱਚ "ਦਲ ਬਦਲੂ" ਅਤੇ "ਇੰਨਕਲਾਬ ਜ਼ਿੰਦਾਬਾਦ" ਪ੍ਰਮੁੱਖ ਹਨ। ਸਟੇਜ ਦੀ ਪਕੜ ਹੋਣ ਤੇ ਅਵਤਾਰ ਨੇ ਸੋਚਿਆ ਕਿ ਇੱਥੋਂ ਦੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਤੇ ਵਿਰਸੇ ਨਾਲ ਜੋੜਿਆ ਜਾਵੇ। ਇਸ ਲਈ ਉਹਨਾ ਆਪਣੇ ਬੱਚਿਆਂ ਸਮੇਤ ਹੋਰ ਬੱਚਿਆਂ ਨੂੰ ਆਪਣੇ ਨਾਲ ਜੋੜ ਕੇ ਕਮਲਜੀਤ ਨੀਲੋਂ ਦੇ "ਡੇਰੇ ਵਾਲਾ ਬਾਬਾ" ਅਤੇ "ਦਾਦੀ ਮਾਂ ਤੇਰੇ ਦੰਦ ਕੌਣ ਲੈ ਗਿਆ" ਕਾਵਿ-ਨਾਟਕ ਤਿਆਰ ਕਰਵਾਕੇ ਬੜੀ ਸਫਲਤਾ ਪੂਰਬਕ ਉਹਨਾ ਨੂੰ ਸਟੇਜ ਕੀਤਾ। ਜਦੋਂ ਭਾਅ ਜੀ ਗੁਰਸ਼ਰਨ ਸਿੰਘ 1997 ਵਿੱਚ ਕੈਨੇਡਾ ਆਏ ਤਾਂ ਉਹਨਾ ਦੀ ਨਿਰਦੇਸ਼ਨਾ ਹੇਠ ਨਾਟਕ "ਨਵਾਂ ਜਨਮ" ਕੀਤਾ ਉਸੇ ਹੀ ਟੀਮ ਵਿੱਚ ਸ਼ਾਮਲ ਮਾਸਟਰ ਤਰਲੋਚਨ ਦੀ ਨਿਰਦੇਸ਼ਨਾ ਹੇਠ "ਦੇਵ ਪੁਰਸ਼ ਹਾਰ ਗਏ" ਨਾਟਕ ਵਿੱਚ ਮਰਦ ਪਾਤਰ ਦਾ ਰੋਲ ਬਾਖੂਬੀ ਨਿਭਾਇਆ।ਇਹਨਾ ਦੋਹਾਂ ਨਾਟਕਾਂ ਦੇ ਸ਼ੋਅ ਟੋਰਾਂਟੋ ਤੋਂ ਬਿਨਾ ਕੈਲਗਰੀ, ਐਡਮਿੰਟਨ ਅਤੇ ਵੈਨਕੂਵਰ ਵਿੱਚ ਵੀ ਹੋਏ।ਇਸ ਤੋਂ ਬਿਨਾ ਅਨੀਤਾ ਸ਼ਬਦੀਸ਼ ਦੀ ਨਿਰਦੇਸ਼ਨਾ ਹੇਠ ਨਾਟਕ ਕੀਤਾ।ਇਸੇ ਤਰ੍ਹਾਂ ਨਾਟਕਕਾਰ ਅਜਮੇਰ ਔਲਖ ਦੇ ਨਾਟਕ "ਨਿਊ-ਜੜ੍ਹ" ਜਿਸਨੂੰ ਬਰੈਂਪਟਨ ਵਿੱਚ "ਸੋ ਕਿਉਂ ਮੰਦਾ ਆਖੀਐ" ਦੇ ਨਾਂ ਹੇਠ ਤਰਕਸ਼ੀਲ ਮੇਲੇ ਵਿੱਚ ਖੇਡਿਆ ਗਿਆ ਸੀ ਵਿੱਚ ਇਹਨਾ ਦੀ ਅਦਾਕਾਰੀ ਦੀ ਭਰਪੂਰ ਪ੍ਰਸੰਸਾਂ ਹੋਈ। ਅਵਤਾਰ ਔਜਲਾ ਬਰੈਂਪਟਨ ਦੀ ਨਾਮੀ ਨਾਟਕ ਟੀਮ "ਚੇਤਨਾ ਕਲਚਰਲ ਗਰੁੱਪ" ਦਾ ਇੱਕ ਮਜ਼ਬੂਤ ਥੰਮ ਹੈ। ਇਸ ਨੇ ਨਾਹਰ ਔਜਲਾ ਦੇ ਬਹੁ-ਚਰਚਿਤ ਨਾਟਕਾਂ "ਨਸ਼ਿਆਂ ਦਾ ਨਦੀਨ", "ਪੁਆੜਾ ਬੋਤਲ" ਦਾ ਜੋ "ਅਹਿਸਾਸ" ਦੇ ਨਾਂ ਹੇਠ ਵੀ ਖੇਡਿਆ ਜਾਂਦਾ ਰਿਹਾ ਹੈ ਵਿੱਚ ਅਦਾਕਾਰੀ ਕਰਕੇ ਦਰਸ਼ਕਾਂ ਦੀ ਖੂਬ ਪ੍ਰਸੰਸਾਂ ਖੱਟੀ। ਇਸ ਤੋਂ ਬਿਨਾ "ਹੌਕੀ" ਅਤੇ "ਪਖੰਡੀ ਬਾਬੇ" ਵਿੱਚ ਆਪਣੀ ਅਦਾਕਾਰੀ ਦਾ ਲੋਹਾ ਮੰਨਵਾਇਆ। ਨਾਟਕ "ਤਿੜਕਦੇ ਰਿਸ਼ਤੇ" ਜੋ ਕਿ ਕੈਨੇਡਾ ਵਿੱਚ ਸੈੱਟ ਹੋਣ ਖਾਤਰ ਵਿਆਹ ਕਰਵਾਕੇ ਗਿਣੀ ਮਿੱਥੀ ਸਾਜਿਸ਼ ਅਨੁਸਾਰ ਕੁੜੀ ਦੇ ਏਅਰਪੋਰਟ ਤੋਂ ਹੀ ਕਿਤੇ ਹੋਰ ਚਲੇ ਜਾਣ ਦੀ ਕਹਾਣੀ ਬਿਆਨ ਕਰਦਾ ਹੈ। ਜਿਸ ਨਾਲ ਲੜਕੇ ਦੇ ਪ੍ਰੀਵਾਰ ਨੂੰ ਬੜੇ ਹੀ ਦਵੰਦ ਵਿੱਚੋਂ ਗੁਜ਼ਰਨਾ ਪੈਂਦਾ ਹੈ। ਪਿਛਲੇ ਸਮੇਂ ਵਿੱਚ ਇਹਨਾ ਦੁਆਰਾ ਖੇਡੇ ਗਏ ਨਾਟਕ "ਡਾਲਰਾਂ ਦੀ ਦੌੜ" ਅਤੇ "ਸਹਿਮ ਦੇ ਪਲ" ਦਰਸ਼ਕਾਂ ਦੀ ਵਿਸ਼ੇਸ਼ ਖਿੱਚ ਅਤੇ ਚਰਚਾ ਦਾ ਕਾਰਣ ਬਣੇ ਹਨ ਜੋਕਿ ਲੰਬੇ ਸਮੇਂ ਤੱਕ ਉਹਨਾ ਦੇ ਚੇਤੇ ਰਹਿਣਗੇ। ਅਵਤਾਰ ਦੁਆਰਾ ਖੇਡਿਆ ਗਿਆ ਇੱਕ ਹੋਰ ਨਾਟਕ ਹੈ "ਸੁਪਰ ਵੀਜ਼ਾ" ਜੋ ਸੁਪਰ ਵੀਜ਼ੇ ਤੇ ਆਏ ਮਾਪਿਆਂ ਦੀ ਦਾਸਤਾਨ ਹੈ ਕਿ ਉਹਨਾ ਨੂੰ ਕਿਸਤਰ੍ਹਾਂ ਦੀਆਂ ਦੁਸ਼ਵਾਰੀਆਂ ਵਿੱਚੋਂ ਲੰਘਣਾ ਪੈਂਦਾ ਹੈ। ਇਹ ਸਭ ਕੁੱਝ ਨਾ ਸਹਾਰਦੇ ਹੋਏ ਉਹ ਭਰੇ ਮਨ ਨਾਲ ਆਪਣੇ ਪਰਿਵਾਰ ਤੋਂ ਵਿਛੜ ਕੇ ਮੁੜ ਇੰਡੀਆ ਜਾਣ ਦੀ ਤਿਆਰੀ ਕਰ ਲੈਂਦੇ ਹਨ। ਅਵਤਾਰ ਔਜਲਾ ਜਿਹੜੀ ਅਸਲ ਜੀਵਨ ਵਿੱਚ ਬਹੁਤ ਹੀ ਨੇਕ ਔਰਤ ਹੈ ਇਸ ਨਾਟਕ ਵਿੱਚ ਬੜੀ ਹੀ ਸਫਲਤਾ ਨਾਲ ਕੁਪੱਤੀ ਨੂੰਹ ਦਾ ਕਿਰਦਾਰ ਨਿਭਾ ਹੁੰਦੀ ਹੈ। ਇਹੀ ਅਸਲੀ ਕਲਾਕਾਰ ਦੀ ਨਿਸ਼ਾਨੀ ਹੈ। ਇਹ ਪੁੱਛਣ ਤੇ ਕਿ ਨਾਟਕਾਂ ਵਿੱਚ ਕੰਮ ਕਰਕੇ ਕਿਸ ਤਰ੍ਹਾਂ ਮਹਿਸੂਸ ਕਰਦੇ ਹੋ ਤਾਂ ਉਹਨਾ ਦਾ ਜਵਾਬ ਸੀ "ਬਹੁਤ ਵਧੀਆ"। ਰੰਗਮੰਚ ਦੇ ਰੁਝੇਵਿਆਂ ਦਾ ਘਰੇਲੂ ਜੀਵਨ ਤੇ ਪ੍ਰਭਾਵ ਦੇ ਸੁਆਲ ਤੇ ਉਹਨਾਂ ਆਪਣਾ ਪ੍ਰਤੀਕ੍ਰਮ ਦਿੰਦੇ ਹੋਏ ਕਿਹਾ, "ਕੰਮ ਤਾਂ ਜ਼ਰੂਰ ਵੱਧ ਕਰਨਾ ਪੈਂਦਾ ਹੈ ਪਰ ਨਾਟਕਾਂ ਨਾਟਕਾਂ ਰਾਹੀਂ ਆਮ ਲੋਕਾਂ ਨੂੰ ਚੇਤਨ ਕਰਨ ਵਰਗਾ ਸਾਰਥਕ ਕੰਮ ਕਰਨ ਤੇ ਜੋ ਮਾਨਸਿਕ ਤਸੱਲੀ ਹੁੰਦੀ ਹੈ ਉਹ ਬੇਸ਼ਕੀਮਤੀ ਹੈ। ਮਕਸਦ-ਭਰਪੂਰ ਕੰਮ ਕਰਨ ਨਾਲ ਇੱਕ ਤਰ੍ਹਾਂ ਦੀ ਸ਼ਕਤੀ ਮਿਲਦੀ ਹੈ ਜੋ ਰੁਝੇਵਿਆਂ ਦਾ ਬੋਝ ਮਹਿਸੂਸ ਨਹੀਂ ਹੋਣ ਦਿੰਦੀ। ਬਾਕੀ ਮੇਰੇ ਪਤੀ ਨਾਹਰ ਔਜਲਾ ਆਪ ਇਸ ਖੇਤਰ ਵਿੱਚ ਪੂਰੀ ਤਰ੍ਹਾਂ ਸਰਗਰਮ ਹਨ। ਜ਼ਿੰਦਗੀ ਦੇ ਸਾਥ ਨਾਲ ਨਾਲ ਰੰਗਮੰਚ ਤੇ ਸਾਥ ਨਿਭਾਉਣ ਨਾਲ ਇੱਕ ਖਾਸ ਤਰ੍ਹਾਂ ਦੀ ਖੁਸ਼ੀ ਦਾ ਅਨੁਭਵ ਹੁੰਦਾ ਹੈ"। ਮੈਨੂੰ ਰਿਹਰਸਲਾਂ ਸਮੇਂ ਉਹਨਾ ਦੇ ਘਰ ਜਾਣ ਦਾ ਮੌਕਾ ਮਿਲਿਆ ਹੈ ਤੇ ਮਹਿਸੂਸ ਕੀਤਾ ਹੈ ਕਿ ਉਹ ਨਾਟਕਾਂ ਵਿੱਚ ਅਦਾਕਾਰੀ ਦੇ ਨਾਲ ਨਾਲ ਇੱਕ ਕੁਸ਼ਲ ਪ੍ਰਬੰਧਕ ਤੇ ਨਿਰਦੇਸ਼ਕ ਹਨ।ਉਹਨਾ ਦੇ ਘਰ ਵਿੱਚ ਰਿਹਰਸਲਾਂ ਹੋਣ ਸਮੇਂ ਕਲਾਕਾਰ ਉਹਨਾ ਦੀ ਪ੍ਰਾਹੁਣਚਾਰੀ ਦਾ ਖੂਬ ਆਨੰਦ ਮਾਣਦੇ ਹਨ ਤੇ ਆਪਣੇ ਆਪ ਨੂੰ ਉਹਨਾ ਦੇ ਘਰ ਦਾ ਹੀ ਇੱਕ ਜੀਅ ਸਮਝਦੇ ਹਨ। ਅਵਤਾਰ ਔਜਲਾ ਭਾਜੀ ਗੁਰਸ਼ਰਨ ਸਿੰਘ ਨੂੰ ਆਪਣਾ ਪ੍ਰੇਰਣਾ ਸਰੋਤ ਮੰਨਦੀ ਹੈ। ਉਸ ਮੁਤਾਬਕ ਨਾਟਕ ਸਿਰਫ ਮਨ-ਪ੍ਰਚਾਵੇ ਦਾ ਹੀ ਸਾਧਨ ਨਹੀ ਸਗੋਂ ਆਮ ਲੋਕਾਂ ਨੂੰ ਚੇਤਨ ਕਰਨ ਦਾ ਇੱਕ ਕਾਰਗਰ ਹਥਿਆਰ ਹੈ। ਪਿਛਲੇ ਸਾਲ ਇਹਨਾ ਦੇ "ਚੇਤਨਾ ਕਲਚਰਲ ਗਰੁੱਪ" ਨੇ ਕੈਨੇਡਾ ਵਿੱਚ ਨੁੱਕੜ ਨਾਟਕ ਸ਼ੁਰੂ ਕਰਕੇ ਨਵੀਂ ਪਰੰਪਰਾ ਨੂੰ ਜਨਮ ਦਿੱਤਾ ਹੈ। ਨਾਟਕ "ਸੁਪਰ ਵੀਜ਼ਾ" ਨੁੱਕੜ ਨਾਟਕ ਦੇ ਤੌਰ 'ਤੇ ਵੱਖ ਵੱਖ ਥਾਵਾਂ ਤੇ ਅੱਠ ਪੇਸ਼ਕਾਰੀਆਂ ਕਰਕੇ ਨਾਟਕ ਨੂੰ ਘਰ ਘਰ ਪਹੁੰਚਾਉਣ ਦੀ ਸੁਹਿਰਦ ਕੋਸ਼ਿਸ ਕੀਤੀ ਗਈ ਜਿਸ ਦੀ ਹਰ ਪਾਸਿਓਂ ਸ਼ਲਾਘਾ ਹੋਈ। ਅੱਜ ਕੱਲ੍ਹ ਇਹ ਆਪਣੇ ਨਵੇਂ ਨਾਟਕ 'ਜਿਉਂਦਾ ਜਾਗਦਾ ਬੁੱਤ' ਨੂੰ ਵੱਡੇ ਪੱਧਰ ਉਤੇ ਖੇਡਣ ਦੀ ਤਿਆਰੀ ਕਰ ਰਹੇ ਹਨ। ਇਹ ਜਿਸ ਸ਼ਿੱਦਤ ਨਾਲ ਨਾਟਕਾਂ ਨੂੰ ਸਮਰਪਿਤ ਹਨ,ਆਉਣ ਵਾਲੇ ਸਮੇਂ ਵਿੱਚ ਦਰਸ਼ਕਾਂ ਨੂੰ ਇਹਨਾਂ ਤੋਂ ਵੱਡੀਆਂ ਆਸਾਂ ਹਨ।ਅਵਤਾਰ ਬਾਰੇ ਕਿਹਾ ਜਾ ਸਕਦਾ ਹੈ-

ਜ਼ਿੰਦਗੀ ਨੂੰ ਜੀਣ ਦਾ ਹੈ ਵੱਲ ਜਿਹਨਾ ਨੂੰ,
ਦੂਜਿਆਂ ਦੀ ਜ਼ਿੰਦਗੀ ਚ ਖੁਸ਼ੀਆਂ ਫੈਲਾਉਣਾ ਲੋਚਦੇ।

ਹਰਜੀਤ ਬੇਦੀ
905-794-8871)

# ਅਪਣੀ ਛਾਪ ਛੱਡ ਗਿਆ ਗ਼ਦਰੀ ਮੇਲਾ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਉਤਰੀ ਅਮਰੀਕਾ ਤਰਕਸ਼ੀਲ ਸੁਸਾਇਟੀ ਅਤੇ ਇੰਡੋ ਕਨੇਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ ਗ਼ਦਰੀ ਸ਼ਹੀਦਾਂ ਨੂੰ ਸਮੱਰਪਿਤ ਪ੍ਰੋਗਰਾਮ ਨੂੰ ਪੰਜਾਬੀ ਭਾਈਚਾਰੇ ਵੱਲੋਂ ਭਰਪੂਰ ਹੁੰਗਾਰਾ ਮਿਲਿਆ 'ਤੇ ਇਸ ਹੁੰਗਾਰੇ ਦੇ ਨਾਲ ਨਾਲ, ਪ੍ਰੋਗਰਾਮ ਵਿਚਲੇ ਹਰਕੇਸ਼ ਚੌਧਰੀ ਦੁਆਰਾ ਤਿਆਰ ਕਰਵਾਏ ਉੱਚ ਪਾਏ ਦੇ ਨਾਟਕਾਂ 'ਤੇ ਦੇਸ਼ ਭਗਤ ਯਾਦਗਾਰ ਹਾਲ ਤੋਂ ਆਏ ਅਮੋਲਕ ਸਿੰਘ ਦੇ ਵਿਲੱਖਣ ਵਿਚਾਰਾਂ ਕਾਰਨ, ਇਹ ਪ੍ਰੋਗਰਾਮ ਲੋਕਾਂ ਵਿਚ ਅਪਣੀ ਛਾਪ ਛੱਡ ਗਿਆ। ਬੀਤੇ ਐਤਵਾਰ ਬਰੈਂਪਟਨ ਦੇ ਪੀਅਰਸਨ ਥੀਏਟਰ ਵਿਚ ਕਰਵਾਏ ਗ਼ਦਰੀ ਮੇਲੇ ਦਾ ਮੁੱਖ ਆਕਰਸ਼ਣ ਨਾਟਕ ਚਾਨਣ ਬਗਾਵਤ ਕਰ ਰਿਹੈ ਅਤੇ ਪਾਤਸ਼ਾਹ ਰਹੇ, ਅਤੇ ਮੁੱਖ ਬੁਲਾਰੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਤੋਂ ਆਏ, ਪੰਜਾਬ ਦੀਆਂ ਅਗਾਂਹਵਧੂ ਸਫਾਂ ਵਿਚ ਜਾਣੀ ਪਹਿਚਾਣੀ ਸ਼ਖਸ਼ੀਅਤ, ਲੋਕ ਸਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਸਨ। ਇਸ ਤੋਂ ਇਲਾਵਾ ਇਸ ਮੌਕੇ ਅਗਾਂਹ ਵਧੂ ਗੀਤ ਸੰਗੀਤ, ਕੋਰੀਓਗਰਾਫ਼ੀ ਅਤੇ ਬਚਿਆਂ ਦੇ ਮੰਨੋਰੰਜਣ ਲਈ ਜਾਦੂ ਦੇ ਟਰਿਕ ਵੀ ਪੇਸ਼ ਕੀਤੇ ਗਏ। ਪ੍ਰੋਗਰਾਮ ਦੇ ਦੋ ਸ਼ੋ, ਇੱਕ ਸਵੇਰੇ ਤੇ ਦੂਜਾ ਸ਼ਾਮ 4 ਨੂੰ ਕੀਤੇ ਗਏ। ਪ੍ਰੋਗਰਾਮ ਦੇ ਸਫ਼ਲ ਹੋਣ ਦਾ ਸਿਹਰਾ ਦੋਨੋਂ ਸੰਸਥਾਂਵਾਂ ਦੇ ਅਣਥੱਕ ਮੈਂਬਰਾ ਨੂੰ ਜਾਂਦਾ ਹੈ।



ਪ੍ਰੋਗਰਾਮ ਗਦਰੀ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ 6 ਸਾਥੀਆਂ, ਜਿਨ੍ਹਾਂ ਨੂੰ ਪਹਿਲੇ ਲਾਹੌਰ ਸਾਜਿਸ਼ ਕੇਸ ਵਿਚ ਅੰਗਰੇਜ਼ ਸਰਕਾਰ ਨੂੰ ਉਲਟਾਉਣ ਦੀ ਸਾਜਿਸ਼ ਦੇ ਦੋਸ਼ਾਂ ਤਹਿਤ ਸਜ਼ਾ ਦੇ ਕੇ 16 ਨਵੰਬਰ 1915 ਨੂੰ ਫਾਂਸੀ ਤੇ ਲਟਕਾ ਕੇ ਸ਼ਹੀਦ ਕੀਤਾ ਗਿਆ ਅਤੇ ਹੋਰ ਸੈਂਕੜੇ ਗ਼ਦਰੀਆਂ ਦੀ ਯਾਦ ਨੂੰ ਸਮੱਰਪਿਤ ਸੀ। ਇਹ ਭਦੌੜ ਸੰਗੀਤ ਮੰਡਲੀ ਦੇ ਨਵਤੇਜ ਪ੍ਰੀਤ ਅਤੇ ਸੁਖਦੇਵ ਸਿੰਘ ਦੇ ਮਿੱਠੇ ਸੁਰ ਵਿਚ ਗਾਏ ਗੀਤ ਨਾਲ ਸ਼ੁਰੂ ਕੀਤਾ ਗਿਆ। ਸੁਸਾਇਟੀ ਦੇ ਕਾਰਜਕਰਨੀ ਮੈਂਬਰ ਅਮ੍ਰਿਤ ਢਿੱਲੋਂ ਨੇ ਸਭ ਨੂੰ ਜੀ ਆਇਆਂ ਕਿਹਾ ਤੇ ਨਾਲ ਹੀ ਨਾਟਕ ਚਾਨਣ ਬਗਾਵਤ ਕਰ ਰਿਹੈ ਸ਼ੁਰੂ ਹੋ ਗਿਆ। ਨਾਟਕ ਨੇ ਪੰਜਾਬ ਵਿਚ ਸਤਾਧਾਰੀ ਪਾਰਟੀ ਦੀ ਸ਼ਹਿ ਪ੍ਰਾਪਤ ਗੁੰਡਿਆਂ ਵਲੋਂ ਜ਼ਮੀਨਾਂ, ਕੋਠੀਆਂ ਤੇ ਕਬਜ਼ੇ, ਔਰਤਾਂ ਨਾਲ ਬਦਸਲੂਕੀ ਤੇ ਨੌਜਵਾਨਾਂ ਨੂੰ ਨਸ਼ੇ ਵਿਚ ਡਬੋ, ਪੈਸੇ ਲੁਟਣ ਦੀਆਂ ਘਟਨਾਵਾਂ ਦਾ ਪਰਦਾ ਫ਼ਾਸ਼ ਕੀਤਾ।

ਇੱਕ ਵਿਗੜੇ ਪੁੱਤ ਵਾਲੇ ਘਰ ਦੀ ਇਸ ਕਹਾਣੀ ਵਿਚ ਸਭ ਪਾਤਰਾਂ ਨੇ ਅਪਣੇ ਰੋਲ ਨੂੰ ਪੂਰਨ ਤੌਰ ਤੇ ਨਿਭਾਉਂਦਿਆਂ, ਪੁੱਤ ਕਰਤਾਰ (ਅਮਨਿੰਦਰ ਢਿੱਲੋਂ) ਜੋ ਗੁੰਡਿਆਂ (ਜਸਵਿੰਦਰ ਬੱਬੂ, ਗੁਰਬਿੰਦਰ ਤੇ ਰਿੱਕੀ) ਦੀ ਭੈੜੀ ਸੰਗਤ ਵਿਚ ਪੈ ਕੇ ਕੁਰਾਹੇ ਪੈ ਜਾਂਦਾ ਹੈ, ਨੂੰ ਬਾਪ (ਹਰਕੇਸ਼ ਚੌਧਰੀ) ਅਤੇ ਭੈਣ (ਸਮਰ ਸਿੱਧੂ) ਨੇ, ਕਰਤਾਰ ਸਿੰਘ ਸਰਾਭੇ ਦੇ ਵਿਚਾਰਾਂ ਨਾਲ ਕਾਇਲ ਕਰਕੇ ਅਤੇ ਹੋਰ ਅਗਾਂਹ ਵਧੂ ਸਹਿਤ ਨਾਲ ਜੋੜ ਕੇ ਸਹੀ ਰਾਹ ਤੇ ਲਿਆਂਦਾ। ਮਾਂ ਦੇ ਤੌਰ ਤੇ ਅੰਤਰਪ੍ਰੀਤ ਧਾਲੀਵਾਲ ਦਾ ਰੋਲ ਵੀ ਸਰਾਹੁਣ ਯੋਗ ਸੀ। ਸਮੇਂ ਸਮੇਂ ਨਾਟਕ ਵਿਚਲੇ ਹਾਸੇ ਮਖੌਲ ਨੇ ਵੀ ਲੋਕਾਂ ਦਾ ਖੂਬ ਮੰਨੋਰੰਜਣ ਕੀਤਾ। ਦੂਸਰਾ ਨਾਟਕ, ਪਾਤਸ਼ਾਹ, ਪ੍ਰੀਵਾਰ ਵਿਚ ਔਲਾਦ ਨਾ ਹੋਣ ਕਾਰਨ ਸੱਸ (ਸਮਰ ਸਿੱਧੂ) ਵਲੋਂ ਅਪਣੀ ਨੂੰਹ (ਅੰਤਰਪ੍ਰੀਤ ਧਾਲੀਵਾਲ) ਨੂੰ ਦਿੱਤੇ ਜਾਂਦੇ ਤਿਖੇ ਮਿਹਣਿਆਂ ਨਾਲ ਭਰਪੂਰ ਸੀ, ਜਿਨ੍ਹਾਂ ਦਾ ਦੁੱਖ ਨਾ ਸਹਾਰਦੇ ਹੋਏ ਨੂੰਹ, ਇੱਕ ਭੇਖੀ ਸਾਧ (ਅਮ੍ਰਿੰਦਰ ਢਿੱਲੋਂ) ਦੇ ਡੇਰੇ ਜਾਣ ਲਈ ਮਜਬੂਰ ਹੋ ਜਾਂਦੀ ਹੈ। ਪਰ ਆਖਿਰ ਸਹੁਰੇ (ਕਰਮਜੀਤ ਗਿੱਲ) ਦੇ ਤਰਕਸ਼ੀਲ ਵਿਚਾਰਾਂ ਨਾਲ ਪ੍ਰੀਵਾਰ ਟੁੱਟਣ ਤੋਂ ਬੱਚ ਜਾਂਦਾ ਹੈ। ਸਮਰ ਸਿੱਧੂ ਤੇ ਅੰਤਰਪ੍ਰੀਤ ਧਾਲੀਵਾਲ ਦੋਵਾਂ ਨੇ, ਵੱਡੀ ਤੇ ਛੋਟੀ ਉਮਰ ਦੇ ਕਿਰਦਾਰ, ਬਰਾਬਰ ਨਿਭਾ ਵਾਹਵਾ ਖੱਟੀ। ਸ਼ਹੀਦ ਭਗਤ ਸਿੰਘ ਦੀ ਘੋੜੀ ਵਿਚਲੀ ਕੋਰੀਓਗਰਾਫ਼ੀ ਵਿਚ ਵੀ ਇਹ ਸਾਰੇ ਰੰਗਕਰਮੀ ਸ਼ਾਮਿਲ ਸਨ।

ਦੂਜਾ ਸ਼ੋ ਬਲਜੀਤ ਬੈਂਸ ਅਤੇ ਸੁਮੀਤ ਦੇ ਗਾਏ ਗੀਤਾਂ ਨਾਲ ਸ਼ੁਰੂ ਹੋਇਆ।ਅਮੋਲਕ ਸਿੰਘ ਦੇ ਵਿਚਾਰ ਦਰਸ਼ਕਾਂ ਨੇ ਬੜੇ ਧਿਆਨ ਨਾਲ ਸੁਣੇ, ਜਿਸ ਦੌਰਾਨ ਉਨ੍ਹਾਂ ਸਪੱਸ਼ਟ ਕੀਤਾ ਕਿ ਗ਼ਦਰੀ ਬਾਬਿਆਂ ਦੇ ਸੁਫ਼ਨਿਆਂ ਦਾ ਭਾਰਤ ਉਸਾਰਨਾ ਅਤੇ ਉਨ੍ਹਾ ਵਲੋਂ ਚਿਤਵੇ ਲੋਕ ਹਿੱਤ ਵਾਲੇ ਸਮਾਜ ਦੀ ਸਿਰਜਣਾ ਅਜੇ ਬਾਕੀ ਹੈ। ਉਨ੍ਹਾਂ ਦੀ ਪੰਜਾਬੀ ਬੋਲੀ ਵਿਚਲੀ ਮੁਹਾਰਤ ਤੇ ਦਿਲ ਵਿਚ ਭਾਰਤ ਦੇ ਲੋਕਾਂ ਲਈ ਦਰਦ ਇਸ ਸਮੇਂ ਪ੍ਰਗਟਾਏ ਵਿਚਾਰਾਂ ਵਿਚ ਸਾਫ਼ ਵਿਖਾਈ ਦਿੱਤਾ। ਪੰਜਾਬ ਵਿਚ ਲੋਕ ਵਿਰੋਧੀ ਤਾਕਤਾਂ ਵਲੋਂ ਨੌਜਵਾਨਾਂ ਨੂੰ ਕੁਰਾਹੇ ਪੌਣ ਦੀਆਂ ਸਾਜ਼ਸ਼ਾਂ ਦਾ ਟਾਕਰਾ ਕਰ ਰਹੇ ਅਗਾਂਹਵਧੂ ਸਫ਼ਾਂ ਦੇ ਕਾਰਕੁਨਾਂ ਵਲੋਂ ਚੰਗਾ ਸਹਿਤ, ਲੋਕ ਰੰਗ ਮੰਚ ਦੇਣ ਦੇ ਯਤਨਾਂ ਬਾਰੇ ਵੀ ਦਸਿਆ। ਮੈਜਿਕ ਸ਼ੋ ਦਾ ਬਚਿਆਂ ਨੇ ਭਰਪੂਰ ਆਨੰਦ ਮਾਣਿਆਂ।

ਪ੍ਰੋਗਰਾਮ ਦੌਰਾਨ ਇੰਡੋ ਕਨੇਡੀਅਨ ਐਸੋਸੀਏਸ਼ਨ ਦੇ ਕਾਰਜਕਰਨੀ ਮੈਂਬਰ, ਜਾਣੇ ਪਹਿਚਾਣੇ ਪਤਰਕਾਰ, ਜੋਗਿੰਦਰ ਗਰੇਵਾਲ ਦਾ ਸਨਮਾਨ ਕੀਤਾ ਗਿਆ, ਜਿਨ੍ਹਾਂ ਵਲੋਂ ਆਖਿਰ ਵਿਚ ਸਭ ਦਾ ਧੰਨਵਾਦ ਕੀਤਾ ਗਿਆ। ਬਲਦੇਵ ਰਿਹਪਾ ਨੇ ਜੋਗਿੰਦਰ ਗਰੇਵਾਲ ਦੀ ਲੋਕ ਹਿਤਾਂ ਨੂੰ ਸਮੱਰਪਿਤ ਜ਼ਿੰਦਗੀ ਬਾਰੇ ਦੱਸਿਆ। ਸਟੇਜ ਸੰਭਾਲਣ ਦੀ ਜ਼ੁਮੇਵਾਰੀ ਡਾ ਬਲਜਿੰਦਰ ਸੇਖੋਂ ਨੇ ਬਾਖੂਬੀ ਨਿਭਾਈ। ਸੁਸਾਇਟੀ ਬਾਰੇ ਜਾਣਕਾਰੀ ਲਈ ਨਛੱਤਰ ਬਦੇਸ਼ਾ (647 267 3397) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## A war and its crimes

# The Nuremberg principle and the State's treatment of Maoists

**Prabhat Patnaik**

The author is Professor Emeritus, Centre for Economic Studies, Jawaharlal Nehru University, and New Delhi

I have little ideological sympathy for the Maoists. I believe that the transition from a neo-liberal State to one representing the interests of the workers and peasants can occur only through a defense and deepening of democracy, rather than through armed struggle resulting in a dictatorship of one particular political party, which is the Maoist vision. The dénouement they visualize does not, in my view, overcome the problem of alienation; it depoliticizes the people, and ultimately gets either overthrown by capitalism or transformed into capitalism. But notwithstanding all my differences with them, I am appalled by the atrocious treatment currently being meted out to Maoists (or suspected Maoists) who are lodged in prisons by the Indian State.

One of the supposed "ideologues" of the Communist Party of India (Maoist), Kobad Ghandy, went on a hunger strike on May 30 protesting against ill-treatment in Tihar jail, where he claims he was being denied basic facilities, necessary medicines and medical attention, and made to shift frequently from one cell to another. Since he has a kidney ailment, in the course of the treatment of which he was arrested from a south Delhi hospital in September 2009, and also several others major ailments, the denial of medicines and medical attention was a serious matter. He called off his hunger strike on June 5, only after a court ordered the jail authorities to provide him with basic facilities and adequate healthcare. The fact that the court had to do so underscores as much the veracity of his claim, as the absurdity of the fact that it needs a judge's order to provide a jail inmate, and that too a political prisoner, with basic facilities.

In the case of G.N. Saibaba, a professor of English at the Delhi University, who was arrested a year ago for alleged "Maoist links" and lodged in Nagpur central prison, there has not even been any judicial relief so far. He is wheelchair-bound, being 90 per cent handicapped owing to post-polio paralysis; and his condition has deteriorated considerably during the last year, with several serious additional ailments also afflicting him. According to his lawyer, the extreme heat in the special, secluded cell, where he is lodged, makes him faint every single day. Such inhuman treatment of a disabled person, and that too of a person under trial against whom no charges have been proved, should be impermissible in any society, let alone a society claiming to be democratic.

The Maoist prisoners are not the only ones being singled out for inhuman treatment. Muslim youths in several north Indian towns are regularly picked up as "terror suspects" and lodged in jails for years, during which they do not even have adequate access to legal defence. Their chances of acquittal, even when innocent, are naturally small; and, if acquitted, they neither get any compensation from the State for their lost years, nor any employment owing to the stigma of having been a "terror suspect" (a stigma that does not go away despite the acquittal).

Many may feel that since the Maoists are "waging a war" against the Indian State, in which several military and paramilitary personnel are being killed daily, the State's treating them in this manner should cause no great anguish. After all, the Maoist leaders and activists have chosen the path of confrontation; so why should they expect any softness from the State?

There are several obvious answers to this. First, the question is not one of softness but of legal rights. Second, a political project must be distinguished from a criminal project, and while nobody accused of being involved in either should be at the receiving end of inhuman treatment, this principle must apply with even greater force for political prisoners. Third, in the specific case of Professor Saibaba, who occupied no position in the Maoist leadership, even his involvement with that movement is a matter that has to be established. Fourth, under the most elementary principle of natural justice, namely that a person is innocent until proven guilty, the under trial prisoners must be deemed innocent until they are convicted, and must therefore also be treated as innocent. This principle is being violated by the inhuman treatment accorded to them.

There is, however, an additional point that needs reiteration in this context. At the Nuremberg trial of the Nazi leaders at the end of World War II for war crimes and crimes against humanity, an important principle was established: namely, that a person, for whom a moral choice was possible, could not evade responsibility for his actions by claiming that he was simply following a superior's orders. It was on the basis of this principle, which asserted the culpability of individuals who also happened to be members of an organization that sentences were handed out to the Nuremberg accused.

This Nuremberg principle has a number of important implications. One cannot, for instance, evade responsibility for one's action by claiming to be bound by the "discipline" of an organization, including a political party. One may follow the principle that "nobody is above the party", with the implication that one must always abide by "party discipline" even if the action one has to undertake for maintaining that "discipline" violates one's moral choice; but invoking "discipline" does not absolve one of individual responsibility for that action. The Nuremberg principle interestingly was accepted by all the judges at the trial, which included those representing the Soviet Union where the notion of "being bound by party discipline" would have been expected to receive greater sympathy.

But the Nuremberg principle has a reverse side as well. If nobody can evade responsibility for his individual actions by claiming that he belonged to a disciplined organization that asked him to act in a certain way, then, exactly on the same grounds, nobody can also be held responsible for the actions, supposedly carried out at the behest of such an organization, in which he has played no part, merely because he happens to be an individual member of such an organization. Just as one cannot escape punishment for one's actions by invoking one's organizational affiliation, likewise one cannot be given punishment for actions in which one has no part on the grounds of one's organizational affiliation. Responsibility for any action in short must be specifically assigned.

All this, it must be noted, has nothing to do with the action itself. I may exercise a moral choice to act in a certain manner that I consider justifiable, but which the law of the land as it exists, and the judges who preside over the administration of that law, consider criminal. The Nuremberg principle does not say that one must accept the law of the land; it concerns itself only with the issue of assigning responsibility for the violation of the law. The Nuremberg principle does not say for, instance, that Surya Sen and his comrades should not have carried out the Chittagong armoury raid; it only asserts that no person participating in that raid could claim lack of responsibility on the grounds that he did this because "Master da" asked him to do it.

It follows from this Nuremberg principle that nobody can be considered culpable only because he belongs to the Maoist Party. If sheer membership of an organization does not make one culpable, if culpability for a "crime" (which the individual may not, of course, consider a "crime") has to be established specifically for that individual, then, since every person must be considered innocent until proven guilty, each of the under-trial Maoists must be considered innocent. Even though he may admit to being a member of the CPI (Maoist), and not just to subscribing to the ideology of Maoism (which is all that Professor Saibaba has admitted to doing), he must be charged specifically under different counts of the law as an individual, and, in addition, be considered innocent until found guilty.

It follows that even Maoists admitting to party membership but undergoing trial have to be treated as innocent under law, even by a State that is engaged in a "war" with the Maoist Party. Their rights as prisoners must be respected and they must be given humane treatment. Not doing so would actually invite charges against the prison administrators who mete out inhuman treatment; and they, in turn, cannot, under the Nuremberg principle, hide behind the plea that they were simply "acting on orders". Everything I have said about undertrial Maoist prisoners holds with equal force for the under-trial "terror suspects" who, too, must be given humane treatment in custody, if at all they are kept in custody. And the trials in both cases must be expedited, so that no under-trial person stays in custody for more than a year, at the most.

# Cuban workers caring for Nepal quake victims



**W. T. Whitney Jr.**

A new chapter in the story of Cuba's outreach to the peoples of the world began on May 12, 2015 with the arrival in Katmandu, Nepal of 49 Cuban health care workers - 25 are physicians - to care for wounded and distraught victims of the earthquake that hit the region on April 25.

They are members of "Brigade 41" of the Henry Reeve Brigade which has long experience in providing emergency, follow-up, and rehabilitative care in situations of natural disaster or epidemics. This was the 41st time since its formation in 2005 that Brigade surgeons, medical doctors, nurses, and technicians have gone abroad to 24 different countries where these conditions were playing out.

A native of Brooklyn, New York, Henry Reeve, in 1869, joined rebels in Cuba fighting for independence from Spain. He was 27 years old and a brigadier general when died in battle in 1876.

Upon their arrival the Cubans set up a fully-equipped emergency hospital in Katmandu's Kirtipur district next to a Nepalese medical center, where 50 recovery beds were made available for their patients. They assembled translators, met with Nepalese health officials, and coordinated efforts with World Health Organization representatives and other international teams.

Encouraged by Katmandu's Cuba solidarity organization, a contingent of the Brigade moved to the hard-hit Bhaktapur district where over the five initial hours the Cubans saw 512 patients, mostly for triage, minor injuries, and pre-existing illnesses.

A strong secondary earthquake on the day the Cubans arrived added to the flood of injured people needing care; many required surgery.

The Henry Reeve Brigade was hardly the only international group caring for earthquake victims in Nepal. Others teams include those of the Doctors without Borders organization, and several physician-nurse groups from U.S. and Canadian hospitals. Included in the U.S. aid package are the services of 120 U.S. Marines, four Osprey tilt-rotor aircraft, and one helicopter.

Only the Cuban health workers, however, were there as the result of national planning, budgeting, and experience extending over decades. Prior to formation of Henry Reeve Brigade and beginning in 1960, 36 emergency medical units had already provided care in 24 countries.

Cuban Health Minister Roberto Morales bade farewell on April 9 to 15 medical specialists leaving to deal with floods in Chile. He recalled that he himself, in 1960, had joined Cuba's first international medical relief team, which also went to Chile, that time in response to a serious earthquake.

Three Brigade missions are particularly noteworthy. Within two weeks of an earthquake in Pakistan that killed 250,000 people in 2005, over 3,000 Cuban medical personnel were in the snow and mountains working out of 32 field hospitals to care for the injured. They stayed for six months.

Cuban doctors were the first to arrive in Haiti to provide medical relief after the massive earthquake there in 2010. They were joined by hundreds of Cuban doctors already working in Haiti and medical students from Haiti and other countries who had been studying in Cuba. Cuban doctors have taken the lead in combating the post-earthquake cholera epidemic still ravaging Haiti.

And on May 22 the last of the 256 Henry Reeve Brigade physicians returned to Cuba from West Africa where for six months they had been treating Ebola patients. As the People's



World reported recently, the Annual Conference of Norwegian Trade Unions on Feb. 4 nominated the Henry Reeve Brigade to receive the Noble Peace Prize for its work against the epidemic. Canadian Professor John Kirk, an expert on Cuba's medical internationalism, supports the nomination. He cites Operation Miracle, the Cuban - Venezuelan program that has surgically restored sight to more than three million people, Cuba's medical care for thousands of children sickened by the 1986 Chernobyl nuclear plant disaster, and the Latin American School of Medicine (ELAM) that in ten years has graduated over 20,000 physicians from 84 countries.

Kirk could have mentioned 124,000 Cuban health professionals who've worked in over 154 countries since 1960 and also 50,000 of them working in 67 countries now.

Argentinian ELAM graduate Emiliano Mariscal in 2011 reported on his work in Haiti as a medical student after the earthquake there. He discusses the future role ELAM graduates might play in international medical outreach and elaborates upon principles motivating such efforts.

He has in mind a "health organization whose members will be health professionals graduated in Cuba and elsewhere in Latin America who identify with principles of internationalism, solidarity, brotherhood, humanism, and love to the neighbor without distinction of creed, race, sexual orientation, or social condition - and thus improve the quality of life of the community with concrete results." For, as Fidel says, "the consciousness of being human creates objective conditions."

## ਕਾਮਰੇਡ ਜਗਜੀਤ ਸਿੰਘ ਆਨੰਦ ਦੇ ਸਦੀਵੀ ਵਿਛੋੜਾ ’ਤੇ ਸ਼ੋਕ ਮਤਾ ਤੇ ਅੰਤਿਮ ਵਿਦਾਇਗੀ



ਜਲੰਧਰ : ਪੰਜਾਬ ਦੇ ਅਗਾਂਹਵਧੂ ਹਲਕਿਆਂ ਵਿੱਚ ਇਹ ਖ਼ਬਰ ਬੜੇ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਮੈਂਬਰ, ਨਾਮਵਰ ਲੇਖਕ, ਪ੍ਰਬੁਧ ਇਤਿਹਾਸਕਾਰ, ਸੂਝਵਾਨ ਸੰਪਾਦਕ ਅਤੇ ਸਾਰੀ ਉਮਰ ਕਮਿਊਨਿਸਟ ਲਹਿਰ ਨੂੰ ਸਮਰਪਤ ਕਰਨ ਵਾਲੇ ਉੱਘੇ, ਨਿੱਘੇ ਤੇ ਨਿਮਰ ਇਨਸਾਨ ਵਜੋਂ ਪ੍ਰਸਿੱਧ ਕਾਮਰੇਡ ਜਗਜੀਤ ਸਿੰਘ ਆਨੰਦ ਸਾਨੂੰ ਸਦਾ ਲਈ ਸਦੀਵੀ ਵਿਛੋੜਾ ਦੇ ਗਏ।

ਇਹ ਦੁਖਦਾਈ ਖ਼ਬਰ ਸੁਣਦਿਆਂ ਹੀ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰਾਂ ਅਤੇ ਦੇਸ਼ ਭਗਤ ਯਾਦਗਾਰ ਹਾਲ ’ਚ ਲੱਗੇ ਸਿਖਿਆਰਥੀ ਚੇਤਨਾ ਕੈਂਪ ਦੇ ਸਿਖਿਆਰਥੀਆਂ ਸਮੇਤ ਸ਼ੋਕ ਇਕੱਤਰਤਾ ਹੋਈ ਅਤੇ ਆਪਣੇ ਵਿਛੜੇ ਸਾਥੀ ਅਤੇ ਆਗੂ ਵਲੋਂ ਪਾਏ ਯੋਗਦਾਨ ਨੂੰ ਯਾਦ ਕੀਤਾ ਗਿਆ। ਦੁਪਹਿਰ 1:20 ਵਜੇ ਕਾਮਰੇਡ ਜਗਜੀਤ ਸਿੰਘ ਆਨੰਦ ਜੀ ਦੀ ਮ੍ਰਿਤਕ ਦੇਹ, ਦੇਸ਼ ਭਗਤ ਯਾਦਗਾਰ ਹਾਲ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਪਾਰਕ ਵਿਚ ਅੰਤਿਮ ਦਰਸ਼ਨਾਂ ਲਈ ਰੱਖੀ ਗਈ। ਕਮੇਟੀ ਦੀ ਤਰਫ਼ੋਂ ਜਨਰਲ ਸਕੱਤਰ ਡਾ. ਰਘਬੀਰ ਕੌਰ ਅਤੇ ਕਮੇਟੀ ਮੈਂਬਰਾਂ ਨੇ ਉਨ੍ਹਾਂ ਦੀ ਦੇਹ ’ਤੇ ਗ਼ਦਰ ਪਾਰਟੀ ਦਾ ਝੰਡਾ ਅਤੇ ਫੁੱਲਾਂ ਦੇ ਹਾਰ ਪਾਕੇ ਉਨ੍ਹਾਂ ਨੂੰ ਅੰਤਿਮ ਵਿਦਾਇਗੀ ਦਿੱਤੀ ਗਈ। ਇਸ ਮੌਕੇ ’ਤੇ ਮੀਤ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਡਾ. ਰਘਬੀਰ ਕੌਰ, ਖਜ਼ਾਨਚੀ ਸੀਤਲ ਸਿੰਘ ਸੰਘਾ, ਕਾ. ਗੰਧਰਵ ਸੇਨ ਕੋਛੜ, ਸੁਰਿੰਦਰ ਕੁਮਾਰੀ ਕੋਛੜ, ਕਮੇਟੀ ਮੈਂਬਰ ਕਾਮਰੇਡ ਗੁਰਮੀਤ, ਕਾਮਰੇਡ ਮੰਗਤ ਰਾਮ ਪਾਸਲਾ, ਕਾਮਰੇਡ ਗੁਰਮੀਤ ਸਿੰਘ ਢੱਡਾ, ਕਾਮਰੇਡ ਜਗਰੂਪ, ਹਰਵਿੰਦਰ ਭੰਡਾਲ, ਬਲਬੀਰ ਕੌਰ ਬੁੰਡਾਲਾ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਦੇਵਰਾਜ ਨਈਅਰ, ਮਨਜੀਤ ਸਿੰਘ ਅਤੇ ਸਟਾਫ ਮੈਂਬਰ ਸ਼ਾਮ ਲਾਲ, ਗੁਰਦੀਪ ਸਿੰਘ, ਬਲਵਿੰਦਰ ਕੌਰ, ਕਾ. ਐਨਟਨੀ, ਕੇਸਰ ਸਿੰਘ, ਮਨਜੀਤ ਕੌਰ, ਭੀਮ ਰਾਓ, ਗੋਪਾਲ ਸਿੰਘ ਬੁੱਟਰ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਦੇ ’ਤੇ ਆਏ ਸਿਖਿਆਰਥੀ ਚੇਤਨਾ ਕੈਂਪ ਦੇ ਮੁੱਖ ਬੁਲਾਰੇ ਡਾ. ਅਮਰਜੀਤ ਸਿੰਘ ਸਿੱਧੂ (ਪ੍ਰੋ., ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਅਤੇ ਸਮੂਹ ਸਿਖਿਆਰਥੀ ਹਾਜ਼ਰ ਸਨ।

# 3rd All India Conference on Linguistics & Folklore

The Padma Shri Awardee and a renowned Punjabi poet, Dr Surjit Patar bemoaned the mammon worship in the present era and youth's craze to go abroad. He was speaking at the inauguration of the "3rd All-India Conference on Linguistics and Folklore" at the Punjab Agricultural University (PAU) today. The conference has been jointly organized by the Department of Agricultural Journalism, Languages and Culture (DAJLC), PAU and Punjabi Linguistics Association, Patiala under the theme "Emerging Trends in Literature, Language and Folklore." Delegates from across the country are participating in the conference.

Dr Patar, who was the chief guest, expressed concern over youth distancing itself from Punjabi language and folklore. He emphasized on preserving mother tongue as well as Punjabiyat. "I have 42 years of association with PAU. This University has produced many litterateurs and has won maximum Sahitya Akademi Awards. PAU has left no stone unturned in keeping the glory of Punjabi culture alive," he stated. Dr Patar also spoke about the deplorable condition of government schools in the state.

The Guest of Honour, Mr Harcharan Bains, Media Advisor to Punjab Chief Minister, exhorted the teaching fraternity to have love and passion for their work. He claimed that Punjabi language was not dying, rather its status was being elevated in the state. He said fanaticism in language should not be there as in global era, one language is a blend of many other languages. Thoughts, ideologies and technologies create new ideas, he added. Voicing concern over female foeticide and other social evils prevailing in the society, Mr Bains stressed on fighting and uprooting them.

Another Guest of Honour, Dr Gulzar Sandhu, Prof. of Eminence, Punjabi University, Patiala, shared his memorable moments of his tenure as Joint Director Communication, PAU. He stressed on recognizing and respecting the traditional values and culture.

In his presidential remarks, Dr Baldev Singh Dhillon, Vice-Chancellor, PAU said this University has earned international recognition in agriculture, sports and promoting Punjabi Virsa. He said literature preserves ideals of mankind including love, faith, duty, freedom, and reverence. He called for intellectually rewarding interaction among the experts during the conference and suggested having next seminar on "Effect of Folk Songs on Punjabi Youth."

In his key note address, Dr Nahar Singh, Former Dean, Faculty of Languages, Panjab University, Chandigarh underlined the need for promoting Punjabi culture and moral values among the younger generation. He suggested reinterpretation of latest fields of folklore including films, singing, dancing, fashion, and consumer market, and called it an area of cultural anthropology. S. Singh also lauded Punjabi women for being creative.



Dr B.S. Khera, President of the Association, traced the history of establishment of Punjabi Linguistics Association (PLA). Highlighting that PLA is a big organization comprising 1200 members, he said it has worked extensively on language. He said this conference aims at studying the attitude of the students towards their cultural heritage.

Earlier, Dr Neelam Grewal, Dean, Postgraduate Studies and Convener of the Conference welcomed the dignitaries and the delegates. She observed, "Language is a mainstay of knowledge and opens doors for creativity and imagination." Folklore helps people to remain connected to their roots and keeps their conscience alive, she added.

Dr Jagdish Kaur, Head, DAJLC proposed the vote of thanks. Ms Gulneet Chahal, expert of DAJLC, coordinated the programme.

On the occasion, Dr Dhillon felicitated the dignitaries. A set of five publications was released on the occasion. These include "Paaird te Parchawan" by S. Gurmeet Sandhu, "Meri White House Pheri" by Mr C.S. Pannu, "Anandmai- Importance of Happiness in Family Life" by Dr Sarabjeet Singh (DAJLC), "Post-Feminist Voices" by Dr Ashoo Toor (DAJLC) and "Punjabi Baramah atey Vijeg Paramparah" by S. Gurmeet Sohi.

# ਜਮਹੂਰੀ ਅਧਿਕਾਰ ਸਭਾ (ਪੰਜਾਬ) ਦੇ ਅਹੁਦੇਦਾਰਾਂ ਦੀ ਚੋਣ ਤੇ ਐਮਰਜੈਂਸੀ ਬਾਰੇ ਜਾਗਰੂਕਤਾ ਮੁਹਿੰਮ

ਪ੍ਰੈੱਸ ਬਿਆਨ ਜਾਰੀ ਕਰਦਿਆਂ ਜਮਹੂਰੀ ਅਧਿਕਾਰ ਸਭਾ, ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ. ਮਲੇਰੀ ਅਤੇ ਸੂਬਾ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਨੇ ਦੱਸਿਆ ਕਿ ਹਾਲ ਹੀ ਵਿਚ ਲੁਧਿਆਣਾ ਵਿਖੇ ਸਭਾ ਦੀ ਸੂਬਾ ਕਮੇਟੀ ਦੀ ਵਿਸ਼ੇਸ਼ ਮੀਟਿੰਗ ਵਿਚ ਅਗਲੇ ਸੈਸ਼ਨ ਲਈ ਸੂਬਾਈ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਜਿਸ ਵਿਚ ਪ੍ਰੋਫੈਸਰ ਅਜਮੇਰ ਸਿੰਘ ਔਲਖ (ਸਾਬਕਾ ਸੂਬਾ ਪ੍ਰਧਾਨ) ਨੂੰ ਸਰਪ੍ਰਸਤ, ਪ੍ਰੋਫੈਸਰ ਏ.ਕੇ. ਮਲੇਰੀ ਨੂੰ ਸੂਬਾ ਪ੍ਰਧਾਨ, ਪ੍ਰੋਫੈਸਰ ਜਗਮੋਹਣ ਸਿੰਘ ਨੂੰ ਸੂਬਾ ਜਨਰਲ ਸਕੱਤਰ, ਬੱਗਾ ਸਿੰਘ ਨੂੰ ਸੂਬਾ ਮੀਤ ਪ੍ਰਧਾਨ, ਮਾਸਟਰ ਤਰਸੇਮ ਲਾਲ ਨੂੰ ਵਿੱਤ ਸਕੱਤਰ, ਐਡਵੋਕੇਟ ਰਾਜੀਵ ਲੋਹਟਬੱਦੀ ਨੂੰ ਸੂਬਾ ਦਫ਼ਤਰ ਸਕੱਤਰ, ਨਰਭਿੰਦਰ ਸਿੰਘ ਨੂੰ ਜਥੇਬੰਦਕ ਸਕੱਤਰ, ਡਾ. ਪਰਮਿੰਦਰ ਸਿੰਘ ਨੂੰ ਪ੍ਰਕਾਸ਼ਨ ਸਕੱਤਰ, ਪ੍ਰਿਤਪਾਲ ਸਿੰਘ ਨੂੰ ਸੀ.ਡੀ.ਆਰ.ਓ ਤਾਲਮੇਲ ਸਕੱਤਰ ਅਤੇ ਬੂਟਾ ਸਿੰਘ ਨੂੰ ਸੂਬਾ ਪ੍ਰੈੱਸ ਸਕੱਤਰ ਚੁਣਿਆ ਗਿਆ। ਸੂਬਾਈ ਮੀਟਿੰਗ ਨੇ ਦੇਸ਼ ਦੀਆਂ ਦਿਨੋਦਿਨ ਗੰਭੀਰ ਹੋ ਰਹੀਆਂ ਹਾਲਤਾਂ ਵਿਚ ਉਭਰ ਰਹੀਆਂ ਅਣਐਲਾਨੀ ਐਮਰਜੈਂਸੀ ਦੀਆਂ ਅਲਾਮਤਾਂ ਨੂੰ ਗੰਭੀਰਤਾ ਨਾਲ ਨੋਟ ਕੀਤਾ। ਕਿਉਂਕਿ ਨਰਿੰਦਰ ਮੋਦੀ ਸਰਕਾਰ ਸੱਤਾਧਾਰੀ ਹੋਣ ਪਿੱਛੋਂ ਕਾਰਪੋਰੇਟ ਤੇ ਸਰਮਾਏਦਾਰੀ ਦੀ ਸੇਵਾ ਵਿਚ ਸ਼ਰੇਆਮ ਜੁੱਟੀ ਹੈ। ਕਾਰਪੋਰੇਟ ਸਰਮਾਏਦਾਰਾਂ ਤੋਂ ਖਰਬਾਂ ਰੁਪਏ ਦੇ ਟੈਕਸ ਨਾ ਵਸੂਲਕੇ ਉਲਟਾ ਜ਼ਮੀਨ ਹੜੱਪਕੇ ਕਾਰਪੋਰੇਟਾਂ ਦੇ ਹਵਾਲੇ ਕਰਨ ਲਈ ਬਾਰ ਬਾਰ ਆਰਡੀਨੈਂਸ ਲਿਆਂਦਾ ਜਾ ਰਿਹਾ ਹੈ। ਟੈਕਸ ਮਹਿਕਮੇ ਨੂੰ 78 ਲੱਖ ਕਰੋੜ ਰੁਪਏ ਆਮ ਜਨਤਾ ਤੋਂ ਇਕੱਠੇ ਕਰਨ ਦਾ ਹੁਕਮ ਅਤੇ ਹਿੰਦੂਤਵੀ ਤਾਕਤਾਂ ਦੇ ਫਿਰਕੂ ਏਜੰਡੇ ਨੂੰ ਧੁੱਸ ਨਾਲ ਲਾਗੂ ਕੀਤੇ ਜਾਣ ਦੇ ਨਾਲ-ਨਾਲ ਦੇਸ਼ ਭਰ ਵਿਚ ਪੱਤਰਕਾਰਾਂ ਅਤੇ ਆਜ਼ਾਦ ਖਿਆਲੀਆਂ ’ਤੇ ਜਾਨੀ ਹਮਲੇ ਇਸ ਦਾ ਸੰਕੇਤ ਹਨ ਕਿ ਦੇਸ਼ ਉਪਰ ਫਾਸ਼ੀਵਾਦੀ ਖ਼ਤਰੇ ਦੇ ਗੰਭੀਰ ਬੱਦਲ ਮੰਡਲਾ ਰਹੇ ਹਨ। ਜਿਸ ਨੂੰ ਦੇਖਦੇ ਹੋਏ ਸੂਬਾਈ ਮੀਟਿੰਗ ਨੇ ਐਮਰਜੈਂਸੀ ਦੇ 40 ਸਾਲ ਪੂਰੇ ਹੋਣ ਨੂੰ ਮੁੱਖ ਰੱਖਦਿਆਂ ਜਮਹੂਰੀ ਤਾਕਤਾਂ ਨੂੰ ਇਸ ਖ਼ਤਰੇ ਨੂੰ ਠੱਲਣ ਖਾਤਰ ਜ਼ੋਰਦਾਰ ਲਾਮਬੰਦੀ ਕਰਨ ਅਤੇ ਜਨਤਾ ਵਿਚ ਜਾਗਰਤੀ ਪੈਦਾ ਕਰਨ ਲਈ ਇਸ ਮੌਕੇ ’ਤੇ ਸਭਾ ਦੀਆਂ ਸਾਰੀਆਂ ਇਕਾਈਆਂ ਨੂੰ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਉਣ ਦਾ ਸੱਦਾ ਦਿੱਤਾ ਹੈ।



ਮੀਟਿੰਗ ਵਲੋਂ ਸੀਨੀਅਰ ਕਮਿਊਨਿਸਟ ਆਗੂ ਅਤੇ ਨਵਾਂਜ਼ਮਾਨਾ ਦੇ ਸੰਪਾਦਕ ਕਾ. ਜਗਜੀਤ ਸਿੰਘ ਆਨੰਦ ਦੇ ਦੇਹਾਂਤ ਉਪਰ ਸ਼ੋਕ ਮਤਾ ਪਾਸ ਕਰਕੇ ਵਿੱਛੜੀ ਸ਼ਖਸੀਅਤ ਦੇ ਫਿਰਕਾਪ੍ਰਸਤੀ ਵਿਰੋਧੀ ਤੇ ਅਗਾਂਹਵਧੂ ਵਿਚਾਰਾਂ ਤੇ ਪੱਤਰਕਾਰੀ ਵਿਚ ਯੋਗਦਾਨ ਨੂੰ ਵਿਸ਼ੇਸ਼ ਤੌਰ ਤੇ ਯਾਦ ਕੀਤਾ ਗਿਆ।

ਇਕ ਹੋਰ ਮਤੇ ਰਾਹੀਂ ਮੀਟਿੰਗ ਨੇ ਨਿੱਜੀ ਟਰਾਂਸਪੋਰਟਰਾਂ ਅਤੇ ਸੱਤਾਧਾਰੀ ਸਿਆਸਤਦਾਨਾਂ ਦੇ ਗੱਠਜੋੜ ਦੀਆਂ ਧੱਕੇਸ਼ਾਹੀਆਂ ਤੇ ਮਨਮਾਨੀਆਂ ਵਿਰੁੱਧ ਜਮਹੂਰੀ ਸੰਘਰਸ਼ ਕਰ ਰਹੇ ਵਿਦਿਆਰਥੀਆਂ ਅਤੇ ਹੋਰ ਮਿਹਨਤਕਸ਼ ਲੋਕਾਂ ਨੂੰ ਦਬਾਉਣ ਲਈ ਵਿਦਿਆਰਥੀਆਂ ਨੂੰ ਸੰਗੀਨ ਇਲਜ਼ਾਮਾਂ ਤਹਿਤ ਜੇਲ੍ਹਾਂ ਵਿਚ ਡੱਕਣ ਅਤੇ ਅਣਮਿੱਥੀ ਨਿਆਂਇਕ ਹਿਰਾਸਤ ਰਾਹੀਂ ਉਨ੍ਹਾਂ ਨੂੰ ਪ੍ਰੇਸ਼ਾਨ ਕਰਨ ਅਤੇ ਪ੍ਰਮੁੱਖ ਵਿਦਿਆਰਥੀ ਆਗੂ ਰਾਜਿੰਦਰ ਸਿੰਘ ਦੇ ਘਰ ਛਾਪੇਮਾਰੀ ਕਰਨ ਦਾ ਗੰਭੀਰ ਨੋਟਿਸ ਲਿਆ। ਸਭਾ ਨੇ ਹਕੂਮਤ ਦੇ ਇਸ ਤਾਨਾਸ਼ਾਹ ਰਵੱਈਏ ਦੀ ਨਿਖੇਧੀ ਕਰਦੇ ਹੋਏ ਸਮੂਹ ਵਿਦਿਆਰਥੀਆਂ ’ਤੇ ਦਰਜ਼ ਪਰਚੇ ਰੱਦ ਕਰਨ ਤੇ ਉਨ੍ਹਾਂ ਨੂੰ ਬਿਨਾ ਸ਼ਰਤ ਰਿਹਾਅ ਕਰਨ ਦੀ ਮੰਗ ਕੀਤੀ ਹੈ। ਇਕ ਹੋਰ ਮਤੇ ਰਾਹੀਂ ਇਨਕਲਾਬੀ ਬੁੱਧੀਜੀਵੀ ਪ੍ਰੋਫੈਸਰ ਸਾਈਬਾਬਾ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਗਈ।

**ਬੂਟਾ ਸਿੰਘ, ਸੂਬਾ ਪ੍ਰੈੱਸ ਸਕੱਤਰ**

CHERA IMMIGRATION CONSULTANCY SERVICES

22 Years of Service

Specializing in:
- Appeals
- H&C Cases
- PRRA Appeals
- Sponsorships
- Refugee Claims
- Admissibility Hearings
- Super Visa / Affidavits/ Declarations
- Skilled Workers
- Citizenship Matters
- Work/Study Permits

Sardara Singh Chera
B.A., M.A.
Former Member (Commissioner) Of The Immigration And Refugee Board Of Canada
Commissioner Of Oath
Regulated Canadian Immigration Consultant
Tel: 905-461-9885
sschera@rogers.com



WE PROVIDE ALL IMMIGRATION AND CITIZENSHIP SERVICES.
2355 Derry Rd. E. Unit # 35 Skyport Corporate Centre Mississauga, ON. L5S 1V6

STAR★TUTORING
MATH & SCIENCE
GRADE 6 TO 12
ONTARIO CERTIFIED TEACHER
Punjabi Classes Also Available
647-891-8500



Village of India
Restaurant & Sweets
Tel : 905-450-3333 www.villageofindia.ca
*Open days a week *Pur Veg. Authentic Fine Indian Cuisine
PARTY HALL (up to 100 people)
Party Hall+Catering+Seating Arrangement+Sound System+Lighting
*DINE IN * TAKE OUT *CATERING *SWEETS&SNACKS
114 Kennedy Road, South, Brampton, ON L6W 3E7
(Between Queen/HWY 7 & Steeles)



Kulwant Singh Pannu
Sales Representative
416.276.1566
k.pannu@hotmail.com
AIR MILES
Century 21
Century 21 Green Realty Inc., Brokerage
REALTOR
Bus: 905.565.9565
Fax: 905.565.9522
24 Hour Pager Service
151 Superior Blvd. Unit 19-21
Mississauga ON L5T 1L2
MLS
Buy Green, Build Green...Save Environment!!!
Each office is independently owned and operated. Trademarks of AIRMILES International Trading B.V. used under license by Loyalty Management Group Canada Inc. and Century 21 Canada Ltd. Partnership

RushLube Inc.
Complete Truck Repairs & Truck Wash with Drive Thru Truck Services
Jaskaranjit Singh (Jas)



TEL: 905 - 453 - 6344
FAX: 905 - 456 - 2065
EMAIL: rushlube@hotmail.com
32 Rutherford Road South
Brampton, ON, L6W 3J1

SP STARLINE PAINTING
Residential ▪ Commercial ▪ Industrial
- Hotel • Motel • Exterior
- Interior • Spray Painting
- Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
SATISFACTION 100% GUARANTEE



416.230.4000 • 647.409.1092
www.STARLANEPAINTING.com
ਹਰਜੀਤ ਧਨੋਆ

WE GETTHINGS DONE
Metro Immiaration
(Division of Metro Legal & Immigration Inc.)
*Family Sponsorship *Spousal *Super Visa *Visitor Visa *Skilled Workers *Investors *PNP *Nannies *Business Applicants *Student Visa *Work Permits (LMO) *Appeals
Head Office : 2355 Derry Rd. E *#12 Miss. *ON *L551V6
*905-673-1200 *1-800-694-133 India Office : 98148-66633
*Brampotn : 905-794-6003 *Toronto : 416-840-7554
*info@metroimmigration.com
*www.metroimmigration.com *www.metroimmigration.org



Suresh Gupta
Certified Immigration Practitioner (RCIC)

# ਪ੍ਰੋਗਰੈਸਿਵ ਕਲਚਰਲ ਐਸੋਸ਼ੀਏਸ਼ਨ ਕੈਲਗਰੀ ਵੱਲੋਂ ਕੈਨੇਡਾ ਵਿਚ ਘੱਟੋ-ਘੱਟ ਤਨਖਾਹ ਦਰਾਂ ਤੇ ਲੈਕਚਰ


## ਰਮਨਜੀਤ ਸਿੱਧੂ ਨੇ ਮਿਨੀਮਮ ਵੇਜਜ਼ ਤੇ ਪ੍ਰਭਾਵਸ਼ਾਲੀ ਵਿਚਾਰ ਪੇਸ਼ ਕੀਤੇ

- ਬਲਜਿੰਦਰ ਸੰਘਾ -



ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਆਪਣੀਆਂ ਮਹੀਨਾਵਾਰ ਮੀਟਿੰਗਾਂ ਵਿਚ ਅਤੇ ਹੋਰ ਵੀ ਲੋਕਪੱਖੀ ਅਤੇ ਜਾਗਰੂਕਤਾ ਫੈਲਾਉਣ ਵਾਲੇ ਪ੍ਰੋਗਰਾਮ ਹਮੇਸ਼ਾ ਉਲੀਕਦੀ ਰਹਿੰਦੀ ਹੈ। ਜਿਸ ਵਿਚ ਸਲਾਨਾ ਤਰਕਸ਼ੀਲ ਨਾਟਕ ਸਮਾਗਮ, ਵੱਖ ਵਿਸ਼ਿਆ ਤੇ ਲੈਕਚਰ ਅਤੇ ਸੈਮੀਨਾਰ। ਇਸੇ ਲੜੀ ਤਹਿਤ ਜੂਨ ਮਹੀਨੇ ਦੀ ਮੀਟਿੰਗ ਵਿਚ ਅਲਬਰਟਾ ਸੂਬੇ ਵਿਚ ਘੱਟੋ-ਘੱਟ ਉਜਰਤ ਦਰਾਂ ਅਤੇ ਨਵੀਂ ਚੁਣੀ ਅਲਬਰਟਾ ਦੀ ਐਨ.ਡੀ.ਪੀ. ਸਰਕਾਰ ਵੱਲੋਂ ਆਪਣੇ ਚੋਣ ਮੈਨੀਫਿਸਟੋ ਅਨੁਸਰ ਇਹਨਾਂ ਨੂੰ 10 ਡਾਲਰ 20 ਸੈਂਟ ਤੋਂ ਵਧਾ ਕੇ 15 ਡਾਲਰ ਪ੍ਰਤੀ ਘੰਟਾ ਕਰਨ ਦੇ ਬਿਆਨ ਨਾਲ ਕਾਰਪੋਰੇਟ ਅਤੇ ਮੁਨਾਫ਼ਾਖੋਰ ਵਰਗ ਵਿਚ ਇਸਦੇ ਖਿਲਾਫ਼ ਕਾਬੋਲਬਾਲਾ ਪਾਇਆ ਜਾ ਰਿਹਾ ਹੈ। ਇਸੇ ਭੱਖਦੇ ਮਸਲੇ ਤੇ ਲੋਕਾਂ ਨੂੰ ਜਾਗਰੁਕ ਕਰਨ ਲਈ ਅਲਬਰਟਾ ਵਿਚ ਘੱਟੋ ਘੱਟ ਤਨਖ਼ਾਹ ਵਿਸ਼ੇ ਤੇ ਮਾਸਿਕ ਮੀਟਿੰਗ ਵਿਚ ਲੈਕਚਰ ਦਾ ਅਯੋਜਨ ਕੀਤਾ ਗਿਆ। ਐਸੋਸ਼ੀਏਸ਼ਨ ਦੇ ਸਕੱਤਰ ਮਾਸਟਰ ਭਜਨ ਸਿੰਘ ਵੱਲੋਂ ਭਰਵੀਂ ਗਿਣਤੀ ਵਿਚ ਪਹੁੰਚੇ ਸਰੋਤਿਆਂ ਨੂੰ ਜੀ ਆਇਆ ਕਹਿੰਦਿਆ ਮੁੱਖ ਬੁਲਾਰੇ ਰਮਨਜੀਤ ਸਿੱਧੂ ਨੂੰ ਆਪਣੇ ਵਿਚਾਰ ਪੇਸ਼ ਕਰਨ ਲਈ ਸੱਦਾ ਦਿੱਤਾ। ਮੁੱਖ ਬੁਲਾਰੇ ਰਮਨਜੀਤ ਸਿੱਧੂ ਨਿਊਜ਼ ਰਿਪੋਟਰ (ਰੈਡ.ਐਫ.ਐਮ.ਕੈਲਗਰੀ) ਨੇ ਉਪਰੋਤਕ ਵਿਸ਼ੇ ਤੇ ਮੁੱਖ ਤੌਰ ਤੇ ਪੂਰੇ ਕੈਨੇਡਾ ਦੀਆਂ ਲੇਬਰ ਤਨਖਾਹ ਦਰਾਂ ਨੂੰ ਵਿਸ਼ਾਂ ਬਣਾਉਦਿਆਂ ਬਹੁਤ ਹੀ ਪ੍ਰਭਾਸ਼ਾਲੀ ਵਿਚਾਰ ਪੇਸ਼ ਕੀਤੇ। ਉਹਨਾਂ ਨੇ ਅੰਕੜਿਆਂ ਸਾਹਿਤ ਅੰਕੜਿਆਂ ਦੁਆਰਾ ਪਾਏ ਜਾਂਦੇ ਭਰਮ-ਭੁਲੇਖਿਆ ਤੋਂ ਗੱਲ ਸ਼ੁਰੁ ਕੀਤੀ ਜੋ ਕਿ ਕਾਨੂੰਨ ਦੀ ਨਜ਼ਰ ਵਿਚ ਸਹੀ ਹਨ। ਪਰ ਗੁਜ਼ਾਰੇ ਜੋਗੇ ਵੇਤਨ ਤੇ ਕੰਮ ਕਰਦੇ ਲੋਕਾਂ ਦੀ ਦਿਨੋ-ਦਿਨ ਨਿੱਗਰਦੀ ਹਾਲਤ ਤੇ ਅਮੀਰੀ ਗਰੀਬੀ ਦੇ ਵੱਧਦੇ ਪਾੜੇ ਦੀ ਗੱਲ ਕੀਤੀ। ਉਹਨਾਂ ਕਿਹਾ ਕਿ ਕਾਰਪੋਰੇਟ ਕੰਪਨੀਆਂ ਅਤੇ ਹੋਰ ਵਪਾਰਕ ਅਦਾਰੇ ਘੱਟੋ-ਘੱਟ ਪ੍ਰਤੀ ਘੰਟਾ ਤਨਖ਼ਾਹ ਤੋਂ ਇੱਕ ਸੈਂਟ ਵੱਧ ਦੇ ਕੇ ਕਾਨੂੰਨ ਦੀ ਨਜ਼ਰ ਵਿਚ ਤਾਂ ਸਹੀ ਸਾਬਤ ਹੁੰਦੇ ਹਨ ਪਰ ਅਸਲੀਅਤ ਵਿਚ ਉਹਨਾਂ ਦੁਅਰਾ ਕਰਮਚਾਰੀਆਂ ਨੂੰ ਦਿੱਤੀ ਜਾਂਦੀ ਤਨਖ਼ਾਹ ਉਹਨਾਂ ਦੀਆਂ ਬੇਸਕ ਲੋੜਾਂ ਵੀ ਪੂਰੀਆਂ ਨਹੀਂ ਕਰਦੀ, ਮਿਨੀਮਮ ਵੇਜਜ਼ 15 ਡਾਲਰ ਪ੍ਰਤੀ ਘੰਟਾ ਹੋਣ ਨਾਲ ਬਿਜ਼ਨਸ ਬੰਦ ਹੋਣ ਬਾਰੇ ਉਹਨਾਂ ਤਰਕਪੂਰਨ ਗੱਲ ਕਰਦਿਆਂ ਕਿਹਾ ਕਿਹਾ ਕਿ ਅਜਿਹਾ ਅਸੰਭਵ ਹੈ। ਪੂੰਜੀਵਾਦ ਦਾ ਮਨੁੱਖਤਾ ਨਾਲ ਸਬੰਧ ਨਹੀਂ ਸਿਰਫ ਮੁਨਾਫ਼ਾ ਕਮਾਉਣ ਨਾਲ ਹੈ ਇਸੇ ਕਰਕੇ 65 ਸਾਲ ਤੋਂ ਬਾਅਦ ਲੰਬਾ ਸਮਾਂ ਜਿਉਣ ਨੂੰ ਬਹਿਸਾਂ ਦਾ ਵਿਸ਼ਾਂ ਬਣਾਇਆ ਜਾ ਰਿਹਾ ਹੈ ਕਿ ਉਹ ਲੰਬਾ ਸਮਾਂ ਸਰਕਾਰੀ ਪੈਨਸ਼ਨ ਲੈਕੇ ਪੂੰਜੀ ਨੂੰ ਖੋਰਾਂ ਲਾਉਂਦੇ ਹਨ ਇਸ ਤਰਾਂ ਪੂੰਜੀਵਾਦ ਤੇ ਮੁਨਾਫਾਂ ਖੋਰੀ ਮਨੁੱਖੀ ਕਦਰਾਂ-ਕੀਮਤਾਂ ਦਾ ਦਿਵਾਲਾ ਕੱਢ ਰਹੀ ਹੈ। ਗੁਰਬਚਨ ਬਰਾੜ ਅਤੇ ਹਰੀਪਾਲ ਨੇ ਇਸੇ ਸਬੰਧ ਵਿਚ ਆਪਣੇ ਵਿਚਾਰ ਪੇਸ਼ ਕਰਦਿਆਂ ਅਮੀਰੀ ਗਰੀਬੀ ਦੇ ਪਾੜੇ ਦੀ ਤੱਥਾਂ ਸਾਹਿਤ ਗੱਲ ਕੀਤੀ। ਹਰੀਪਾਲ ਨੇ ਪੰਜਾਬੀ ਲਿਖ਼ਾਰੀ ਸਭਾ ਕੈਲਗਰੀ ਦੇ 13 ਜੂਨ ਹੋਣ ਵਾਲੇ 16ਵੇਂ ਸਲਾਨਾ ਸਮਾਗਮ ਵਿਚ ਸਭ ਨੂੰ ਪਹੁੰਚਣ ਦੀ ਬੇਨਤੀ ਵੀ ਕੀਤੀ। ਕਮਲਪ੍ਰੀਤ ਕੌਰ ਪੰਧੇਰ ਨੇ ਕਿਊਬਾ ਦੇਸ਼ ਦੀ ਤਰੱਕੀ ਅਤੇ ਮਨੁੱਖਤਾ ਲਈ ਕੀਤੇ ਜਾਂਦੇ ਕੰਮਾਂ ਦੀ ਗੱਲ ਕਰਦਿਆਂ ਕਿਹਾ ਕਿ ਇਸਦੀ ਉਦਾਹਰਨ ਸਾਡੇ ਸਾਹਮਣੇ ਹੈ ਕਿ ਜੇਕਰ ਸਰਕਾਰਾਂ ਸਹੀ ਹੋਣ ਤਾਂ ਹਰ ਮਨੁੱਖ ਦਾ ਜੀਵਨ ਪੱਧਰ ਉੱਚਾ ਹੋ ਸਕਦਾ ਹੈ। ਉਹਨਾਂ ਕਿਹਾ ਕਿ ਕਿਊਬਾਂ ਦੇਸ਼ ਦੇ 95 ਪ੍ਰਤੀਸ਼ਤ ਲੋਕਾਂ ਨੂੰ ਬੋਤਲ ਦਾ ਪਾਣੀ ਉਪਲੱਬਧ ਹੈ ਅਤੇ ਬਾਕੀ 5 ਪ੍ਰਤੀਸ਼ਤ ਵੀ ਸਿਹਤ ਸਹੂਲਤਾਂ ਦੀ ਨਜ਼ਰ ਵਿਚ ਹਨ ਤੇ ਉਹਨਾਂ ਨੂੰ ਪਾਣੀ ਉਬਾਲ ਕੇ ਪੀਣ ਲਈ ਕਿਹਾ ਜਾਂਦਾ ਹੈ। ਹੁਣ ਤੱਕ ਕਿਊਬਾ 108 ਦੇਸ਼ਾਂ ਵਿਚ 1,40000 ਡਾਕਟਰ ਵੱਖ-ਵੱਖ ਸਿਹਤ ਸੇਵਾਵਾਂ ਦੇਣ ਲਈ ਭੇਜ ਚੁੱਕਾ ਹੈ। ਉਸ ਦੇਸ਼ ਦਾ ਸਿਹਤ ਵਿਭਾਗ ਬਿਮਾਰੀ ਫੈਲਣ ਤੋਂ ਪਹਿਲਾ ਹੀ ਰੋਕਣ ਲਈ ਆਪਣੇ ਕਰਮਚਾਰੀਆਂ ਅਤੇ ਡਾਕਟਰਾਂ ਨੂੰ ਪੂਰੀ ਟਰੇਨਿੰਗ ਦਿੰਦਾ ਹੈ। ਉਹਨਾਂ ਬਿੱਲ 51 ਸੀ ਬਾਰੇ ਗੱਲ ਕਰਦਿਆਂ ਕਿਹਾ ਕਿ ਇਸ ਬਿੱਲ ਦੇ ਲਾਗੂ ਹੋਣ ਨਾਲ ਆਉਣ ਵਾਲੇ ਸਮੇਂ ਵਿਚ ਮਨੁੱਖੀ ਹੱਕਾਂ ਤੇ ਬਹੁਤ ਮਾੜੇ ਪ੍ਰਭਾਵ ਪੈਣਗੇ। ਇੱਥੋ ਤੱਕ ਕਿ ਸਿਰਫ਼ ਕਿਸੇ ਮਨੁੱਖ ਤੇ ਅੱਤਵਾਦੀ ਹੋਣ ਦਾ ਸ਼ੱਕ ਹੋਣ ਤੇ ਹੀ ਉਸਦੀ ਫੋਨ ਸੂਚੀ ਵਿਚ ਤੁਹਾਡਾ ਫੋਨ ਨੰਬਰ ਹੋਣ ਤੇ ਤੁਹਾਨੂੰ ਬਿਨਾਂ ਕਿਸੇ ਕਾਰਨ ਇੱਕ ਹਫ਼ਤੇ ਲਈ ਜੇਲ੍ਹ ਵਿਚ ਸੁੱਟਿਆ ਜਾ ਸਕਦਾ ਹੈ। ਉਹਨਾਂ ਇਸ ਬਿੱਲ ਖ਼ਿਲਾਫ ਹੁੰਦੀਆਂ ਰੈਲੀਆਂ ਵਿਚ ਸ਼ਾਮਿਲ ਹੋਣ ਵਾਲੇ ਜਾਗਰੁਕ ਲੋਕਾਂ ਦੀ ਪ੍ਰਸੰਸਾ ਕੀਤੀ। ਸੋਹਨ ਮਾਨ ਨੇ ਸਮਾਜ ਵਿਚ ਬੱਚਿਆਂ ਦੇ ਪਾਲਣ-ਪੋਸ਼ਣ ਬਾਰੇ ਪ੍ਰਭਾਵਸ਼ਾਲੀ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਾਨੂੰ ਸਮਾਜ ਵਿਚ ਰਹਿੰਦਿਆਂ ਇਸ ਢੰਗ ਨਾਲ ਵਿਚਰਨਾ ਚਾਹੀਦਾ ਹੈ ਕਿ ਸਾਰੇ ਬੱਚੇ ਹੀ ਸਾਡੇ ਹਨ ਅਤੇ ਸਾਨੂੰ ਉਹਨਾਂ ਵਿਚ ਨਿੱਗਰ-ਕਦਰਾਂ ਕੀਮਤਾਂ ਭਰਨੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਜਿੱਥੇ ਉਹ ਆਉਣ ਵਾਲੇ ਸਮੇਂ ਵਿਚ ਵਧੀਆ ਨਾਗਰਿਕ ਬਣਨਗੇ, ਉੱਥੇ ਜੇਲ੍ਹਾਂ ਉਸਾਰਨ ਅਤੇ ਹੋਰ ਇਹੋ ਜਿਹੇ ਖਰਚੇ ਘੱਟਣਗੇ ਅਤੇ ਉਹੋ ਪੈਸਾ ਸਕੂਲ ਉਸਾਰਨ ਵੱਲ ਲਾਇਆ ਜਾ ਸਕਦਾ ਹੈ। ਮਾਸਟਰ ਬਚਿੱਤਰ ਸਿੰਘ ਗਿੱਲ ਨੇ ਅਰਪਨ ਲਿਖ਼ਾਰੀ ਸਭਾ ਦੇ ਸਲਾਨਾ ਸਮਾਗਮ ਵਿਚ ਸ਼ਾਮਿਲ ਹੋਣ ਲਈ ਸਭ ਨੂੰ ਸੱਦਾ ਦਿੱਤਾ। ਕ੍ਰਿਸਚੀਅਨ ਕਮਿਊਨਟੀ ਤੋਂ ਵਿਸ਼ੇਸ਼ ਤੌਰ ਤੇ ਪਹੁੰਚੀ ਅਗਾਂਵਧੂ ਵਿਚਾਰਾ ਦੀ ਧਾਰਨੀ ਕੈਥੀ ਨੇ ਵੀ ਮਨੁੱਤਖਤਾ ਦੇ ਹੱਕਾਂ ਦੀ ਰਾਖੀ ਦੀ ਗੱਲ ਕਰਦਿਆਂ ਆਪਣੇ ਵਿਚਾਰ ਪੇਸ਼ ਕੀਤੇ। ਹਰਨੇਕ ਬੱਧਨੀ ਅਤੇ ਕਮਲਜੀਤ ਕੌਰ ਸ਼ੇਰਗਿੱਲ ਨੇ ਭਾਵਪੂਰਤ ਰਚਨਾਵਾਂ ਨਾਲ ਹਾਜ਼ਰੀ ਲਵਾਈ। ਦੋ ਨੌਜਵਾਨਾਂ ਨਿਸ਼ਾਂਤ ਵਰਮਾ ਤੇ ਹਰਮਨਦੀਪ ਸਿੰਘ ਦੇ ਐਸੋਸ਼ੀਏਸ਼ਨ ਦੀ ਮੀਟਿੰਗ ਵਿਚ ਪਹਿਲੀ ਵਾਰ ਆਉਣ ਤੇ ਸਕੱਤਰ ਨੇ ਸਵਾਗਤ ਕੀਤਾ ਅਤੇ ਉਹਨਾਂ ਐਸੋਸ਼ੀਏਸ਼ਨ ਦੇ ਹਰ ਤਰ੍ਹਾਂ ਦੇ ਵਲੰਟੀਅਰ ਕੰਮ ਕਰਨ ਦੀ ਹਾਮੀ ਭਰੀ। ਹਰਮਨਦੀਪ ਨੇ ਸਟੇਜ ਤੋਂ ਆਪਣੇ ਵਿਚਾਰ ਵੀ ਸਾਂਝੇ ਕੀਤੇ। ਸਕੱਤਰ ਮਾਸਟਰ ਭਜਨ ਸਿੰਘ ਨੇ ਦੱਸਿਆ ਕਿ ਸਭਾ ਦੀ ਅਗਲੀ ਮੀਟਿੰਗ 5 ਜੁਲਾਈ ਨੂੰ ਐਕਸ ਸਰਵਿਸਮੈਨ ਸੁਸਾਇਟੀ ਵਿਚ ਦਿਨ ਦੇ ਇੱਕ ਵਜੇ ਹੋਵੇਗੀ। ਜਿਸ ਵਿਚ ਕੈਨੇਡਾ ਵਿਚ ਵਿਸ਼ੇਸ਼ ਤੌਰ ਤੇ ਪਹੁੰਚੇ ਹੋਏ ਅਮੋਲਕ ਸਿੰਘ ਆਪਣੇ ਵਿਚਾਰ ਪੇਸ਼ ਕਰਨਗੇ। ਹੋਰ ਜਾਣਕਾਰੀ ਲਈ ਸਕੱਤਰ ਮਾ.ਭਜਨ ਸਿੰਘ ਨਾਲ 403-455-4220 ਜਾਂ ਪ੍ਰੋ.ਗੋਪਾਲ ਜੱਸਲ ਨਾਲ 403-970-3588 ਤੇ ਸਪੰਰਕ ਕੀਤਾ ਜਾ ਸਕਦਾ ਹੈ।


FOR ALL YOUR REAL ESTATE NEEDS
MLS MULTIPLE LISTING SERVICE
Contact Long time trusted name in the community
Gurbachan Singh Brar
REALTOR
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban Real Estate Services Ltd.
1A-4101 19 ST N.E, CALGARY, AB T2E 6X8
Ph: 403-590-2233 Fax: 403-776-1942



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਹਾਕਸ ਫੀਲਡ ਹਾਕੀ ਕੱਪ : ਕੈਲਗਰੀ ਹਾਕਸ (ਰੈੱਡ) ਦੀ ਟੀਮ ਹਾਕਸ ਕੱਪ ਤੇ ਮੁੜ ਕਾਬਜ਼



- ਹੈਪੀ ਢੀਂਡਸਾ, ਗੋਲਡੀ ਬਰਾੜ, ਦਿਲਦੀਪ ਅਤੇ ਜਸਟਿਨ ਮਾਨ ਬਿਹਤਰੀਨ ਖਿਡਾਰੀ ਬਣੇ
- ਐਡਮਿੰਟਨ ਰਾਇਲਜ਼ ਨੇ ਜਿੱਤੇ ਦੋ ਜੂਨੀਅਰ ਖਿਤਾਬ
- ਲਾਭ ਸਿੰਘ ਅਤੇ ਬਲਦੇਵ ਸਿੰਘ ਦੀ ਜੋੜੀ ਨੇ ਤਾਂਸ਼ (ਸੀਪ) 'ਚ ਮਾਰੀ ਬਾਜ਼ੀ
- ਫਰੈਂਡਜ਼ ਕਲੱਬ ਰੱਸਾ-ਕਸ਼ੀ 'ਚ ਜੇਤੂ
- ਤਰਕਸ਼ੀਲ ਸਾਹਿੱਤ ਦੀ ਪਰਦਸ਼ਨੀ ਨੂੰ ਭਰਵਾਂ ਹੁੰਗਾਰਾ

**ਸੁਖਵੀਰ ਗਰੇਵਾਲ ਕੈਲਗਰੀ**

ਕੈਲਗਰੀ ਦੇ ਜੈਨਸਿਸ ਸੈਂਟਰ ਵਿੱਚ ਕਰਵਾਏ ਗਏ ਤਿੰਨ ਰੋਜ਼ਾ 18ਵੇਂ ਹਾਕਸ ਫੀਲਡ ਹਾਕੀ ਟੂਰਨਾਮੈਂਟ ਵਿੱਚ ਪਿਛਲੇ ਸਾਲ ਦੀ ਜੇਤੂ ਕੈਲਗਰੀ ਹਾਕਸ (ਰੈੱਡ) ਨੇ ਖਿਤਾਬ ਮੁੜ ਜਿੱਤ ਲਿਆ ਹੈ। ਐਡਮਿੰਟਨ ਰਾਇਲਜ਼ ਦੀ ਟੀਮ ਨੇ ਅੰਡਰ-13 ਅੰਡਰ-10 ਵਰਗ ਦੇ ਖਿਤਾਬ ਜਿੱਤੇ ਜਦ ਕਿ ਹਾਕਸ ਫੀਲਡ ਹਾਕੀ ਅਕਾਦਮੀ, ਕੈਲਗਰੀ ਦੀ ਟੀਮ ਅੰਡਰ-16 ਦੇ ਖਿਤਾਬ ਤੇ ਕਾਬਜ਼ ਰਹੀ। ਰੱਸਾ ਕੱਸ਼ੀ ਮੁਕਾਬਲੇ ਵਿੱਚ ਪਿਛਲੇ ਸਾਲ ਦੀ ਜੇਤੂ ਫਰੈਂਡਜ਼ ਕਲੱਬ, ਕੈਲਗਰੀ ਨੇ ਮੁੜ ਆਪਣੇ ਜ਼ੋਰ ਦੀ ਧਾਂਕ ਜਮਾਈ। ਇਹ ਟੂਰਨਾਮੈਂਟ 29 ਮਈ ਤੋਂ 31 ਮਈ ਤੱਕ ਹਾਕਸ ਫੀਲਡ ਹਾਕੀ ਅਕਾਦਮੀ, ਕੈਲਗਰੀ ਵਲੋਂ ਜੈਨਸਿਸ ਸੈਂਟਰ ਵਿੱਚ ਕਰਵਾਇਆ ਗਿਆ। ਟੂਰਨਾਮੈਂਟ ਵਿੱਚ ਪੰਜਾਬੀ ਸਭਿਆਚਾਰ ਦਾ ਰੰਗ ਭਰਨ ਲਈ ਰੱਸਾ-ਕਸ਼ੀ, ਤਾਂਸ਼ (ਸੀਪ) ਅਤੇ ਪੱਗ ਬੰਨਣ ਦੇ ਮੁਕਾਬਲਿਆਂ ਤੋਂ ਇਲਾਵਾ ਕੈਲਗਰੀ ਦੀਆਂ ਨਾਮੀਂ ਭੰਗੜਾ ਟੀਮਾਂ ਆਪਣੀ ਕਲਾ ਦੇ ਜੌਹਰ ਦਿਖਾਏ। ਦਸਤਾਰਬੰਦੀ ਮੁਕਾਬਲੇ ਵਿੱਚੋਂ ਮਨਦੀਪ ਗਰੇਵਾਲ ਨੇ ਪਹਿਲਾ ਅਤੇ ਗੁਰਜਸਪਾਲ ਧਨੋਆ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਵਾਰ ਦਾ ਇਕੱਠ ਪਿਛਲੇ ਸਾਲਾਂ ਨੂੰ ਮਾਤ ਪਾ ਗਿਆ।

**ਹਾਕੀ (ਸੀਨੀਅਰ) :** ਹਾਕੀ ਦੇ ਸੀਨੀਅਰ ਵਰਗ ਵਿੱਚ ਕੈਨੇਡਾ ਅਤੇ ਅਮਰੀਕਾ ਤੋਂ 10 ਟੀਮਾਂ ਨੇ ਭਾਗ ਲੈਣ ਦੀ ਹਾਮੀ ਭਰੀ ਜਿਹਨਾਂ ਨੂੰ ਦੋ ਪੂਲਾਂ ਵਿਚ ਵੰਡਿਆ ਗਿਆ ਹੈ। ਪੂਲ 'ਏ' ਵਿੱਚ ਟੋਬਾ ਵਾਰੀਅਰਜ਼ (ਮੈਨੀਟੋਬਾ), ਸੁਰਜੀਤ ਕਲੱਬ ਲੋਪੋਂ, ਸਸਕਾਟੂਨ, ਐਡਮਿੰਟਨ ਯੂਥ ਫੀਲਡ ਹਾਕੀ ਕਲੱਬ (ਵਾਈਟ), ਕੈਲਗਰੀ ਹਾਕਸ (ਰੈੱਡ) ਦੀਆਂ ਟੀਮਾਂ ਖੇਡੀਆਂ ਜਦ ਕਿ ਪੂਲ 'ਬੀ' ਵਿੱਚ ਫੇਅਰ ਫੀਲਡ ਈਗਲਜ਼ ਕਲੱਬ ਸੈਕਰਾਮੈਂਟੋ (ਅਮਰੀਕਾ), ਪੰਜਾਬੀ ਕਲੱਬ ਵਿੰਨੀਪੈੱਗ, ਐਡਮਿੰਟਨ ਯੂਥ ਫੀਲਡ ਹਾਕੀ ਕਲੱਬ (ਰੈੱਡ), ਕੈਲਗਰੀ ਹਾਕਸ (ਬਲੈਕ) ਅਤੇ ਯੂਨਾਈਟਿਡ ਬ੍ਰਦਰਜ਼ ਕਲੱਬ, ਕੈਲਗਰੀ ਦੀਆਂ ਟੀਮਾਂ ਨੂੰ ਰਖਿਆ ਗਿਆ। 29 ਮਈ (ਸ਼ੁੱਕਰਵਾਰ) ਨੂੰ ਸ਼ੁਰੂ ਹੋਏ ਲੀਗ ਮੁਕਾਬਲਿਆਂ ਤੋਂ ਬਾਅਦ ਚਾਰ ਟੀਮਾਂ ਸੁਰਜੀਤ ਹਾਕੀ ਕਲੱਬ ਲੋਪੋਂ, ਕੈਲਗਰੀ ਹਾਕਸ ਕਲੱਬ (ਰੈੱਡ), ਕੈਲਗਰੀ ਹਾਕਸ (ਬਲੈਕ) ਅਤੇ ਐਡਮਿੰਟਨ (ਰੈੱਡ) ਸੈਮੀ ਫਾਈਨਲ 'ਚ ਪੁੱਜੀਆਂ। ਪਹਿਲੇ ਸੈਮੀ ਫਾਈਨਲ ਮੈਚ ਵਿੱਚ ਕੈਲਗਰੀ ਹਾਕਸ (ਬਲੈਕ) ਨੇ ਸੁਰਜੀਤ ਹਾਕੀ ਕਲੱਬ ਲੋਪੋਂ ਨੂੰ 9-2 ਦੇ ਫਰਕ ਨਾਲ਼ ਹਰਾ ਦਿੱਤਾ। ਇਸ ਮੈਚ ਵਿੱਚ ਹਰਵਿੰਦਰ ਹੈਪੀ ਢੀਂਡਸਾ ਅਤੇ ਅਮਨਦੀਪ ਗੋਲਡੀ ਬਰਾੜ ਨੇ 3-3, ਕਿਰਪਾਲ ਸਿੱਧੂ ਨੇ 2 ਅਤੇ ਬਿਕਰਮਜੀਤ ਮਾਨ ਨੇ ਇੱਕ ਗੋਲ਼ ਕੀਤਾ। ਦੂਜੇ ਸੈਮੀ ਫਾਈਨਲ ਮੈਚ ਵਿੱਚ ਕੈਲਗਰੀ ਹਾਕਸ (ਰੈੱਡ) ਨੇ ਐਡਮਿੰਟਨ (ਰੈੱਡ) ਨੂੰ 7-5 ਦੇ ਫਰਕ ਨਾਲ਼ ਹਰਾਇਆ। ਕੈਲਗਰੀ ਹਾਕਸ (ਰੈਡ) ਅਤੇ ਕੈਲਗਰੀ ਹਾਕਸ (ਬਲੈਕ) ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ ਫਾਈਨਲ ਮੈਚ ਟੂਰਨਾਮੈਂਟ ਦਾ ਸਿਖਰ ਸੀ। ਮੈਚ ਦੇ ਨਿਰਧਾਰਿਤ ਸਮੇਂ ਤੱਕ 4-4 ਦੀ ਬਰਾਬਰੀ ਤੋਂ ਬਾਅਦ ਟਾਈਬ੍ਰੇਕਰ ਦੌਰਾਨ ਵੀ ਇਹ ਬਰਾਬਰੀ ਨਾ ਟੁੱਟੀ। 'ਸਡਨਡੈੱਥ' ਦੌਰਾਨ ਕੰਵਰ ਪੰਨੂ ਦੇ ਗੋਲ਼ ਨੇ ਫੈਸਲਾ ਕੈਲਗਰੀ ਹਾਕਸ (ਰੈੱਡ) ਦੇ ਹੱਕ ਵਿੱਚ ਕਰ ਦਿੱਤਾ। ਸੀਨੀਅਰ ਵਰਗ ਵਿੱਚ ਕੈਲਗਰੀ ਹਾਕਸ (ਬਲੈਕ) ਦੇ ਹਰਵਿੰਦਰ ਹੈਪੀ ਢੀਂਡਸਾ ਅਤੇ ਅਮਨਦੀਪ ਗੋਲਡੀ ਬਰਾੜ ਨੂੰ ਸਾਂਝੇ ਤੌਰ 'ਤੇ ਬਿਹਤਰੀਨ ਖਿਡਾਰੀ ਐਲਾਨਿਆ ਗਿਆ। ਜੇਤੂ ਰਹੀ ਕੈਲਗਰੀ (ਰੈੱਡ) ਟੀਮ ਵਿੱਚ ਮਨਵੀਰ ਗਿੱਲ, ਗੁਰਦੀਪ ਹਾਂਸ (ਭੈਣੀ ਬਾਰਦੇਕੇ), ਗੁਰਲਾਲ ਗਿੱਲ ਮਾਣੂਕੇ, ਦਲਜਿੰਦਰ ਹੈਪੀ ਹੋਠੀ, ਸੁਖਦੀਪ ਸੁੱਖਾ ਬਾਰਦੇਕੇ,ਕੰਵਰ ਪਨੂੰ, ਜਗਜੀਤ ਜੱਗਾ ਲੋਪੋਂ ਅਤੇ ਮਨਮੋਹਨ ਗਿੱਲ ਮਾਣੂਕੇ ਖੇਡੇ।

**ਹਾਕੀ (ਜੂਨੀਅਰ) :** ਅੰਡਰ-16 ਵਿੱਚ ਹਾਕਸ ਫੀਲਡ ਹਾਕੀ ਅਕਾਦਮੀ, ਕੈਲਗਰੀ ਨੇ ਪਹਿਲਾ ਅਤੇ ਐਡਮਿੰਟਨ ਰਾਇਲਜ਼ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਹਾਕਸ ਫੀਲਡ ਹਾਕੀ ਅਕਾਦਮੀ, ਕੈਲਗਰੀ ਦੇ ਦਿਲਦੀਪ ਨੂੰ ਇਸ ਵਰਗ ਵਿੱਚ ਬਿਹਤਰੀਨ ਖਿਡਾਰੀ ਐਲਾਨਿਆ ਗਿਆ। ਅੰਡਰ-13 ਅਤੇ ਅੰਡਰ-10 ਵਰਗਾਂ ਵਿੱਚ ਐਡਮਿੰਟਨ ਰਾਇਲਜ਼ ਅਤੇ ਹਾਕਸ ਫੀਲਡ ਹਾਕੀ ਅਕਾਦਮੀ, ਕੈਲਗਰੀ ਪਹਿਲੇ ਅਤੇ ਦੂਜੇ ਸਥਾਨਾਂ ਉਪਰ ਰਹੀਆਂ। ਅੰਡਰ-13 ਵਿੱਚ ਕੈਲਗਰੀ ਦਾ ਜਸਟਿਨ ਮਾਨ ਬਿਹਤਰੀਨ ਖਿਡਾਰੀ ਬਣਿਆ।

**ਤਰਕਸ਼ੀਲ ਸਾਹਿਤ ਪਰਦਰਸ਼ਨੀ:** ਇਸ ਵਾਰ ਦੇ ਟੂਰਨਾਮੈਂਟ ਦੀ ਖਾਸੀਅਤ ਤਰਕਸ਼ੀਲ ਸਾਹਿੱਤ ਦੀ ਪ੍ਰਦਰਸ਼ਨੀ ਸੀ। ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਵਿੱਚ ਉਸਾਰੂ ਸਾਹਿੱਤ ਦੇ ਜ਼ਰੀਏ ਵਿਗਿਆਨਿਕ ਸੋਚ ਪੈਦਾ ਕਰਨ ਲਈ ਵਚਨਬੱਧ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਇਹ ਪ੍ਰਦਰਸ਼ਨੀ ਲਗਾਈ ਗਈ। ਐਸੋਸੀਏਸ਼ਨ ਦੇ ਜਨਰਲ ਸਕੱਤਰ ਮਾਸਟਰ ਭਜਨ ਗਿੱਲ ਨੇ ਮੁਲਕਾਤ ਦੌਰਾਨ ਦੱਸਿਆ ਕਿ ਲੋਕ ਪੱਖੀ ਸਮਾਜ ਦੀ ਸਿਰਜਣਾ ਲਈ ਉਸਾਰੂ ਸਾਹਿੱਤ ਦੀ ਸਖਤ ਲੋੜ ਹੈ ਅਤੇ ਇਸ ਟੀਚੇ ਨੂੰ ਪੂਰਾ ਕਰਨ ਲਈ ਜੱਥੇਬੰਦੀ ਵਲੋਂ ਸ਼ਹੀਦ ਭਗਤ ਸਿੰਘ ਮੋਬਾਈਲ ਲਾਇਬਰੇਰੀ ਦੀ ਸਥਾਪਨਾ ਕੀਤੀ ਗਈ ਹੈ।

FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban Real Estate Services Ltd
1A-4101 19 ST N.E, CALGARY, AB T2E 6X8
Ph: 403-590-2233 Fax: 403-776-1942



SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS,
Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com
Ph: 403-250-8898 Fax: 403-250-8825
Website : www.sikhvirsa.com, Email : virsa@sikhvirsa.com

ਹਾਕਸ ਟੂਰਨਾਮੈਂਟ ਮੌਕੇ ਲਗਾਈ ਗਈ ਪ੍ਰਦਰਸ਼ਨੀ ਬਾਰੇ ਸ੍ਰੀ ਗਿੱਲ ਨੇ ਦੱਸਿਆ ਕਿ ਉਹ ਇਸ ਟੂਰਨਾਮੈਂਟ ਰਾਹੀਂ ਆਪਣਾ ਸੰਦੇਸ਼ ਬਾਹਰਲੇ ਸੂਬਿਆਂ ਦੇ ਲੋਕਾਂ ਤੱਕ ਵੀ ਪਹੁੰਚਾਉਣ ਵਿੱਚ ਸਫਲ ਰਹੇ ਹਨ।

**ਭੰਗੜਾ ਟੀਮਾਂ ਨੇ ਬੰਨੇ ਰੰਗ :** ਟੂਰਨਾਮੈਂਟ ਦੇ ਪਹਿਲੇ ਦਿਨ ਯੰਗ ਭੰਗੜਾ ਕਲੱਬ ਵਲੋਂ ਪੇਸ਼ ਕੀਤੇ ਭੰਗੜੇ ਨੇ ਵਾਹ-ਵਾਹ ਖੱਟੀ। ਕਲੱਬ ਦੇ ਕੋਚ ਅਮਨਦੀਪ ਸਿੱਧੂ ਨੇ ਦੱਸਿਆ ਕਿ ਇਹ ਭੰਗੜਾ ਵੰਨਗੀ ਬਿਲਕੁਲ ਸਾਫ ਸੁਥਰੇ ਗੀਤਾਂ ਦੀ ਚੋਣ ਕਰਕੇ ਵਿਸ਼ੇਸ਼ ਤੌਰ ’ਤੇ ਤਿਆਰ ਕਰਵਾਈ ਸੀ। ਇਸ ਟੀਮ ਵਿੱਚ ਸ਼ਾਮਲ ਬਹੁਤ ਹੀ ਛੋਟੀ ਉਮਰ ਦੀਆਂ ਕੁੜੀਆਂ ਨੇ ਪੂਰੇ ਆਤਮ ਵਿਸ਼ਵਾਸ਼ ਨਾਲ਼ ਭੰਗੜਾ ਪਾਇਆ। ਟੂਰਨਮੈਂਟ ਦੇ ਦੂਜੇ ਦਿਨ ਪ੍ਰੋ. ਦਲਜਿੰਦਰ ਜੌਹਲ ਦੇ ਐਪਿਕ ਭੰਗੜਾ ਕਲੱਬ ਨੇ ਹਾਕੀ ਮੈਦਾਨ ਵਿੱਚ ਲੋਕ ਨਾਚ ਪੇਸ਼ ਕੀਤਾ। ਦੱਸਣਯੋਗ ਹੈ ਕਿ ਪ੍ਰੋ. ਦਲਜਿੰਦਰ ਜੌਹਲ ਨੇ ਸ੍ਰੀ ਗੁਰੂ ਹਰਿਗੋਬਿੰਦ ਖਾਲਸਾ ਕਾਲਜ ਗੁਰੂਸਰ ਸੁਧਾਰ ਦੇ ਸੇਵਾ ਕਾਲ ਦੌਰਾਨ ਨਾਮੀਂ ਭੰਗੜਾ ਟੀਮਾਂ ਬਣਾਈਆਂ।

**ਤਾਂਸ਼ ਦੀ ਬਾਜ਼ੀ :** ਟੂਰਨਾਮੈਂਟ ਮੌਕੇ ਕਰਵਾਏ ਗਏ ਤਾਂਸ਼ (ਸੀਪ) ਦੇ ਮੁਕਾਬਲਿਆਂ ਨੇ ਪੰਜਾਬ ਦੀਆਂ ਸੱਥਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ। 16 ਟੀਮਾਂ ਨੇ ਇਸ ਮੁਕਾਬਲੇ ਵਿੱਚ ਭਾਗ ਲਿਆ। ਫਾਈਨਲ ਮੁਕਾਬਲਾ ਰਾਜ ਮਾਣੂਕੇ ’ਤੇ ਬਲਜਿੰਦਰ ਮਾਣੂਕੇ ਦੀ ਜੋੜੀ ਅਤੇ ਲਾਭ ਸਿੰਘ ’ਤੇ ਬਲਦੇਵ ਸਿੰਘ ਦੀ ਜੋੜੀ ਵਿਚਕਾਰ ਹੋਇਆ ਜਿਸ ਵਿੱਚ ਦਸ਼ਮੇਸ਼ ਕਲਚਲਰ ਸੀਨੀਅਰ ਸੁਸਾਇਟੀ ਦੇ ਲਾਭ ਸਿੰਘ ’ਤੇ ਬਲਦੇਵ ਸਿੰਘ ਨੇ ਬਾਜ਼ੀ ਮਾਰ ਲਈ। ਇਸ ਮੁਕਾਬਲੇ ਵਿੱਚ ਦਰਸ਼ਕਾਂ ਨੇ ਵੀ ਕਾਫੀ ਰੁਚੀ ਦਿਖਾਈ।

**ਰੱਸਾ-ਕਸ਼ੀ:** ਰਾਣਾ ਹੇਅਰ ਦੀ ਅਗਵਾਈ ਕਰਵਾਇਆ ਗਿਆ ਇਹ ਮੁਕਾਬਲਾ ਦਰਸ਼ਕਾਂ ਵਲੋਂ ਸਭ ਤੋਂ ਵੱਧ ਬੱਲੇ-ਬੱਲੇ ਖੱਟ ਗਿਆ। ਪਿਛਲੇ ਸਾਲ ਦੀ ਜੇਤੂ ਫਰੈਂਡਜ਼ ਕਲੱਬ ਕੈਲਗਰੀ, ਬਾਬਾ ਜੈ ਸਿੰਘ ਕਲੱਬ, ਬਾਬਾ ਦੀਪ ਸਿੰਘ ਕਲੱਬ, ਯੂਨਾਈਟਿਡ ਬ੍ਰਦਰਜ਼ ਕਲੱਬ, ਦੇਸ਼ ਭਗਤ ਢੁੱਡੀਕੇ ਕਲੱਬ ਅਤੇ ਸ਼ੇਰ-ਏ-ਪੰਜਾਬ ਵਿਚਕਾਰ ਮੁਢਲੇ ਮੁਕਾਬਲਿਆਂ ਤੋਂ ਬਾਅਦ ਫਰੈਂਡਜ਼ ਕਲੱਬ ਕੈਲਗਰੀ ਅਤੇ ਦੇਸ਼ ਭਗਤ ਢੁੱਡੀਕੇ ਕਲੱਬ ਦੀਆਂ ਟੀਮਾਂ ਫਾਈਨਲ ਵਿੱਚ ਪੁੱਜੀਆਂ। ਫਾਈਨਲ ਦੇ ਤਿੰਨ ਗੇੜ ਪੂਰੇ ਫਸਵੇਂ ਰਹੇ ਆਖ਼ਰ ਫਰੈਂਡਜ਼ ਕਲੱਬ ਕੈਲਗਰੀ ਦੀ ਆਪਣਾ ਖਿਤਾਬ ਬਰਕਰਾਰ ਰੱਖਣ ਵਿੱਚ ਕਾਮਯਾਬ ਰਹੀ। ਇਹ ਜੇਤੂ ਟੀਮ ਮੇਜਰ ਸਿੰਘ ਬਰਾੜ ਵਲੋਂ ਸਪਾਂਸਰ ਕੀਤੀ ਗਈ।

**ਵਿਸ਼ੇਸ਼ ਮਹਿਮਾਨ :** ਟੂਰਨਾਮੈਂਟ ਦੇ ਤਿੰਨੋਂ ਦਿਨ ਮਹਿਮਾਨਾਂ ਦੀ ਆਮਦ ਰਹੀ। ਐਮ.ਪੀ. ਦਵਿੰਦਰ ਸ਼ੋਰੀ, ਐਮ.ਐਲ.ਏ. ਮਨਮੀਤ ਸਿੰਘ ਭੁੱਲਰ, ਸਾਬਕਾ ਐਮ. ਐਲ. ਏ. ਦਰਸ਼ਨ ਸਿੰਘ ਕੰਗ, ਵਾਈਲਡ ਰੋਜ਼ ਪਾਰਟੀ ਦੇ ਹੈਪੀ ਮਾਨ, ਲਿਬਰਲ ਪਾਰਟੀ ਦੇ ਅਵਿਨਾਸ਼ ਸਿੰਘ ਖੰਗੂੜਾ, ਬਲਵਿੰਦਰ ਸਿੰਘ ਸਹੋਤਾ, ਡੈਨ ਸਿੱਧੂ, ਜਗਪ੍ਰੀਤ ਸ਼ੇਰਗਿੱਲ, ਹਰਮੀਤ ਸਿੰਘ ਖੁੱਡੀਆ, ਮਨਜੋਤ ਸਿੰਘ ਗਿੱਲ, ਸਤਪਾਲ ਕੌਸ਼ਲ, ਡਾ. ਅਨਮੋਲ ਸਿੰਘ ਕਪੂਰ, ਅਮਰਦੀਪ ਮਾਂਗਟ, ਰਾਣਾ ਹੇਅਰ, ਰੋਮੀ ਸਿੱਧੂ, ਪਿੰਦੀ ਬਰਾੜ ਨੇ ਹਾਜ਼ਰੀ ਭਰੀ। ਕਲੱਬ ਨੇ ਅੰਪਾਇਰਿੰਗ ਦੀ ਡਿਊਟੀ ਦੇਣ ਲਈ ਓਂਕਾਰ ਢੀਂਡਸਾ ਅਤੇ ਤਕਨੀਕੀ ਪੈਨਲ ਲਈ ਕੋਚ ਸ੍ਰੀ ਬੱਲ ਅਤੇ ਰੁਪਿੰਦਰ ਰਿੰਪੀ ਦਾ ਵਿਸ਼ੇਸ਼ ਧੰਨਵਾਦ ਕੀਤਾ।


**ਵਿਸ਼ੇਸ਼ ਯੋਗਦਾਨ:** ਟੂਰਨਾਮੈਂਟ ਦੇ ਇਨਾਮਾਂ ਨੂੰ ਸਪਾਂਸਰ ਕਰਨ ਲਈ ਪੰਜਾਬੀ ਭਾਈਚਾਰੇ ਵਲੋਂ ਭਰਵਾਂ ਹੁੰਗਾਰਾ ਮਿਲਿਆ। ਲੰਗਰ ਦੀ ਸੇਵਾ ਲਈ ਗੁਰੂਘਰ ਦਸ਼ਮੇਸ਼ ਕਲਚਰਲ ਸੈਂਟਰ ਦੀ ਕਮੇਟੀ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਸੀਨੀਅਰ ਵਰਗ ਦਾ ਪਹਿਲਾ ਇਨਾਮ ਸੋਲੋ ਲਿਕੁਅਰ ਵਲੋਂ ਸਪਾਂਸਰ ਕੀਤਾ ਗਿਆ। ਸੀਨੀਅਰ ਵਰਗ ਦੇ ਦੂਜੇ ਇਨਾਮ ਲਈ ਮੇਜਰ ਸਿੰਘ ਬਰਾੜ (ਨਿਊ ਲੁੱਕ ਹੋਮਜ਼) ਕਰਮਪਾਲ ਸਿੱਧੂ (ਬੈਸਟ ਬਾਏ ਫਰਨੀਚਰ) ਅਤੇ ਦਰਸ਼ਨ ਸਿੰਘ ਸਿੱਧੂ (ਸਿੱਧੂ ਪੇਂਟਿੰਗ) ਨੇ ਸਾਂਝੇ ਤੌਰ ’ਤੇ ਸਪਾਂਸਿਰਸ਼ਿਪ ਕੀਤੀ ਗਈ। ਜੂਨੀਅਰ ਵਰਗ (ਅੰਡਰ-16) ਦਾ ਪਹਿਲਾ ਇਨਾਮ ਗੁਰਮੀਤ ਗਿੱਲ(ਮੰਡ), ਜਸਬੀਰ ਸਿੰਘ ਗਿੱਲ ਅਤੇ ਸਵਰਨ ਸਿੰਘ ਸਿੱਧੂ ਦੇ ਸਾਂਝੇ ਸਹਿਯੋਗ ਨਾਲ਼ ਦਿੱਤਾ ਗਿਆ। ਦੂਜਾ ਇਨਾਮ ਬਰਜਿੰਦਰ ਸਿੰਘ ਰੰਧਾਵਾ (ਬਲਿਊ ਡਾਰਟ ਟਰਕਿੰਗ) ਵਲੋਂ ਦਿੱਤਾ ਗਿਆ। ਅੰਡਰ-13 ਦਾ ਪਹਿਲਾ ਇਨਾਮ ਕਰਮਜੀਤ ਸੰਧੂ ਵਲੋਂ ਅਤੇ ਦੂਜਾ ਇਨਾਮ ਕਲੱਬ ਦੇ ਹਾਕੀ ਖਿਡਾਰੀ ਧੀਰਾ ਪੰਨੂ ਵਲੋਂ ਦਿੱਤਾ ਗਿਆ। ਇਸੇ ਤਰਾਂ ਅੰਡਰ-10 ਉਮਰ ਵਰਗ ਦੇ ਦੋਵੇਂ ਇਨਾਮ ਜੱਗਾ ਰਾਊਕੇ ਵਲੋਂ ਦਿੱਤੇ ਗਏ। ਇਸ ਤੋਂ ਇਲਾਵਾ ਹਰ ਸਾਲ ਦੀ ਤਰਾਂ ਪਾਲੀ ਵਿਰਕ (ਕੁਆਲਿਟੀ ਟਰਾਂਸਮਿਸ਼ਨ), ਰੇਸ਼ਮ ਸਿੰਘ ਸਿੱਧੂ (ਸਬ ਵੇਅ), ਹਰਤੇਜ ਮਾਂਗਟ (ਜੀ. ਆਰ. ਸੀ. ਟਰਕਿੰਗ),




ਸਿੰਡੀਕੇਟ ਟਰਾਂਸਪੋਰਟ, ਡਾ: ਜੰਗ ਬਹਾਦਰ ਸਿੱਧੂ, ਰੇਸ਼ਮ ਸਿੱਧੂ (ਫੈਸ਼ਨ-ਪੈਸ਼ਨ ਬੁਟੀਕ) ਏ. ਏ. ਏ. ਡਰਾਈਵਿੰਗ ਸਕੂਲ ਤੋਂ ਜ਼ੈਰੀ ਸਿੱਧੂ, ਜਗਮੋਹਨ ਧਾਲੀਵਾਲ (ਜੁਗੋ ਜੂਸ), ਜੀ. ਜੀ. ਐਸ. ਟਰਕਿੰਗ ਰਿਪੇਅਰ, ਸੇਂਟ ਜੋਹਨ’ਜ਼ ਟਰੱਕ ਰਿਪੇਅਰ, ਡੈਨ ਸਿੱਧੂ, ਗੁਰਪ੍ਰੀਤ ਸਿੱਧੂ ਰਾਣਾ, ਮੇਨ ਲੋਜਿਸਟਿਕ (ਮਨਦੀਪ ਤੂਰ), ਆਲਮ ਸੰਧੂ, ਅਪਨਾ ਪੰਜਾਬ ਫਰੂਟੀਕੈਨਾ, ਅਵਿਨਾਸ਼ ਖੰਘੂੜਾ, ਸਿਲੈਕਟ ਪੀਜ਼ਾ (ਪਾਲ ਤੂਰ), ਸਿੰਡੀਕੇਟ ਟਰਾਂਸਪੋਰਟ, ਸ਼ੌਰੀ ਟਰਾਂਪੋਰਟ, ਸੋਮੀ ਧਾਲੀਵਾਲ (ਕਾਊਂਕੇ), ਜੰਗ ਸਿੰਘ ਗਿੱਲ, ਹਰਜੀਤ ਡਾਲਾ, ਰੇਸ਼ਮ ਸਿੱਧੂ, ਮਾਈਕ (ਪੀਕ ਲੌਜਿਸਟਿਕ) ਪੰਮਾ ਬਨਵੈਤ, ਬੂਟਾ ਸਿੰਘ ਰਹਿਲ, ਚਰਨਜੀਤ ਜੌਹਲ, ਪਿੰਦਰ ਬਸਾਤੀ, ਜੋਤੀ ਢੁੱਡੀਕੇ, ਬੱਬੀ ਮਦੋਕੇ, ਓ. ਕੇ. ਜਨਰਲ ਸਟੋਰ, ਗੁਰਮੀਤ ਹਠੂਰ, ਸਮਸ਼ੇਰ ਸੰਧੂ, ਅਜਾਇਬ ਮਾਨ, ਡਾ. ਤੇਜਿੰਦਰ ਖਹਿਰਾ, ਬਲਦੇਵ ਗਿੱਲ (ਅਪਨਾ ਪੰਜਾਬ ਦੇਸੀ ਮੀਟ ਮਸਾਲਾ), ਜਗਵੰਤ ਗਿੱਲ, ਗੁਰਮੀਤ ਗਿੱਲ ਅਤੇ ਸਵਰਨ ਸਿੱਧੂ, ਜਸਵੀਰ ਗਿੱਲ, ਕਰਮਜੀਤ ਸੰਧੂ, ਰਾਜ ਬਰਿੰਦਰ ਹੁੰਦਲ, ਹੈਪੀ ਮੱਦੋਕੇ, ਚਰਨਜੀਤ ਜੌਹਲ, ਇੰਦਰਜੀਤ ਸੰਘਾ, ਤਜਿੰਦਰ ਸੰਧੂ, ਪੰਮਾ ਸਿੱਖ ਦੌਲਤ ਵਾਲਾ, ਭੁਪਿੰਦਰ ਗਿੱਲ, ਮੋਹਨ ਸਿੰਘ ਵੜੈਚ, ਕੀਪ ਸ਼ੇਪ ਹੋਮਜ਼, ਸਨਵਿਊ ਕਸਟਮ ਹੋਮਜ਼, ਹਰਪਿੰਦਰ ਸਿੱਧੂ (ਪੰਜਾਬ ਇੰਸ਼ੋਰੈਂਸ), ਜਸਪਾਲ ਭੰਡਾਲ (ਜ਼ੀ-ਟੈੱਕ), ਗੋਲਡੀ ਰੋਮਾਣਾ, (ਰੀਲੌਕਸ ਟਰਾਂਸਪੋਰਟ), ਰਾਮ ਸਿੱਧੂ, ਬਲਜਿੰਦਰ ਮਾਣੂਕੇ, ਬੱਬੂ ਮਾਣੂਕੇ, ਸੱਤਾ ਘਣੀਆ, ਗੁਰਤੇਜ ਬਰਾੜ, ਇਕਬਾਲ ਗਿੱਲ, ਜਸਕੀਰਤ ਬਰਾੜ, ਵਲੋਂ ਮਿਲੇ ਸਹਿਯੋਗ ਲਈ ਕਲੱਬ ਨੇ ਵਿਸ਼ੇਸ਼ ਧੰਨਵਾਦ ਕੀਤਾ।













# 23-24 ਮਈ 2015 ਨੂੰ ਸੰਗਰੂਰ ਵਿਖੇ 14ਵੇਂ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਇਜਲਾਸ ਵਿੱਚ ਪੇਸ਼ ਕੀਤੀ ਗਈ ਰਿਪੋਰਟ

17-18 ਨਵੰਬਰ 2012 ਨੂੰ ਬਰਨਾਲਾ ਵਿਖੇ ਹੋਏ 13 ਵੇਂ ਇਜਲਾਸ ਤੋਂ ਬਾਅਦ ਆਪਾ ਮਿਲ ਰਹੇ ਹਾਂ। ਜਮਹੂਰੀ ਅਧਿਕਾਰ ਸਭਾ ਦਾ ਇਹ ਅਜਲਾਸ-ਲੋਕ ਹੱਕਾਂ ਲਈ ਉਮਰ ਭਰ ਆਵਾਜ਼ ਬੁਲੰਦ ਕਰਨ ਵਾਲੇ ਜਸਟਿਸ ਕ੍ਰਿਸ਼ਨਾ ਆਇਰ, ਦੇਵੋ ਪ੍ਰਸਾਦ ਬਰੂਆ (ਮਾਸ, ਆਸਾਮ), ਰਜਨੀ ਕੋਠਾਰੀ ਅਤੇ ਅਸੀਸ ਕੋਠਾਰੀ (ਪੀਯੂਸੀ ਐਲ ਦੇ ਆਗੂ), ਦੀਪੰਕਰ ਚਕਰਵਰਤੀ (ਏਪੀਡੀਆਰ), ਚੰਦਰ ਸੇਖਰ (ਏਪੀਸੀਐਲਸੀ), ਪ੍ਰਦੀਪ ਸਪੋਲੀਆ ਸੂਬਾ ਕਮੇਟੀ ਮੈਂਬਰ ਅਤੇ ਬਲਵੰਤ ਰਾਜ ਰਾਮਪੁਰਾ ਮੈਂਬਰ (ਜਮਹੂਰੀ ਅੀਧਕਾਰ ਸਭਾ), ਕਰਨਾਟਕਾ ਅਤੇ ਮਹਾਰਾਸ਼ਟਰ ਵਿੱਚ ਵੱਧ ਰਹੀ ਧਾਰਮਿਕ ਕੱਟੜਤਾ ਅਤੇ ਪਿਛਾਖੜੀ ਵਿਚਾਰਾਂ ਵਿਰੁਧ ਅਗਾਂਹਵਧੂ ਵਿਚਾਰਾਂ ਉਪਰ ਪਹਿਰਾ ਦੇਣ ਵਾਲੇ ਡਾ ਨਰੇਂਦਰ ਦਬੋਲਕਰ ਅਤੇ ਗਬਿੰਦ ਪਾਨਸਾਰੇ ਸਮੇਤ ਲੋਕਾਂ ਦੇ ਹੱਕਾਂ ਲਈ ਲੜਨ ਵਾਲੇ ਦਲਿਤ, ਆਦਿਵਾਸੀ, ਔਰਤਾਂ ਸਮੇਤ ਉਹਨਾਂ ਸਮੂਹ ਸਖਸ਼ੀਅਤਾਂ ਨੂੰ ਜਿਹਨਾਂ ਨੇ ਆਪਣੀ ਜ਼ਿੰਦਗੀ ਇਸ ਕਾਰਜ਼ ਲਈ ਸਮਰਪਤ ਕੀਤੀ-ਸਰਧਾਂਜਲੀ ਭੇਟ ਕਰਦਾ ਹੈ। ਇਹ ਅਜਲਾਸ ਗਦਰੀ ਅਤੇ ਨੌਜਵਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸਮਰਪੱਤ ਕੀਤਾ ਜਾ ਰਿਹਾ ਹੈ।

ਪਿਛਲੇ ਸਮੇਂ ਇਜਲਾਸ ਵਿੱਚ ਐਹਦ ਕੀਤਾ ਸੀ ਕਿ ਖੜੋਤ ਵਿੱਚ ਆਈ ਸੰਸਥਾ ਨੂੰ ਸਰਗਰਮ ਕਰਾਂਗੇ।ਅੱਜ ਜਦੋਂ ਅਸੀਂ ਜੁੜੇ ਹਾਂ ਤਾਂ ਮਹਿਸੂਸ ਕਰਦੇ ਹਾਂ ਕਿ ਅਸੀਂ ਆਪਣੇ ਆਹਿਦ ਨੂੰ ਨਿਭਾਇਆ ਹੈ। ਪਿਛਲੇ ਢਾਈ ਸਾਲਾਂ 'ਚ ਸਭਾ ਨੇ ਪੰਜਾਬ ਵਿੱਚ ਜਮਹੂਰੀ ਹੱਕਾਂ ਪ੍ਰਤੀ ਜਾਗਰੂਕਤਾ ਅਤੇ ਰਾਖੀ ਕਰਨ ਦੇ ਨਾਲ ਨਾਲ ਜਮਹੂਰੀ ਹੱਕਾਂ ਦੀਆਂ ਹੋਈਆਂ ਉਲੰਘਨਾਵਾਂ ਦਾ ਵੀ ਲਗਾਤਾਰ ਨੋਟਿਸ ਲਿਆ ਹੈ ਅਤੇ ਲਗਾਤਾਰ ਰਿਪੋਰਟਾਂ ਅਤੇ ਸਰਗਰਮੀਆਂ ਕੀਤੀਆਂ ਹਨ। ਇਉਂ ਸਭਾ ਨੇ ਪੰਜਾਬ ਵਿੱਚ ਆਪਣੀ ਦਿੱਖ ਨੂੰ ਸੰਭਾਰਿਆ ਵੀ ਹੈ ਅਤੇ ਆਪਣੇ ਜਥੇਬੰਦਕ ਢਾਂਚੇ ਨੂੰ ਪਹਿਲਾਂ ਨਾਲੋਂ ਮਜਬੂਤ ਵੀ ਕੀਤਾ ਹੈ, ਬੇਸ਼ੱਕ ਅਜੇ ਵੀ ਸਾਡੇ ਕੰਮ ਦਾ ਪਸਾਰਾ ਸਿਰਫ12 ਜ਼ਿਲ੍ਹਿਆਂ ਤੱਕ ਹੀ ਸੀਮਤ ਹੈ, ਬਾਕੀ ਜ਼ਿਲਿਆਂ ਵਿੱਚ ਜਮਹੂਰੀ ਅਧਿਕਾਰਾਂ ਪ੍ਰਤੀ ਚੇਤਨ ਲੋਕਾਂ ਨੂੰ ਜੋੜਨ ਦਾ ਕਾਰਜ ਅਜੇ ਵੀ ਖੜਾ ਹੈ।

ਪਿਛਲੇ ਸਮੇਂ ਦੇ ਵਿੱਚ ਜਮਹੂਰੀ ਹੱਕਾਂ ਅਤੇ ਸਿਵਲ ਸਮਾਜ ਵੱਲੋਂ ਉਠਾਏ ਜਾਂਦੇ ਮੁੱਦਿਆਂ ਪ੍ਰਤੀ ਪੂਰੇ ਰਾਜ ਪ੍ਰਬੰਧ, ਕਾਰਪੋਰੇਟ ਅਤੇ ਨਿੱਜੀ ਹਿਤਾਂ ਦੀ ਰੱਖਿਆ ਅਤੇ ਪਸਾਰ ਦੀਆਂ ਨੀਤੀਆਂ ਨੂੰ ਅੱਗੇ ਵਧਾਉਣ ਲਈ ਰਾਜ ਮਸ਼ੀਨਰੀ ਦੇ ਦੰਦ ਤਿੱਖੇ ਕਰਨ ਦੇ ਨਾਲ ਫ਼ਿਰਕੂ ਪਾਲਾਬੰਦੀ, ਫ਼ਿਰਕੂ ਅਤੇ ਗੈਰ ਸਰਕਾਰੀ ਗਰੋਹਾਂ ਅਤੇ ਲੰਪਨ ਤੱਤਾਂ ਦੀ ਵਰਤੋਂ ਦੀਆਂ ਨੀਤੀਆਂ ਦਾ ਪਸਾਰਾ ਹੋਇਆ ਹੈ ਜਿਹਨਾਂ ਨੂੰ ਸਮਝਣ ਦੀ ਲੋੜ ਹੈ।

### ਅਜੋਕੇ ਸਮੇ ਵਿੱਚ ਸਿੱਖਿਆ, ਸਭਿਆਚਾਰ ਅਤੇ ਘੱਟ ਗਿਣਤੀਆਂ ਦੀ ਹਾਲਤ

ਸਿੱਖਿਆ ਪ੍ਰਾਪਤੀ ਹਰ ਨਾਗਰਿਕ ਦਾ ਜਮਹੂਰੀ ਹੱਕ ਹੈ। ਸੱਭ ਨੂੰ ਇਕਸਾਰ ਅਤੇ ਵਿਗਿਆਨਿਕ ਚੇਤਨਾ ਵਧਾਉਣ ਵਾਲੀ ਸਿਖਿਆ ਦੇਣ ਦੀ ਜਰੂਰਤ ਹੈ। ਪਰ ਪਿਛਲੇ ਦਹਾਕਿਆਂ 'ਚ ਵਿਦਿਆ ਦੇ ਖੇਤਰ ਵਿੱਚ ਕੁੱਝ ਬੁਨਿਆਦੀ ਪ੍ਰਵਿਰਤੀਆਂ ਸਹਿਜੇ ਸਹਿਜੇ ਵਧਾਈਆਂ ਗਈਆ ਹਨ ਜਿਸ ਨਾਲ ਸਮਾਜਿਕ ਵਰਗ ਵੰਡ ਦਾ ਅਸਰ ਸਿੱਖਿਆ ਦੇ ਖੇਤਰ ਵਿੱਚ ਵੀ ਤੇਜ ਹੋਇਆ।ਇਸ ਵਿਗਾੜ ਲਈ ਭਾਜਪਾ ਖਾਸ਼ ਤੌਰ 'ਤੇ ਅਤੇ ਕਾਂਗਰਸ ਆਮ ਤੌਰ ਜ਼ੁੰਮੇਵਾਰ ਹਨ। ਮਿਥਿਹਾਸ ਨੂੰ ਇਤਿਹਾਸ ਅਤੇ ਮੁੱਢਲੇ ਗਿਆਨ ਨੂੰ ਵਿਕਸਤ ਵਿਗਿਆਨ ਦੇ ਤੌਰ 'ਤੇ ਪੇਸ਼ਕਾਰੀ ਅਤੇ ਭਾਰਤੀ ਸੰਸਕ੍ਰਿਤੀ ਅਤੇ ਫਲਸਫੇ ਦੀ ਵਿਸ਼ਾਲਤਾਂ ਅਤੇ ਆਪਸੀ ਸੰਵਾਦ ਨੂੰ ਖਤਮ ਕਰਕੇ ਇੱਕ ਸੌੜੇਪਣ ਤੱਕ ਸੀਮਤ ਕਰਨਾ ਇਸ ਵਿਗਾੜ ਦੇ ਮੁੱਖ ਲੱਛਣ ਹਨ। ਇਸ ਨੂੰ ਭਗਵੇਂਕਰਨ ਅਤੇ ਹਿੰਦੂਤੱਵਵਾਦੀ ਏਜੰਡੇ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਹਿੰਦੂਤੱਵ ਏਜੰਡੇ ਦੇ ਅਧੀਨ ਉਗੀਤਾ" ਨੂੰ ਉਰਾਸ਼ਟਰੀ ਗਰੰਥ" ਦਾ ਦਰਜਾ ਦੇਣ ਅਤੇ ਭਾਰਤ ਨੂੰ 'ਹਿੰਦੂ ਰਾਸ਼ਟਰ' ਦੇ ਤੌਰ ਤੇ ਸਥਾਪਤ ਕਰਨ ਦੀ ਗੱਲ ਕਰਨਾ, ਘੱਟ ਗਿਣਤੀਆਂ ਅੰਦਰ ਭੈਅ ਅਤੇ ਬੇ-ਭਰੋਸਗੀ ਪੈਦਾ ਕਰਦੇ ਹਨ। ਘੱਟ ਗਿਣਤੀਆਂ ਦੇ ਵਿਚਾਰਾਂ ਨੂੰ ਦਬਾਉਣ ਦੇ ਮਨੋਰਥ ਨਾਲ 'ਧਰਮਬਦਲੀ' ਅਤੇ 'ਘਰ ਵਾਪਸੀ' ਵਰਗੇ ਸੰਕਲਪਾਂ ਨੂੰ ਹਵਾ ਦਿੱਤੀ ਜਾਂਦੀ ਹੈ।

ਇਸ ਏਜੰਡੇ ਨੂੰ 1998 'ਚ ਮਾਹਰਾਂ ਦੇ ਗਰੁੱਪ ਦੇ ਨਾਮ ਹੇਠ ਅੱਗੇ ਵਧਾਉਣ ਦਾ ਯਤਨ ਕੀਤਾ ਗਿਆ ਸੀ ਜਿਸਦਾ ਕਈ ਰਾਜਾਂ ਵੱਲੋਂ ਵਿਰੋਧ ਹੋਣ ਕਾਰਨ ਭਾਜਪਾ ਨੂੰ ਇਹ ਏਜੰਡਾ ਵਾਪਸ ਲੈਣਾ ਪਿਆ।

ਆਰ.ਐਸ.ਐਸ ਦੇ ਬਾਨੀਆਂ ਵਿੱਚੋਂ ਇੱਕ ਸ੍ਰੀ ਗੋਲਵਾਲਕਰ ਨੇ ਇਸ ਨੀਤੀ ਦਾ ਪ੍ਰਚਾਰ ਕੀਤਾ ਕਿ ਭਾਰਤੀ ਹੋਣ ਦੀ ਪਹਿਚਾਨ ਸਿਰਫ ਹਿੰਦੂ ਸਭਿਆਚਾਰ, ਹਿੰਦੂ ਨਸਲ ਅਤੇ ਹਿੰਦੂ ਪਹਿਚਾਨ ਹੀ ਹੈ। ਇਸ ਨੀਤੀ ਦੇ ਪਸਾਰ ਲਈ ਸਮੇਂ ਸਮੇਂ 'ਤੇ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਰਹੀਆਂ ਜਿਸ ਦੀ ਚਰਮ ਸੀਮਾਂ ਗੁਜ਼ਰਾਤ ਦੇ ਸਕੂਲਾਂ ਵਿੱਚ ਦੇਖੀ ਜਾ ਸਕਦੀ ਹੈ ਜਿਥੇ ਇੱਕ ਹਿੰਦੀ ਅਧਿਆਪਕ ਵਜੋਂ ਸੇਵਾ ਮੁਕਤ ਹੋਏ ਦੀਨਾ ਨਾਥ ਬਤਰਾ ਦੀਆਂ ਮਿਥਿਕ ਕਥਾਵਾਂ ਦੀਆਂ ਪੁਸਤਕਾਂ ਨੂੰ ਬਾਲ ਮਨ੍ਹਾਂ ਦੀ ਚੇਤਨਾ ਨੂੰ ਖੁੰਡਿਆਂ ਕਰਨ ਲਈ ਵਰਤਿਆ ਜਾ ਰਿਹਾ ਹੈ ਅਤੇ ਹੁਣ ਇਸ ਦੀ ਮਾਰ ਹੇਠ ਮਹਾਰਾਸ਼ਟਰਾ ਤੋਂ ਪਿਛੋਂ ਰਾਜਸਥਾਨ ਅਤੇ ਹਰਿਆਣਾ ਦੇ ਸਿਖਿਆ ਖੇਤਰ ਨੂੰ ਲਿਆਂਦਾ ਜਾ ਰਿਹਾ ਹੈ।

ਗਿਆਨ ਦੇ ਵਿਕਾਸ ਦੇ ਨਿਯਮ ਤੋਂ ਇਨਕਾਰੀ ਹੁੰਦਿਆਂ ਮਿਥਿਕ ਕਥਾਵਾਂ ਵਿੱਚਲੀਆਂ ਕਲਪਨਾਵਾਂ ਨੂੰ ਉੱਚ ਕੋਟੀ ਦਾ ਵਿਗਿਆਨ ਕਹਿਣ ਦਾ ਭਰਮ ਫੈਲਾਉਣਾ ਜਿੱਥੇ ਇੱਕ ਪਾਸੇ ਦੁਨੀਆਂ ਦੇ ਸਾਹਮਣੇ ਹਾਸੋਹੀਣੀ ਹਾਲਤ ਪੈਦਾ ਕਰਦਾ ਹੈ, ਦੂਜੇ ਪਾਸੇ ਅਜਿਹੀਆਂ ਬੇਥਵੀਆਂ ਦਲੀਲਾਂ ਨੂੰ ਵਿਗਿਆਨੀ ਅਤੇ ਭਾਰਤੀ ਇਤਿਹਾਸਕਾਰ ਅਨੇਕਾਂ ਵਾਰ ਦਲੀਲਾਂ ਅਤੇ ਵਿਆਖਿਆ ਸਾਹਿਤ ਬੇਪੜ੍ਹਦ ਕਰ ਚੁੱਕੇ ਹਨ। ਇੰਨ੍ਹਾਂ ਬੇਥਵੀਆਂ ਦਲੀਲਾਂ ਨੂੰ ਫੈਲਾਉਣ ਦਾ ਕਾਰਨ ਹਿੰਦੂਤੱਵ ਵਿਚਾਰਾ ਦੀ ਧੌਂਸ ਜਮਾਉਣ ਅਤੇ ਕੋਮਲ ਬਾਲ ਮਨਾਂ ਅੰਦਰ ਤੁਅੱਸਬ ਪੈਦਾ ਕਰਨ ਦੀ ਕੋਸ਼ਿਸ਼ ਹੈ।

ਧਰਮ ਨਿਰਪੱਖਤਾ ਦੇ ਸਰਵ ਪ੍ਰਵਾਨਿਤ ਸੰਵਿਧਾਨਿਕ ਸ਼ਬਦ ਅਨੁਸਾਰ ਹਰ ਕਿਸਮ ਦੇ ਧਾਰਮਿਕ ਵਿਸ਼ਵਾਸ ਅਤੇ ਪਾਠ ਪੂਜਾ ਤੋਂ ਰਾਜ ਪ੍ਰਬੰਧ ਦੀ ਨਿਰਲੇਪਤਾ ਪ੍ਰਵਾਨ ਕੀਤੀ ਜਾਂਦੀ ਹੈ। ਹਿੰਦੂਤੱਵ ਵਾਦੀ ਏਜੰਡਾ ਇਸ ਸੰਵਿਧਾਨਕ ਧਾਰਨਾ ਨੂੰ ਨਕਾਰਨ ਦੀ ਭੱਦੀ ਕੋਸ਼ਿਸ਼ 'ਚ ਹੈ।

ਇੱਕ ਪਾਸੇ ਮਨੂੰਵਾਦੀ ਜਾਤੀ ਪ੍ਰਥਾ ਨੂੰ ਮੁੜ ਉਭਾਰਿਆ ਜਾ ਰਿਹਾ ਹੈ ਦੂਜੇ ਪਾਸੇ ਘੱਟ ਗਿਣਤੀਆਂ ਦੇ ਲੋਕਾਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਜਾ ਰਹੀ ਹੈ।

ਦੇਸ਼ ਦੇ ਨਾਗਰਿਕਾਂ ਦਾ ਵਿਗਿਆਨਕ ਵਿਚਾਰਾਂ ਨਾਲ ਲੈਸ ਹੋਣਾ ਸਮਾਜਿਕ ਵਿਕਾਸ ਦੀ ਗਰੰਟੀ ਹੁੰਦੀ ਹੈ। ਇਸ ਕਰਕੇ ਹਸਤ ਰੇਖਾਵਾਂ ਅਤੇ ਜੋਤਸ਼ ਵਰਗੇ ਗੈਰ ਵਿਗਿਆਨਕ ਵਿਸ਼ਿਆਂ ਨੂੰ ਨੌਜਵਾਨਾਂ ਦੀ ਵਿਦਿਆਂ ਦਾ ਹਿੱਸਾ ਬਣਾਉਣਾ ਸਮਾਜਿਕ ਤਰੱਕੀ ਨੂੰ ਮੁੰਦ ਕਰਨਾ ਹੈ।

ਸਾਮਰਾਜੀ-ਵਿਸ਼ਵੀਕਰਨ ਦੇ ਦੌਰ ਵਿੱਚ ਖੁੱਲੀ ਮੰਡੀ ਅਤੇ ਖੁੱਲੇ ਵਪਾਰ ਦੀਆਂ ਨੀਤੀਆਂ ਨੇ ਅਮੀਰੀ ਗਰੀਬੀ ਵਿੱਚ ਖਾਈ ਡੂੰਘੀ ਕੀਤੀ ਹੈ, ਬੇਰੁਜ਼ਗਾਰੀ ਵਿੱਚ ਵਾਧਾ ਹੋਇਆ ਹੈ, ਕਿਰਤ ਉਜਰਤਾਂ ਘਟੀਆਂ ਹਨ। ਨੌਜਵਾਨ ਮਾਯੂਸੀ ਦੀ ਹਾਲਤ ਵਿੱਚ ਖੁਦਕਸ਼ੀਆਂ ਨਸ਼ਿਆਂ ਅਤੇ ਟੈਂਕੀਆਂ ਤੇ ਚੜਣ ਦੇ ਕੁਰਾਹੇ ਧੱਕੇ ਜਾ ਰਹੇ ਹਨ। ਭ੍ਰਿਸ਼ਟਾਚਾਰ, ਗੁੰਡਾਗਰਦੀ, ਜ਼ੋਰ ਜਬਰਦਸਤੀ, ਧੱਕੇਸ਼ਾਹੀ, ਰਾਜਕੀ ਜਬਰ ਸਭ ਹੱਦਾਂ ਬੰਨੇ ਟੱਪ ਰਿਹਾ ਹੈ। ਰਾਜ ਦਾ ਇਹੋ ਵਿਕਾਸ ਮਾਡਲ ਹੈ। ਪਾਰਟੀਆਂ ਤੇ ਵਿਧਾਇਕ ਸਮਾਜਿਕ ਜ਼ੁੰਮੇਵਾਰੀ ਤੋਂ ਦੂਰ ਹੁੰਦੇ ਜਾ ਰਹੇ ਹਨ ਅਤੇ ਨਿੱਜੀ ਹਿੱਤ ਭਾਰੂ ਹੋ ਰਹੇ ਹਨ। ਪੂੰਜੀਪਤੀ ਅਤੇ ਕਾਰਪੋਰੇਟ ਬੇ-ਰੋਕ ਟੋਕ ਖੁੱਲਾਂ ਮਾਣ ਰਹੇ ਹਨ। ਇਸੇ ਏਜੰਡੇ ਤਹਿਤ ਸਾਰੇ ਜਨਤਕ ਖੇਤਰਾਂ ਨੂੰ ਮੰਡੀ ਨਾਲ ਜੋੜ ਦਿੱਤਾ ਗਿਆ ਹੈ। ਸਿੱਖਿਆ ਵੀ ਖਰੀਦਣ ਵੇਚਣ ਵਾਲੀ ਵਸਤੂ ਬਣ ਗਈ ਹੈ। ਬੇਹੱਦ ਮਹਿੰਗੀਆਂ ਫੀਸਾਂ (ਨਰਸਰੀ ਤੋਂ ਕਿੱਤਾ ਕੋਰਸਾ ਤੱਕ) ਮੱਧ ਵਰਗ ਦੀ ਪਹੁੰਚ ਤੋਂ ਵੀ ਬਾਹਰ ਹੁੰਦੀਆਂ ਜਾ ਰਹੀਆਂ ਹਨ। ਅਸਲ ਹੁਨਰ ਸਿਖਲਾਈ, ਲਿਆਕਤ, ਬੁੱਧੀ, ਰਚਨਸ਼ੀਲਤਾ ਘੱਟ ਰਹੀ ਹੈ।

ਵਿਕਾਸ ਦੇ ਗੁਜਰਾਤ ਮਾਡਲ ਵਿਚ ਇਹ ਦੋਹੇਂ ਤਰ੍ਹਾਂ ਦੀਆਂ ਧਾਰਾਵਾਂ ਛਿਪੀਆਂ ਬੈਠੀਆ ਹਨ। ਭਗਵਾਂਕਰਨ ਦੇ ਇਸ ਵਰਤਾਰੇ ਦੇ ਰਾਜਸੀ ਅਰਥ ਸਮਝਣ ਲਈ ਇਹ ਜ਼ਰੂਰੀ ਹੈ ਕਿ ਇਸਦੇ ਨਾਲ ਹੀ ਪ੍ਰਧਾਨ ਮੰਤਰੀ ਦੇ ਉਸ ਅਕਸ ਦਾ ਵੀ ਜ਼ਿਕਰ ਕੀਤਾ ਜਾਵੇ ਜਿਸ ਅਨੁਸਾਰ ਕਿ ਉਸਨੂੰ ਇਕ ਖਾਸ ਤਰ੍ਹਾਂ ਦੇ ਵਿਕਾਸ ਮਾਡਲ ਨੂੰ ਨੇਪਰੇ ਚਾੜਨ ਵਾਲੀ ਸ਼ਖਸੀਅਤ ਦੇ ਤੌਰ ਤੇ ਉਭਾਰਿਆ ਗਿਆ ਹੈ। ਇਸ ਵਿਕਾਸ ਮਾਡਲ ਦੀਆ ਨੀਹਾਂ ਵਿਚ ਨਵਉਦਾਰਵਾਦੀ ਨੀਤੀਆਂ ਪਈਆਂ ਹਨ। ਇਹ ਉਹ ਨੀਤੀਆਂ ਹਨ ਜਿਨ੍ਹਾਂ ਰਾਹੀਂ ਦੇਸ਼ ਦੇ ਜੰਗਲ, ਜਲ ਅਤੇ ਜ਼ਮੀਨ 'ਤੇ ਕਬਜਾ ਕਰਕੇ ਇਸਨੂੰ ਲੁੱਟਣ ਖਾਤਰ ਵੱਡੀਆਂ ਬਹੁਕੌਮੀ ਕੰਪਨੀਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ।

ਵਿਕਾਸ ਦੇ ਇਸ ਨਵ ਉਦਾਰਵਾਦੀ ਮਾਡਲ ਅਤੇ ਭਗਵਾਂਕਰਨ ਜਾਂ ਫਿਰਕੂ ਰਾਜਨੀਤੀ ਦੀ ਅੰਤਰ ਸਬੰਧਿਤਾ ਦੀ ਅਸਲ਼ ਖ਼ਸਲਤ ਨੂੰ ਸਮਝਣ ਲਈ ਇਹ ਜ਼ਰੂਰੀ ਹੈ ਕਿ ਰਾਜ ਕਰਦੀਆਂ ਜਮਾਤਾਂ ਦੁਆਰਾ ਸੰਕਟ ਸਮੇਂ ਰਾਜ ਵਿਵਸਥਾ 'ਤੇ ਆਪਣਾ ਕਬਜ਼ਾ ਰੱਖਣ ਅਤੇ ਮਜ਼ਬੂਤ ਕਰਨ ਲਈ ਕਿਹੜੇ ਕਿਹੜੇ ਤਰੀਕੇ ਅਪਣਾਏ ਜਾਂਦੇ ਹਨ, ਨੂੰ ਜਾਣਿਆ ਜਾਵੇ। ਇਕ ਵੇਲਾ ਸੀ ਜਦੋਂ ਅਜਿਹਾ ਕਰਨ ਲਈ ਗਰੀਬੀ ਹਟਾਓ ਜਿਹੇ ਲੋਕ ਲੁਭਾਵਨੇ ਨਾਅਰੇ ਦਿਤੇ ਗਏ ਸਨ। ਉਹਨਾਂ ਦੇ ਸਮਾਂ ਵਿਹਾਅ ਜਾਣ ਤੋਂ ਬਾਅਦ ਰਾਜ ਕਰਦੀਆਂ ਜਮਾਤਾਂ ਦੀਆਂ ਧਿਰਾਂ ਵਲੋਂ ਸਮੇਂ ਸਮੇਂ ਵੱਖ ਵੱਖ ਤਰ੍ਹਾਂ ਦੇ ਫਿਰਕੂ ਨਾਅਰੇ ਦਿੱਤੇ ਗਏ। ਪਿਛਲੀ ਸਦੀ ਦੇ ਅੱਸੀਵਿਆਂ ਦੇ ਦੌਰਾਨ ਖਾਲਿਸਤਾਨ ਦਾ ਪ੍ਰਸ਼ਨ ਉਭਾਰ ਕੇ ਇਕ ਪਾਸੇ ਤਾਂ ਖਾਲਿਸਤਾਨੀ ਦਹਿਸ਼ਤਗਰਦੀ ਨੂੰ ਪੈਦਾ ਕੀਤਾ ਗਿਆ ਤਾਂ ਦੂਜੇ ਪਾਸੇ ਪੂਰੇ ਮੁਲਕ ਦੇ ਅੰਦਰ ਸਿੱਖ ਭਾਈਚਾਰੇ ਵਿਰੁੱਧ ਫਿਰਕੂ ਮਹੌਲ ਉਸਾਰਿਆ ਗਿਆ। ਇਸੇ ਤਰਾਂ ਬਾਬਰੀ ਮਸਜਿਦ ਨੂੰ ਢਾਹੁਣ ਅਤੇ ਰਾਮ ਮੰਦਰ ਨੂੰ ਉਸਾਰਨ ਦੇ ਫਿਰਕੂ ਮਸਲੇ ਉਪਰ ਜੇਕਰ ਸੰਘ ਪਰਿਵਾਰ ਦਾ ਭੜਕਾਊ ਕਿਰਦਾਰ ਕਿਸੇ ਤੋਂ ਛੁਪਿਆ ਨਹੀਂ ਹੈ ਤਾਂ ਉਸ ਵੇਲੇ ਦੀ ਰਾਜ ਕਰਦੀ ਕਾਂਗਰਸ ਪਾਰਟੀ ਦੇ ਦੋਗਲੇ ਰੋਲ ਨੂੰ ਵੀ ਭੁਲਣਾ ਨਹੀਂ ਚਾਹੀਦਾ। ਇਸ ਤੋਂ ਅੱਗੇ ਗੁਜਰਾਤ, ਉੜੀਸਾ ਅਤੇ ਮੱਧ ਪ੍ਰਦੇਸ਼ ਵਿਚ ਸੰਘ ਪਰਿਵਾਰ ਵਲੋਂ ਫਿਰਕੂ ਰਾਜਨੀਤੀ ਦੇ ਨਿਸ਼ਾਨੇ 'ਤੇ ਈਸਾਈ ਭਾਈਚਾਰੇ ਨੂੰ ਲਿਆਂਦਾ ਗਿਆ। ਉਸ ਵੇਲੇ ਵੀ ਕਾਂਗਰਸ ਪਾਰਟੀ ਵਲੋਂ ਸੰਘ ਪਰਿਵਾਰ ਦੇ ਖਿਲਾਫ਼ ਧਰਮ ਨਿਰਪੱਖ ਪੈਂਤੜੇ ਤੋਂ ਵਿਰੋਧ ਨਹੀਂ ਕੀਤਾ ਗਿਆ ਸਗੋਂ ਹਿੰਦੂ ਧਰਮ ਦੇ ਚੌਖਟੇ ਦੇ ਅੰਦਰ ਰਹਿ ਕੇ ਹੀ ਅਜਿਹਾ ਕਰਨ ਦੀ ਕੁਝ ਕੋਸ਼ਿਸ਼ ਕੀਤੀ। ਇਹੀ ਕਾਰਨ ਹੈ ਕਿ ਕਿਸੇ ਵੀ ਰਾਜ ਕਰਦੀ ਪਾਰਟੀ ਵਲੋਂ ਮੁਸਲਮਾਨ ਭਾਈਚਾਰੇ ਦਾ ਨਰਸੰਘਾਰ ਕਰਨ ਲਈ ਜ਼ਿੰਮੇਵਾਰ ਸੰਘ ਪਰਿਵਾਰ ਅਤੇ ਇਸਦੇ ਰਾਜਸੀ ਅੰਗ ਭਾਰਤੀ ਜਨਤਾ ਪਾਰਟੀ ਦੇ ਖ਼ਿਲਾਫ਼ ਧਰਮ ਨਿਰਪੱਖ ਪੈਂਤੜੇ ਤੋਂ ਕੋਈ ਨਿੱਗਰ ਰਾਜਸੀ ਪਹਿਲ ਕਦਮੀ ਨਹੀਂ ਕੀਤੀ। ਇਹ ਗੱਲ ਕਹਿਣ ਵਿਚ ਕੋਈ ਅਤਿਕਥਨੀ ਹੋਵੇਗੀ ਕਿ ਸਮੇਂ ਸਮੇਂ ਵੱਖ-ਵੱਖ ਰਾਜ ਕਰਦੀਆਂ ਪਾਰਟੀਆਂ/ ਧਿਰਾਂ ਵੱਲੋਂ ਰਾਜ ਸ਼ਕਤੀ ਪ੍ਰਾਪਤ ਕਰਨ ਅਤੇ ਇਸਨੂੰ ਸੰਕਟ ਰਹਿਤ ਕਰਕੇ ਪੱਕਿਆ ਕਰਨ ਖਾਤਰ ਘੱਟ ਜਾਂ ਵੱਧ ਮਾਤਰਾ ਵਿਚ ਫਿਰਕੂ ਪੈਂਤੜੇ ਦਾ ਇਸਤੇਮਾਲ ਕੀਤਾ ਗਿਆ ਹੈ। ਇਸ ਤਰ੍ਹਾਂ ਦੇਖਿਆਂ ਫਿਰਕੂ ਰਾਜਨੀਤੀ ਅਤੇ ਫਿਰਕੂ ਨਾਅਰਿਆਂ ਨੂੰ ਇਕ ਰਾਜ ਕਰਨ ਦੇ ਤਰੀਕੇ ਦੇ ਤੌਰ 'ਤੇ ਹੀ ਵਰਤੋਂ ਵਿਚ ਲਿਆਂਦਾ ਹੈ। ਇਹੀ ਕਾਰਨ ਹੈ ਕਿ ਕੁਝ ਮੌਕਿਆ ਉਪਰ ਇਹ ਰਾਜਸੀ ਧਰਾਤਲ ਤੇ ਨਜ਼ਰ ਆਉਂਦੀ ਹੈ ਅਤੇ ਕੁਝ ਹੋਰ ਮੌਕਿਆ ਉਪਰ ਇਸਨੂੰ ਠੰਢੇ ਬਸਤੇ ਵਿਚ ਪਾ ਦਿਤਾ ਜਾਂਦਾ ਹੈ। ਭਗਵਾਂਕਰਨ ਦਾ ਫਾਸ਼ੀਵਾਦੀ ਰੁਝਾਨ ਵੀ ਰਾਜ ਕਰਦੀਆਂ ਜਮਾਤਾਂ ਦੇ ਅਜਿਹੇ ਰਾਜਸੀ ਪੈਂਤੜੇ ਦੇ ਤੌਰ 'ਤੇ ਹੀ ਸਮਝਣਾ ਚਾਹੀਦਾ ਹੈ। ਜਮਹੂਰੀ ਅਧਿਕਾਰ ਸਭਾ ਨੂੰ ਇਸੇ ਪੈਂਤੜੇ ਤੋਂ ਹੀ ਭਗਵਾਂਕਰਨ ਅਤੇ ਹਰ ਪ੍ਰਕਾਰ ਦੀ ਫਿਰਕੂ ਰਾਜਨੀਤੀ ਦਾ ਵਿਰੋਧ ਕਰਨਾ ਚਾਹੀਦਾ ਹੈ।

ਰਾਜ ਨੂੰ ਕਾਰਪੋਰੇਟ ਅਤੇ ਪੂੰਜੀਪਤੀਆਂ ਦੇ ਹਿੱਤ ਵਿੱਚ ਵਰਤਣ ਲਈ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਤੋਂ ਧਿਆਨ ਲਾਂਭੇ ਕਰਨ ਲਈ ਉਹਨਾਂ ਵਿੱਚ ਫਿਰਕੂ ਨਫ਼ਰਤ ਰਾਹੀਂ ਵੰਡੀਆਂ ਪਾ ਕੇ ਰਾਜ ਦੀ ਉਪਰ ਲੰਮੇਰੀ ਕਰਨਾ ਹੈ।

2014 ਦੀਆਂ ਚੋਣਾਂ ਤੋਂ ਪਹਿਲਾਂ ਹੀ ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਵਿਚਕਾਰ ਫਿਰਕੂ ਤਣਾਉ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਗਈਆ ਸਨ ਤਾਂ ਕਿ ਵੋਟਾਂ ਲਈ ਫ਼ਿਰਕੂ ਲੀਹਾਂ 'ਤੇ ਪਾਲਾਬੰਦੀ ਕੀਤੀ ਜਾ ਸਕੇ। ਇਸਦੀ ਸਭ ਤੋਂ ਉਘੜਵੀਂ ਮਿਸਾਲ ਯੂਪੀ ਵਿਚ ਮੁਜ਼ਫਰਨਗਰ ਜ਼ਿਲੇ ਦੇ ਅੰਦਰ ਭੜਕਾਏ ਗਏ ਫਿਰਕੂ ਦੰਗਿਆਂ ਦੀ ਹੈ। ਇਸੇ ਦੌਰਾਨ ਇੱਕ ਸਾਜਸ਼ੀ ਢੰਗ ਨਾਲ ਲਵ ਜਿਹਾਦ ਜਿਹੇ ਬੇਹੂਦਾ ਮਸਲੇ ਨੂੰ ਹਵਾ ਵਿਚੋਂ ਹੀ ਪੈਦਾ ਕਰਨ ਤੋਂ ਬਾਅਦ ਵੱਡੇ ਪੈਮਾਨੇ 'ਤੇ ਪ੍ਰਚਾਰ ਕੇ ਸਮੁੱਚੇ ਸੰਘ ਪਰਵਾਰ ਦੀ ਅਗਵਾਈ ਵਿਚ ਹਿੰਦੂਤਵਵਾਦੀ ਸ਼ਕਤੀਆਂ ਨੇ ਪਿੰਡਾਂ ਤੱਕ ਜਾਕੇ ਵੱਡੇ ਪੈਮਾਨੇ 'ਤੇ ਮੁਸਲਮਾਨਾਂ ਦਾ ਕਤਲੇਆਮ,ਉਹਨਾਂ ਦੀਆਂ ਜਾਇਦਾਦਾਂ ਤਬਾਹੀ, ਔਰਤਾਂ ਦੀ ਬੇਪਤੀ ਅਤੇ ਘਰੋਂ ਬੇਘਰ ਕੀਤਾ। ਵੋਟ ਬੈਂਕ ਪੱਕੇ ਕਰਨ ਦੀ ਖਾਤਰ ਰਾਜਪ੍ਰਬੰਧ ਵਿੱਚ ਹਿੱਸੇਦਾਰ ਸਮਾਜਵਾਦੀ ਪਾਰਟੀ ਅਤੇ ਕਾਂਗਰਸ ਪਾਰਟੀ ਆਦਿ ਨੇ ਵੀ ਇਹਨਾਂ ਦੰਗਿਆਂ ਨੂੰ ਰੋਕਣ ਲਈ ਕੋਈ ਠੋਸ ਕਾਰਵਾਈ ਨਹੀਂ ਕੀਤੀ। 2014 ਦੀਆਂ ਚੋਣਾਂ ਦੇ ਮੌਕੇ ਵੀ ਭਾਰਤੀ ਜਨਤਾ ਪਾਰਟੀ ਨੇ ਮੋਦੀ ਦੀ ਅਗਵਾਈ ਵਿਚ ਇਕ ਅਜਿਹਾ ਹਿੰਦੂਤੱਵ ਵਾਦੀ ਪ੍ਰਚਾਰ ਕੀਤਾ ਤਾਂ ਕਿ ਧਰਮ ਦੇ ਨਾਂ ਤੇ ਵੋਟਾਂ ਦਾ ਧਰੁਵੀਕਰਨ ਕੀਤਾ ਜਾ ਸਕੇ। ਚੋਣਾਂ ਤੋਂ ਪਿਛੋਂ ਵੀ ਭਾਰਤੀ ਜਨਤਾ ਪਾਰਟੀ ਦੀਆਂ ਵੱਖ ਵੱਖ ਸੂਬਾ ਸਰਕਾਰਾਂ ਰਾਹੀਂ, ਇਸਦੇ ਕੁਝ ਪ੍ਰਮੁੱਖ ਨੇਤਾਵਾਂ ਅਤੇ ਸੰਘ ਪਰਿਵਾਰ ਦੇ ਹਿੱਸੇਦਾਰ ਵਿਸ਼ਵ ਹਿੰਦੂ ਪਰੀਸ਼ਦ ਅਤੇ ਬਜਰੰਗ ਦਲ ਆਦਿ ਰਾਹੀਂ ਹਿੰਦੂਤੱਵ ਵਾਦੀ ਵਿਚਾਰ ਲਗਾਤਾਰ ਉਭਾਰੇ ਜਾ ਰਹੇ ਹਨ ਅਤੇ ਵਾਹ ਲਗਦੀ ਇਹਨਾਂ ਤੇ ਅਮਲ ਵੀ ਕੀਤਾ ਜਾ ਰਿਹਾ ਹੈ।

ਸਾਮਰਾਜ ਦੇ ਦਬਾਅ ਹੇਠ ਕਾਰਪੋਰੇਟ ਹਿਤਾਂ ਲਈ ਨਵਉਦਾਰਵਾਦੀ ਨੀਤੀਆਂ ਲਾਗੂ ਕੀਤੀਆਂ ਗਈਆਂ ਜਿਸਨੇ ਪੈਦਾਵਾਰੀ ਸਾਧਨਾ ਦੀ ਮਾਲਕੀ ਨੂੰ ਬਹੁਕੌਮੀ ਕਾਪੋਰੇਟਾਂ ਦੇ ਹੱਥਾਂ 'ਚ ਸੋਂਪਣ ਦਾ ਸਿਲਸਿਲੇ ਨੂੰ ਤੇਜ ਕੀਤਾ। ਇਸ ਨੂੰ ਨਵੇਂ ਵਿਕਾਸ ਮਾਡਲ ਦਾ ਨਾਮ ਦੇ ਕੇ ਪ੍ਰਚਾਰਨਾ ਸ਼ੁਰੂ ਕੀਤਾ। ਸੱਤਰਵਿਆਂ ਵਿੱਚ ਰਾਜ ਕਰਦੀਆਂ ਜਮਾਤਾਂ ਵੱਲੋਂ ਗਰੀਬੀ ਹਟਾਓ ਵਰਗੇ ਲੋਕ ਲੁਭਾਵਨੇ ਨਾਹਰੇ ਦਿੱਤੇ ਗਏ ਸਨ। ਜਦੋਂ ਲੋਕਾਂ ਦੀਆਂ ਆਮ ਲੋੜਾਂ ਦੀ ਪੂਰਤੀ ਨਾ ਹੋਣ ਕਰਕੇ ਲੋਕਾਂ ਵਿੱਚ ਵੱਡੀ ਪੱਧਰ 'ਤੇ ਬੇਚੈਨੀ ਪਾਈ ਗਈ ਜੋ ਵੱਖ ਵੱਖ ਲੋਕ ਲਹਿਰਾਂ ਦੇ ਰੂਪ ਵਿੱਚ ਸਾਹਮਣੇ ਆਈ। ਇਸ ਹਾਲਤ ਨਾਲ ਨਿਪਟਣ ਲਈ ਰਾਜ ਕਰਦੀਆਂ ਜਮਾਤਾਂ ਨੇ ਇੱਕ ਪਾਸੇ ਲੋਕ ਲੁਭਾਊ ਨਾਹਰਿਆਂ ਅਤੇ ਦੂਜੇ ਪਾਸੇ ਫ਼ਿਰਕੂ ਏਜੰਡੇ ਨੂੰ ਵਰਗਲਾਉਣ ਦੀਆਂ ਕੋਸ਼ਿਸ਼ਾਂ ਸੁਰੂ ਕਰ ਦਿੱਤੀਆ। ਰਾਜ ਕਰਦੀਆਂ ਪ੍ਰਮੁੱਖ ਪਾਰਟੀਆਂ ਇੱਕ ਦੂਜੇ ਤੋਂ ਰਾਜਸੀ ਪਿੜ ਖੋਹਣ ਲਈ ਫ਼ਿਰਕ ਅਤੇ ਕੌਮੀ ਸਾਵਨਵਾਦ ਏਜੰਡੇ ਨੂੰ ਅੱਗੇ ਵਧਾਉਣ ਦੀ ਦੌੜ ਲੱਗ ਗਈਆਂ। ਪਰ ਫੋਕੇ ਨਾਹਰਿਆਂ ਦੀ ਹਕੀਕਤ ਬੜੀ ਜਲਦੀ ਬੇਪੜਦ ਹੋ ਗਈ, ਲੋਕਾਂ ਦਾ ਸੰਕਟ ਸਗੋਂ ਹੋਰ ਗਹਿਰਾ ਹੋ ਗਿਆ, ਜਿਸਦੇ ਸਿੱਟੇ ਵਜੋਂ ਲੋਕ ਕੁਦਰਤੀ ਸ੍ਰੋਤਾਂ ਦੀ ਰਾਖੀ ਲਈ ਜ਼ੋਰ ਨਾਲ ਅੱਗੇ ਆਏ।

ਰਾਜ ਕਰਦੀਆਂ ਜਮਾਤਾਂ ਨੇ ਫ਼ਿਰਕੂ ਰਾਜਨੀਤੀ (ਭਗਵਾਂਕਰਨ) ਦੇ ਏਜੰਡੇ ਨੂੰ ਜ਼ੋਰ ਅੱਗੇ ਵਧਾਉਣਾ ਸ਼ੁਰੂ ਕੀਤਾ ਜਿਸਨੂੰ ਹੁਣ ਗੁਜਰਾਤ ਮਾਡਲ ਦੇ ਨਾਮ ਨਾਲ ਪ੍ਰਚਾਰਿਆ ਗਿਆ। ਇਹ 2002 ਵਿੱਚ ਇੱਕ ਫ਼ਿਰਕੇ ਦੇ ਕਤਲੇਆਮ ਪਿਛੋਂ ਸ਼ੁਰੂ ਹੋਇਆ ਸੀ ਜਿਸਦੇ ਤਹਿਤ ਕਾਰਪੋਰੇਟ ਹਿਤਾਂ ਦੀ ਪੂਰਤੀ ਕਰਦੇ ਹੋਏ ਪੈਦਾਵਾਰੀ ਸਾਧਨਾ ਅਤੇ ਕੁਦਰਤੀ ਸ੍ਰੋਤਾਂ ਦੀ ਮਾਲਕੀਅਤ ਸੌਂਪਣ ਦਾ ਸਿਲਸਿਲਾ ਤੇਜ ਕੀਤਾ ਗਿਆ। ਮੰਡੀ ਦੇ ਵਿਸਥਾਰ ਹਿਤ ਦਸਤਕਾਰੀ ਅਤੇ ਸਥਾਨਕ ਧੰਦਿਆਂ ਨੂੰ ਬਰਬਾਦ ਕੀਤਾ ਗਿਆ। 1996 ਦੇ ਵਿਸ਼ਵ ਬੈਂਕ ਦੇ ਅਦੇਸ਼ ਮੁਤਾਬਿਕ ਪਿੰਡ ਉਜਾੜ ਕਿ ਵਡੇ (ਮੇਗਾ) ਸਹਿਰ ਬਣਾਉਣ ਦੇ ਆਦੇਸ਼ ਦੀ ਪੁਰਤੀ ਲਈ ਵਡੇ ਪੈਮਾਨੇ ਤੇ ਕਿਸਾਨਾਂ ਤੋ ਜਮੀਨ ਖੋਹਣ ਦਾ ਸਿਲਸਿਲਾ ਚਲਾਇਆ ਜਾ ਰਿਹਾ ਹੈ , ਜਿਸ ਦਾ ਲੁਕਵਾਂ ਅਜੰਡਾ ਹੈ ਕਿਸਾਨੀ ਨੂੰ ਉਜਾੜ ਕਿ ਸਸਤੇ ਕਾਮੇ ਵੀ ਪੈਦਾ ਕੀਤੇ ਜਾਣ। ਇਉਂ ਵਿਕਾਸ ਦੇ ਇਸ ਨਵ ਉਦਾਰਵਾਦੀ ਮਾਡਲ ਅਤੇ ਹਿੰਦੂਤੱਵ ਜਾਂ ਫਿਰਕੂ ਰਾਜਨੀਤੀ ਦੇ ਆਪਸੀ ਅੰਤਰ ਸੰਬੰਧ ਦੀ ਅਸਲ਼ ਖ਼ਸਲਤ ਨੂੰ ਸਮਝ ਸਕਦੇ ਹਾਂ।

### ਗੈਰ ਬਰਾਬਰੀ ਅਤੇ ਜਮਹੂਰੀ ਹੱਕ

ਜਿਹੜੇ ਵਿਕਾਸ ਮਾਡਲ ਦਾ ਸ਼ੋਰਸਰਾਬਾ ਪਾਇਆ ਜਾ ਰਿਹਾ ਹੈ ਉਹ ਪੂੰਜੀ ਅਧਾਰਿਤ ਅਤੇ ਪੂੰਜੀ ਹਿਤ ਵਿੱਚ ਹੈ ਜੋ ਇਸਦਾ ਅਣਮਨੁੱਖੀ ਚਿਹਰਾ ਨੰਗਾ ਕਰਦਾ ਹੈ। ਜਦ ਕਿ ਸੱਭਿਅਕ ਵਿਕਾਸ ਮਨੁੱਖ ਲਈ ਅਤੇ ਮਨੁੱਖ ਅਧਾਰਿਤ ਹੋਣਾ ਜਰੂਰੀ ਹੈ। ਜਿਸਦੀ ਬੁਨਿਆਦੀ ਸ਼ਰਤ ਹੈ ਕਿ ਹਰ ਵਿਅਕਤੀ ਨੂੰ ਵਿਕਾਸ ਦੇ ਢੁਕਵੇਂ ਅਤੇ ਬਰਾਬਰ ਮੌਕੇ ਮਿਲਣ। ਵਿਅਕਤੀਗਤ ਲੋੜਾਂ ਦੀ ਪੂਰਤੀ ਇਕਸਾਰ ਹੋਵੇ ਅਤੇ ਆਰਥਿਕ, ਰਾਜਨੀਤਕ, ਸਮਾਜਿਕ, ਇਲਾਕਾਈ, ਨਸਲ, ਜਾਤੀ, ਰੰਗ, ਧਾਰਮਿਕ, ਭਾਸ਼ਾ, ਸਰਿਕ ਅਯੋਗਤਾ, ਮਾਨਸਿਕ ਅਤੇ ਲਿੰਗ ਅਧਾਰਿਤ ਆਦਿ ਕੋਈ ਗੈਰਬਰਾਬਰੀ, ਵਿਤਕਰਾ ਜਾਂ ਧੱਕਾ ਨਾ ਹੋਵੇ। ਗੈਰ ਬਰਾਬਰੀਆਂ, ਵਿਤਕਰੇ ਜਾਂ ਧੱਕੇ ਮਨੁੱਖ ਦੇ

ਆਜ਼ਾਦ ਵਿਕਾਸ ਨੂੰ ਕੁੰਡਾ ਮਾਰਦੇ ਹਨ ਅਤੇ ਅਜਿਹਾ ਵਿਕਾਸ ਮੋੜਵੇਂ ਰੂਪ ਵਿੱਚ ਇਹਨਾਂ ਗੈਰ ਬਰਾਬਰੀਆਂ ਦੀ ਖਾਈ ਨੂੰ ਬਣਾਈ ਰੱਖਣ ਦੇ ਨਾਲ ਨਾਲ ਹੋਰ ਡੂੰਘਾ ਕਰਨ ਵਾਲੀਆਂ ਤਾਕਤਾਂ ਨੂੰ ਸਹਾਈ ਹੁੰਦਾ ਹੈ। ਮਨੁੱਖੀ ਵਿਕਾਸ ਲਈ ਵਿਚਾਰਾਂ ਦੀ ਆਜ਼ਾਦੀ, ਵਿਚਾਰਾਂ ਦੁਆਲੇ ਲਾਮਬੰਦੀ ਕਰਨ , ਜਥੇਬੰਦ ਹੋਣ ਅਤੇ ਆਪਣੇ ਜੀਵਨ ਹਾਲਤਾਂ ਦੀ ਬਿਹਤਰੀ ਲਈ ਸੰਘਰਸ਼ ਕਰਨ ਦਾ ਜਨਮ ਸਿੱਧ ਅਧਿਕਾਰ ਹੈ। ਆਜ਼ਾਦੀ ਦੇ ਸੰਗਰਾਮ ਵਿੱਚ ਗਦਰ ਪਾਰਟੀ, ਸ਼ਹੀਦ ਭਗਤ ਸਿੰਘ, ਉਹਨਾਂ ਦੇ ਸਾਥੀਅਤੇ ਹੋਰ ਇਨਕਲਾਬੀ ਲਹਿਰਾਂ ਨੇ ਇਸੇ ਮਨੁੱਖੀ ਵਿਕਾਸ ਦੇ ਮਾਡਲ ਨੂੰ ਆਜ਼ਾਦੀ ਪ੍ਰਾਪਤੀ ਆਧਾਰ ਮੰਨਿਆ ਸੀ।

ਵੱਖ ਵੱਖ ਇਤਿਹਾਸਕ ਪੜਾਵਾਂ ਵਿੱਚੋਂ ਦੀ ਗੁਜ਼ਰਦਾ ਹੋਇਆ ਆਰਥਿਕ, ਸਮਾਜਿਕ ਅਤੇ ਰਾਜਸੀ ਪ੍ਰਬੰਧ ਦਾ ਜੋ ਸਰੂਪ ਸਾਡੇ ਸਾਹਮਣੇ ਹੈ ਇਸ ਵਿੱਚ ਉੱਪਰ ਵਰਨਣ ਕੀਤੀਆਂ ਅਨੇਕਾਂ ਪ੍ਰਕਾਰ ਦੀਆਂ ਨਾਬਰਾਬਰੀਆਂ, ਵਿਤਕਰੇ ਅਤੇ ਦਾਬੇ ਮੌਜੂਦ ਹਨ। ਵਿਸ਼ਵ ਪੱਧਰ 'ਤੇ ਇੱਕ ਪਾਸੇ ਵਿਕਸਤ ਦੇਸ਼ਾਂ ਦੇ ਨਾਮ ਨਾਲ ਜਾਣੇ ਜਾਂਦੇ ਅਮਰੀਕਾ, ਕੈਨੇਡਾ, ਇੰਗਲੈਂਡ ਸਮੇਤ ਪੱਛਮੀ ਯੂਰਪੀ, ਅਸਟਰੇਲੀਆ ਅਤੇ ਜਾਪਾਨ ਵਰਗੇ ਦੇਸ਼ ਹਨ ਜੋ ਦੁਨੀਆਂ ਦੇ ਕੁਦਰਤੀ ਅਤੇ ਪੈਦਾਵਾਰੀ ਸ੍ਰੋਤਾਂ ਦੇ ਵੱਡੇ ਹਿੱਸੇ ਨੂੰ ਹਥਿਆ ਰਹੇ ਹਨ।ਦੁਨੀਆਂ ਪੱਧਰ 'ਤੇ ਨਿਜੀਕਰਨ ਦੇ ਰੁਝਾਨ ਦੇ ਸਿੱਟੇ ਵਜੋਂ 2014 ਵਿੱਚ ਦੁਨੀਆਂ ਦੇ 1 ਫ਼ੀਸਦੀ ਉੱਪਰਲੇ ਧਨਾਢ ਤਬਕੇ ਦੀ ਜਾਇਦਾਦ 44 ਫ਼ੀਸਦੀ ਸੀ ਜੋ 2015 ਵਿੱਚ ਵੱਧ ਕੇ 48 ਫ਼ੀਸਦੀ ਹੋ ਗਈ ਅਤੇ 2016 ਵਿੱਚ ਅੱਧ ਪਾਰ ਕਰ ਜਾਵੇਗੀ। ਦੁਨੀਆਂ ਦੇ ਅਰਬਾਂ ਪਤੀਆਂ ਦੀ ਸੂਚੀ ਚੋ ਬਹੁਤੇ ਇਹਨਾਂ ਦੇਸ਼ਾਂ ਨਾਲ ਸਬੰਧਤ ਹਨ ਅਤੇ ਅਮਰੀਕਾ ਦੇ ਅਰਬ ਪਤੀਆਂ ਦੀ ਗਿਣਤੀ ਸੱਭ ਤੋਂ ਵੱਧ ਹੈ।

ਦੁਨੀਆਂ ਦੇ ਵੱਡੇ ਹਿੱਸੇ ਨੂੰ ਅਣਵਿਕਸਤ ਜਾਂ ਵਿਕਾਸਸ਼ੀਲ ਕਿਹਾ ਜਾਂਦਾ ਹੈ ਜਿਹਨਾਂ ਵਿੱਚ ਭਾਰਤ ਦੇ ਨਾਲ ਨਾਲ ਬੇਹੱਦ ਗ਼ਰੀਬ ਅਫ਼ਰੀਕੀ ਮੁਲਕ ਵੀ ਸ਼ਾਮਲ ਹਨ। ਸਬ ਸਹਾਰਾ ਅਫ਼ਰੀਕਾ ਵਿੱਚ ਕਾਲ ਪੈ ਰਹੇ ਹਨ। ਆਕਸਫੋਰਡ ਪਾਵਰਟੀ ਐਂਡ ਹਿਊਮਨ ਡਵੈਲਪਮੈਂਟ ਇਨੀਸੀਏਟਿਵ ਅਤੇ ਯੂਨਾਈਟਡ ਨੇਸ਼ਨਜ਼ ਡਵੈਲਪਮੈਂਟ ਪ੍ਰੋਗਰਾਮ ਦੁਆਰਾ ਗਰੀਬੀ ਪੱਧਰ ਜਾਨਣ ਲਈ ਮੱਲਟੀ ਡਾਈਮੈਨਸ਼ਨਲ ਇਨਡੈਕਸ (ਬਹੁ ਪੱਖੀ ਸੂਚਕ ਮਾਪ) ਵਿਧੀ ਵਿਕਸਤ ਕੀਤੀ ਗਈ ਹੈ ਜਿਸ ਵਿੱਚ ਬੱਚਿਆਂ ਦੀ ਮੌਤ ਦਰ, ਖਾਧ ਖੁਰਾਕ; ਪੀਣ ਵਾਲੇ ਸਾਫ਼ ਪਾਣੀ, ਸਾਫ਼ ਸਫ਼ਾਈ, ਬਾਲਣ, ਬਿਜਲੀ, ਬੱਚਿਆ ਦਾ ਸਕੂਲ ਵਿੱਚ ਦਾਖਲਾ ਅਤੇ ਸਕੂਲ ਵਿੱਚ ਵਿਦਿਆ ਪ੍ਰਾਪਤੀ ਦਾ ਸਮਾਂ ਆਦਿ ਮੁਡਲੀਆਂ ਲੋੜਾਂ ਤੱਕ ਪਹੁੰਚ ਨੂੰ ਆਧਾਰ ਬਣਾਇਆ ਗਿਆ ਹੈ। ਇਹਨਾਂ ਚੋਂ 30 ਫੀਸਦੀ ਲੋੜਾਂ ਤੋਂ ਵੰਚਿਤ ਪਰਿਵਾਰਾਂ ਨੂੰ ਗ਼ਰੀਬ ਮੰਨਿਆ ਗਿਆ ਹੈ। ਇਸ ਅਨੁਸਾਰ ਦੁਨੀਆਂ ਦੇ ਅੱਧੇ ਗ਼ਰੀਬ (51ਫੀਸਦੀ ਜਾਂ 84.40 ਕਰੋੜ) ਦੱਖਣੀ ਏਸ਼ੀਆ ਅਤੇ ਇੱਕ ਚੌਥਾਈ (28 ਫ਼ੀਸਦੀ ਜਾਂ 45.80 ਕਰੋੜ) ਅਫ਼ਰੀਕਾ ਵਿੱਚ ਹਨ। ਇਸ ਮਾਪ ਦੰਡ ਦੀ 2005 ਦੀ ਰਿਪੋਰਟ ਅਨੁਸਾਰ 64.50 ਕਰੋੜ(55 ਫ਼ੀਸਦੀ) ਭਾਰਤੀ ਲੋਕ ਗਰੀਬ ਹਨ ਜਿਸ ਦਾ ਅਰਥ ਹੈ ਇੱਕ ਪਰਿਵਾਰ ਵਿੱਚ ਇੱਕ ਮੈਂਬਰ ਭੁੱਖ ਨਾਲ ਮਰ ਚੁੱਕਾ ਹੈ ਅਤੇ ਇੱਕ ਹੋਰ ਕੁਪੋਸ਼ਨ ਦਾ ਸ਼ਿਕਾਰ ਹੈ। ਦੁਨੀਆਂ ਭਰ ਦੇ ਕੁਪੋਸ਼ਨ ਦੇ ਸ਼ਿਕਾਰ ਬੱਚਿਆਂ ਚੋਂ ਅੱਧੇ ਭਾਰਤੀ ਬੱਚੇ ਹਨ।

ਇਸ ਤੋਂ ਇਲਾਵਾ ਸਮੁੱਚੇ ਭਾਰਤ ਦਾ ਵਿਕਾਸ ਵੀ ਸਾਵਾਂ ਨਹੀਂ ਹੈ। ਇੱਥੇ ਦੋ ਭਾਰਤ ਵਸਦੇ ਹਨ। ਇੱਕ ਪਾਸੇ ਫੋਰਬਸ ਅਨੁਸਾਰ 2010 ਵਿੱਚ 49, 2014 ਵਿੱਚ 62 ਭਾਰਤੀ ਅਰਬ ਪਤੀ ਸਨ ਮੋਦੀ ਦੇ ਇੱਕ ਸਾਲ ਦੇ ਰਾਜ ਕਾਲ ਵਿੱਚ 28 ਹੋਰ ਅਰਬਪਤੀ ਦਾ ਇਸ ਸੂਚੀ ਵਿੱਚ ਵਾਧਾ ਹੋ ਗਿਆ। ਇਹਨਾਂ ਅਰਬਪਤੀਆਂ ਨੇ295 ਅਰਬ ਡਾਲਰ ਦੀ ਜਾਇਦਾਤ ਹਥਿਆ ਰੱਖੀ ਹੈ। ਭਾਰਤ ਵਿੱਚ ਵੱਧ ਰਹੀ ਗੈਰਬਰਾਬਰੀ ਨੂੰ ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਹੇਠਲੀ 10 ਫ਼ੀਸਦੀ ਆਬਾਦੀ ਦੇ ਗੁਜ਼ਾਰੇ ਦੇ ਵਸੀਲਿਆਂ ਦੇ ਮੁਕਾਬਲੇ ਉੱਪਰਲੇ 10 ਫ਼ੀਸਦੀ ਅਮੀਰ 370 ਗੁਣਾ ਵਧੇਰੇ ਜਾਇਦਾਦ ਦੇ ਮਾਲਕ ਹਨ ਅਤੇ ਉਹ ਭਾਰਤ ਦੀ ਕੁੱਲ ਤਿੰਨ ਚੌਥਾਈ ਜਾਇਦਾਦ ਉੱਪਰ ਕਾਬਜ਼ ਹਨ। ਇੱਕ ਫ਼ੀਸਦੀ ਸੁਪਰ ਅਮੀਰ ਦੇਸ ਦੀ ਅੱਧੀ ਜਾਇਦਾਦ ਦਾ ਮਾਲਕ ਬਣ ਬੈਠੇ ਹਨ। 2000 ਤੋਂ ਬਾਅਦ ਇਹਨਾਂ ਧਨਾਢਾਂ ਦੀ ਜਾਇਦਾਦ ਵਿੱਚ ਬੇਹੱਦ ਵਾਧਾ ਹੋਇਆ ਹੈ। ਦੁਨੀਆਂ ਦੇ 2008 ਦੇ ਆਰਥਿਕ ਸੰਕਟ ਦੌਰਾਨ ਦੁਨੀਆਂ ਦੇ ਅਮੀਰਾਂ ਦੇ ਮੁਕਾਬਲੇ ਭਾਰਤੀ ਅਮੀਰ ਤਬਕਾ ਨੇ ਜ਼ਿਆਦਾ ਤੇਜ਼ੀ ਨਾਲ ਜਾਇਦਾਦ ਹੜੱਪੀ ਹੈ।

ਵੱਖ ਵੱਖ ਇਲਾਕਿਆਂ, ਕੌਮੀਅਤਾਂ ਦੇ ਵਿਕਾਸ ਵਿੱਚ ਵੱਡੇ ਪਾੜੇ ਹਨ। ਭਾਰਤ ਦੇ 8 ਕੇਂਦਰੀ ਸੂਬਿਆਂ ਵਿੱਚ 42.1 ਕਰੋੜ ਗਰੀਬ ਵੱਸਦੇ ਹਨ। ਉੱਤਰੀ ਪੂਰਬੀ ਕੌਮੀਅਤਾਂ ਵਿਕਾਸ ਦੇ ਕਬਾਇਲੀ ਦੌਰ ਵਿੱਚ ਹਨ ਕਸ਼ਮੀਰੀ ਲੋਕ ਵੀ ਇਸ ਵਿੱਚ ਪਿੱਛੇ ਰੱਖੇ ਗਏ ਹਨ। ਦਿੱਲੀ, ਮੁੰਬਈ, ਚੈਨਈ, ਕੋਲਕੱਤਾ ਆਦਿ ਅਨੇਕਾਂ ਹੋਰ ਸ਼ਹਿਰਾਂ ਵਿੱਚ ਦੁਨੀਆਂ ਦੀ ਬੇਹਤਰ ਸਹੂਲਤਾਂ ਉਪਲਬਧ ਹਨ। ਇਹਨਾਂ ਹੀ ਸ਼ਹਿਰਾਂ ਵਿੱਚ ਅਤੀ ਗ਼ਰੀਬ ਬਸਤੀਆਂ ਦਾ ਵਾਧਾ ਵੀ ਤੇਜੀ ਨਾਲ ਹੋ ਰਿਹਾ ਹੈ। ਪੇਂਡੂ ਅਤੇ ਸ਼ਹਿਰੀ ਗ਼ਰੀਬ ਬਸਤੀਆਂ ਦੇ ਲੋਕਾਂ ਦਾ ਮਾਣ ਮੱਤੀ ਜਿੰਦਗੀ ਜਿਊਣਾ ਤਾਂ ਦੂਰ ਦੀ ਗੱਲ ਹੈ ਉਹਨਾਂ ਨੂੰ ਜਿਉਣ ਦੇ ਹੱਕ ਤੋਂ ਵੀ ਵਾਂਝੇ ਕੀਤਾ ਜਾ ਰਿਹਾ ਹੈ ਕਿਉਂਕਿ ਬੇਰੁਜ਼ਗਾਰੀ, ਵਿਦਿਆ, ਸਿਹਤ ਅਤੇ ਜੀਵਨ ਦੀ ਹੋਰ ਬੁਨਿਆਦੀ ਲੋੜਾਂ ਦੀ ਵੱਡੀ ਘਾਟ ਹੈ। ਬਿਹਾਰ ਵਿੱਚ 81 ਫ਼ੀਸਦੀ ਲੋਕ ਮੱਲਟੀ ਡਾਈਮੈਨਸ਼ਨਲੀ ਗ਼ਰੀਬ ਹਨ, ਝਾਰਖੰਡ ਵਿੱਚ ਵੀ ਇੰਨੀ ਹੀ ਭਿਆਨਕ ਗ਼ਰੀਬੀ ਹੈ, ਦੇਸ਼ ਦੇ 21 ਫ਼ੀਸਦੀ ਗਰੀਬ ਉੱਤਰ ਪ੍ਰਦੇਸ਼ ਵਿੱਚ ਹਨ ਅਤੇ ਪੱਛਮੀ ਬੰਗਾਲ ਇਸ ਪੱਖੋਂ ਤੀਜੇ ਨੰਬਰ 'ਤੇ ਹੈ।

ਆਕਸਫੋਰਡ ਦੀ ਅਧਿਐਨ ਅਨੁਸਾਰ ਅਨੁਸੂਚਿਤ ਜਾਤੀਆਂ ਅਤੇ ਜਨ ਜਾਤੀਆ ਵਿੱਚ ਗ਼ਰੀਬੀ ਪੱਧਰ ਬਹੁਤ ਜ਼ਿਆਦਾ ਭਾਵ 65.8 ਫ਼ੀਸਦੀ ਅਤੇ 81.4 ਫ਼ੀਸਦੀ ਹੈ. ਜਦੋਂਕਿ ਹੋਰ ਪੱਛੜੇ ਵਰਗਾਂ ਵਿੱਚ ਇਹ 58.3 ਫੀਸਦੀ ਹੈ। ਭਾਰਤ ਦੀ ਕੇਵਲ 31ਫ਼ੀਸਦੀ ਆਬਾਦੀ ਨੂੰ ਸਫ਼ਾਈ ਸਹੂਲਤਾਂ ਉਪਲਬਧ ਹਨ ਯੂਨੀਸੈਫ਼ ਦੀ ਰਿਪੋਰਟ ਅਨੁਸਾਰ ਸਿਹਤ ਸੰਭਾਲ ਅਤੇ ਖਾਧ ਪਦਾਰਥਾਂ ਦੀ ਘਾਟ ਕਾਰਨ 6.10 ਕਰੋੜ ਬੱਚਿਆਂ ਦਾ ਵਾਧਾ ਰੁਕਿਆ ਹੋਇਆ ਹੈ।

ਯੂਨਾਈਟਡ ਨੈਸ਼ਨਜ਼ ਵਰਡ ਫ਼ੂਡ ਪ੍ਰੋਗਰਾਮ ਅਨੁਸਾਰ 35 ਕਰੋੜ ਲੋਕਾਂ (ਲੱਗਭੱਗ 35 ਫ਼ੀਸਦੀ) ਨੂੰ ਰੋਜ਼ਾਨਾ ਜਰੂਰੀ ਖੁਰਾਕ ਦੇ ਕੇਵਲ 80 ਫ਼ੀਸਦੀ ਹਿੱਸੇ ਨਾਲ ਹੀ ਗੁਜ਼ਾਰਾ ਕਰਨਾ ਪੈ ਰਿਹਾ ਹੈ। 15 ਕਰੋੜ ਬੱਚੇ ਕੁਪੋਸ਼ਨ ਦਾ ਸ਼ਿਕਾਰ ਹਨ ਅਤੇ ਪੰਜ ਸਾਲ ਤੱਕ ਦੇ 43 ਫ਼ੀਸਦੀ ਬੱਚਿਆਂ ਦਾ ਭਾਰ ਘੱਟ ਹੈ। ਪਿਛਲੇ 6 ਸਾਲਾਂ ਵਿੱਚ ਖੂਨ ਦੀ ਕਮੀ ਵਾਲੇ ਬੱਚਿਆਂ ਦੀ ਗਿਣਤੀ ਵਿੱਚ 6 ਫ਼ੀਸਦੀ ਵਾਧਾ ਹੋਇਆ ਹੈ, 11 ਸੂਬਿਆਂ ਵਿੱਚ 80 ਫ਼ੀਸਦੀ ਬੱਚੇ ਖੂਨ ਦੀ ਘਾਟ ਦਾ ਸ਼ਿਕਾਰ ਹਨ। ਦੇਸ ਭਰ 'ਚ ਪਿਛਲੇ 1995 ਤੋਂ 2013 ਤੱਕ 2,96,438 ਕਿਸਾਨ ਆਤਮਹੱਤਿਆ ਕਰ ਚੁੱਕੇ ਹਨ। ਪੰਜਾਬ ਵਿੱਚ 2001 ਤੋਂ 2011 ਵਿੱਚ 7 ਹਜਾਰ ਦੇ ਲੱਗਭੱਗ ਕਿਸਾਨ ਮਜ਼ਦੂਰ ਆਪਣੀ ਜੀਵਨ ਖਤਮ ਕਰ ਚੁੱਕੇ ਹਨ। ਪਿਛਲੇ ਦਿਨਾਂ ਵਿੱਚ ਆਤਮ ਹੱਤਿਆਵਾਂ ਦੀ ਦਰ ਵਿੱਚ ਵਾਧਾ ਹੋਇਆ ਹੈ। ਵਿਸ਼ਵ ਬੈਂਕ ਦੀ ਭਾਰਤ ਵਿਕਾਸ ਰਿਪੋਰਟ 2013 ਅਨੁਸਾਰ ਮਨੁੱਖੀ ਵਿਕਾਸ ਸੂਚਕ ਅੰਕ ਦੇ ਹਿਸਾਬ ਨਾਲ ਭਾਰਤ 136 ਵੇਂ ਨੰਬਰ 'ਤੇ ਹੈ।

ਪੰਜਾਬ ਦੀ ਤਸਵੀਰ ਵੀ ਦੇਸ ਨਾਲੋਂ ਵੱਖਰੀ ਨਹੀਂ ਬੇਸ਼ੱਕ ਇਸ ਨੂੰ ਖੇਤੀ ਦੇ ਵਿਸ਼ੇਸ਼ ਮਾਡਲ ਵਜੋਂ ਪ੍ਰਚਾਰਿਆ ਗਿਆ ਹੈ। ਇਥੋਂ ਦੀ ਮੱਧ ਵਰਗੀ ਕਿਸਾਨੀ ਦਾ 89 ਫ਼ੀਸਦੀ ਅਤੇ ਛੋਟੀ ਕਿਸਾਨੀ ਦਾ 91 ਫੀਸਦੀ ਹਿੱਸਾ ਬੁਰੀ ਤਰ੍ਹਾਂ ਕਰਜੇ ਦੇ ਸਿਕੰਜੇ ਵਿੱਚ ਫਸਿਆ ਹੋਇਆ ਹੈ ਜਿਸ ਦੇ ਸਿੱਟੇ ਵਜੋਂ 1991 ਤੋਂ ਪਿਛੋਂ ਪੰਜਾਬ ਦੇ 14.4 ਫੀਸਦੀ ਕਿਸਾਨ ਖੇਤੀ ਤਿਆਗ ਚੁੱਕੇ ਹਨ ਖੇਤੀ ਤਿਆਗਣ ਵਾਲੇ ਇਹਨਾਂ ਕਿਸਾਨਾਂ 'ਚੋਂ ਛੋਟੀ ਗ਼ਰੀਬ ਕਿਸਾਨੀ 82 ਫ਼ੀਸਦੀ ਹੈ। ਇਸਦੀ ਇੱਕ ਹੋਰ ਤਸਵੀਰ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਆਤਮਹੱਤਿਆਵਾਂ ਦੇ ਰੂਪ ਵਿੱਚ ਦੇਖੀ ਜਾ ਸਕਦੀ ਹੈ।2000-2011 ਵਿੱਚ ਕੁਲ 6926 ਕਿਸਾਨ ਮਜ਼ਦੂਰਾਂ ਨੇ ਆਤਮ ਹੱਤਿਆ ਕੀਤੀ ਹੈ। ਇਹਨਾਂ ਚੋਂ 3954 ਕਿਸਾਨ ਅਤੇ 2972 ਮਜ਼ਦੂਰ ਸਨ। ਕਿਸਾਨਾਂ ਚੋਂ 79% ਆਤਮਹੱਤਿਆਵਾਂ ਚੋਂ 5 ਕਿਲਿਆਂ ਤੋਂ ਘੱਟ ਮਾਲਕੀ ਤੱਕ ਦੀ ਛੋਟੀ ਕਿਸਾਨੀ ਹੈ। ਕਰਜੇ ਕਾਰਨ 75% ਕਿਸਾਨਾਂ ਅਤੇ 59% ਮਜ਼ਦੂਰਾਂ ਨੇ ਆਤਮਹੱਤਿਆਵਾਂ ਕੀਤੀਆਂ। ਇਸ ਤਰਾਸਦੀ ਦਾ ਦੂਸਰਾ ਪੱਖ ਇਹ ਹੈ ਕਿ ਦੁਨੀਆਂ ਦੇ ਉਪਜਾਊ ਕਰਕੇ ਜਾਣੇ ਜਾਂਦੇ ਪੰਜਾਬਵਿੱਚ ਹਰੇ ਇਨਕਲਾਬ ਤੋਂ ਬਾਅਦ ਇਸ ਦੀ ਜ਼ਮੀਨ ਦਾ ਉਪਜਾਊਪਣ ਲੱਗਭੱਗ ਖ਼ਤਮ ਹੋ ਗਿਆ ਹੈ। ਰਾਜ ਦਾ 75 ਫ਼ੀਸਦੀ ਹਿੱਸਾ ਪਾਣੀ ਦੀ ਘਾਟ ਦਾ ਸ਼ਿਕਾਰ ਹੈ। 70 ਵਿਆਂ ਤੋਂ ਲੈ ਕੇ ਹੁਣ ਤੱਕ ਰਸਾਇਣਕ ਖਾਦਾਂ ਦੀ ਵਰਤੋਂ ਅੱਠ ਗੁਣਾ ਅਤੇ ਭਾਰਤ ਵਿੱਚ ਵਰਤੇ ਜਾਂਦੇ ਕੀਟਨਾਸ਼ਕਾਂ ਦੀ 17 ਫ਼ੀਸਦੀ ਵਰਤੋਂ ਇਕੱਲੇ ਪੰਜਾਬ ਵਿੱਚ ਹੀ ਹੁੰਦੀ ਹੈ ਜਿਸਨੇ ਧਰਤੀ, ਪਾਣੀ, ਹਵਾ ਅਤੇ ਵਾਤਾਵਰਣ ਨੂੰ ਦੂਸ਼ਤ ਕਰ ਦਿੱਤਾ ਹੈ। ਇਸਨੇ ਪਸ਼ੂ ਪੰਛੀਆਂ ਸਮੇਤ ਆਬਾਦੀ ਨੂੰ ਪ੍ਰਭਾਵਤ ਕੀਤਾ ਹੈ ਜਿਸਦਾ ਸਿੱਟਾ ਕੈਂਸਰ ਆਦਿ ਜਾਨ ਲੇਵਾ ਬਿਮਾਰੀਆਂ ਦੇ ਰੂਪ ਵਿੱਚ ਸਾਹਮਣੇ ਆਇਆ ਹੈ। ਦੂਜੇ ਪਾਸੇ ਪੰਜਾਬ ਵਿੱਚ ਇੱਕ ਅਜਿਹਾ ਵਰਗ ਜਿਸਦਾ ਦਾ ਸਬੰਧ ਵੱਖ ਵੱਖ ਰਾਜਨੀਤਕ ਪਾਰਟੀਆ ਨਾਲ ਹੈ, ਬੜੀ ਤੇਜੀ ਨਾਲ ਵਧਿਆ ਫੁੱਲਿਆ ਹੈ। ਇਸ ਵਰਗ ਨੇ ਪੰਜਾਬ ਦੀ ਅਫ਼ਸਰਸ਼ਾਹੀ ਦੀ ਵੀ ਮਿਲੀ ਭੁਗਤ ਜ਼ਮੀਨੀ ਅਤੇ ਦੂਸਰੇ ਵਸੀਲਿਆਂ ਦੀ ਮਾਲਕੀ 'ਤੇ ਕਬਜਾ ਵਧਾਇਆ ਹੈ।

ਤੇਜ਼ ਵਿਕਾਸ ਦੇ ਪ੍ਰਚਾਰਕਾਂ ਦਾ ਇਹ ਦਾਅਵਾ ਕਿ ਅਮੀਰਾਂ ਦੇ ਅਮੀਰ ਹੋਣ ਨਾਲ ਗ਼ਰੀਬੀ ਅਤੇ ਭੁੱਖ ਮਰੀ ਆਪਣੇ ਆਪ ਖ਼ਤਮ ਹੋ ਜਾਵੇਗੀ ਦਾ ਖੋਖਲਾਪਣ ਗ਼ੈਰ ਬਰਾਬਰੀ ਦੀ ਤਸਵੀਰ ਨਾਲ ਬੇਪੜਦ ਹੋ ਜਾਦਾ ਹੈ। ਇਤਿਹਾਸਕ ਤਜਰਬੇ ਨੇ ਪਹਿਲਾਂ ਵੀ ਸਾਬਤ ਕੀਤਾ ਹੈ ਕਿ ਜਦੋਂ ਲੋਕ ਵਿਕਾਸ ਦੇ ਬਰਾਬਰ ਹਿੱਸੇਦਾਰ ਬਣੇ ਤਾਂ ਸਮਾਜਿਕ ਵਿਕਾਸ ਤੇਜੀ ਨਾਲ ਵਧਿਆ ਹੈ। ਇਸ ਦੀ ਅਜੋਕੀ ਮਿਸਾਲ ਲਾਤੀਨੀ ਅਮਰੀਕੀ ਦੇਸ਼ਾਂ ਵਿਸ਼ੇਸ਼ ਕਰਕੇ ਵੈਨਜ਼ੂਐਲਾ ਦੀ ਹੈ।

**ਆਓ ਵੱਧ ਰਹੀ ਇਸ ਗੈਰਬਰਾਬਰੀ ਦੇ ਕੁੱਝ ਤੱਤਕਾਲੀ ਪੱਖਾਂ ਨੂੰ ਵਿਚਾਰੀਏ।**

ਸਮਾਜ ਵਿੱਚ ਪੂੰਜੀ ਦੇ ਆਪਹੁਦਰੇ ਵਿਕਾਸ ਨੂੰ ਨੱਥ ਮਾਰਨ ਲਈ ਕਿਰਤੀਆਂ ਦਾ ਏਕਾ ਹੀ ਕਾਰਗਰ ਸਿੱਧ ਹੁੰਦਾ ਹੈ। ਯੂਨੀਵਰਸਲ ਹਿਊਮਨ ਰਾਈਟਸ ਚਾਰਟਰ ਇਸ ਗੱਲ ਨੂੰ ਯਕੀਨੀ ਬਣਾਉਣ ਉੱਪਰ ਜ਼ੋਰ ਦਿੰਦਾ ਹੈ ਕਿ ਹਰ ਵਿਅਕਤੀ ਨੂੰ ਕੰਮ ਦਾ ਹੱਕ ਅਤੇ ਉਹਦੇ ਲਈ ਸੁਖਾਵੇਂ ਹਾਲਾਤ ਯਕੀਨੀ ਬਣਾਏ ਜਾਣ। ਉਹ ਆਪਣੀ ਮਰਜ਼ੀ ਦਾ ਕੰਮ ਚੁਣ ਸਕੇ ਅਤੇ ਬੇਰੁਜ਼ਗਾਰੀ ਦੇ ਵਕਤ ਉਸਨੂੰ ਸੁਰੱਖਿਆ ਮੁਹੱਈਆ ਹੋਵੇ, ਉਸਦੀ ਉਜਰਤ ਨਾਲ ਉਸਦਾ ਆਪਣਾ, ਆਪਣੇ ਪਰਿਵਾਰ ਦਾ ਮਾਨਮੱਤਾ ਜੀਵਨ ਬਿਤਾਉਣਾ ਸੰਭਵ ਹੋਵੇ। ਇਸ ਨੂੰ ਪੱਕਿਆਂ ਕਰਨ ਲਈ ਸਮਾਜਿਕ ਸੁਰੱਖਿਆ ਯਕੀਨੀ ਬਣਾਈ ਜਾਵੇ। ਆਪਣੇ ਹਿੱਤਾ ਦੀ ਰਾਖੀ ਅਤੇ ਬਿਹਤਰੀ ਲਈ ਜਥੇਬੰਦ ਹੋਣ ਦਾ ਹੱਕ, ਕੰਮ ਦੇ ਸਮਾਂ ਨੂੰ ਉਚਿਤ ਸਮਾਬੱਧ ਕਰਨਾ ਜਿਸ ਰਾਹੀਂ ਉਸਨੂੰ ਆਰਾਮ ਕਰਨ ਅਤੇ ਫ਼ੁਰਸਤ ਦਾ ਵਕਤ ਮਿਲੇ ਤਾਂ ਕਿ ਉਹ ਆਪਣਾ ਸਿਰਜਨਾਤਮਕ ਵਿਕਾਸ ਕਰ ਸਕੇ।

ਦੇਖਣ ਵਿੱਚ ਆਇਆ ਹੈ ਕਿ ਨਵਉਦਾਰਵਾਦੀ ਨੀਤੀਆਂ ਨੇ ਕਿਰਤੀਆਂ ਦੇ ਸੰਘਰਸ਼ ਰਾਹੀ ਪ੍ਰਾਪਤ ਕੀਤੇ ਇਹਨਾਂ ਹੱਕਾਂ ਨੂੰ ਆਨੇਬਹਾਨੇ ਆਰਥਿਕ ਸੁਧਾਰਾਂ ਦੇ ਨਾਮ 'ਤੇ ਖੋਰਾ ਲਾਇਆ ਹੈ ਜਿਸ ਵਿੱਚ ਸਥਾਈ ਕੰਮ ਤੋਂ ਹਟਾ ਕੇ ਗੈਰ ਜਥੇਬੰਦ ਕੱਚੇ ਅਤੇ ਠੇਕਾ ਕਾਮਿਆਂ ਦੀ ਗਿਣਤੀ ਵਿੱਚ ਵਾਧਾ ਕੀਤਾ ਹੈ। ਇਸ ਦੇ ਸਿੱਟੇ ਵਜੋਂ 90 ਫ਼ੀਸਦੀ ਕਾਮੇ ਗੈਰਜਥੇਬੰਦ ਖੇਤਰ ਵਿੱਚ ਧੱਕੇ ਗਏ ਹਨ। 1995ਤੋਂ 2001 ਤੱਕ 1 ਇੱਕ ਕਰੋੜ 10 ਲੱਖ ਕਾਮਿਆਂ ਨੂੰ ਸਥਾਈ ਨੌਕਰੀਆਂ ਤੋਂ ਬਾਹਰ ਕਰ ਦਿੱਤਾ ਗਿਆ।2005 ਦੇ ਅੰਕੜਿਆਂ ਅਨੁਸਾਰ 48.5 ਕਰੋੜ ਕਾਮੇ ਹਨ ਜਿਹਨਾਂ ਵਿੱਚੋਂ 38.5 ਕਰੋੜ (86%) ਗੈਰ ਜਥੇਬੰਦ ਕਾਮੇ ਹਨ ਜਦ ਕਿ ਉਹ 50.6% ਜੀ.ਡੀ.ਪੀ ਪੈਦਾਵਾਰ ਵਿੱਚ ਹਿੱਸੇਦਾਰ ਹਨ। ਉਹਨਾਂ ਨੂੰ ਕੋਈ ਵੀ ਸਮਾਜਿਕ ਸੁਰੱਖਿਆ ਹਾਸਲ ਨਹੀਂ ਹੈ। ਇਸ ਕਰਕੇ 77 ਫੀਸਦੀ ਲੋਕ 20 ਰੁਪਏ ਤੋਂ ਘੱਟ ਵਿੱਚ ਰੋਜਾਨਾ ਗੁਜ਼ਾਰਾ ਕਰਦੇ ਹਨ।

ਆਰਥਿਕ ਸੁਧਾਰਾਂ ਨੂੰ ਹੋਰ ਅੱਗੇ ਵਧਾਉਣ ਦੇ ਨਾਮ ਹੇਠ ਕਿਰਤ ਕਾਨੂੰਨਾਂ ਵਿੱਚ ਮਜ਼ਦੂਰ ਵਿਰੋਧੀ ਮੂਲ ਤਬਦੀਲੀਆਂ ਵੱਡੇ ਪੱਧਰ 'ਤੇ ਲਿਆਂਦੀਆਂ ਜਾ ਰਹੀਆਂ ਹਨ। ਇੱਕ ਪਾਸੇ ਮਜ਼ਦੂਰਾਂ ਨੂੰ 'ਕਿਰਤੀਯੋਗੀ ਅਤੇ ਰਾਸ਼ਟਰ ਨਿਰਮਾਤਾ' ਦਾ ਸਾਵਨਵਾਦੀ ਸ਼ਬਦ ਵਰਤਕੇ ਵੱਡਿਆਉਣ ਦਾ ਖੇਖਣ ਕੀਤਾ ਜਾ ਰਿਹਾ ਹੈ, ਦੂਜੇ ਪਾਸੇ ਸਨਅਤੀ ਲਾਬੀ ਦੇ ਹਿਤਾਂ ਦੀ ਪੂਰਤੀ ਲਈ ਕਿਰਤ ਕਾਨੂੰਨਾਂ ਨੂੰ ਛਾਂਗਿਆ ਜਾ ਰਿਹਾ ਹੈ ਜਿਵੇਂ ਕਿ ਸਰਕਾਰੀ ਨਜ਼ਰਸਾਨੀ ਨੂੰ ਖਤਮ ਕਰਕੇ 'ਸ਼ਰਮ ਸਵਿੱਧਾ ਪੋਰਟਲ' ਦੇ ਨਾਮ 'ਤੇ 16 ਕਿਰਤ ਕਾਨੂੰਨਾ ਦੀ ਜਵਾਬ ਦੇਹੀ ਤੋਂ ਛੋਟ ਦੇ ਦਿੱਤੀ ਗਈ ਹੈ। ਜਿਸਨੂੰ ਘੱਟੋ ਘੱਟ 'ਸਰਕਾਰੀ ਦਖਲ ਅੰਦਾਜ਼ੀ' ਦਾ ਨਾਮ ਦਿੱਤਾ ਗਿਆ ਹੈ। ਇਸਦਾ ਮੁੱਲ ਮਜ਼ਦੂਰ ਨੂੰ ਆਪਣੀ ਜਾਨ ਗਵਾ ਕੇ ਦੇਣਾ ਪੈ ਰਿਹਾ ਹੈ ਜਿਹੜਾ ਇਸ ਤੱਥ ਤੋਂ ਸਪੱਸ਼ਟ ਹੁੰਦਾ ਹੈ ਕਿ 2000 ਵਿੱਚ ਕਾਰਖਾਨਿਆਂ ਦੀਆਂ ਦੁਰਘਟਨਾਵਾਂ ਵਿੱਚ ਮਰਨ ਵਾਲੇ ਕਾਮਿਆਂ ਦੀ ਗਿਣਤੀ 2% ਤੋਂ ਵਧਕੇ 2009 ਵਿੱਚ 10% ਹੋ ਗਈ ਹੈ।ਨਜਰਸਾਨੀ ਦੀ ਅਣਹੋਂਦ ਵਿੱਚ ਪਿਛਲੇ ਦੋ ਦਹਾਕਿਆਂ ਵਿੱਚ ਕਾਰਖਾਨਿਆਂ ਦੀਆਂ ਦੁਰਘਟਨਾਵਾਂ ਨੂੰ ਘਟਾਕੇ ਹੀ ਪੇਸ਼ ਕੀਤਾ ਜਾ ਰਿਹਾ ਹੈ।

ਦੂਜੇ ਪਾਸੇ ਟਰੇਡ ਯੂਨੀਅਨ ਹੱਕਾਂ ਨੂੰ ਵੀ ਪਤਲੇ ਕੀਤਾ ਗਿਆ ਹੈ, ਜਿਥੇ ਯੂਨੀਅਨ ਬਣਾਉਣ ਲਈ 15ਫੀਸਦੀ ਕਾਮਿਆਂ ਦੀ ਸਹਿਮਤੀ ਦੀ ਸ਼ਰਤ ਨੂੰ ਵਧਾਕੇ 35 ਫ਼ੀਸਦੀ ਕਰਨਾ, ਕਾਰਖਾਨਾ ਮਾਲਕ ਨੂੰ ਤਾਲਾਬੰਦੀ ਦੀ ਮਨਮਰਜ਼ੀ ਨੂੰ 100 ਤੋਂ ਘੱਟ ਕਾਮਿਆਂ ਵਾਲੀ ਫ਼ੈਕਟਰੀ ਦੀ ਹੱਦ ਨੂੰ ਵਧਾਕੇ 300 ਕਾਮਿਆਂ ਤੱਕ ਕਰਨਾ। ਇਸਦੀ ਇੱਕ ਮਿਸਾਲ ਭਾਜਪਾ ਦੀ ਰਾਜਸਥਾਨ ਸਰਕਾਰ ਵੱਲੋਂ ਤਿੰਨ ਮੂਲ ਕਾਨੂੰਨਾਂ ਠੇਕੇ ਮਜ਼ਦੂਰੀ (ਨਿਯਮਤ ਅਤੇ ਖਾਤਮਾ) ਕਾਨੂੰਨ 1970, ਫੈਕਟਰੀ ਕਾਨੂੰਨ 1948 ਅਤੇ ਸਨਅਤੀ ਵਿਵਾਦ ਕਾਨੂੰਨ 1947ਚ ਵਿੱਚ ਸੋਧ ਕਰਕੇ ਸਥਾਪਤ ਕੀਤੀ ਗਈ ਹੈ। ਇਹਨਾਂ ਕੇਂਦਰੀ ਕਾਨੂੰਨਾਂ ਵਿੱਚ ਸੋਧਾਂ ਨੂੰ ਰਾਸਟਰਪਤੀ ਨੇ ਵੀ ਮਨਜ਼ੂਰੀ ਦੇ ਦਿੱਤੀ ਹੈ। ਇਹ ਕੇਂਦਰੀ ਕਾਨੂੰਨਾਂ ਨੂੰ ਸੋਧਣ ਦਾ ਸ਼ੈਤਾਨ ਅਤੇ ਲੁਕਵਾ ਢੰਗ ਹੈ। ਇਸਦੇ ਪ੍ਰਭਾਵ ਇਹ ਹਨ:-

ਫ਼ੈਕਟਰੀ ਕਾਨੂੰਨ ਅਧੀਨ ਆਉਣ ਵਾਲੀਆਂ ਸਨਅਤਾਂ ਦੀ ਸ਼ਰਤਾਂ ਨੂੰ ਢਿੱਲਾ ਕਰਕੇ ਬਿਜਲੀ ਨਾਲ ਚੱਲਣ ਵਾਲੇ ਕਾਮਿਆਂ ਦੀ ਗਿਣਤੀ 10 ਤੋਂ ਵਧਾਕੇ 20 ਅਤੇ ਬਿਨਾਂ ਬਿਜਲੀ ਤੋਂ ਚੱਲਣ ਵਾਲੀਆਂ ਫ਼ੈਕਟਰੀਆਂ ਲਈ 20 ਤੋਂ 40 ਕਰ ਦਿੱਤੀ ਹੈ। ਠੇਕਾ ਕਿਰਤ ਕਾਨੂੰਨ ਵਿੱਚ ਸੋਧ ਕਰਕੇ 50 ਕਾਮਿਆਂ ਦੀ ਗਿਣਤੀ ਤੱਕ ਠੇਕਾ ਕਾਨੂੰਨ ਅਧੀਨ ਕੱਚੇ ਕਾਮੇ ਰੱਖਣ ਦੀ ਖੁੱਲ ਦੇ ਦਿੱਤੀ ਹੈ ਪਹਿਲਾਂ ਇਹ ਛੋਟ ਪਹਿਲਾਂ 20 ਕਾਮਿਆਂ ਵਾਲੀ ਫ਼ੈਕਟਰੀ ਉੱਪਰ ਲਾਗੂ ਸੀ। ਇਸ ਨਾਲ ਇਕੱਲੇ ਰਾਜਸਥਾਨ ਵਿੱਚ ਹੀ 75000 ਕਾਮਿਆਂ ਦੀਆਂ ਪੱਕੀਆਂ ਨੌਕਰੀਆਂ ਖੁੱਸੀਆਂ ਹਨ।

ਇਹਨਾਂ ਸੋਧਾਂ ਨਾਲ ਇੱਕ ਪਾਸੇ ਕਾਮੇ ਦੇ ਰਿਕਾਰਡ ਚੋਂ ਮਨਫ਼ੀ ਹੋਣ ਨਾਲ ਸੁਰੱਖਿਆ ਵੰਚਿਤ ਹੋਣਗੇ, ਦੂਜੇ ਪਾਸੇ ਨਿਯਮਤ ਰਿਕਾਡਰ ਦੀ ਅਣਹੋਂਦ ਵਿੱਚ ਟੈਕਸ ਚੋਰੀ ਵਿੱਚ ਵਾਧਾ ਹੋਵੇਗਾ।

ਠੇਕਾ ਮਜ਼ਦੂਰਾਂ ਦੀ ਗਿਣਤੀ ਭਾਰਤ ਪੱਧਰ 'ਤੇ 1998-99 ਵਿੱਚ 15.5 ਫ਼ੀਸਦੀ ਸੀ ਜੋ ਕਿ 2010-11 ਵਿੱਚ ਵਧਕੇ 33.94 ਫ਼ੀਸਦੀ ਹੋ ਗਈ। ਇਹ ਗਿਣਤੀ ਨਾਲੋਂ ਠੇਕਾ ਮਜ਼ਦੂਰ ਕਿਤੇ ਜ਼ਿਆਦਾ ਹਨ ਕਿਉਂਕਿ 100 ਤੋਂ ਘੱਟ ਕਾਮਿਆਂ ਵਾਲੇ ਅਦਾਰਿਆਂ ਦੀ ਕੋਈ ਨਿਯਮਤ ਗਿਣਤੀ ਦੀ ਸਰਕਾਰੀ ਨਜਰਸਾਨੀ ਨਹੀਂ ਹੈ। ਕਿਰਤ ਕਾਨੂੰਨਾਂ ਵਿੱਚ ਕੀਤੀਆ ਗਈਆਂ ਤਾਜ਼ਾ ਸੋਧਾਂ ਭਾਜਪਾ ਸਰਕਾਰ ਵੱਲੋਂ ਕਾਰਪੋਰੇਟਾਂ ਨੂੰ ਤੋਹਫਾ ਹੈ।

ਇਸਦੇ ਨਾਲ ਕੇਂਦਰੀ ਸਰਕਾਰ ਨੇ ਕਿਰਤ ਕਾਨੂੰਨ ਅਤੇ ਫ਼ੈਕਟਰੀ ਐਕਟ ਵਿੱਚ ਵੀ ਤਬਦੀਲੀਆ ਲਿਆਂਦੀਆਂ ਹਨ ਜਿਸ ਰਾਹੀਂ ਟਰੇਨਿੰਗ ਦੇ ਨਾਮ 'ਤੇ ਕਿਰਤ ਦੀ ਲੁੱਟ ਦੇ ਮੌਕੇ ਵਧਾ ਦਿੱਤੇ ਗਏ ਹਨ ਅਤੇ ਫ਼ੈਕਟਰੀ ਐਕਟ ਰਾਹੀਂ ਓਵਰਟਾਈਮ ਦੀ ਸੀਮਾਂ 50 ਘੰਟੇ ਤੋਂ ਵਧਾਕੇ 100 ਘੰਟੇ ਪ੍ਰਤੀ ਤਿਮਾਹੀ ਕਰ ਦਿੱਤੀ ਗਈ ਹੈ ਅਤੇ ਔਰਤਾਂ ਲਈ ਰਾਤ ਨੂੰ ਕੰਮ ਕਰਨ ਦੀ ਕਾਨੂੰਨੀ ਬੰਦਸ਼ ਖ਼ਤਮ ਕਰ ਦਿੱਤੀ ਹੈ।

ਬਾਲ ਮਜ਼ਦੂਰੀ ਦੇ ਖ਼ਾਤਮੇ ਉਪਰ ਇੱਕ ਅੰਤਰਰਾਸ਼ਟਰੀ ਸਮਝ ਅਤੇ ਵਚਨਬੱਧਤਾ ਹੈ ਜਿਸ ਅਨੁਸਾਰ ਬਾਲ ਮਜ਼ਦੂਰੀ ਦੇ ਖਾਤਮੇ ਲਈ ਦੇਸ ਵਿੱਚ ਪਹਿਲਾ ਕੁੱਝ ਕਾਨੂੰਨ ਪਾਸ ਕੀਤੇ ਗਏ ਸਨ। ਇਹਨਾਂ ਕਾਨੂੰਨਾਂ ਵਿੱਚ ਸੋਧ ਕਰਕੇ ਬਾਲ ਮਜ਼ਦੂਰੀ ਦੀ ਹੱਦ ਨੂੰ 18 ਸਾਲ ਤੋਂ ਘਟਾ ਕੇ 14 ਸਾਲ ਕਰ ਦਿੱਤਾ ਗਿਆ ਹੈ। ਇਸ ਵਿੱਚ ਕਈ ਸਰਾਰਤ ਭਰਭੂਰ ਧਾਰਾਵਾਂ ਜੋੜ ਕੇ ਬਾਲ ਮਜ਼ਦੂਰੀ ਨੂੰ ਵਾਜਬ ਠਹਿਰਾ ਦਿੱਤਾ ਗਿਆ ਹੈ ਅਤੇ ਬੱਚਿਆ ਨੂੰ ਵਿਦਿਆ ਦੇ ਅਧਿਕਾਰ ਦੀ ਗਰੰਟੀ ਦੇਣ ਵਾਲੇ ਕਾਨੂੰਨ ਨੂੰ ਸਾਬੋਤਾਜ ਕਰ ਦਿੱਤਾ ਗਿਆ ਹੈ।

ਜ਼ਮੀਨ ਪ੍ਰਾਪਤੀ ਕਾਨੂੰਨ ਸੋਧ ਆਰਡੀਨੈਂਸ:- ਜ਼ਮੀਨ ਪ੍ਰਾਪਤੀ ਲਈ ਇੱਕ ਕਾਨੂੰਨ 2013 ਵਿੱਚ ਪੇਸ਼ ਹੋਇਆ ਸੀ ਜਿਸਨੂੰ 12 ਘੰਟਿਆਂ ਦੀ ਬਹਿਸ ਤੋਂ ਬਾਅਦ ਪਾਸ ਕੀਤਾ ਗਿਆ ਸੀ। ਭਾਜਪਾ ਸਮੇਤ ਸਾਰੀਆਂ ਪਾਰਟੀਆਂ ਨੇ ਪੂਰਨ ਸਹਿਮਤੀ ਪ੍ਰਗਟਾਈ ਸੀ ਅਤੇ ਉਹ ਇੱਕ ਜਨਵਰੀ 2014 ਤੋਂ ਕਾਨੂੰਨ ਦੇ ਰੂਪ ਵਿੱਚ ਲਾਗੂ ਹੋ ਗਿਆ ਸੀ। ਇਸ ਕਾਨੂੰਨ ਤਹਿਤ ਪਿਛਲੇ ਇੱਕ ਸਾਲ ਜ਼ਮੀਨ ਪ੍ਰਾਪਤ ਦੀ ਕੋਸ਼ਿਸ਼ ਕੋਈ ਨਹੀਂ ਕੀਤੀ। ਲੇਕਨ ਜਿਵੇਂ ਹੀ ਭਾਜਪਾ ਦੀ ਬਹੁ ਗਿਣਤੀ ਵਾਲੀ ਸਰਕਾਰ ਆਈ ਤਾਂ ਉਸਨੇ ਕਾਰਪੋਰੇਟ ਹਿਤਾਂ ਦੀ ਪੂਰਤੀ ਵਾਸਤੇ ਆਰਡੀਨੈਂਸ ਰਾਹੀਂ ਇਸ ਕਾਨੂੰਨ ਨੂੰ ਸੋਧ ਕੇ ਨਵੇਂ ਰੂਪ ਵਿੱਚ ਲਾਗੂ ਕਰਨ ਦੀ ਕੋਸ਼ਿਸ਼ ਕੀਤੀ। ਆਰਡੀਨੈਂਸ ਰਾਹੀਂ ਕਾਨੂੰਨ ਨੂੰ ਲਾਗੂ ਕਰਨਾ ਐਮਰਜੈਂਸੀ ਹਾਲਤਾਂ ਨਾਲ ਨਜਿਠਣ ਲਈ ਵਿਸ਼ੇਸ਼ ਸੰਵਿਧਾਨਕ ਢੰਗ ਹੈ। ਕਾਨੂੰਨ ਦੇ ਸੰਸਦ ਪਾਸ ਕਰਵਾਉਣ 'ਚ ਅਸਫ਼ਲ ਹੋਣ 'ਤੇ ਵਾਰ ਵਾਰ ਹੰਗਾਮੀ ਹਾਲਤ ਦੀ ਦਹਾਈ ਦੇ ਕੇ ਆਰਡੀਨੈਂਸ ਰਾਹੀ ਕਾਨੂੰਨ ਲਾਗੂ ਕਰਨਾ ਸੰਵਿਧਾਨ ਦੀਆਂ ਧੱਜੀਆਂ ਉਡਾਉਣਾ ਹੈ ਕਿਉਂਕਿ ਹੰਗਾਮੀ ਹਾਲਾਤਾਂ ਨੂੰ ਕਾਰਪੋਰੇਟ ਦੇ ਹਿਤਾਂ ਦੀ ਬੇਰੋਕ ਟੋਕ ਪੂਰਤੀ ਦੇ ਸੰਦਰਭ ਵਿੱਚ ਹੀ ਸਮਝਿਆ ਜਾ ਸਕਦਾ ਹੈ। ਸਰਕਾਰ ਨੇ ਕਾਰਪੋਰੇਟ ਹਿਤਾਂ ਦੀ ਤਰਜ਼ਮਾਨੀ ਕਰਦੇ ਹੋਏ ਖ਼ੁਦ ਜ਼ਮੀਨ ਲੋਕਾਂ ਤੋਂ ਖੋਹ ਕੇ ਕਾਰਪੋਰੇਟਾਂ ਨੂੰ ਦੇਣ ਦੀ ਨੀਤੀ ਅਪਨਾਈ ਹੈ।ਨਵੇਂ ਆਰਡੀਨੈਂਸ ਰਾਹੀ ਹੇਠਲੀਆਂ ਧਾਰਾਵਾਂ ਨੂੰ ਖ਼ਤਮ ਕੀਤਾ ਗਿਆ ਹੈ;-

1. ਜ਼ਮੀਨ ਹਾਸਲ ਕਰਨ ਲਈ 70 ਤੋਂ 80 ਫ਼ੀਸਦੀ ਕਿਸਾਨ ਮਾਲਕਾ ਦੀ ਸਹਿਮਤੀ ਜਰੂਰੀ ਸੀ। ਇਹ ਇੱਕ ਜਮਹੂਰੀ ਪ੍ਰਕਿਰਿਆ ਸੀ ਜਿਸ ਨੇ ਗ੍ਰਾਮ ਸਭਾਵਾਂ ਨੂੰ ਆਪਣਾ ਅਧਿਕਾਰ ਵਰਤਣ ਦਾ ਹੱਕ ਦਿੱਤਾ ਸੀ। ਰਾਜ ਜਾਂ ਅਮੀਰ ਕੰਪਨੀ ਦੇ ਮੁਕਾਬਲੇ ਕਿਸਾਨਾਂ ਨੂੰ ਆਪਣੇ ਹਿਤਾਂ ਵਿੱਚ ਇੱਕ ਸਮੂਹਕ ਹੱਕ ਵਰਤਣ ਦਾ ਮੌਕਾ ਮਿਲਦਾ ਸੀ।

2. ਇਸ ਕਾਨੂੰਨ ਵਿੱਚ ਸਮਾਜਿਕ ਪ੍ਰਭਾਵ ਦਾ ਅਨੁਮਾਨ ਲਾਜਵੀ ਸੀ ਜਿਸ ਵਿੱਚ ਕਿਸਾਨੀ ਸਮੇਤ ਜ਼ਮੀਨ ਉੱਤੇ ਨਿਰਭਰ ਬੇਜ਼ਮੀਨਿਆਂ ਤਬਕਿਆਂ ਦੇ ਉਜਾੜੇ ਅਤੇ

ਪੁਨਰਵਾਸ ਦਾ ਪ੍ਰਬੰਧ ਕਰਨਾ ਸ਼ਾਮਲ ਸੀ।

3. ਇਸ ਕਾਨੂੰਨ ਅਧੀਨ ਖੇਤੀ ਯੋਗ ਉਪਜਾਊ ਜ਼ਮੀਨ ਪ੍ਰਾਪਤ ਕਰਨ ਦੀ ਮਨਾਹੀ ਸੀ।

4. ਜੇਕਰ ਪੰਜ ਸਾਲ ਵਿੱਚ ਜ਼ਮੀਨ ਦੀ ਵਰਤੋਂ ਜ਼ਮੀਨ ਪ੍ਰਾਪਤ ਕਰਨ ਦੇ ਉਦੇਸ਼ ਲਈ ਨਹੀਂ ਕੀਤੀ ਜਾਂਦੀ ਤਾਂ ਇਹ ਜ਼ਮੀਨ ਪੁਰਾਣੇ ਮਾਲਕ ਨੂੰ ਵਾਪਸ ਕਰਨ ਦੀ ਧਾਰਾ ਸੀ

ਇਸ ਆਂਰਡੀਨੈਂਸ ਦੀ ਕਾਹਲੀ ਦਾ ਕਾਰਨ ਵੱਡੀ ਪੱਧਰ 'ਤੇ ਰੁਜ਼ਗਾਰ ਦੇ ਮੌਕੇ ਪੈਦਾ ਹੋਣ ਦਾ ਦਾਅਵਾ ਹੈ। ਇਸ ਦਾਅਵੇ ਦਾ ਖੋਖਲਾਪਣ ਪਾਰਲੀਮੈਂਟ ਵਿੱਚ ਨਵੰਬਰ 2014 ਨੂੰ ਕੈਗ ਵੱਲੋਂ ਸੇਜ਼ (ਵਿਸ਼ੇਸ਼ ਆਂਰਥਿਕ ਜੋਨ) ਸਬੰਧੀ ਪੇਸ਼ ਰਿਪੋਰਟ ਸਪੱਸ਼ਟ ਕਰ ਦਿੰਦੀ ਹੈ। ਇਸ ਰਿਪੋਰਟ ਵਿੱਚ ਕੈਗ ਨੇ ਕਿਹਾ ਹੈ ਕਿ ਨੌਕਰੀਆਂ ਪੈਦਾ ਕਰਨ ਦੇ ਟੀਚੇ ਤੋਂ 66% ਤੋਂ 97% ਫੇਲ ਹੋ ਗਏ ਜਦੋਂ ਕਿ ਰੁਜ਼ਗਾਰ ਪੈਦਾ ਕਰਨ ਦੇ ਨਾਂ ਹੇਠ ਸਰਕਾਰ ਨੇ 83104 ਕਰੋੜ ਰੁਪਏ ਦੇ ਟੈਕਸਾਂ ਦੀ ਛੋਟ ਦਿੱਤੀ ਸੀ। ਕੈਗ ਦਾ ਮੱਤ ਹੈ ਕਿ ਸੇਜ਼ ਜ਼ਮੀਨਾਂ ਹੜ੍ਹਪਣ ਦਾ ਇੱਕ ਸਾਧਨ ਹੋ ਨਿਬੜਿਆਂ। 152 ਸੇਜ਼ ਪ੍ਰਾਜੈਕਟਾਂ ਦੀ ਪੜਤਾਲ ਕਰਨ ਤੋਂ ਪਤਾ ਲੱਗਿਆ ਕਿ ਟੀਚੇ ਨਾਲੋਂ 46% ਤੋਂ 75% ਘੱਟ ਨਿਵੇਸ਼ ਹੋਇਆ। ਇਵੇਂ ਹੀ ਬਰਾਮਦ ਵਿੱਚ ਵੀਟਚਿਾ ਪੂਰਾ ਕਰਨ ਵਿੱਚ ਵੀ 46% ਤੋਂ 94% ਘਾਟ ਰਹੀ। ਕੁੱਲ 45635 ਹੈਕਟੇਅਰ ਜ਼ਮੀਨ 400 ਸੇਜ਼ਾਂ ਨੂੰ ਦਿੱਤੀ ਗਈ ਜਿਸ ਵਿੱਚੋਂ 28488 ਹੈਕਟੇਅਰ ਉੱਪਰ ਹੀ ਕੰਮ ਸ਼ੁਰੂ ਕੀਤਾ ਗਿਆ। ਛੇ ਸੂਬਿਆਂ ਵਿੱਚ 5402 ਹੈਕਟੇਅਰ ਨੂੰ ਡੀਨੋਟੀਫਾਈ ਕਰਕੇ ਮੁਨਾਫ਼ੇ ਉੱਤੇ ਵੇਚ ਦਿੱਤਾ ਗਿਆ।ਪੰਜਾਬ ਵਿੱਚ ਗੋਬਿੰਦ ਪੁਰਾ ਵਿਖੇ ਜ਼ਮੀਨ ਨੂੰ ਐਲਾਨੇ ਉਦੇਸ ਲਈ ਨਾ ਵਰਤੇ ਜਾਣ ਦੀ ਉੱਘੀ ਮਿਸਾਲ ਹੈ। ਪਿਛਲੇ 60 ਸਾਲਾਂ 'ਚ ਸੇਜ਼ ਅਤੇ ਹੋਰ ਕੰਮ ਲਈ ਹਾਸਲ ਕੀਤੀ ਜ਼ਮੀਨ ਨਾਲ 6 ਕਰੋੜ ਲੋਕ ਉਜਾੜੇ ਗਏ ਜਿਹਨਾਂ ਚੋਂ 75% ਦਾ ਮੁੜ ਵਸੇਬੇ ਲਈ ਸਰਕਾਰ ਨੇ ਕੋਈ ਜ਼ੁੰਮੇਵਾਰੀ ਨਹੀਂ ਨਿਭਾਈ।

ਬੀਮਾ, ਬੈਂਕਾਂ ਅਤੇ ਹੋਰ ਵਿਤੀ ਅਦਾਰਿਆਂ ਤੋਂ ਇਲਾਵਾ, ਖੁਦਰਾ ਬਾਜ਼ਾਰ, ਮਿਲਟਰੀ, ਸੰਚਾਰ ਅਤੇ ਊਰਜਾ ਦੇ ਖੇਤਰਾਂ ਸਮੇਤ ਖੇਤੀ ਨੂੰ ਵਿਦੇਸ਼ੀ ਨਿਵੇਸ਼ ਲਈ ਖੋਲ੍ਹ ਕੇ ਪੂੰਜੀ ਲਈ ਖ਼ੁੱਲ ਖੇਡਣ ਦਾ ਵਿਹੜਾ ਮੋਕਲਾ ਕਰ ਦਿੱਤਾ ਹੈ ਅਤੇ ਪਬਲਿਕ ਅਦਾਰਿਆਂ, ਨੈਸ਼ਨਲ ਫਰਟਾਈਲੀਜਰ, ਇੰਡੀਅਨ ਆਇਲ ਕਾਰਪੋਰੇਸ਼ਨ, ਨੈਸ਼ਨਲ ਥਰਮਲ ਪਾਵਰ ਕਾਰਪੋਰੇਸ਼ਨ ਅਤੇ ਹਿੰਦੋਸਤਾਨ ਕਾਪਰ ਲਿਮਿਟਡ ਸਮੇਤ ਕਈ ਹੋਰ ਕੁੰਜੀਵਤ ਪਬਲਿਕ ਅਦਾਰਿਆਂ ਦੇ ਸੇਅਰਾਂ ਨੂੰ ਨਿਜੀ ਪੂੰਜੀ ਦੇ ਦਾਖਲੇ ਲਈ ਖ਼ੋਲ੍ਹ ਦਿੱਤਾ ਹੈ।

ਲੋਕਾਂ ਦੀ ਸਿਹਤ ਪ੍ਰਤੀ ਵੀ ਜ਼ੁੰਮੇਵਾਰੀ ਤੋਂ ਪਾਸਾ ਵੱਟ ਲਿਆ ਹੈ ਅਤੇ ਉਬਾਮਾ ਫੇਰੀ ਤੋਂ ਦੋ ਦਿਨ ਪਹਿਲਾਂ ਹੀ ਜੀਵਨ ਰੱਖਿਅਕ 109 ਦਵਾਈਆਂ ਦੀ ਕੀਮਤਾਂ ਨੂੰ ਕੰਟਰੋਲ ਮੁਕਤ ਕਰ ਦਿੱਤਾ ਸੀ। ਸਿੱਟੇ ਵਜੋਂ ਵਿਦੇਸ਼ੀ ਦਵਾਈ ਕੰਪਨੀਆਂ ਨੂੰ ਪਸਾਰ ਦੇ ਲਈ ਹਰੀ ਝੰਡੀ ਦੇ ਦਿੱਤੀ ਹੈ। ਜਿਸਨੇ ਕਈ ਦੇਸੀ ਦਵਾਈ ਕੰਪਨੀਆਂ ਨੂੰ ਹੜੱਪ ਲਿਆ ਹੈ।

ਇਸ ਤੋਂ ਇਲਾਵਾ ਬਹੁਤ ਸਾਰੇ ਫੈਸਲੇ ਲੋਕਾਂ ਦੇ ਜ਼ਜ਼ਬਾਤਾਂ ਨੂੰ ਭੜਕਾਉਣ ਲਈ ਲਏ ਜਾ ਰਹੇ ਹਨ ਜਿਵੇਂ ਕਿ ਮਹਾਰਾਸ਼ਟਰ ਵਿੱਚ ਮੀਟ ਉਪਰ ਪਾਬੰਦੀ।

ਗੁਜਰਾਤ ਦਹਿਸ਼ਤਗਰਦੀ ਅਤੇ ਜਥੇਬੰਦ ਅਪਰਾਧ ਰੋਕੂ ਕਾਨੂੰਨ 2015: 2003 ਤੋਂ ਇਸ ਬਿਲ ਨੂੰ ਲਗਾਤਾਰ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਅਬਦੁਲ ਕਲਾਮ ਸਮੇਤ ਦੋ ਰਾਸ਼ਟਰਪਤੀਆਂ ਅਤੇ ਇੱਕ ਗਵਰਨਰ ਵੱਲੋਂ ਇਸ ਨੂੰ ਵਾਪਸ ਕੀਤਾ ਗਿਆ ਸੀ। ਵਾਪਸ ਕਰਨ ਦੇ ਮੁੱਖ ਇਤਿਰਾਜ ਸਨ ਕਿ ਲੋਕਾਂ ਦੇ ਨਿਜੀ ਸੰਚਾਰ ਨੂੰ ਟੇਪ ਕਰਕੇ ਅਤੇ ਪੁਲੀਸ ਅਧਿਕਾਰੀ ਅੱਗੇ ਦਿੱਤੇ ਇਕਬਾਲੀਆਂ ਬਿਆਨ ਨੂੰ ਮੁਲਜ਼ਮ ਵਿਰੁੱਧ ਸਬੂਤ ਦੇ ਤੌਰ ਤੇ ਵਰਤਣ ਦੀਆਂ ਧਾਰਾਵਾਂ ਸੰਵਿਧਾਨ ਦੀ ਉਲੰਘਣਾ ਸੀ।ਇਸ ਵਿੱਚ ਪੁਲਸ ਹਿਰਾਸਤ ਦੇ ਸਮੇਂ ਨੂੰ ਵੀ ਵਧਾਇਆ ਗਿਆ ਹੈ। ਇਹ ਮੀਸਾ, ਪੋਟਾ ਅਤੇ ਅਫਸਪਾ ਵਰਗੇ ਬਦਨਾਮ ਕਾਲੇ ਕਾਨੂੰਨਾਂ ਦਾ ਮਿਸ਼ਰਣ ਹੈ। ਇਸ ਤਰਾਂ ਦੇ ਕਾਨੂੰਨ ਮਹਾਰਾਸਟਰ ਅਤੇ ਕਰਨਾਟਕਾ ਵਿੱਚ ਮੌਜੂਦ ਹਨ। ਗੁਜਰਾਤ ਸਰਕਾਰ ਨੇ ਰਾਸਟਰਪਤੀਆਂ ਵੱਲੋਂ ਲਗਾਏ ਇਤਰਾਜਾਂ ਨੂੰ ਦੂਰ ਕੀਤੇ ਬਿਨਾਂ ਹੀ ਫੇਰ ਪਾਸ ਕਰ ਦਿੱਤਾ ਹੈ।

ਇਸ ਤਰ੍ਹਾ ਪੰਜਾਬ ਵਿੱਚ ਲੋਕਾਂ ਨੂੰ ਆਗੂ ਰਹਿਤ ਕਰਨ, ਉਹਨਾਂ ਨੂੰ ਸਾਧਨ ਹੀਣ ਕਰਨ ਅਤੇ ਉਹਨਾਂ ਦੀ ਜਾਇਦਾਤ ਨੂੰ ਨਿੱਜੀ ਹਿਤਾਂ ਲਈ ਦੀ ਪੂਰਤੀ ਲਈ ਕੁਰਕ ਕਰਨ ਦੇ ਇਰਾਦ ੇਨਾਲ ਪੰਜਾਬ ਸਰਕਾਰ ਨੇ ਸਰਕਾਰੀ ਅਤੇ ਨਿਜੀ ਜਾਇਦਾਦ ਨੁਕਸਾਨ ਰੋਕੂ ਬਿਲ 2014 ਪਾਸ ਕੀਤਾ ਹੈ।ਪੰਜਾਬ ਦੇ ਲੋਕਾਂ ਦੇ ਜਥੇਬੰਦਕ ਵਿਰੋਧ ਦੇ ਸਿੱਟੇ ਵਜੋਂ ਰਾਸ਼ਟਰਪਤੀ ਕੋਲ ਵਿਚਾਰ ਅਧੀਨ ਪਿਆ ਹੈ। ਇਹ ਕਾਨੂੰਨ ਵੀ ਸੰਵਿਧਾਨਕ ਸੁਰੱਖਿਆਵਾਂ ਦੀ ਉਲੰਘਣਾ ਕਰਦਾ ਹੈ।

ਕੁਦਰਤੀ ਖਜ਼ਾਨਿਆਂ ਦੀ ਕਾਰਪੋਰੇਟ ਲੁੱਟ ਦੇ ਖ਼ਿਲਾਫ਼ ਲੰਬੇ ਸਮੇ ਤੋਂ ਲੋਕ ਲਗਾਤਾਰ ਵਿਰੋਧ ਕਰ ਰਹੇ ਹਨ ਜਿਹਨਾਂ ਦੀਆਂ ਮਿਸਾਲਾਂ ਉੜੀਸਾ, ਬਿਹਾਰ, ਝਾਰਖੰਡ, ਛਤੀਸਗੜ, ਤਿਲਗਾਨਾ, ਆਂਧਰਾਪ੍ਰਦੇਸ ਅਤੇ ਮਹਾਂਰਾਸਟਰ ਵਿੱਚ ਮਿਲਦੀਆਂ ਹਨ। ਇਸ ਵਿਰੋਧ ਨੂੰ ਤੋੜਨ ਲਈ ਫ਼ੌਜੀ ਅਤੇ ਨੀਮ ਫ਼ੌਜੀ ਤਾਕਤਾਂ ਦੀ ਖ਼ੁੱਲ੍ਹੀ ਵਰਤੋਂ ਕੀਤੀ ਜਾ ਰਹੀ ਹੈ।ਇਹਨਾਂ ਨੀਤੀਆਂ ਨੂੰ ਲੋਕਾਂ 'ਚ ਨੰਗੇ ਕਰਨ ਵਾਲੇ ਬੁਧੀਜੀਵੀਆਂ ਅਤੇ ਸੰਸਥਾਵਾਂ ਨੂੰ ਵੀ ਹਿਰਾਸ, ਜ਼ਬਰ ਅਤੇ ਕਰੂਰਤਾ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ ਜਿਸ ਵਿੱਚ ਪ੍ਰੋ, ਸਾਈ ਬਾਬਾ ਅਤੇ ਹੋਰ ਬੁਧੀਜੀਵੀ ਸ਼ਾਮਲ ਹਨ। ਇਹਨਾਂ ਨੂੰ ਬਿਨ੍ਹਾ ਕਿਸੇ ਦੋਸ਼ ਦੇ ਗ੍ਰਿਫ਼ਤਾਰ ਕਰਕੇ ਸਾਲ ਭਰ ਤੋਂ ਜੇਲ ਵਿੱਚ ਬੰਦ ਰੱਖਿਆਂ ਗਿਆ ਹੈ ਅਤੇ ਜਮਾਨਤ ਤੋਂ ਵੀ ਇਨਕਾਰ ਕੀਤਾ ਗਿਆ ਹੈ। ਪੁਲੀਸ ਇਹਨਾਂ ਖ਼ਿਲਾਫ਼ ਕੋਈ ਦੋਸ਼ ਪੱਤਰ ਦਾਖਲ ਨਹੀਂ ਕਰ ਸਕੀ। ਕਾਰਪੋਰੇਟ ਹਿਤਾਂ ਨੂੰ ਨੰਗਿਆਂ ਕਰਨ ਵਾਲੀਆਂ ਗਰੀਨਪੀਸ ਵਰਗੀਆਂ ਸੰਸਥਾਵਾਂ ਵੀ ਰਾਜ ਦੀ ਮਾਰ ਹੇਠ ਹਨ।

ਉਤਰਪੂਰਬੀ ਰਾਜਾਂ ਅਤੇ ਜੰਮੂ ਕਸ਼ਮੀਰ ਵਿੱਚ ਲੋਕਾਂ ਦੀਆਂ ਖਾਹਸਾਂ ਉਮੰਗਾਂ ਨੂੰ ਸਬੋਧਤ ਹੋਣ ਦੀ ਥਾਂ ਤਾਕਤ ਨਾਲ ਕੁਚਲਣ ਦੀ ਨੀਤੀ ਬੇਵਿਸ਼ਵਾਸੀ ਅਤੇ ਬੇਇਨਸਾਫ਼ੀ ਨੂੰ ਵਧਾ ਰਹੀ ਹੈ।

ਪੰਜਾਬ ਵਿੱਚ ਲੋਕ ਦੇ ਹਿਤਾਂ ਦੀ ਰਾਖੀ ਲਈ ਮੌਜੂਦ ਕਾਨੂੰਨਾਂ ਨੂੰ ਲਾਗੂ ਨਾ ਕਰਨਾ ਜਿਵੇਂ ਕਿ ਟਰਾਂਸਪੋਰਟ ਐਕਟ ਪਰ ਲੋਕਾਂ ਦੀ ਆਵਾਜ਼ ਨੂੰ ਦਬਾਉਣ ਲਈ ਧਾਰਾ 107/51 ਦੀ ਵਰਤੋਂ ਤੋਂ ਅਗਾਂਹ ਵੱਧ ਕੇ 307 ਇਰਾਦਾ ਕਤਲ ਵਰਗੀਆਂ ਧਾਰਾਵਾਂ ਦੀ ਖ਼ੁੱਲ੍ਹੀ ਵਰਤੋਂ ਕਰਨੋਂ ਇੱਕ ਖ਼ਤਰਨਾਕ ਵਰਤਾਰਾ ਵੱਧ ਰਿਹਾ ਹੈ।

ਪੰਜਾਬ ਵਿੱਚ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਮਨਘੜਤ ਅਤੇ ਫ਼ਰਜੀ ਕੇਸਾਂ ਵਿੱਚ ਉਲਝਾਉਣ ਤੋਂ ਅਗਾਂਹ ਜਾ ਕੇ ਨਿਜੀ ਹਿਤਾਂ ਲਈ ਪੁਲੀਸ ਦੀ ਵਰਤੋਂ ਕਰਦਿਆਂ ਫ਼ਰਜੀ ਪੁਲਸ ਮੁਕਾਬਲਿਆਂ/ਪੁਲਸ ਹਿਰਾਸਤ ਵਿੱਚ ਖ਼ਤਮ ਕਰਨ ਦਾ ਰੁਝਾਣ ਸਾਹਮਣੇ ਆ ਰਿਹਾ ਹੈ।

ਪੰਜਾਬ ਸਮੇਤ ਦੇਸ਼ ਭਰ 'ਚ ਰਾਜਨੀਤਕ ਸ਼ਹਿ ਪ੍ਰਾਪਤ ਇੱਕ ਗੁੰਡਾ ਅਤੇ ਲੰਪਣ ਕਿਸਮ ਦੇ ਤੱਤਾਂ ਦੇ ਗਰੋਹ ਸਾਹਮਣੇ ਆ ਰਹੇ ਹਨ ਜਿਹਨਾਂ ਰਾਹੀ ਔਰਤਾਂ, ਦਲਿਤਾਂ ਅਤੇ ਕਮਜ਼ੋਰ ਵਰਗਾਂ ਉੱਪਰ ਆਮ ਤੌਰ ਤੇ ਅਤੇ ਰਾਜਨੀਤਕ ਕਾਰਕੁਨਾਂ ਉੱਪਰ ਵਿਸ਼ੇਸ ਤੌਰ 'ਤੇ ਹਮਲੇ ਵਧੇ ਹਨ। ਅਜਿਹੇ ਤੱਤਾਂ ਨੂੰ ਹੀ ਇਸਤੇਮਾਲ ਕਰਕੇ ਵਿਚਾਰਾਂ, ਲਿਖਣ-ਪੜਨ, ਕਲਾ ਕਿਰਤਾਂ ਅਤੇ ਫਿਲਮਾਂ ਆਦਿ ਉਪਰ ਪਾਬੰਦੀਆਂ ਲਾਉਣ ਲਈ ਵਰਤਿਆ ਜਾਣ ਲੱਗ ਪਿਆ ਹੈ।

ਇਹ ਵੀ ਨੋਟ ਕੀਤਾ ਗਿਆ ਕਿ ਦਲਿਤ ਜਦੋਂ ਜਾਤ ਹੰਕਾਰ ਦੇ ਖ਼ਿਲਾਫ਼ ਅਤੇ ਆਪਣੇ ਹੱਕਾਂ ਲਈ ਜਥੇਬੰਦ ਹੁੰਦੇ ਹਨ, ਦਲਿਤਾਂ ਨੇ ਆਪਣੇ ਪੰਚਾਇਤੀ ਜ਼ਮੀਨਾਂ 'ਚੋਂ ਆਪਣਾ ਹਿੱਸਾ ਮੰਗਣਾ ਸ਼ੁਰੂ ਕੀਤਾ ਤੇ ਕਈ ਥਾਵਾਂ 'ਤੇ ਘੋਲ ਲੜੇ ਹਨ।ਆਉਂਦੇ ਸਮੇਂ ਵਿੱਚ ਦਲਿਤਾਂ ਵਿੱਚ ਇਸ ਮਸਲੇ 'ਤੇ ਵਧੇਰੇ ਸਰਗਰਮੀ ਦੀ ਸੰਭਾਵਨਾ ਬਣ ਰਹੀ ਤਾਂ ਉਹਨਾਂ ਨੂੰ ਸਮਾਜੀ ਅਤੇ ਰਾਜਕੀ ਤਸ਼ੱਦਦ ਦਾ ਸਭ ਤੋਂ ਵੱਧ ਸ਼ਿਕਾਰ ਹੋਣਾ ਪੈਂਦਾ ਹੈ।

ਸਮਾਜ ਵਿੱਚ ਔਰਤ ਵਿਰੁੱਧ ਅਪਰਾਧਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਇਹ ਕਈ ਸ਼ਕਲਾਂ ਵਿੱਚ ਸਾਹਮਣੇ ਆ ਰਿਹਾ ਹੈ। ਨਵਉਦਾਰਵਾਦ ਪੂੰਜੀ ਨੇ ਔਰਤ ਨੂੰ ਨਾ ਸਿਰਫ ਬਾਜ਼ਾਰ ਦੀ ਵਸਤੂ ਬਣਾ ਕੇ ਪੇਸ਼ ਕੀਤਾ ਹੈ ਸਗੋਂ ਇਸ ਨੇ ਸਮਾਜ ਦੀ ਮਾਨਸਕਤਾ ਨੂੰ ਵੀ ਪ੍ਰਭਾਵਤ ਅਤੇ ਪੱਕਾ ਕੀਤਾ ਹੈ। ਦੂਸਰੇ ਪਾਸੇ ਧਾਰਮਿਕ ਕੱਟੜਪੰਥੀਆਂ ਦੀਆਂ ਨਜ਼ਰਾਂ ਅਤੇ ਮਾਨਸਕਤਾ ਵਿੱਚ ਔਰਤ ਦੀ ਛਵੀ ਅਜੇ ਵੀ ਬਰਾਬਰ ਦੇ ਇਨਸਾਨ ਵਾਲੀ ਨਹੀਂ ਅਤੇ ਉਹ ਔਰਤਾਂ ਪ੍ਰਤੀ ਮੁਧਯੁੱਗੀ ਮਾਨਸਕਤਾ ਤੋਂ ਮੁਕਤ ਨਹੀਂ ਹੋਏ। ਉਹਨਾਂ ਦੀਆਂ ਮਾਨਸਕਤਾ ਵਿੱਚ ਔਰਤ ਸਿਰਫ਼ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਹੀ ਹੈ। ਬੇਸ਼ੱਕ ਔਰਤ ਘਰ ਦੀ ਚਾਰਦਵਾਰੀ ਤੋਂ ਬਾਹਰ ਕੰਮਕਾਰ ਦੇ ਖੇਤਰ ਵਿੱਚ ਪਹਿਲਾਂ ਨਾਲੋਂ ਵੱਧ ਮੌਕੇ ਹਾਸਲ ਕਰ ਰਹੀ ਹੈ ਪਰ ਅਜੇ ਉਹਦੇ ਨਾਲ ਹਰ ਜਗ੍ਹਾ ਦੂਸਰੇ ਦਰਜੇ ਦੇ ਨਾਗਰਕ ਵਾਲਾ ਸਲੂਕ ਹੀ ਕੀਤਾ ਜਾ ਰਿਹਾ ਹੈ।


ਆਰਥਿਕ ਮਦਵਾੜੇ ਦਾ ਪ੍ਰਭਾਵ ਸਭ ਤੋਂ ਵੱਧ ਔਰਤਾਂ ਨੂੰ ਭੋਗਣਾ ਪੈ ਰਿਹਾ ਹੈ। ਘਰ ਦੀਆਂ ਥੁੜਾਂ, ਕਰਜਈ ਆਰਥਿਕਤਾ ਅਤੇ ਨਸ਼ਈ ਪਤੀ ਅਤੇ ਬੱਚਿਆਂ ਦਾ ਸੰਤਾਪ ਔਰਤ ਨੂੰ ਕਈ ਤਰ੍ਹਾਂ ਦੀਆਂ ਮਾਨਸਕ ਪੀੜਾਂ ਨਾਲ ਪ੍ਰਭਾਵਤ ਕਰਦਾ ਹੈ। ਪਿਛਲੇਰੇ ਦੌਰ 'ਚ ਪਲਰੇ ਪਸਰੇ ਲੰਪਨ ਤੱਤਾਂ ਦਾ ਔਰਤ ਸੱਭ ਤੋਂ ਵੱਧ ਸ਼ਿਕਾਰ ਹੋਈ ਹੈ। ਕੰਮ ਦੇ ਖੇਤਰ ਵਿੱਚ ਉਸ ਲਈ ਪਹਿਲਾਂ ਨਾਲੋਂ ਮੁਕਾਬਲਤਨ ਵਧੇਰੇ ਮੌਕੇ ਹੋਣ ਦੇ ਬਾਵਜੂਦ ਉਹਨੂੰ ਲਿੰਗਕ ਪੀੜਾ ਦਾ ਵੀ ਸ਼ਿਕਾਰ ਹੋਣਾ ਪੈ ਰਿਹਾ ਹੈ। ਬੱਚੀਆਂ, ਦਲਿਤ ਔਰਤਾਂ ਅਤੇ ਹੋਰ ਕੰਮਕਾਜੀ ਔਰਤਾਂ ਵਿਰੁੱਧ ਇਹਨਾਂ ਅਪਰਾਧਾਂ ਦਾ ਸਿੱਟਾ ਲੜਕੀਆਂ ਦੀ ਪੜਾਈ ਨੂੰ ਪ੍ਰਭਾਵਤ ਕਰ ਰਿਹਾ ਹੈ। ਰਾਜ ਉਹਨਾਂ ਨੂੰ ਸੁਰੱਖਿਆਂ ਮਹੱਈਆਂ ਕਰਨ ਵਿੱਚ ਨਾ ਸਿਰਫ ਅਸਮਰੱਥ ਰਿਹਾ ਹੈ ਸਗੋਂ ਅਪਰਾਧਿਕ ਅਨਸਰਾਂ ਨੂੰ ਛੱਤਰੀ ਮਹੱਈਆ ਕਰਨ ਦੀ ਭੂਮਿਕਾ ਵੀ ਨਿਭਾਉਂਦਾ ਆ ਰਿਹਾ ਹੈ। ਇਸ ਸਮੁੱਚੇ ਵਰਤਾਰੇ ਵਿਰੁੱਧ ਮੱਧਯੁਗੀ ਮਾਨਸਕਤਾ ਨੂੰ ਤੋੜਨ ਅਤੇ ਔਰਤਾਂ ਦੇ ਹੱਕਾਂ ਅਤੇ ਸੁਰੱਖਿਆਂ ਦਾ ਸਵਾਲ, ਸਮੂਹ ਸਮਾਜ ਦੀ ਚੇਤਨਾ ਨੂੰ ਵਿਕਸਤ ਕਰਨ, ਸੰਘਰਸ਼ਾਂ ਵਿੱਚ ਉਹਦੀ ਬਰਾਬਰ ਦੀ ਸਮੂਲੀਅਤ ਯਕੀਨੀ ਬਣਾਉਣ ਅਤੇ ਔਰਤਾਂ ਵਿਰੁੱਧ ਅਪਰਾਧ ਕਰਨ ਵਾਲੇ ਅਨਸਰਾਂ ਨੂੰ ਲਗਾਤਾਰ ਬੇਪੜਦ ਕਰਦੇ ਰਹਿਣ ਦੀ ਜ਼ੁੰਮੇਵਾਰੀ ਸਮੁੱਚੇ ਚੇਤਨ ਸਮਾਜ ਵੱਲੋਂ ਨਿਭਾਉਣ ਨਾਲ ਹੀ ਹੱਲ ਹੋ ਸਕਦੀ ਹੈ।

ਪਿਛਲੇ ਸਮੇ ਵਿੱਚ ਨੋਟ ਕੀਤਾ ਗਿਆ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀਆਂ ਜਮਹੂਰੀ ਮੰਗਾਂ ਨੂੰ ਜਾਣਬੁਝਕੇ ਅਣਗੋਲਿਆਂ ਕੀਤਾ ਜਾਂਦਾ ਹੈ ਜਿਸਦੇ ਨਤੀਜੇ ਵਜੋਂ ਬੇਰੁਜਗਾਰ ਨੌਜਵਾਨਾਂ, ਕਿਸਾਨਾ ਅਤੇ ਮਜ਼ਦੂਰਾਂ ਨੂੰ ਅਪਣੀਆਂ ਮੰਗਾਂ ਦੇ ਹੱਕ ਵਿੱਚ ਆਜ਼ਾਜ ਉਠਾਉਣੀ ਪੈਂਦੀ ਹੈ ਜਿਸ ਨੂੰ ਇੱਕ ਵਿਧੀਵਧ ਤਰੀਕੇ ਨਾਲ ਲਮਕਾਉਣ, ਹੰਬਾਉਣ ਅਤੇ ਤਸ਼ਦਦ ਨਾਲ ਦਬਾਉਣ ਦਾ ਗੈਰ ਜਮਹੂਰੀ ਅਤੇ ਗੈਰ ਜ਼ੁੰਮੇਵਾਰਾਨਾ ਤਰੀਕਾ ਅਖਤਿਆਰ ਕੀਤਾ ਜਾਂਦਾ ਹੈ।

ਕਾਰਪੋਰੇਟ ਹਿਤਾਂ ਦੇ ਪਸਾਰੇ ਅਤੇ ਉਹਨਾਂ ਦੇ ਭਰਮਾਊ ਪ੍ਰਾਪੇਗੰਡੇ ਖ਼ਿਲਾਫ਼ ਜਨਤਾ ਦੀ ਤਾਕਤ ਨਾਲ ਸਚਾਈ ਨੂੰ ਨੰਗਿਆਂ ਕਰਨਾ ਅਤੇ ਜਮਹੂਰੀ ਹੱਕਾਂ ਲਈ ਆਵਾਜ਼ ਉਠਾਉਣਾ ਅੱਜ ਦਾ ਅਹਿਮ ਕਾਰਜ ਹੈ।ਜਮਹੂਰੀ ਅੀਧਕਾਰ ਸਭਾ ਦੇ ਹਰ ਕਾਰਕੁਨ ਨੂੰ ਇਹਨਾਂ ਚਣੌਤੀਆਂ ਭਰੇ ਸਮਿਆਂ ਦੇ ਹਾਣ ਦਾ ਹੋਣ, ਆਪਣੀ ਭੂਮਿਕਾ ਸੁਨਿਸਚਤ ਕਰਨ ਅਤੇ ਦਸਭਾ ਦੇ ਅਕੀਦਿਆਂ ਉੱਪਰ ਪਹਿਰਾ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ।

**ਪ੍ਰੋਫੈਸਰ ਜਗਮੋਹਨ ਸਿੰਘ**
**ਸੂਬਾ ਜਨਰਲ ਸਕੱਤਰ**
23 ਮਈ 2015

# ਕੈਲਗਰੀ ਵਿਚ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਸਤਾਬਦੀ ਨੂੰ ਸਮਰਪਿਤ ਸਮਾਗਮ 5 ਜੁਲਾਈ ਨੂੰ



**ਬਲਜਿੰਦਰ ਸੰਘਾ**

ਸਾਲ 2012 ਗਦਰ ਸ਼ਤਾਬਦੀ ਦਾ ਵਰ੍ਹਾ ਸੀ ਤੇ ਇਸ ਤੋਂ ਬਾਅਦ ਲਗਾਤਾਰ ਗਦਰੀ ਸ਼ਹੀਦਾਂ ਦੀ ਕੁਰਬਾਨੀ ਦੇ ਸ਼ਤਾਬਦੀ ਵਰ੍ਹੇ ਚੱਲ ਰਹੇ ਹਨ। ਜਿਹਨਾਂ ਕੈਨੇਡਾ, ਅਮਰੀਕਾ ਅਤੇ ਹੋਰ ਦੇਸ਼ਾਂ ਤੋਂ ਆਪਣਾ ਸਭ ਕੁਝ ਛੱਡ ਕੇ ਭਾਰਤ ਨੂੰ ਅਜ਼ਾਦ ਕਰਵਾਉਣ ਲਈ ਅਥਾਹ ਕੁਰਬਾਨੀਆਂ ਕੀਤੀਆਂ। ਕਰਤਾਰ ਸਿੰਘ ਸਰਾਭਾ ਸਭ ਤੋਂ ਨਿੱਕੀ ਉਮਰ ਦਾ ਗਦਰੀ ਯੋਧਾ ਸੀ ਜੋ ਛਾਉਣੀਆਂ ਵਿਚ ਗਦਰ ਕਰਕੇ ਦੇਸ਼ ਨੂੰ ਅਜ਼ਾਦ ਕਰਵਾਉਣ ਦੀ ਵਿਉਂਤਬੰਦੀ ਵਿਚ ਮੁੱਖ ਅਤੇ ਸਰਗਰਮ ਯੋਧੇ ਦੇ ਤੌਰ ਤੇ ਸਾਹਮਣੇ ਆਇਆ। ਉਹਨਾਂ ਨੂੰ ਨਵੰਬਰ 1915 ਵਿਚ ਲਹੌਰ ਵਿਚ ਸਿਰਫ਼19 ਸਾਲ ਦੀ ਉਮਰ ਵਿਚ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਉਹਨਾਂ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਵਿਸੇਸਮਾਗਮ 5

## ਕੈਨੇਡਾ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ ਅਮੋਲਕ ਸਿੰਘ ਲੈਕਚਰ ਪੇਸ਼ ਕਰਨਗੇ

ਜੁਲਾਈ ਦਿਨ ਐਤਵਾਰ ਨੂੰ ਕੈਲਗਰੀ ਦੀ ਐਕਸ ਸਰਵਿਸਮਿਨ ਸੁਸਾਇਟੀ ਵਿਚ ਦਿਨ ਦੇ 2 ਵਜੇ ਤੋਂ ਸਾਢੇ ਚਾਰ ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿਚ ਇਸ ਵਿਸ਼ੇ ਤੇ ਲੈਕਚਰ ਦੇਣ ਲਈ ਅਮੋਲਕ ਸਿੰਘ ਜੋ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ, ਟਰੱਸਟੀ ਅਤੇ ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਪ੍ਰਧਾਨ ਹਨ ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਉਹ ਕੈਨੇਡਾ ਦੇ ਹੋਰ ਸ਼ਹਿਰਾਂ ਜਿਸ ਵਿਚ ਐਡਮਿੰਟਨ, ਸਰ੍ਹੀ ਸ਼ਾਮਿਲ ਹੈ ਲੈਕਚਰ ਕਰਨਗੇ ਅਤੇ ਟਰੰਟੋਂ ਵਿਚ ਉਹਨਾਂ ਭਰਵੀਂ ਹਾਜ਼ਰੀ ਵਿਚ ਸਫਲ ਲੈਕਚਰ ਦਿੱਤਾ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਮਾਸਟਰ ਭਜਨ ਸਿੰਘ ਅਤੇ ਪ੍ਰੈਸ ਸਕੱਤਰ ਬਲਜਿੰਦਰ ਸੰਘਾ ਅਨੁਸਾਰ ਅਮੋਲਕ ਸਿੰਘ ਅਗਾਂਹ ਵਧੂ ਸੋਚ ਦੇ ਅਜਿਹੇ ਬੁਲਾਰੇ ਹਨ ਜਿਹਨਾਂ ਦੇ ਲੈਕਚਰ ਹਮੇਸ਼ਾ ਜਾਣਕਾਰੀ ਭਰਪੂਰ ਅਤੇ ਸੱਚ ਦੀ ਗੱਲ ਕਰਦੇ ਹਨ। ਉਹਨਾਂ ਕੈਲਗਰੀ ਨਿਵਾਸੀ ਸਭ ਲੋਕਾਂ, ਸਭਾ-ਸੁਸਾਇਟੀਆਂ ਦੇ ਮੈਂਬਰਾਂ, ਮੀਡੀਆ ਹਸਤੀਆਂ ਅਤੇ ਨੌਜਵਾਨ ਵਰਗ ਨੂੰ ਇਸ ਦਿਨ ਵਿਸ਼ੇਸ ਤੌਰ ਤੇ ਪਹੁੰਚਣ ਦੀ ਬੇਨਤੀ ਕੀਤੀ। ਇਸ ਦਿਨ ਪ੍ਰਸਿੱਧ ਲੋਕ ਕਵੀ ਸੁਰਿੰਦਰ ਧੰਜਲ ਜੋ ਪਾਸ਼ ਯਾਦਗਾਰੀ ਇੰਟਰਨੈਸ਼ਨਲ ਟਰੱਸਟ ਦੇ ਕਨਵੀਨਰ ਅਤੇ ਕੈਮਲੂਪਸ ਯੂਨੀਵਰਸਿਟੀ ਦੇ ਪ੍ਰੋਫੈਸਰ ਹਨ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਣਗੇ।

ACCOUNTANT
Corporate & Personal Business
Attends: CRA Audits and Appeals
SUKHDEV SINGH CPA, CGA
TEL: (905) 793-0909 FAX: (905)-450-2165
10-2084 STEELES AVE EAST, BRAMPTON, L6T 5A6
EMAIL: sukhdevcga@gmail.com

Gill Appliances & Heating Services
Residential, Commercial Service and Installation

24 Hour Service
Call: Surinder Gill
905.460.5544
***Repair and Install duct, heating, humidifier, air conditioner, water heater, dish washer, dryer, stove, fridge***

ਅਰੁੰਧਤੀ ਰਾਏ
ਅਨੁਵਾਦ : ਬੂਟਾ ਸਿੰਘ

# ਇਕ ਜੰਗੀ ਕੈਦੀ, ਪ੍ਰੋਫੈਸਰ

ਦਿੱਲੀ ਯੂਨੀਵਰਸਿਟੀ ਦੇ ਰਾਮਲਾਲ ਆਨੰਦ ਕਾਲਜ ਵਿਚ ਅੰਗਰੇਜ਼ੀ ਦੇ ਲੈਕਚਰਾਰ, ਡਾ. ਜੀ.ਐੱਨ. ਸਾਈਬਾਬਾ ਨੂੰ ਕੰਮ ਤੋਂ ਘਰ ਮੁੜਦੇ ਸਮੇਂ ਅਣਪਛਾਤੇ ਲੋਕਾਂ ਵਲੋਂ ਅਗਵਾ ਕਰ ਲਏ ਜਾਣ ਨੂੰ 9 ਮਈ 2015 ਨੂੰ ਇਕ ਵਰ੍ਹਾ ਹੋ ਜਾਵੇਗਾ। ਜਦੋਂ ਪਤੀ ਲਾਪਤਾ ਹੋ ਗਿਆ ਅਤੇ ਉਸ ਦਾ ਫ਼ੋਨ ਨਹੀਂ ਸੀ ਲੱਗ ਰਿਹਾ ਤਾਂ ਡਾ. ਸਾਈਬਾਬਾ ਦੀ ਪਤਨੀ ਵਸੰਤਾ ਨੇ ਮੁਕਾਮੀ ਥਾਣੇ ਵਿਚ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਾਈ। ਅੱਗੇ ਚੱਲਕੇ ਉਨ੍ਹਾਂ ਅਣਪਛਾਤੇ ਅਗਵਾਕਾਰਾਂ ਨੇ ਆਪਣੀ ਸ਼ਨਾਖ਼ਤ ਮਹਾਰਾਸ਼ਟਰ ਪੁਲਿਸ ਵਜੋਂ ਕਰਵਾਈ ਅਤੇ ਦੱਸਿਆ ਕਿ ਉਹ ਅਗਵਾ ਇਕ ਗ੍ਰਿਫ਼ਤਾਰੀ ਸੀ।

ਆਖ਼ਿਰ ਉਸ ਨੂੰ ਇਓਂ ਅਗਵਾ ਕਿਉਂ ਕਰਨਾ ਪਿਆ, ਜਦਕਿ ਉਹ ਉਸ ਨੂੰ ਰਸਮੀ ਤੌਰ 'ਤੇ ਵੀ ਗ੍ਰਿਫ਼ਤਾਰ ਕਰ ਸਕਦੇ ਸਨ? ਉਸ ਪ੍ਰੋਫੈਸਰ ਨੂੰ ਜੋ ਵੀਲ੍ਹ ਚੇਅਰ ਉਪਰ ਹੀ ਚਲਦਾ ਹੈ ਕਿਉਂਕਿ ਜਦੋਂ ਉਹ ਪੰਜ ਸਾਲ ਦਾ ਸੀ ਓਦੋਂ ਤੋਂ ਹੀ ਉਸਦਾ ਲੱਕ ਤੋਂ ਹੇਠਲਾ ਹਿੱਸਾ ਨਕਾਰਾ ਹੈ। ਇਸ ਦੇ ਕਾਰਨ ਦੋ ਹਨ: ਪਹਿਲਾ ਉਹ ਆਪਣੀਆਂ ਪਹਿਲੀਆਂ ਫੇਰੀਆਂ ਤੋਂ ਜਾਣਦੇ ਸੀ ਕਿ ਜੇ ਉਹ ਦਿੱਲੀ ਯੂਨੀਵਰਸਿਟੀ ਵਿਚ ਉਸ ਦੇ ਘਰੋਂ ਉਸ ਨੂੰ ਚੁੱਕਣਗੇ ਤਾਂ ਉਨ੍ਹਾਂ ਨੂੰ ਗੁੱਸੇ ਨਾਲ ਭਰੇ ਲੋਕਾਂ ਦੇ ਹਜੂਮ ਦਾ ਸਾਹਮਣਾ ਕਰਨਾ ਪਵੇਗਾ -ਉਹ ਪ੍ਰੋਫੈਸਰ, ਕਾਰਕੁੰਨ ਅਤੇ ਵਿਦਿਆਰਥੀ ਜੋ ਪ੍ਰੋਫੈਸਰ ਸਾਈਬਾਬਾ ਨਾਲ ਪਿਆਰ ਕਰਦੇ ਹਨ ਅਤੇ ਉਸ ਨੂੰ ਪਸੰਦ ਕਰਦੇ ਹਨ, ਸਿਰਫ਼ ਇਸ ਲਈ ਨਹੀਂ ਕਿ ਉਹ ਇਕ ਸਮਰਪਿਤ ਅਧਿਆਪਕ ਹੈ, ਸਗੋਂ ਇਕ ਦੀ ਇਕ ਵਜਾ੍ਹ ਦੁਨੀਆ ਦੇ ਬਾਰੇ ਵਿਚ ਉਸ ਦਾ ਬੇਖ਼ੌਫ਼ ਸਿਆਸੀ ਨਜ਼ਰੀਆ ਵੀ ਹੈ। ਦੂਜਾ, ਅਗਵਾ ਕਰਨ ਨਾਲ ਇਹ ਪ੍ਰਭਾਵ ਬਣੇਗਾ ਜਿਵੇਂ ਮਹਿਜ਼ ਆਪਣੀ ਮੁਸਤੈਦੀ ਅਤੇ ਦਲੇਰੀ ਨਾਲ ਹੀ ਉਨ੍ਹਾਂ ਨੇ ਇਕ ਖ਼ਤਰਨਾਕ ਦਹਿਸ਼ਤਗਰਦ ਦਾ ਸੁਰਾਗ਼ ਲਾਕੇ ਉਸ ਨੂੰ ਦਬੋਚ ਲਿਆ ਹੋਵੇ। ਹਾਲਾਂਕਿ ਸਚਾਈ ਕਿਤੇ ਜ਼ਿਆਦਾ ਨੀਰਸ ਹੈ। ਸਾਡੇ ਵਿੱਚੋਂ ਅਨੇਕ ਲੋਕਾਂ ਨੂੰ ਲੰਮੇ ਸਮੇਂ ਤੋਂ ਖ਼ਦਸ਼ਾ ਸੀ ਕਿ ਪ੍ਰੋਫੈਸਰ ਸਾਈਬਾਬਾ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਕਈ ਮਹੀਨਿਆਂ ਤੋਂ ਇਹ ਆਮ ਚਰਚਾ ਸੀ। ਇਨ੍ਹਾਂ ਮਹੀਨਿਆਂ ਵਿਚ ਕਦੇ ਵੀ, ਅਗਵਾ ਕੀਤੇ ਜਾਣ ਦੇ ਦਿਨ ਤਕ ਵੀ ਉਸ ਦੇ ਜਾਂ ਕਿਸੇ ਹੋਰ ਦੇ ਇਹ ਖ਼ਿਆਲ ਵਿਚ ਨਹੀਂ ਆਇਆ ਕਿ ਇਸ ਦਾ ਸਾਹਮਣਾ ਕਰਨ ਦੀ ਬਜਾਏ ਉਹ ਕੁਛ ਹੋਰ ਕਰੇ। ਦਰ ਅਸਲ, ਇਸ ਦੌਰਾਨ ਉਸ ਨੇ ਜ਼ਿਆਦਾ ਮਿਹਨਤ ਕੀਤੀ ਅਤੇ ਪਾਲਿਟਿਕਸ ਆਫ ਦ ਡਿਸਿਪਲਿਨ ਆਫ ਇੰਡੀਅਨ ਇੰਗਲਿਸ਼ ਰਾਈਟਿੰਗ (ਹਿੰਦੁਸਤਾਨੀ ਅੰਗਰੇਜ਼ੀ ਲੇਖਣੀ ਵਿਚ ਅਨੁਸ਼ਾਸਨ ਦੀ ਸਿਆਸਤ) ਉਪਰ ਆਪਣਾ ਪੀਐੱਚ. ਡੀ. ਦਾ ਕੰਮ ਨੇਪਰੇ ਚਾੜ੍ਹਿਆ।

ਸਾਨੂੰ ਕਿਉਂ ਲੱਗਿਆ ਸੀ ਕਿ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ? ਉਸ ਦਾ ਜੁਰਮ ਕੀ ਸੀ?

ਸਤੰਬਰ 2009 'ਚ, ਤੱਤਕਾਲੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਲਾਲ ਲਾਂਘੇ (ਰੈੱਡ ਕਾਰੀਡੋਰ) ਵਜੋਂ ਜਾਣੇ ਜਾਂਦੇ ਇਲਾਕੇ ਵਿਚ, ਆਪਰੇਸ਼ਨ ਗ੍ਰੀਨ ਹੰਟ ਨਾਂ ਦੀ ਜੰਗ ਦਾ ਐਲਾਨ ਕੀਤਾ ਸੀ। ਇਹ ਕਿਹਾ ਗਿਆ ਕਿ ਇਹ ਮੱਧ ਭਾਰਤ ਦੇ ਜੰਗਲਾਂ ਵਿਚ ਮਾਓਵਾਦੀ 'ਦਹਿਸ਼ਤਗਰਦਾਂ' ਦੇ ਖ਼ਿਲਾਫ਼ ਨੀਮ-ਫ਼ੌਜੀ ਬਲਾਂ ਦੀ ਸਫ਼ਾਇਆ ਮੁਹਿੰਮ ਹੈ। ਦਰ ਅਸਲ, ਇਹ ਉਸ ਲੜਾਈ ਦਾ ਸਰਕਾਰੀ ਨਾਂ ਸੀ, ਜੋ ਰਾਜ ਦੇ ਬਣਾਏ ਕਾਤਲ ਗਰੋਹਾਂ (ਬਸਤਰ ਵਿਚ ਸਲਵਾ ਜੁਡਮ ਅਤੇ ਹੋਰ ਸੂਬਿਆਂ ਵਿਚ ਬੇਨਾਮ) ਵਲੋਂ ਦੁਸ਼ਮਣ ਦੇ ਕੰਮ ਆਉਣ ਵਾਲੀ ਹਰ ਚੀਜ਼ ਨੂੰ ਤਬਾਹ ਕਰਨ ਦੀ ਲੜਾਈ ਰਹੀ ਹੈ। ਉਨ੍ਹਾਂ ਨੂੰ ਦਿੱਤਾ ਗਿਆ ਹੁਕਮ, ਜੰਗਲ ਨੂੰ ਇਸ ਦੇ ਖ਼ੁਦੀ ਬਾਸ਼ਿੰਦਿਆਂ ਤੋਂ ਖਾਲੀ ਕਰਾਉਣ ਦਾ ਸੀ, ਤਾਂ ਕਿ ਖਾਣਾਂ ਅਤੇ ਬੁਨਿਆਦੀ ਢਾਂਚੇ ਦੀ ਉਸਾਰੀ ਦੇ ਕੰਮਾਂ ਵਿਚ ਲੱਗੀਆਂ ਕਾਰਪੋਰੇਸ਼ਨ ਆਪਣੇ ਰੁਕੇ ਹੋਏ ਪ੍ਰੋਜੈਕਟਾਂ ਨੂੰ ਅੱਗੇ ਵਧਾ ਸਕਣ। ਇਸ ਤੱਥ ਨਾਲ ਓਦੋਂ ਦੀ ਯੂ.ਪੀ.ਏ. ਹਕੂਮਤ ਨੂੰ ਕੋਈ ਪ੍ਰੇਸ਼ਾਨੀ ਹੋਈ ਕਿ ਆਦਿਵਾਸੀ ਜ਼ਮੀਨ ਨੂੰ ਨਿੱਜੀ ਕੰਪਨੀਆਂ ਦੇ ਹੱਥ ਵੇਚਣਾ ਗ਼ੈਰਕਾਨੂੰਨੀ ਅਤੇ ਗ਼ੈਰਸੰਵਿਧਾਨਕ ਹੈ। (ਮੌਜੂਦਾ ਹਕੂਮਤ ਦਾ ਨਵਾਂ ਭੋਇੰ ਗ੍ਰਹਿਣ ਬਿੱਲ ਉਸ ਗ਼ੈਰ-ਕਾਨੂੰਨੀ ਨੂੰ ਕਾਨੂੰਨੀ ਵਿਚ ਬਦਲਣ ਦੀ ਤਜਵੀਜ਼ ਹੀ ਹੈ।) ਕਾਤਲ ਗਰੋਹਾਂ ਦੇ ਨਾਲ-ਨਾਲ ਹਜ਼ਾਰਾਂ ਨੀਮ-ਫ਼ੌਜੀ ਤਾਕਤਾਂ ਨੇ ਹਮਲਾ ਕੀਤਾ, ਪਿੰਡ ਸਾੜੇ, ਪੇਂਡੂਆਂ ਦੇ ਕਤਲ ਕੀਤੇ ਅਤੇ ਔਰਤਾਂ ਨਾਲ ਜਬਰ-ਜਨਾਹ ਕੀਤੇ। ਦਹਿ-ਹਜ਼ਾਰਾਂ ਆਦਿਵਾਸੀਆਂ ਨੂੰ ਆਪਣੇ ਘਰ-ਬਾਰ ਛੱਡਕੇ ਜੰਗਲਾਂ ਵਿਚ ਖੁੱਲ੍ਹੇ ਆਸਮਾਨ ਹੇਠ ਪਨਾਹ ਲੈਣ ਲਈ ਮਜਬੂਰ ਕੀਤਾ ਗਿਆ। ਇਸ ਬੇਰਹਿਮੀ ਦੇ ਖ਼ਿਲਾਫ਼ ਜਵਾਬੀ ਕਾਰਵਾਈ ਕਰਦੇ ਹੋਏ ਸੈਂਕੜੇ ਸਥਾਨਕ ਲੋਕ ਲੋਕ-ਮੁਕਤੀ ਛਾਪਾਮਾਰ ਫ਼ੌਜ ਵਿਚ ਜਾ ਰਲੇ, ਜੋ ਸੀ.ਪੀ.ਆਈ. (ਮਾਓਵਾਦੀ) ਨੇ ਬਣਾਈ ਹੈ। ਇਹ ਉਹ ਪਾਰਟੀ ਹੈ, ਜਿਸ ਨੂੰ ਸਾਬਕਾ ਪ੍ਰਧਾਨ ਮੰਤਰੀ ਮਨਮੋਹਣ ਸਿੰਘ ਨੇ ਆਪਣੇ ਮਸ਼ਹੂਰ ਕਥਨ ਵਿਚ ਹਿੰਦੁਸਤਾਨ ਦੀ 'ਅੰਦਰੂਨੀ ਸੁਰੱਖਿਆ ਲਈ ਇੱਕੋ-ਇਕ ਸਭ ਤੋਂ ਵੱਡਾ ਖ਼ਤਰਾ' ਦੱਸਿਆ ਸੀ। ਹੁਣ ਵੀ, ਇਸ ਸਮੁੱਚੇ ਇਲਾਕੇ ਵਿਚ ਜੋ ਉਥਲ-ਪੁੱਥਲ ਦੀ ਹਾਲਤ ਹੈ, ਉਸ ਨੂੰ ਖ਼ਾਨਾਜੰਗੀ ਕਿਹਾ ਜਾ ਸਕਦਾ ਹੈ।

ਜਿਵੇਂ ਕਿ ਕਿਸੇ ਵੀ ਲੰਮੇ ਲੋਕ-ਯੁੱਧ ਵਿਚ ਹੁੰਦਾ ਹੈ, ਹਾਲਾਤ ਸਿੱਧੇ-ਸਰਲ ਹੋਣ ਤੋਂ ਕਿਤੇ ਦੂਰ ਹਨ। ਟਾਕਰੇ ਵਿਚ ਜਿਥੇ ਕੁਛ ਲੋਕਾਂ ਨੇ ਚੰਗੀ ਲੜਾਈ ਲੜਨੀ ਜਾਰੀ ਰੱਖੀ ਹੈ, ਕੁਛ ਹੋਰ ਲੋਕ ਮੌਕਾਪ੍ਰਸਤ, ਰੰਗਦਾਰੀ ਵਸੂਲਣ ਵਾਲੇ ਅਤੇ ਮਾਮੂਲੀ ਮੁਜਰਿਮ ਬਣ ਚੁੱਕੇ ਹਨ। ਦੋਵਾਂ ਸਮੂਹਾਂ ਵਿਚ ਫ਼ਰਕ ਕਰ ਸਕਣਾ ਹਮੇਸ਼ਾ ਆਸਾਨ ਨਹੀਂ ਹੁੰਦਾ, ਅਤੇ ਇਹ ਉਨ੍ਹਾਂ ਨੂੰ ਇਕ ਹੀ ਰੰਗ ਵਿਚ ਪੇਸ਼ ਕੀਤੇ ਜਾਣ ਨੂੰ ਸੁਖਾਲਾ ਬਣਾ ਦਿੰਦਾ ਹੈ। ਜਬਰ ਦੀਆਂ ਖ਼ੌਫ਼ਨਾਕ ਘਟਨਾਵਾਂ ਹੋਈਆਂ ਹਨ। ਇਕ ਤਰ੍ਹਾਂ ਦੇ ਜਬਰ ਨੂੰ ਦਹਿਸ਼ਤਗਰਦੀ ਕਿਹਾ ਜਾਂਦਾ ਹੈ ਅਤੇ ਦੂਜੇ ਨੂੰ ਤਰੱਕੀ।

2010 ਅਤੇ 2011 ਵਿਚ, ਜਦੋਂ ਅਪਰੇਸ਼ਨ ਗ੍ਰੀਨ ਹੰਟ ਦਾ ਸਭ ਤੋਂ ਬੇਰਹਿਮ ਦੌਰ ਸੀ, ਇਸ ਦੇ ਖ਼ਿਲਾਫ਼ ਮੁਹਿੰਮ ਵਿਚ ਤੇਜ਼ੀ ਆਈ, ਕਈ ਸ਼ਹਿਰਾਂ ਵਿਚ ਜਨਤਕ ਇਕੱਠ ਅਤੇ ਰੈਲੀਆਂ ਹੋਈਆਂ। ਜਿਉਂ ਜਿਉਂ ਜੰਗਲ ਵਿਚ ਹੋਣ ਵਾਲੀਆਂ ਘਟਨਾਵਾਂ ਦੀ ਖ਼ਬਰ ਫੈਲਣ ਲੱਗੀ, ਕੌਮਾਂਤਰੀ ਮੀਡੀਆ ਨੇ ਇਸ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਡਾ. ਜੀ.ਐੱਨ. ਸਾਈਬਾਬਾ ਉਨ੍ਹਾਂ ਮੁੱਖ ਲੋਕਾਂ ਵਿੱਚੋਂ ਇਕ ਸਨ, ਜਿਨ੍ਹਾਂ ਨੇ ਅਪਰੇਸ਼ਨ ਗ੍ਰੀਨ ਹੰਟ ਦੇ ਖ਼ਿਲਾਫ਼ ਇਕ ਜਨਤਕ ਅਤੇ ਪੂਰੀ ਤਰ੍ਹਾਂ ਨਾਲ ਖੁੱਲ੍ਹੀ ਮੁਹਿੰਮ ਲਾਮਬੰਦ ਕੀਤੀ ਸੀ। ਘੱਟੋਘੱਟ ਆਰਜ਼ੀ ਤੌਰ 'ਤੇ ਹੀ, ਉਹ ਮੁਹਿੰਮ ਕਾਮਯਾਬ ਹੋਈ ਸੀ। ਸ਼ਰਮਿੰਦਗੀ ਨਾਲ ਹਕੂਮਤ ਨੂੰ ਇਹ ਢੌਂਗ ਰਚਣਾ ਪਿਆ ਕਿ ਅਪਰੇਸ਼ਨ ਗ੍ਰੀਨ ਹੰਟ ਨਾਂ ਦੀ ਕੋਈ ਸ਼ੈਅ ਨਹੀਂ ਹੈ, ਕਿ ਇਹ ਮਹਿਜ਼ ਮੀਡੀਆ ਦੀ ਬਣਾਈ ਹੋਈ ਗੱਲ ਹੈ। (ਬੇਸ਼ੱਕ ਆਦਿਵਾਸੀ ਜ਼ਮੀਨ ਉਪਰ ਹਮਲਾ ਜਾਰੀ ਹੈ, ਜਿਸ ਦੇ ਬਾਰੇ ਜ਼ਿਆਦਾਤਰ ਕੋਈ ਖ਼ਬਰ ਨਹੀਂ ਆਉਂਦੀ, ਕਿਉਂਕਿ ਹੁਣ ਇਹ ਇਕ ਬੇਨਾਮ ਅਪਰੇਸ਼ਨ ਹੈ। ਇਕ ਮਾਓਵਾਦੀ ਹਮਲੇ ਵਿਚ ਮਾਰੇ ਗਏ ਸਲਵਾ ਜੁਡਮ ਦੇ ਬਾਨੀ ਮਹਿੰਦਰ ਕਰਮਾ ਦੇ ਪੁੱਤਰ ਛਵਿੰਦਰ ਕਰਮਾ ਨੇ ਇਸ ਹਫ਼ਤੇ ਪੰਜ ਮਈ 2015 ਨੂੰ ਸਲਵਾ ਜੁਡਮ-2 ਦੀ ਸ਼ੁਰੂਆਤ ਦਾ ਐਲਾਨ ਕੀਤਾ ਹੈ। ਇਹ ਸੁਪਰੀਮ ਕੋਰਟ ਦੇ ਉਸ ਫ਼ੈਸਲੇ ਦੇ ਬਾਵਜੂਦ ਕੀਤਾ ਗਿਆ, ਜਿਸ ਵਿਚ ਅਦਾਲਤ ਨੇ ਸਲਵਾ ਜੁਡਮ-1 ਨੂੰ ਗ਼ੈਰਕਾਨੂੰਨੀ ਤੇ ਗ਼ੈਰਸੰਵਿਧਾਨਕ ਐਲਾਨਿਆ ਸੀ ਅਤੇ ਇਸ ਨੂੰ ਬੰਦ ਕਰਨ ਦਾ ਆਦੇਸ਼ ਦਿੱਤਾ ਸੀ।)




ਅਪਰੇਸ਼ਨ ਬੇਨਾਮ ਵਿਚ, ਜਿਹੜਾ ਕੋਈ ਵੀ ਰਾਜ ਦੀ ਨੀਤੀ ਦੀ ਆਲੋਚਨਾ ਕਰਦਾ ਹੈ, ਜਾਂ ਉਸ ਨੂੰ ਲਾਗੂ ਕਰਨ ਵਿਚ ਅੜਿੱਕਾ ਖੜ੍ਹਾ ਕਰਦਾ ਹੈ ਉਸ ਨੂੰ ਮਾਓਵਾਦੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਮਾਓਵਾਦੀ ਕਰਾਰ ਦਿੱਤੇ ਗਏ ਹਜ਼ਾਰਾਂ ਦਲਿਤ ਅਤੇ ਆਦਿਵਾਸੀ, ਦੇਸ਼ਧ੍ਰੋਹ ਅਤੇ ਰਾਜ ਦੇ ਖ਼ਿਲਾਫ਼ ਜੰਗ ਛੇੜਨ ਵਰਗੇ ਜੁਰਮਾਂ ਦੇ ਬੇਸਿਰ-ਪੈਰ ਇਲਜ਼ਾਮਾਂ ਨਾਲ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਦੇ ਤਹਿਤ ਜੇਲ੍ਹ ਵਿਚ ਬੰਦ ਹਨ। ਯੂ.ਏ.ਪੀ.ਏ. ਇਕ ਐਸਾ ਕਾਨੂੰਨ ਹੈ ਕਿ ਜੇ ਮਹਿਜ਼ ਇਸ ਨੂੰ ਵਰਤੋਂ ਵਿਚ ਲਿਆਂਦਾ ਜਾਣਾ ਐਨਾ ਤ੍ਰਾਸਦਿਕ ਨਾ ਹੁੰਦਾ, ਤਾਂ ਇਸ ਨੂੰ ਦੇਖਕੇ ਕਿਸੇ ਵੀ ਸਮਝਦਾਰ ਇਨਸਾਨ ਦਾ ਹਾਸਾ ਬੰਦ ਨਹੀਂ ਸੀ ਹੋਣਾ। ਇਕ ਪਾਸੇ, ਜਦੋਂ ਪਿੰਡ ਵਾਲੇ ਕਾਨੂੰਨੀ ਮਦਦ ਅਤੇ ਇਨਸਾਫ਼ ਦੀ ਉਮੀਦ ਤੋਂ ਬਿਨਾ ਵਰ੍ਹਿਆਂ ਤਕ ਜੇਲ੍ਹ ਵਿਚ ਸੜਦੇ ਰਹਿੰਦੇ ਹਨ, ਅਕਸਰ ਹੀ ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਉਨ੍ਹਾਂ ਉਪਰ ਕਿਸ ਜੁਰਮ ਦਾ ਇਲਜ਼ਾਮ ਹੈ, ਦੂਜੇ ਪਾਸੇ ਹੁਣ ਹਕੂਮਤ ਨੇ ਆਪਣੀ ਨਜ਼ਰ ਸ਼ਹਿਰਾਂ ਵਿਚ ਉਨ੍ਹਾਂ ਵੱਲ ਮੋੜ ਲਈ ਹੈ, ਜਿਸ ਨੂੰ ਇਹ 'ਓਜੀਡਬਲਯੂ' ਭਾਵ ਖੁੱਲ੍ਹੇਆਮ ਕੰਮ ਕਰਨ ਵਾਲੇ ਕਾਰਕੁੰਨ (ਓਵਰਗ੍ਰਾਊਂਡ ਵਰਕਰ) ਕਹਿੰਦੀ ਹੈ।

ਗ੍ਰਹਿ ਮੰਤਰਾਲੇ ਨੇ 2013 ਵਿਚ ਸੁਪਰੀਮ ਕੋਰਟ ਵਿਚ ਦਾਖ਼ਿਲ ਆਪਣੇ ਹਲਫ਼ਨਾਮੇ ਵਿਚ ਆਪਣੇ ਇਰਾਦੇ ਸਾਫ਼-ਸਾਫ਼ ਜ਼ਾਹਿਰ ਕੀਤੇ ਸਨ। ਉਸ ਵਿਚ ਕਿਹਾ ਗਿਆ ਸੀ: 'ਕਸਬਿਆਂ ਤੇ ਸ਼ਹਿਰਾਂ ਵਿਚ ਸੀ.ਪੀ.ਆਈ. (ਮਾਓਵਾਦੀ) ਦੇ ਵਿਚਾਰਕਾਂ ਅਤੇ ਹਮਾਇਤੀਆਂ ਨੇ ਰਾਜ ਦਾ ਨਕਸ਼ਾ ਵਿਗਾੜਕੇ ਪੇਸ਼ ਕਰਨ ਲਈ ਜਥੇਬੰਦ ਅਤੇ ਸਿਲਸਿਲੇਵਾਰ ਪ੍ਰਚਾਰ ਵਿੱਢਿਆ ਹੋਇਆ ਹੈ.... ਇਹ ਉਹ ਵਿਚਾਰਕ ਹਨ ਜਿਨ੍ਹਾਂ ਨੇ ਮਾਓਵਾਦੀ ਲਹਿਰ ਨੂੰ ਜ਼ਿੰਦਾ ਰੱਖਿਆ ਹੋਇਆ ਹੈ ਅਤੇ ਕਈ ਪੱਖਾਂ ਤੋਂ ਤਾਂ ਇਹ ਪੀਪਲਜ਼ ਲਿਬਰੇਸ਼ਨ ਗੁਰੀਲਾ ਆਰਮੀ ਦੇ ਕਾਡਰਾਂ ਤੋਂ ਵੀ ਜ਼ਿਆਦਾ ਖ਼ਤਰਨਾਕ ਹਨ।'

ਡਾ. ਸਾਈਬਾਬਾ ਹਾਜ਼ਿਰ ਹੋ

ਜਦੋਂ ਉਸ ਦੇ ਬਾਰੇ ਵਿਚ ਸਾਫ਼ ਤੌਰ 'ਤੇ ਮਨਘੜਤ ਅਤੇ ਵਧਾ-ਚੜ੍ਹਾਕੇ ਅਨੇਕਾਂ ਖ਼ਬਰਾਂ ਛਪਣ ਲੱਗੀਆਂ, ਓਦੋਂ ਸਾਨੂੰ ਪਤਾ ਚਲ ਗਿਆ ਸੀ ਕਿ ਉਸ ਦੀ ਨਿਸ਼ਾਨਦੇਹੀ ਕੀਤੀ ਜਾ ਚੁੱਕੀ ਹੈ। (ਜਿਥੇ ਉਨ੍ਹਾਂ ਦੇ ਕੋਲ ਅਸਲੀ ਸਬੂਤ ਨਹੀਂ ਸਨ, ਉਨ੍ਹਾਂ ਦੇ ਕੋਲ ਅਜ਼ਮਾਇਆ ਹੋਇਆ ਇਕ ਹੋਰ ਸਭ ਤੋਂ ਬਿਹਤਰ ਤਰੀਕਾ ਸੀ। ਉਹ ਇਹ ਕਿ ਆਪਣੇ ਸ਼ਿਕਾਰ ਦੇ ਬਾਰੇ ਸ਼ੱਕੀ ਮਾਹੌਲ ਬਣਾ ਦਿਓ।)

12 ਸਤੰਬਰ 2013 ਨੂੰ ਉਸ ਦੇ ਘਰ ਪੰਜਾਹ ਪੁਲਸੀਆਂ ਨੇ ਛਾਪਾ ਮਾਰਿਆ। ਉਨ੍ਹਾਂ ਕੋਲ ਮਹਾਰਾਸ਼ਟਰ ਦੇ ਇਕ ਨਿੱਕੇ ਜਹੇ ਸ਼ਹਿਰ ਅਹੇਰੀ ਦੇ ਮੈਜਿਸਟਰੇਟ ਵਲੋਂ ਚੋਰੀ ਕੀਤਾ ਸਮਾਨ ਬਰਾਮਦ ਕਰਨ ਲਈ ਜਾਰੀ ਕੀਤੇ ਤਲਾਸ਼ੀ ਵਾਰੰਟ ਸਨ। ਚੋਰੀ ਦਾ ਕੋਈ ਸਮਾਨ ਤਾਂ ਉਨ੍ਹਾਂ ਨੂੰ ਨਹੀਂ ਮਿਲਿਆ। ਸਗੋਂ ਉਹ ਉਨ੍ਹਾਂ ਦਾ ਸਮਾਨ ਚੁੱਕਕੇ (ਚੁਰਾਕੇ?) ਲੈ ਗਏ। ਉਨ੍ਹਾਂ ਦਾ ਨਿੱਜੀ ਲੈਪਟਾਪ, ਹਾਰਡ ਡਿਸਕ ਅਤੇ ਪੈਨ ਡਰਾਈਵਾਂ। ਦੋ ਹਫ਼ਤੇ ਪਿੱਛੋਂ ਮਾਮਲੇ ਦੇ ਤਫ਼ਤੀਸ਼ੀ ਅਧਿਕਾਰੀ ਸੁਹਾਸ ਬਵਾਚੇ ਨੇ ਡਾ. ਸਾਈਬਾਬਾ ਨੂੰ ਫ਼ੋਨ ਕੀਤਾ ਅਤੇ ਹਾਰਡ ਡਿਸਕ ਖੋਲ੍ਹਣ ਲਈ ਉਸ ਤੋਂ ਪਾਸਵਰਡ ਪੁੱਛੇ। ਡਾ. ਸਾਈਬਾਬਾ ਨੇ ਉਨ੍ਹਾਂ ਨੂੰ ਪਾਸਵਰਡ ਦੱਸ ਦਿੱਤੇ। 9 ਜਨਵਰੀ 2014 ਨੂੰ ਪੁਲਸ ਦੀ ਇਕ ਟੋਲੀ ਨੇ ਉਸ ਦੇ ਘਰ ਆ ਕੇ ਘੰਟਿਆਂ ਬੱਧੀ ਤਫ਼ਤੀਸ਼ ਕੀਤੀ। 9 ਮਈ ਨੂੰ ਉਨ੍ਹਾਂ ਨੇ ਉਸ ਨੂੰ ਅਗਵਾ ਕਰ ਲਿਆ। ਉਸੇ ਰਾਤ ਉਹ ਉਸ ਨੂੰ ਪਹਿਲਾਂ ਨਾਗਪੁਰ ਤੇ ਫਿਰ ਅਹੇਰੀ ਲੈ ਗਏ ਅਤੇ ਫਿਰ ਨਾਗਪੁਰ ਮੋੜ ਲਿਆਏ। ਸੈਂਕੜੇ ਪੁਲਸੀਆਂ, ਜੀਪਾਂ ਅਤੇ ਬਾਰੂਦੀ ਸੁਰੰਗ ਵਿਰੋਧੀ ਗੱਡੀਆਂ ਦੇ ਕਾਫ਼ਲੇ ਦੇ ਪਹਿਰੇ ਹੇਠ। ਉਸ ਨੂੰ ਨਾਗਪੁਰ ਕੇਂਦਰੀ ਜੇਲ੍ਹ ਵਿਚ, ਇਸ ਦੇ ਬਦਨਾਮ ਅੰਡਾ ਸੈੱਲ ਵਿਚ ਕੈਦ ਕੀਤਾ ਗਿਆ, ਜਿਥੇ ਉਸ ਦਾ ਨਾਂ ਸਾਡੇ ਮੁਲਕ ਦੇ ਜੇਲ੍ਹਾਂ ਵਿਚ ਡੱਕੇ, ਸੁਣਵਾਈ ਦੀ ਉਡੀਕ ਕਰ ਰਹੇ ਤਿੰਨ ਲੱਖ ਲੋਕਾਂ ਦੇ ਹਜੂਮ ਵਿਚ ਸ਼ੁਮਾਰ ਹੋ ਗਿਆ। ਹੰਗਾਮੇ ਭਰੇ ਇਸ ਪੂਰੇ ਨਾਟਕ ਦੌਰਾਨ ਉਸਦੀ ਵੀਲ੍ਹ ਚੇਅਰ ਟੁੱਟ ਗਈ। ਡਾ. ਸਾਈਬਾਬਾ ਦੀ ਜਿਸ ਤਰ੍ਹਾਂ ਦੀ ਹਾਲਤ ਹੈ, ਉਸ ਨੂੰ '90ਫ਼ੀਸਦੀ ਅਪਾਹਜ' ਕਿਹਾ ਜਾਂਦਾ ਹੈ। ਸਿਹਤ ਹੋਰ ਨਾ ਵਿਗੜੇ ਇਸ ਤੋਂ ਬਚਾਓ ਲਈ ਉਸ ਨੂੰ ਲਗਾਤਾਰ ਦੇਖਰੇਖ, ਫਿਜ਼ਿਓਥੈਰੇਪੀ ਅਤੇ ਦਵਾਈਆਂ ਦੀ ਜ਼ਰੂਰਤ ਰਹਿੰਦੀ ਹੈ। ਇਸ ਦੇ ਬਾਵਜੂਦ, ਉਸ ਨੂੰ ਇਕੱਲਤਾ ਵਾਲੀ ਕੋਠੜੀ ਵਿਚ ਸੁੱਟ ਦਿੱਤਾ ਗਿਆ (ਹੁਣ ਵੀ ਉਹ ਉਥੇ ਹੀ ਹੈ), ਜਿਥੇ ਟੱਟੀ-ਪੇਸ਼ਾਬ ਜਾਣ ਵਿਚ ਉਸ ਨੂੰ ਸਹਾਰਾ ਦੇਣ ਵਾਲਾ ਕੋਈ ਨਹੀਂ। ਉਸ ਨੂੰ ਆਪਣੇ ਹੱਥਾਂ ਤੇ ਪੈਰਾਂ ਦੇ ਸਹਾਰੇ ਰੀਂਗਣਾ ਪੈਂਦਾ ਹੈ। ਇਸ ਵਿੱਚੋਂ ਕੁਛ ਵੀ ਤਸੀਹਿਆਂ ਦੇ ਘੇਰੇ ਵਿਚ ਨਹੀਂ ਆਵੇਗਾ। ਬਿਲਕੁਲ ਨਹੀਂ। ਆਪਣੇ ਇਸ ਖ਼ਾਸ ਕੈਦੀ ਦੇ ਬਾਰੇ ਸਟੇਟ ਨੂੰ ਇਕ ਵੱਡਾ ਲਾਹਾ ਇਹ ਹੈ ਕਿ ਉਹ ਬਾਕੀ ਕੈਦੀਆਂ ਵਰਗਾ ਨਹੀਂ ਹੈ। ਉਸ ਨੂੰ ਬੇਰਹਿਮੀ ਨਾਲ ਤਸੀਹੇ ਦਿੱਤੇ ਜਾ ਸਕਦੇ ਹਨ, ਸ਼ਾਇਦ ਉਸ ਨੂੰ ਮਾਰਿਆ ਵੀ ਜਾ ਸਕਦਾ ਹੈ, ਅਤੇ ਐਸਾ ਕਰਨ ਲਈ ਕਿਸੇ ਨੂੰ ਉਸ ਉਪਰ ਉਂਗਲ ਚੁੱਕਣ ਦੀ ਵੀ ਲੋੜ ਨਹੀਂ ਹੈ।

ਅਗਲੀ ਸਵੇਰ ਨਾਗਪੁਰ ਦੇ ਅਖ਼ਬਾਰਾਂ ਦੇ ਪਹਿਲੇ ਸਫ਼ੇ ਉਪਰ ਜੋ ਤਸਵੀਰਾਂ ਛਪੀਆਂ ਉਨ੍ਹਾਂ ਵਿਚ ਮਹਾਰਾਸ਼ਟਰ ਪੁਲਿਸ ਦੀ ਭਾਰੀ ਹਥਿਆਰਬੰਦ ਪਾਰਟੀ ਨੇ ਆਪਣੀ ਜਿੱਤ ਦੀ ਨਿਸ਼ਾਨੀ ਦੇ ਨਾਲ ਪੂਰੀ ਸ਼ਾਨੋ-ਸ਼ੌਕਤ ਨਾਲ ਪੋਜ਼ ਦਿੱਤੇ ਹੋਏ ਸਨ - ਆਪਣੀ ਟੁੱਟੀ ਹੋਈ ਵੀਲ੍ਹ ਚੇਅਰ ਉਪਰ ਖ਼ਤਰਨਾਕ ਦਹਿਸ਼ਤਗਰਦ, ਜੰਗੀ ਕੈਦੀ ਪ੍ਰੋਫੈਸਰ।

ਉਸ ਉਪਰ ਯੂ.ਏ.ਪੀ.ਏ. ਦੇ ਇਨ੍ਹਾਂ ਸੈਕਸ਼ਨਾਂ ਤਹਿਤ ਇਲਜ਼ਾਮ ਲਗਾਏ ਗਏ: ਸੈਕਸ਼ਨ 13 (ਗ਼ੈਰਕਾਨੂੰਨੀ ਕਾਰਵਾਈਆਂ ਵਿਚ ਹਿੱਸਾ ਲੈਣਾ/ਉਸਦੀ ਹਮਾਇਤ ਕਰਨਾ/ਉਕਸਾਉਣਾ/ਉਸ ਨੂੰ ਅਮਲ ਵਿਚ ਲਿਆਉਣ ਲਈ ਭੜਕਾਉਣਾ), ਸੈਕਸ਼ਨ 18 (ਦਹਿਸ਼ਤਗਰਦ ਕਾਰਵਾਈ ਦੀ ਸਾਜ਼ਿਸ਼/ਕੋਸ਼ਿਸ਼ ਕਰਨਾ), ਸੈਕਸ਼ਨ 20 (ਇਕ ਦਹਿਸ਼ਤਗਰਦ ਗਰੋਹ ਜਾਂ ਜਥੇਬੰਦੀ ਦਾ ਮੈਂਬਰ ਹੋਣਾ), ਸੈਕਸ਼ਨ 38 (ਇਕ ਦਹਿਸ਼ਤਗਰਦ ਜਥੇਬੰਦੀ ਦੀਆਂ ਸਰਗਰਮੀਆਂ ਨੂੰ ਅੱਗੇ ਵਧਾਉਣ ਦੇ ਇਰਾਦੇ ਨਾਲ ਉਸ ਨਾਲ ਜੁੜਨਾ) ਅਤੇ ਸੈਕਸ਼ਨ 39 (ਇਕ ਦਹਿਸ਼ਤਗਰਦ ਜਥੇਬੰਦੀ ਦੀ ਹਮਾਇਤ ਵਧਾਉਣ ਦੇ ਮਕਸਦ ਨਾਲ ਮੀਟਿੰਗਾਂ ਕਰਨ 'ਚ ਮਦਦ ਕਰਨਾ ਜਾਂ ਉਨ੍ਹਾਂ ਨੂੰ ਸੰਬੋਧਨ ਕਰਨਾ)। ਉਸ ਉਪਰ ਇਲਜ਼ਾਮ ਲਗਾਇਆ ਗਿਆ ਕਿ ਉਸਨੇ ਸੀ.ਪੀ.ਆਈ.(ਮਾਓਵਾਦੀ) ਦੀ ਕਾ. ਨਰਮਦਾ ਨੂੰ ਦੇਣ ਲਈ, ਜੇ.ਐੱਨ.ਯੂ. ਦੇ ਇਕ ਵਿਦਿਆਰਥੀ ਹੇਮ ਮਿਸ਼ਰਾ ਨੂੰ ਇਕ

ਕੰਪਿਊਟਰ ਚਿੱਪ ਦਿੱਤੀ ਸੀ। ਹੇਮ ਮਿਸ਼ਰਾ ਨੂੰ ਅਗਸਤ 2013 'ਚ ਬਲਾਰਸ਼ਾਹ ਰੇਲਵੇ ਸਟੇਸ਼ਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਹ ਡਾ. ਸਾਈਬਾਬਾ ਦੇ ਨਾਲ ਨਾਗਪੁਰ ਜੇਲ੍ਹ ਵਿਚ ਬੰਦ ਹੈ। ਇਸ 'ਸਾਜ਼ਿਸ਼' ਵਿਚ ਉਸ ਦੇ ਨਾਲ ਦੇ ਹੋਰ ਤਿੰਨ ਮੁਲਜ਼ਿਮ ਜ਼ਮਾਨਤ ਉਪਰ ਰਿਹਾਅ ਹੋ ਚੁੱਕੇ ਹਨ।

ਦੋਸ਼-ਪੱਤਰ ਵਿਚ ਗਿਣਾਏ ਹੋਰ ਗੰਭੀਰ ਜੁਰਮ ਇਹ ਹਨ ਕਿ ਡਾ. ਸਾਈਬਾਬਾ ਰੈਵੋਲੂਸ਼ਨਰੀ ਡੈਮੋਕ੍ਰੇਟਿਕ ਫਰੰਟ ਦੇ ਜਾਇੰਟ ਸਕੱਤਰ ਹਨ। ਆਰ.ਡੀ.ਐੱਫ. ਉੜੀਸਾ ਅਤੇ ਆਂਧਰਾ ਪ੍ਰਦੇਸ਼ ਵਿਚ ਇਕ ਪਾਬੰਦੀਸ਼ੁਦਾ ਜਥੇਬੰਦੀ ਹੈ, ਉਥੇ ਇਸ ਉਪਰ ਮਾਓਵਾਦੀ 'ਫਰੰਟ' ਜਥੇਬੰਦੀ ਹੋਣ ਦਾ ਸ਼ੱਕ ਹੈ। ਨਾ ਇਹ ਦਿੱਲੀ ਵਿਚ ਪਾਬੰਦੀਸ਼ੁਦਾ ਹੈ, ਨਾ ਹੀ ਮਹਾਰਾਸ਼ਟਰ ਵਿਚ। ਇਸ ਦੇ ਪ੍ਰਧਾਨ ਜਾਣੇ-ਪਛਾਣੇ ਕਵੀ ਵਰਵਰਾ ਰਾਓ ਹਨ, ਜੋ ਹੈਦਰਾਬਾਦ ਵਿਚ ਰਹਿੰਦੇ ਹਨ।

ਡਾ. ਸਾਈਬਾਬਾ ਦੇ ਮਾਮਲੇ ਦੀ ਸੁਣਵਾਈ ਅਜੇ ਸ਼ੁਰੂ ਨਹੀਂ ਹੋਈ। ਇਸ ਦੇ ਸ਼ੁਰੂ ਹੋਣ ਵਿਚ ਜੇ ਵਰ੍ਹੇ ਨਹੀਂ ਤਾਂ ਮਹੀਨੇ ਲੱਗਣ ਦੀ ਸੰਭਾਵਨਾ ਹੈ। ਸਵਾਲ ਇਹ ਹੈ ਕਿ 90ਫ਼ੀਸਦੀ ਅਪਾਹਜ ਬੰਦਾ ਜੇਲ੍ਹ ਦੇ ਉਨ੍ਹਾਂ ਬਹੁਤ ਹੀ ਭੈੜੇ ਹਾਲਾਤ ਵਿਚ ਕਦੋਂ ਤਕ ਜਿਉਂਦਾ ਰਹਿ ਸਕੇਗਾ?

ਜੇਲ੍ਹ ਵਿਚ ਗੁਜ਼ਾਰੇ ਇਕ ਵਰ੍ਹੇ ਵਿਚ ਹੀ, ਉਸ ਦੀ ਸਿਹਤ ਖ਼ਤਰਨਾਕ ਰੂਪ 'ਚ ਵਿਗੜੀ ਹੈ। ਉਸ ਨੂੰ ਲਗਾਤਾਰ, ਤਕਲੀਫ਼ਦੇਹ ਦਰਦ ਹੁੰਦਾ ਰਹਿੰਦਾ ਹੈ। (ਜੇਲ੍ਹ ਅਧਿਕਾਰੀਆਂ ਨੇ ਮਦਦਗਾਰ ਬਣਦੇ ਹੋਏ, ਇਸ ਨੂੰ ਪੋਲੀਓ ਪੀੜਤਾਂ ਲਈ 'ਬਹੁਤ ਹੀ ਮਾਮੂਲੀ' ਦੱਸਿਆ।) ਉਸਦੀ ਰੀੜ੍ਹ ਦੀ ਹੱਡੀ ਨਕਾਰਾ ਹੋ ਚੁੱਕੀ ਹੈ। ਇਹ ਟੇਢੀ ਹੋਕੇ ਫੇਫੜਿਆਂ ਵਿਚ ਧਸਦੀ ਜਾ ਰਹੀ ਹੈ। ਉਸਦੀ ਖੱਬੀ ਬਾਂਹ ਕੰਮ ਨਹੀਂ ਕਰ ਰਹੀ। ਜਿਸ ਮੁਕਾਮੀ ਹਸਪਤਾਲ ਵਿਚ ਅਧਿਕਾਰੀ ਉਸ ਨੂੰ ਮੁਆਇਨੇ ਲਈ ਲੈਕੇ ਗਏ ਸਨ, ਉਥੋਂ ਦੇ ਦਿਲ ਦੇ ਡਾਕਟਰ ਨੇ ਕਿਹਾ ਕਿ ਉਸਦੀ ਤੁਰੰਤ ਐਂਜੀਓਪਲਾਸਟੀ ਕਰਾਈ ਜਾਵੇ। ਜੇ ਉਸ ਦੀ ਐਂਜੀਓਪਲਾਸਟੀ ਹੁੰਦੀ ਹੈ ਤਾਂ ਉਸ ਦੀ ਅਜੋਕੀ ਹਾਲਤ ਤੇ ਜੇਲ੍ਹ ਦੇ ਹਾਲਾਤ ਨੂੰ ਦੇਖਦੇ ਹੋਏ ਇਹ ਇਲਾਜ ਜਾਨਲੇਵਾ ਹੀ ਸਾਬਤ ਹੋਵੇਗਾ। ਜੇਲ੍ਹ ਅਧਿਕਾਰੀਆਂ ਨੇ ਉਸ ਨੂੰ ਦਵਾਈਆਂ ਦੇਣ ਤੋਂ ਵਾਰ-ਵਾਰ ਇਨਕਾਰ ਕੀਤਾ ਹੈ, ਜੋ ਨਾ ਸਿਰਫ਼ ਉਸਦੀ ਤੰਦਰੁਸਤੀ ਲਈ ਸਗੋਂ ਉਸਦੀ ਜ਼ਿੰਦਗੀ ਲਈ ਬੇਹੱਦ ਜ਼ਰੂਰੀ ਹਨ। ਜਦੋਂ ਉਹ ਉਸ ਨੂੰ ਦਵਾਈਆਂ ਲੈਣ ਦੀ ਇਜ਼ਾਜਤ ਦਿੰਦੇ ਹਨ, ਓਦੋਂ ਵੀ ਉਹ ਉਸ ਨੂੰ ਵਿਸ਼ੇਸ਼ ਖਾਣਾ ਲੈਣ ਦੀ ਇਜ਼ਾਜਤ ਨਹੀਂ ਦਿੰਦੇ, ਜੋ ਉਨ੍ਹਾਂ ਦਵਾਈਆਂ ਦੇ ਨਾਲ ਦੇਣਾ ਜ਼ਰੂਰੀ ਹੁੰਦਾ ਹੈ।

ਹਿੰਦੁਸਤਾਨ ਅਪਾਹਜਾਂ ਦੇ ਹੱਕਾਂ ਬਾਰੇ ਕੌਮਾਂਤਰੀ ਸਮਝੌਤੇ ਦਾ ਹਿੱਸਾ ਹੈ ਅਤੇ ਹਿੰਦੁਸਤਾਨੀ ਕਾਨੂੰਨ ਇਕ ਐਸੇ ਇਨਸਾਨ ਨੂੰ ਵਿਚਾਰ-ਅਧੀਨ ਕੈਦੀ ਵਜੋਂ ਲੰਮੇ ਸਮੇਂ ਲਈ ਕੈਦ ਰੱਖਣ ਦੀ ਸਾਫ਼ ਤੌਰ 'ਤੇ ਮਨਾਹੀ ਕਰਦਾ ਹੈ, ਜੋ ਅਪਾਹਜ ਹੈ, ਇਸ ਤੱਥ ਦੇ ਬਾਵਜੂਦ ਡਾ. ਸਾਈਬਾਬਾ ਨੂੰ ਹੇਠਲੀ ਅਦਾਲਤ ਵਲੋਂ ਦੋ ਵਾਰ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੱਤੀ ਗਈ। ਦੂਜੇ ਮੌਕੇ ਉਪਰ ਜ਼ਮਾਨਤ ਦੀ ਅਰਜੀ ਇਸ ਅਧਾਰ 'ਤੇ ਖਾਰਜ਼ ਕਰ ਦਿੱਤੀ ਗਈ ਕਿ ਜੇਲ੍ਹ ਅਧਿਕਾਰੀਆਂ ਨੇ ਅਦਾਲਤ ਦੇ ਸਾਹਮਣੇ ਇਹ ਦਿਖਾਇਆ ਸੀ ਕਿ ਉਨ੍ਹਾਂ ਵਲੋਂ ਉਸ ਨੂੰ ਜ਼ਰੂਰੀ ਤੇ ਖ਼ਾਸ ਦੇਖਭਾਲ ਮੁਹੱਈਆ ਕਰਵਾਈ ਜਾ ਰਹੀ ਹੈ, ਜੋ ਉਸ ਵਰਗੀ ਹਾਲਤ ਵਾਲੇ ਬੰਦੇ ਲਈ ਜ਼ਰੂਰੀ ਮੰਨੀ ਜਾਂਦੀ ਹੈ। (ਉਨ੍ਹਾਂ ਨੇ ਉਸਦੇ ਪਰਿਵਾਰ ਨੂੰ ਇਹ ਇਜ਼ਾਜਤ ਦਿੱਤੀ ਕਿ ਉਸਦੀ ਵੀਲ੍ਹ ਚੇਅਰ ਬਦਲ ਦੇਣ)। ਡਾ. ਸਾਈਬਾਬਾ ਨੇ ਜੇਲ੍ਹ ਵਿੱਚੋਂ ਲਿਖੇ ਇਕ ਖ਼ਤ ਵਿਚ ਕਿਹਾ ਕਿ ਜਿਸ ਦਿਨ ਜ਼ਮਾਨਤ ਦੇਣ ਤੋਂ ਨਾਂਹ ਕਰਨ ਦਾ ਫ਼ੈਸਲਾ ਆਇਆ, ਓਦੋਂ ਹੀ ਉਸਦੀ ਖ਼ਾਸ ਦੇਖਭਾਲ ਵਾਪਸ ਲੈ ਲਈ ਗਈ। ਨਿਰਾਸ਼ ਹੋ ਕੇ ਉਸ ਨੇ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਕੁਛ ਦਿਨਾਂ 'ਚ ਹੀ ਉਸ ਨੂੰ ਬੇਹੋਸ਼ੀ ਦੀ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ।

ਬਹਿਸ ਦੀ ਖ਼ਾਤਰ, ਇਸ ਦੇ ਬਾਰੇ ਫ਼ੈਸਲਾ ਤਾਂ ਅਦਾਲਤ ਉਪਰ ਛੱਡ ਦਿੰਦੇ ਹਾਂ ਕਿ ਲਗਾਏ ਗਏ ਇਲਜ਼ਾਮਾਂ ਦੇ ਮਾਮਲੇ ਵਿਚ ਡਾ. ਸਾਈਬਾਬਾ ਕਸੂਰਵਾਰ ਹੈ ਜਾਂ ਨਹੀਂ। ਥੋੜ੍ਹੀ ਦੇਰ ਲਈ ਸਿਰਫ਼ ਜ਼ਮਾਨਤ ਦੇ ਸਵਾਲ ਉਪਰ ਗ਼ੌਰ ਕਰਦੇ ਹਾਂ, ਕਿਉਂਕਿ ਉਸਦੇ ਲਈ ਇਹ ਹਰਫ਼-ਬ-ਹਰਫ਼ ਜ਼ਿੰਦਗੀ-ਮੌਤ ਦਾ ਸਵਾਲ ਹੈ।

ਉਸ ਉਪਰ ਲਗਾਏ ਇਲਜ਼ਾਮ ਕੁਛ ਵੀ ਹੋਣ, ਕੀ ਪ੍ਰੋਫੈਸਰ ਸਾਈਬਾਬਾ ਨੂੰ ਜ਼ਮਾਨਤ ਮਿਲਣੀ ਚਾਹੀਦੀ ਹੈ? ਇਥੇ ਉਨ੍ਹਾਂ ਮਸ਼ਹੂਰ ਜਨਤਕ ਸ਼ਖ਼ਸੀਅਤਾਂ ਅਤੇ ਸਰਕਾਰੀ ਮੁਲਾਜ਼ਮਾਂ ਦੀ ਇਕ ਸੂਚੀ ਪੇਸ਼ ਹੈ, ਜਿਨ੍ਹਾਂ ਨੂੰ ਜ਼ਮਾਨਤ ਦਿੱਤੀ ਗਈ ਹੈ।

23 ਅਪ੍ਰੈਲ 2015 ਨੂੰ ਬਾਬੂ ਬਜਰੰਗੀ ਨੂੰ ਗੁਜਰਾਤ ਹਾਈ ਕੋਰਟ ਵਿਚ 'ਅੱਖ ਦੇ ਇਕ ਫੌਰੀ ਅਪਰੇਸ਼ਨ' ਦੇ ਲਈ ਜ਼ਮਾਨਤ ਉਪਰ ਰਿਹਾਅ ਕੀਤਾ ਗਿਆ, ਜੋ 2002 ਵਿਚ ਨਰੋਦਾ ਪਾਟਿਆ ਕਤਲੇਆਮ ਵਿਚ, ਆਪਣੀ ਭੂਮਿਕਾ ਕਾਰਨ ਕਸੂਰਵਾਰ ਸਾਬਤ ਹੋ ਚੁੱਕਾ ਹੈ ਜਿਥੇ ਦਿਨ-ਦਿਹਾੜੇ 97 ਲੋਕ ਮਾਰ ਦਿੱਤੇ ਗਏ ਸਨ, ਅਤੇ ਜਿਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਇਹ ਉਹੀ ਬਾਬੂ ਬਜਰੰਗੀ ਹੈ, ਜਿਸ ਨੇ ਆਪਣੀ ਜ਼ਬਾਨੀ ਆਪਣੇ ਕੀਤੇ ਜੁਰਮ ਦੇ ਬਾਰੇ ਫੁੱਬਕੇ ਕਿਹਾ ਸੀ: 'ਅਸੀਂ ਮੁਸਲਮਾਨਾਂ ਦੀ ਇਕ ਵੀ ਦੁਕਾਨ ਨਹੀਂ ਛੱਡੀ। ਅਸੀਂ ਸਭ ਕਾਸੇ ਨੂੰ ਅੱਗ ਲਾ ਦਿੱਤੀ, ਅਸੀਂ ਉਨ੍ਹਾਂ ਨੂੰ ਜਲਾਇਆ ਅਤੇ ਮਾਰ ਮੁਕਾਇਆ। ਟੁਕੜੇ-ਟੁਕੜੇ ਕੀਤੇ, ਸਾੜਿਆ, ਅੱਗ ਲਾਈ.... ਅਸੀਂ ਉਨ੍ਹਾਂ ਨੂੰ ਅੱਗ ਲਗਾਉਣ ਵਿਚ ਵਿਸ਼ਵਾਸ ਰੱਖਦੇ ਹਾਂ ਕਿਉਂਕਿ ਉਹ ਹਰਾਮੀ ਚਿਤਾ ਉਪਰ ਸੜਨਾ ਨਹੀਂ ਚਾਹੁੰਦੇ। ਉਹ ਇਸ ਤੋਂ ਡਰਦੇ ਹਨ।' [ਆਫਟਰ ਕਿਲਿੰਗ ਦੈੱਮ ਆਈ ਫੈਲਟ ਲਾਈਕ ਮਹਾਰਾਣਾ ਪ੍ਰਤਾਪ', ਤਹਿਲਕਾ, 1 ਸਤੰਬਰ 2007]

ਅੱਖ ਦਾ ਅਪਰੇਸ਼ਨ, ਵਾਹ? ਸ਼ਾਇਦ ਜ਼ਰਾ ਸੋਚੋ, ਇਹ ਇਕ ਫੌਰੀ ਲੋੜ ਹੈ ਕਿ ਉਹ ਜਿਨ੍ਹਾਂ ਕਾਤਲ ਅੱਖਾਂ ਨਾਲ ਦੁਨੀਆ ਨੂੰ ਦੇਖਦਾ ਹਾਂ, ਉਨ੍ਹਾਂ ਨੂੰ ਕੁਛ ਘੱਟ ਬੇਵਕੂਫ਼ ਅਤੇ ਕੁਛ ਘੱਟ ਖ਼ਤਰਨਾਕ ਅੱਖਾਂ ਵਿਚ ਬਦਲ ਦਿੱਤਾ ਜਾਵੇ।

30 ਜੁਲਾਈ 2014 ਨੂੰ ਗੁਜਰਾਤ ਵਿਚ ਮੋਦੀ ਸਰਕਾਰ ਦੀ ਇਕ ਸਾਬਕਾ ਮੰਤਰੀ ਮਾਇਆ ਕੋਡਨਾਨੀ ਨੂੰ ਗੁਜਰਾਤ ਹਾਈ ਕੋਰਟ ਨੇ ਜ਼ਮਾਨਤ ਦੇ ਦਿੱਤੀ। ਜੋ ਉਸੇ ਨਰੋਦਾ ਪਾਟਿਆ ਕਤਲੇਆਮ ਵਿਚ ਕਸੂਰਵਾਰ ਸਾਬਤ ਹੋ ਚੁੱਕੀ ਹੈ ਅਤੇ 28 ਸਾਲ ਦੀ ਕੈਦ ਭੁਗਤ ਰਹੀ ਹੈ। ਕੋਡਨਾਨੀ ਇਕ ਮੈਡੀਕਲ ਡਾਕਟਰ ਹੈ ਜੋ ਕਹਿੰਦੀ ਹੈ ਕਿ ਉਸ ਨੂੰ ਅੰਤਾਂ ਦੀ ਤਪਦਿਕ ਹੈ, ਦਿਲ ਦਾ ਰੋਗ ਹੈ ਅਤੇ ਉਦਾਸੀ ਰੋਗ ਹੈ ਅਤੇ ਰੀੜ੍ਹ ਦੀ ਹੱਡੀ ਦੀ ਸਮੱਸਿਆ ਹੈ। ਉਸ ਦੀ ਸਜ਼ਾ ਵੀ ਮੁਲਤਵੀ ਕਰ ਦਿੱਤੀ ਗਈ ਹੈ।

ਗੁਜਰਾਤ ਵਿਚ ਮੋਦੀ ਹਕੂਮਤ ਦੇ ਇਕ ਹੋਰ ਸਾਬਕਾ ਮੰਤਰੀ ਅਮਿਤ ਸ਼ਾਹ ਨੂੰ ਜੁਲਾਈ 2010 ਵਿਚ ਤਿੰਨ ਬੰਦਿਆਂ - ਸੋਹਰਾਬੁਦੀਨ ਸ਼ੇਖ, ਉਸਦੀ ਪਤਨੀ ਕੌਸਰ ਬੀ ਅਤੇ ਤੁਲਸੀਰਾਮ ਪਰਜਾਪਤੀ - ਦੇ ਗ਼ੈਰਅਦਾਲਤੀ ਕਤਲ ਦਾ ਆਦੇਸ਼ ਦੇਣ ਦੇ ਇਲਜ਼ਾਮ 'ਚ ਗ੍ਰਿਫ਼ਤਾਰ ਕੀਤਾ ਗਿਆ। ਸੀ.ਬੀ.ਆਈ. ਨੇ ਜੋ ਫ਼ੋਨ ਰਿਕਾਰਡ ਪੇਸ਼ ਕੀਤੇ ਉਹ ਦਿਖਾਉਂਦੇ ਸਨ ਕਿ ਸ਼ਾਹ ਦਾ ਉਨ੍ਹਾਂ ਪੁਲਿਸ ਅਧਿਕਾਰੀਆਂ ਨਾਲ ਲਗਾਤਾਰ ਰਾਬਤਾ ਸੀ ਜਿਨ੍ਹਾਂ ਨੇ ਉਨ੍ਹਾਂ ਨੂੰ ਮਾਰੇ ਜਾਣ ਤੋਂ ਪਹਿਲਾਂ ਗ਼ੈਰਕਾਨੂੰਨੀ ਹਿਰਾਸਤ ਵਿਚ ਲਿਆ ਸੀ। ਉਹ ਇਹ ਵੀ ਦਿਖਾਉਂਦੇ ਸਨ ਕਿ ਉਨ੍ਹਾਂ ਦਿਨਾਂ 'ਚ ਅਮਿਤ ਸ਼ਾਹ ਅਤੇ ਉਨ੍ਹਾਂ ਪੁਲਿਸ ਅਧਿਕਾਰੀਆਂ ਦੇ ਦਰਮਿਆਨ ਫ਼ੋਨ ਕਾਲਾਂ ਦੀ ਗਿਣਤੀ ਤੇਜ਼ੀ ਨਾਲ ਵਧ ਗਈ ਸੀ। (ਅੱਗੇ ਚਲਕੇ, ਪ੍ਰੇਸ਼ਾਨ ਕਰ ਦੇਣ ਵਾਲੀਆਂ ਅਤੇ ਰਹੱਸਮਈ ਘਟਨਾਵਾਂ ਦੇ ਇਕ ਸਿਲਸਿਲੇ ਤੋਂ ਬਾਦ, ਉਹ ਪੂਰੀ ਤਰ੍ਹਾਂ ਬਰੀ ਹੋ ਚੁੱਕਾ ਹੈ।) ਉਹ ਹੁਣ ਭਾਜਪਾ ਦਾ ਪ੍ਰਧਾਨ ਹੈ ਅਤੇ ਪ੍ਰਧਾਨ ਮੰਤਰੀ ਮੋਦੀ ਦਾ ਸੱਜਾ ਹੱਥ।

22 ਮਈ 1987 ਨੂੰ ਹਾਸ਼ਿਮਪੁਰਾ ਤੋਂ ਪੁਲਿਸ ਆਰਮਡ ਕਾਂਸਟੈਬੂਲਰੀ (ਪੀ.ਏ.ਸੀ.) ਵਲੋਂ ਫੜ੍ਹਕੇ ਟਰੱਕ ਵਿਚ ਲਿਜਾਏ ਗਏ 42 ਮੁਸਲਮਾਨਾਂ ਨੂੰ ਗੋਲੀ ਮਾਰਕੇ ਉਨ੍ਹਾਂ ਦੀਆਂ ਲਾਸ਼ਾਂ ਥੋੜ੍ਹੀ ਦੂਰ, ਇਕ ਨਹਿਰ ਵਿਚ ਸੁੱਟ ਦਿੱਤੀਆਂ ਗਈਆਂ। ਇਸ ਮਾਮਲੇ ਵਿਚ ਪੀ.ਏ.ਸੀ. ਦੇ ਉੱਨੀ ਜਵਾਨ ਦੋਸ਼ੀ ਮੰਨੇ ਗਏ। ਉਨ੍ਹਾਂ ਵਿੱਚੋਂ ਸਾਰਿਆਂ ਦੀ ਨੌਕਰੀ ਬਰਕਰਾਰ ਰਹੀ, ਦੂਜਿਆਂ ਵਾਂਗ ਉਹ ਤਰੱਕੀਆਂ ਅਤੇ ਬੋਨਸ ਲੈਂਦੇ ਰਹੇ। ਤੇਰਾਂ ਸਾਲ ਬਾਦ, ਸੰਨ 2000 ਵਿਚ ਉਨ੍ਹਾਂ ਵਿੱਚੋਂ ਸੋਲਾਂ ਨੇ ਆਤਮ-ਸਮਰਪਣ ਕਰ ਦਿੱਤਾ (ਤਿੰਨ ਮਰ ਚੁੱਕੇ ਸਨ)। ਉਨ੍ਹਾਂ ਨੂੰ ਫੌਰੀ ਜ਼ਮਾਨਤ ਦੇ ਦਿੱਤੀ ਗਈ। ਕੁਛ ਹੀ ਹਫ਼ਤੇ ਪਹਿਲਾਂ, ਮਾਰਚ 2015 'ਚ ਸਾਰੇ ਸੋਲਾਂ ਜਵਾਨਾਂ ਨੂੰ ਸਬੂਤਾਂ ਦੀ ਅਣਹੋਂਦ 'ਚ ਰਿਹਾਅ ਕਰ ਦਿੱਤਾ ਗਿਆ।

ਦਿੱਲੀ ਯੂਨੀਵਰਸਿਟੀ ਵਿਚ ਇਕ ਅਧਿਆਪਕ ਅਤੇ ਕਮੇਟੀ ਫਾਰ ਦ ਡਿਫੈਂਸ ਐਂਡ ਰਿਲੀਜ਼ ਆਫ ਸਾਈਬਾਬਾ ਦੇ ਇਕ ਮੈਂਬਰ ਹੈਨੀ ਬਾਬੂ ਹਾਲ ਹੀ ਵਿਚ ਕੁਛ ਮਿੰਟਾਂ ਲਈ ਹਸਪਤਾਲ ਵਿਚ ਡਾ. ਸਾਈਬਾਬਾ ਨੂੰ ਮਿਲਣ ਵਿਚ ਕਾਮਯਾਬ ਹੋ ਗਏ। 23 ਅਪ੍ਰੈਲ 2015 ਨੂੰ ਇਕ ਪ੍ਰੈੱਸ ਸੰਮੇਲਨ ਵਿਚ, ਜਿਸਦੀ ਕੋਈ ਖ਼ਬਰ ਹੀ ਨਹੀਂ ਛਪੀ, ਹੈਨੀ ਬਾਬੂ ਨੇ ਮੁਲਾਕਾਤ ਦੇ ਹਾਲਾਤ ਇਵ ਬਿਆਨ ਕੀਤੇ: ਡਾ. ਸਾਈਬਾਬਾ ਨੂੰ ਇਕ ਸੇਲਾਈਨ ਡ੍ਰਿਪ ਲਾਈ ਹੋਈ ਸੀ। ਉਹ ਬਿਸਤਰ ਤੋਂ ਉਠ ਕੇ ਬੈਠੇ ਅਤੇ ਉਸ ਨਾਲ ਗੱਲ ਕੀਤੀ। ਉਨ੍ਹਾਂ ਦੇ ਸਿਰ ਵੱਲ ਏਕੇ. ਸੰਤਾਲੀ ਤਾਣੀ ਇਕ ਸੁਰੱਖਿਆ ਮੁਲਾਜ਼ਮ ਖੜ੍ਹਾ ਰਿਹਾ। ਇਹ ਉਸਦੀ ਡਿਊਟੀ ਸੀ ਕਿ ਉਹ ਯਕੀਨੀ ਬਣਾਵੇ ਕਿ ਉਸਦਾ ਕੈਦੀ ਆਪਣੀਆਂ ਲਕਵਾਗ੍ਰਸਤ ਲੱਤਾਂ ਨਾਲ ਭੱਜ ਨਾ ਜਾਵੇ।

ਕੀ ਡਾ. ਸਾਈਬਾਬਾ ਨਾਗਪੁਰ ਕੇਂਦਰੀ ਜੇਲ੍ਹ ਤੋਂ ਜ਼ਿੰਦਾ ਬਾਹਰ ਆ ਸਕੇਗਾ? ਕੀ ਉਹ ਚਾਹੁੰਦੇ ਹਨ ਕਿ ਸਾਈਬਾਬਾ ਬਾਹਰ ਆਵੇ? ਬਹੁਤ ਸਾਰੇ ਕਾਰਨ ਹਨ, ਜੋ ਇਸ਼ਾਰਾ ਕਰਦੇ ਹਨ ਕਿ ਉਹ ਐਸਾ ਨਹੀਂ ਚਾਹੁੰਦੇ।

ਇਹੀ ਸਭ ਤਾਂ ਹੈ, ਜਿਸ ਨੂੰ ਅਸੀਂ ਬਰਦਾਸ਼ਤ ਕਰ ਰਹੇ ਹਾਂ, ਜਿਸ ਨੂੰ ਅਸੀਂ ਵੋਟ ਪਾਉਂਦੇ ਹਾਂ, ਜਿਸ ਨਾਲ ਅਸੀਂ ਰਜ਼ਾਮੰਦ ਹਾਂ।

ਇਹੀ ਤਾਂ ਹਾਂ ਅਸੀਂ।

ਸੇਵਾ 'ਚ
ਉਪ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਪੰਜਾਬ
ਸੁਖਬੀਰ ਸਿੰਘ ਬਾਦਲ ਜੀ

**ਵਿਸ਼ਾ-ਤੁਹਾਡੀ ਪਾਰਟੀ ਦੇ ਵਰਕਰਾਂ ਵਲੋਂ ਕੀਤੀ ਵਧੀਕੀ ਤੇ ਏ ਐਸ ਆਈ ਵਲੋਂ ਵਾਰ ਵਾਰ ਪ੍ਰੇਸ਼ਾਨ ਕਰਨ ਵੱਲ ਧਿਆਨ ਦੇਣ ਹਿੱਤ**



ਸਨਿਮਰ ਬੇਨਤੀ ਹੈ ਕਿ ਮੈਂ ਅਮਨਦੀਪ ਕੌਰ ਹਾਂਸ ਰੇਡੀਓ 'ਰੰਗਲਾ ਪੰਜਾਬ' ਟੋਰਾਂਟੋ ਦੀ ਪੰਜਾਬ ਤੋਂ ਪੱਤਰਕਾਰ ਹਾਂ ਅਤੇ 'ਮਾਲਵਾ ਮੇਲ' ਅਖ਼ਬਾਰ ਲਈ ਵੀ ਕੰਮ ਕਰਦੀ ਹਾਂ, ਪਿੰਡਾਂ ਵਿੱਚ ਚੱਲ ਰਹੇ ਪੰਚਾਇਤੀ ਜ਼ਮੀਨੀ ਬੋਲੀ ਦੇ ਵਿਵਾਦ ਨੂੰ ਲੈ ਕੇ ਰਿਪੋਰਟ ਇਕੱਠੀ ਕਰਨ ਵਾਸਤੇ ਬੀਤੇ ਦਿਨ 21 ਜੂਨ 2015 ਨੂੰ ਜ਼ਿਲਾ ਜਲੰਧਰ ਦੇ ਥਾਣਾ ਕਰਤਾਰਪੁਰ ਵਿੱਚ ਪੈਂਦੇ ਪਿੰਡ ਦਿਆਲਪੁਰ ਵਿੱਚ ਆਪਣੇ ਸਹਿਯੋਗੀ ਪੱਤਰਕਾਰ ਬਲਜਿੰਦਰ ਕੋਟਭਾਰਾ ਨਾਲ ਗਈ ਸੀ, ਓਥੇ ਪਤਾ ਲੱਗਿਆ ਕਿ ਦਲਿਤਾਂ ਦੇ ਪਾਣੀ ਦੀ ਸਪਲਾਈ ਵੀ ਪਿੰਡ ਦੇ ਹੀ ਕੁਝ ਲੋਕਾਂ ਵਲੋਂ ਕੱਟੀ ਜਾ ਰਹੀ ਹੈ, ਬਿਨਾ ਕਿਸੇ ਪ੍ਰਸ਼ਾਸਨਕ ਅਧਿਕਾਰੀ ਦੀ ਹਾਜ਼ਰੀ ਵਿੱਚ। ਮਾਜਰਾ ਕੀ ਹੈ, ਇਹ ਜਾਨਣ ਲਈ ਜਦ ਅਸੀਂ ਮੌਕੇ 'ਤੇ ਪੁੱਜੇ ਤਾਂ ਓਥੇ 15-20 ਨੌਜਵਾਨ ਮੁੰਡਿਆਂ ਨੇ ਸਾਡੀ ਘੇਰਾਬੰਦੀ ਕੀਤੀ ਤੇ ਧੱਕਾਮੁੱਕੀ ਕਰਦਿਆਂ ਕੈਮਰਾ ਖੋਹਣ ਦੀ ਕੋਸ਼ਿਸ਼ ਕੀਤੀ, ਧਮਕੀਆਂ ਦਿੱਤੀਆਂ ਕਿ ਪਿੰਡ ਵਿੱਚ ਪੰਚਾਇਤ ਦੀ ਲਿਖਤੀ ਮਨਜ਼ੂਰੀ ਬਿਨਾ ਵੜੇ ਕਿਵੇਂ। ਉਸ ਮੌਕੇ ਪਿੰਡ ਦੀ ਸਰਪੰਚਣੀ ਦਾ ਪਤੀ ਸਰਪੰਚ ਸ਼ਰਾਬ ਦੇ ਨਸ਼ੇ ਵਿੱਚ ਹਾਜ਼ਰ ਸੀ, ਜੋ ਮੁੰਡਿਆਂ ਨੂੰ ਰੋਕਣ ਦੀ ਬਜਾਏ ਹੱਲਾਸ਼ੇਰੀ ਦੇ ਰਿਹਾ ਸੀ।

ਕਰੀਬ ਡੇਢ ਘੰਟਾ ਇਸੇ ਧੱਕੇਮੁੱਕੀ ਵਿੱਚ ਲੰਘਿਆ, ਸਾਡੇ ਪਛਾਣ ਪੱਤਰ ਵੀ ਖੋਹੇ ਗਏ। ਕਿਸੇ ਤਰਾਂ ਮਾਮਲਾ ਸੰਬੰਧਤ ਡੀ ਐਸ ਪੀ ਦੇ ਧਿਆਨ ਵਿੱਚ ਲਿਆਂਦਾ ਗਿਆ, ਕਰਤਾਰਪੁਰ ਪੁਲਿਸ ਦੀ ਪਾਰਟੀ ਸਾਨੂੰ ਓਸ ਧਾਕੜਾਂ ਦੇ ਘੇਰ ਵਿੱਚੋਂ ਕੱਢ ਕੇ ਲਿਆਈ। ਅਸੀਂ ਇਸ ਸਾਰੀ ਧੱਕੇਸ਼ਾਹੀ ਬਾਰੇ ਲਿਖਤੀ ਸ਼ਿਕਾਇਤ ਥਾਣਾ ਕਰਤਾਰਪੁਰ ਵਿੱਚ ਕਰ ਦਿੱਤੀ ਹੈ। ਬਲਜਿੰਦਰ ਕੋਟਭਾਰਾ ਦੇ ਸੱਟਾਂ ਮਾਰੀਆਂ, ਉਸ ਦਾ ਮੈਡੀਕਲ ਕਰਵਾਉਣ ਲਈ ਸਾਨੂੰ ਏ ਐਸ ਆਈ ਆਤਮਜੀਤ ਸਿੰਘ ਨੇ ਲੋੜੀਂਦਾ ਨੰਬਰ ਵੀ ਨਹੀਂ ਦਿੱਤਾ। ਖੁਦ ਅਰਜ਼ੀ ਲਿਖ ਕੇ ਕਰਤਾਰਪੁਰ ਦੇ ਸਿਵਲ ਹਸਪਤਾਲ ਵਿਚੋਂ ਮੈਡੀਕਲ ਵੀ ਕਰਵਾਇਆ ਗਿਆ।

ਇਸ ਸਾਰੇ ਮਾਮਲੇ ਦੀ ਪੰਜਾਬ ਸਰਕਾਰ ਵਲੋਂ ਜਾਰੀ 181 ਨੰਬਰ 'ਤੇ ਸ਼ਿਕਾਇਤ ਵੀ ਦਰਜ ਕਰਵਾਈ ਗਈ, ਜਿਸ ਦਾ ਹ;ਦ/ਗਗ ੬੯੮੨੩੬ ਨੰਬਰ ਹੈ। ਹੈਲਪ ਨੰਬਰ 1905 'ਤੇ ਕਈ ਵਾਰ ਫੋਨ ਕੀਤਾ ਗਿਆ, ਪਰ ਗੱਲ ਨਹੀਂ ਹੋਈ।

ਬੀਤੀ ਦੇਰ ਰਾਤ ਤੱਕ ਅਤੇ ਅੱਜ ਸਵੇਰ ਤੋਂ ਹੀ ਏ ਐਸ ਆਈ ਕਰਤਾਰਪੁਰ ਆਤਮਜੀਤ ਸਿੰਘ ਵਲੋਂ ਵਾਰ ਵਾਰ 9464229176 ਫੋਨ ਨੰਬਰ ਤੋਂ ਮੇਰੇ ਫੋਨ 'ਤੇ ਕਾਲ ਕਰਕੇ ਥਾਣੇ ਆ ਕੇ ਸਮਝੌਤਾ ਕਰਨ ਲਈ ਮੇਰੇ 'ਤੇ ਦਬਾਅ ਪਾਇਆ ਜਾ ਰਿਹਾ ਹੈ ਤੇ ਨਾਲ ਹੀ ਧਮਕੀ ਵੀ ਦਿੱਤੀ ਜਾ ਰਹੀ ਹੈ ਕਿ ਜੇ ਨਾ ਆਏ ਤਾਂ ਤੁਹਾਡੇ ਖਿਲਾਫ ਕਾਰਵਾਈ ਕਰਾਂਗੇ।

ਸਤਿਕਾਰਯੋਗ ਉਪ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਸਾਹਿਬ, ਸਭ ਨੂੰ ਯਾਦ ਹੈ ਕਿ ਸਰਕਾਰ ਵਲੋਂ ਕਈ ਵਾਰ ਬਿਆਨ ਜਾਰੀ ਕੀਤੇ ਗਏ ਹਨ ਕਿ ਕਿਸੇ ਵੀ ਮਹਿਲਾ ਨੂੰ ਪੁੱਛਗਿੱਛ ਲਈ ਬੇਹੱਦ ਸੰਗੀਨ ਜੁਰਮ 'ਤੇ ਹੀ ਥਾਣੇ ਵਿੱਚ ਸੱਦਿਆ ਜਾਵੇਗਾ, ਪਰ ਇਥੇ ਤਾਂ ਮੇਰੇ ਨਾਲ ਧੱਕੇਸ਼ਾਹੀ ਹੋਈ ਹੈ, ਫਿਰ ਮੈਂ ਕਿਉਂ ਦੂਜੀ ਮੁਲਜ਼ਮ ਧਿਰ ਨਾਲ ਸਮਝੌਤਾ ਕਰਨ ਜਾਂਵਾਂ?

ਇਕ ਗੱਲ ਹੋਰ ਆਪ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਕਿ ਪੰਜਾਬ ਸਰਕਾਰ ਨੇ ਲਿਖਤੀ ਰੂਪ ਵਿੱਚ ਜਾਰੀ ਕੀਤਾ ਹੈ ਕਿ ਜੇ ਪਿੰਡ ਦੀ ਸਰਪੰਚੀ ਦੇ ਅਹੁਦੇ 'ਤੇ ਮਹਿਲਾ ਬਿਰਾਜਮਾਨ ਹੈ ਤਾਂ ਉਹੀ ਜਨਤਾ ਦੇ ਕੰਮ ਕਰੇਗੀ, ਨਾ ਕਿ ਉਸ ਦੀ ਜਗਾ ਉਸ ਦਾ ਪਤੀ ਜਾਂ ਪੁੱਤ ਕਰੇਗਾ, ਪਰ ਪਿੰਡ ਦਿਆਲਪੁਰ ਵਿੱਚ ਸਰਕਾਰ ਦੇ ਹੁਕਮਾਂ ਦੇ ਉਲਟ ਕਾਰਵਾਈ ਹੋ ਰਹੀ ਹੈ।

ਹਾਲ ਹੀ ਵਿੱਚ ਇਹ ਵੀ ਬਿਆਨ ਸਰਕਾਰ ਵਲੋਂ ਜਾਰੀ ਹੋਇਆ ਹੈ ਕਿ ਕਿਸੇ ਵੀ ਖਪਤਕਾਰ ਦਾ ਪਾਣੀ ਦਾ ਕੁਨੈਕਸ਼ਨ ਨਹੀਂ ਕੱਟਿਆ ਜਾਵੇਗਾ, ਪਰ ਪਿੰਡ ਦਿਆਲਪੁਰ ਵਿੱਚ ਪਿੰਡ ਦੇ ਹੀ ਕੁਝ ਨੌਜਵਾਨ ਖੁਦ ਕੁਨੈਕਸ਼ਨ ਕੱਟ ਰਹੇ ਸਨ। ਪੜਤਾਲ ਕਰਵਾ ਸਕਦੇ ਹੋ।

ਉਕਤ ਸਾਰੀ ਕਾਰਵਾਈ ਬਾਰੇ ਪਤਾ ਲੱਗਿਆ ਹੈ ਕਿ ਸਾਡੇ ਪੱਤਰਕਾਰਾਂ ਨਾਲ ਧੱਕੇਸ਼ਾਹੀ ਕਰਨ ਵਾਲਿਆਂ ਵਿੱਚ ਯੂਥ ਅਕਾਲੀ ਦਲ ਦੇ ਨਵੇਂ ਭਰਤੀ ਹੋਏ ਕਾਰਕੁੰਨ ਹਨ, ਜੋ ਕਿ ਮੀਡੀਆ ਦੇ ਹੋਰ ਹਿੱਸਿਆਂ ਨੇ ਵੀ ਖੋਜ ਪੜਤਾਲ ਕਰਕੇ ਰਿਪੋਰਟਾਂ ਨਸ਼ਰ ਕੀਤੀਆਂ ਹਨ।

ਸਤਿਕਾਰਯੋਗ ਉਪ ਮੁਖ ਮੰਤਰੀ ਤੇ ਗ੍ਰਹਿ ਮੰਤਰੀ ਜੀ, ਅਸੀਂ ਪੰਜਾਬ ਦੇ ਲੋਕਾਂ ਨੇ ਅਕਾਲੀ ਦਲ ਬਾਦਲ ਦੇ ਸੁਪਰੀਮੋ ਸ. ਪਰਕਾਸ਼ ਸਿੰਘ ਬਾਦਲ 'ਤੇ ਅਤੇ ਤੁਹਾਡੇ 'ਤੇ ਭਰੋਸਾ ਕਰਕੇ ਤੁਹਾਨੂੰ ਦੂਜੀ ਵਾਰ ਸੱਤਾ ਸੌਂਪੀ ਹੈ, ਜੇਕਰ ਤੁਹਾਡੀ ਪਾਰਟੀ ਦੇ ਵਰਕਰ ਜਾਂ ਤੁਹਾਡੀ ਪਾਰਟੀ ਨਾਲ ਸੰਬੰਧਤ ਪੰਚਾਇਤ ਦੀ ਮੁਖੀ ਦਾ ਸ਼ਰਾਬੀ ਪਤੀ ਇਕ ਮਹਿਲਾ ਪੱਤਰਕਾਰ ਤੇ ਉਸ ਦੇ ਸਹਿਯੋਗੀ ਪੱਤਰਕਾਰ ਨਾਲ ਇਸ ਤਰੀਕੇ ਦਾ ਧਾਕੜ ਵਤੀਰਾ ਕਰਨਗੇ, ਤਾਂ ਸਾਫ ਹੈ ਕਿ ਸਾਡਾ ਤੁਹਾਡੀ ਅਗਵਾਈ ਤੋਂ ਭਰੋਸਾ ਟੁੱਟੇਗਾ।

ਪੂਰੀ ਉਮੀਦ ਹੈ ਕਿ ਤੁਸੀਂ ਇਕ ਆਮ ਪੰਜਾਬ ਨਾਗਰਿਕ, ਇਕ ਮਹਿਲਾ ਤੇ ਇਕ ਪੱਤਰਕਾਰ ਦਾ ਭਰੋਸਾ ਨਹੀਂ ਟੁੱਟਣ ਦੇਵੋਗੇ, ਤੁਰੰਤ ਨਿੱਜੀ ਦਖ਼ਲ ਦੇ ਕੇ ਕਾਰਵਾਈ ਕਰੋਗੇ, ਤੇ ਮੈਨੂੰ ਇਨਸਾਫ ਦਿਵਾਓਗੇ।

**ਆਪ ਜੀ ਦੀ ਸ਼ੁਭਚਿੰਤਕ**
**ਅਮਨਦੀਪ ਹਾਂਸ ਪੱਤਰਕਾਰ**
**ਰੇਡੀਓ ਰੰਗਲਾ ਪੰਜਾਬ ਟੋਰਾਂਟੋ, ਕੈਨੇਡਾ**
**9464234703, 0014167167794, ਮਿਤੀ-22 ਜੂਨ 2015**

# ਬਦਲੇ ਤੋਂ ਪਾਰ ਸਮਾਜਿਕ ਬਦਲਾਅ ਨੂੰ ਪ੍ਰਣਾਇਆ ਸੀ



# ਕ੍ਰਾਂਤੀਕਾਰੀ ਸ਼ਹੀਦ ਊਧਮ ਸਿੰਘ

ਰਾਕੇਸ਼ ਕੁਮਾਰ

ਇਹ ਗੱਲ ਆਮ ਕਹੀ ਜਾਂਦੀ ਹੈ ਕਿ ਸ਼ਹੀਦ ਊਧਮ ਸਿੰਘ ਨੇ ਜ਼ਲ੍ਹਿਆਂਵਾਲੇ ਬਾਗ ਦਾ ਖੂਨੀ ਸਾਕਾ ਆਪਣੀਆਂ ਅੱਖਾਂ ਨਾਲ ਦੇਖਿਆ ਸੀ ਤੇ ਉਸ ਦੀ ਪੀੜ ਨੂੰ ਆਪਣੇ ਹਿਰਦੇ 'ਚ 21 ਸਾਲ ਸਮੋਈ ਰੱਖਿਆ ਤੇ ਅੰਤ ਨੂੰ 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ 'ਚ ਮਾਈਕਲ ਓਡਵਾਇਰ ਨੂੰ ਜਾਨ ਤੋਂ ਮਾਰ ਕੇ ਜ਼ਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਦੀ ਮੌਤ ਦਾ ਬਦਲਾ ਲਿਆ।

ਗੀਤਾਂ, ਕਵਿਤਾਵਾਂ, ਕਵੀਸ਼ਰੀਆਂ, ਢਾਡੀ ਵਾਰਾਂ, ਨਾਟਕਾਂ, ਦਸਤਾਵੇਜ਼ੀ ਫ਼ਿਲਮਾਂ ਅਤੇ ਫ਼ਿਲਮਾਂ ਆਦਿ ਵਿਚ ਵੀ ਇਹੀ ਦਿਖਾਇਆ ਜਾ ਰਿਹਾ ਸੀ ਤੇ ਊਧਮ ਸਿੰਘ ਨੂੰ ਸਿਰਫ਼ ਮਾਈਕਲ ਓਡਵਾਇਰ ਨੂੰ ਮਾਰ ਕੇ ਜਲ੍ਹਿਆਂਵਾਲੇ ਬਾਗ ਦਾ ਬਦਲਾ ਲੈਣ ਵਾਲਾ ਸੂਰਮਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਜੋ ਕਿ ਉਸ ਦੀ ਸੋਚ ਮੁਤਾਬਕ ਠੀਕ ਨਹੀਂ ਹੈ। ਇਤਿਹਾਸ ਵਿਚ ਕਿਤੇ ਵੀ ਊਧਮ ਸਿੰਘ ਵੱਲੋਂ ਲਿਖਿਆ ਸ਼ਬਦ ਜਾਂ ਬਿਆਨ ਨਹੀਂ ਮਿਲਦਾ ਜਿੱਥੇ ਉਸ ਨੇ ਕਿਹਾ ਹੋਵੇ ਕਿ ਮੈਂ ਜਲ੍ਹਿਆਂਵਾਲਾ ਬਾਗ ਦਾ ਬਦਲਾ ਲੈਣ ਲਈ ਕੈਕਸਟਨ ਹਾਲ ਵਿਚ ਅੰਗਰੇਜ਼ ਅਫ਼ਸਰਾਂ 'ਤੇ ਗੋਲੀਆਂ ਚਲਾਈਆਂ।

ਬ੍ਰਿਟਿਸ਼ ਸਰਕਾਰ ਵੱਲੋਂ ਸ਼ਹੀਦ ਊਧਮ ਸਿੰਘ ਸੰਬੰਧੀ ਜੂਨ 1997 'ਚ ਪੰਜ ਫਾਈਲਾਂ ਜਾਰੀ ਹੋਣ ਤੋਂ ਬਾਅਦ ਸ਼ਹੀਦ ਊਧਮ ਸਿੰਘ ਦੀ ਜ਼ਿੰਦਗੀ ਬਾਰੇ ਕੁਝ ਹੋਰ ਤੱਥਾਂ ਦਾ ਪਤਾ ਲੱਗਿਆ ਹੈ। ਇਸ ਗੱਲ ਦਾ ਵੀ ਸਪੱਸ਼ਟ ਸਬੂਤ ਨਹੀਂ ਮਿਲਦਾ ਕਿ ਊਧਮ ਸਿੰਘ ਆਪ 13-14 ਅਪ੍ਰੈਲ 1919 ਨੂੰ ਜ਼ਲ੍ਹਿਆਂਵਾਲੇ ਬਾਗ ਵਿਚ ਮੌਜੂਦ ਸੀ।

ਭਾਰਤ ਸਰਕਾਰ ਦੇ ਹੋਮ ਵਿਭਾਗ ਨੇ ਰਿਪੋਰਟ 'ਚ ਹੀ ਕਿਹਾ ਸੀ ਕਿ ਪੁੱਛ ਪੜਤਾਲ ਤੋਂ ਪੁਸ਼ਟੀ ਨਹੀਂ ਹੋਈ ਕਿ ਉਹ ਆਪ ਉਸ ਵੇਲੇ ਅੰਮ੍ਰਿਤਸਰ 'ਚ ਮੌਜੂਦ ਸੀ।

ਜ਼ਲ੍ਹਿਆਂਵਾਲੇ ਕਾਂਡ ਲਈ ਮਾਈਕਲ ਓਡਵਾਇਰ ਨਹੀਂ ਡਾਇਰ ਸਿੱਧੇ ਤੌਰ 'ਤੇ ਦੋਸ਼ੀ ਸੀ। 11 ਅਪ੍ਰੈਲ 1919 ਨੂੰ ਅੰਮ੍ਰਿਤਸਰ ਸ਼ਹਿਰ ਨੂੰ ਸੈਨਾ ਹਵਾਲੇ ਕਰ ਦਿੱਤਾ ਸੀ। ਫੌਜ ਦੀ ਕਮਾਂਡ ਡਾਇਰ ਕੋਲ ਸੀ। ਡਾਇਰ ਨੇ ਖੁਦ ਸੈਨਿਕਾਂ ਨੂੰ ਲੈ ਕੇ ਜ਼ਲ੍ਹਿਆਂਵਾਲੇ ਬਾਗ 'ਚ ਲੋਕਾਂ 'ਤੇ ਗੋਲੀਆਂ ਚਲਵਾਈਆਂ ਸਨ। ਹੰਟਰ ਕਮੇਟੀ ਤੇ ਫੌਜੀ ਕਮਿਸ਼ਨ ਨੇ ਡਾਇਰ ਨੂੰ ਦੋਸ਼ੀ ਠਹਿਰਾਇਆ।

ਪ੍ਰਮਾਣਿਤ ਤੱਥ ਦੱਸਦੇ ਹਨ ਕਿ ਊਧਮ ਸਿੰਘ ਗ਼ਦਰ ਲਹਿਰ ਨਾਲ ਜੁੜਿਆ ਸੀ। ਭਾਰਤ ਦੇਸ਼ ਨੂੰ ਬ੍ਰਿਟਿਸ਼ ਸਾਮਰਾਜ ਤੋਂ ਆਜ਼ਾਦ ਦੇਖਣਾ ਚਾਹੁੰਦਾ ਸੀ। ਉਹ ਬ੍ਰਿਟਿਸ਼ ਸਾਮਰਾਜ ਦੇ ਖਿਲਾਫ਼ ਸੀ। ਉਹ ਭਾਰਤ ਦੇ ਲੋਕਾਂ ਦੇ ਹੱਕ ਦੀ ਗੱਲ ਕਰਦਾ ਸੀ। ਸਮਾਜਿਕ ਬਰਾਬਰੀ ਦੀ ਗੱਲ ਕਰਦਾ ਸੀ। ਭਗਤ ਸਿੰਘ ਨੂੰ ਆਪਣਾ ਵਧੀਆ ਦੋਸਤ ਦੱਸਦਾ ਸੀ।

ਤੱਥ ਦੱਸਦੇ ਹਨ ਕਿ ਜਦੋਂ ਊਧਮ ਸਿੰਘ ਅਮਰੀਕਾ ਵਿਚ ਸੀ ਉਸ ਵੇਲੇ ਉਹ ਗ਼ਦਰ ਪਾਰਟੀ ਦੇ ਪ੍ਰਭਾਵ ਹੇਠ ਆ ਗਿਆ। ਗ਼ਦਰ ਪਾਰਟੀ ਦਾ ਉਦੇਸ਼ ਹਥਿਆਰਬੰਦ ਇਨਕਲਾਬ ਨਾਲ ਅੰਗਰੇਜ਼ੀ ਸਾਮਰਾਜੀਆਂ ਤੋਂ ਹਿੰਦੋਸਤਾਨ ਨੂੰ ਮੁਕਤ ਕਰਾਉਣਾ ਸੀ ਤੇ ਆਜ਼ਾਦੀ ਦੀ ਬਰਾਬਰੀ ਦੀਆਂ ਬੁਨਿਆਦਾਂ ਉੱਤੇ ਕੌਮੀ ਜਮਹੂਰੀਅਤ ਕਾਇਮ ਕਰਨਾ ਸੀ। ਅਮਰੀਕਾ 'ਚ ਗ਼ਦਰ ਪਾਰਟੀ ਨੇ ਉਸ ਦੀ ਡਿਊਟੀ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਗ਼ਦਰੀਆਂ ਦੇ ਗੁਪਤ ਟਿਕਾਣੇ 'ਤੇ ਪਹੁੰਚਾਉਣ ਅਤੇ ਪਾਰਟੀ ਲਈ ਫੰਡ ਇਕੱਠਾ ਕਰਨ 'ਤੇ ਲਾਈ ਸੀ। 27 ਜੁਲਾਈ 1927 ਨੂੰ ਉਹ ਜਹਾਜ਼ ਰਾਹੀਂ ਅਮਰੀਕਾ ਤੋਂ ਕਰਾਚੀ ਆਇਆ ਅਤੇ ਕਰਾਚੀ ਵਿੱਚ ਉਸ ਕੋਲੋਂ ਗ਼ਦਰ ਪਾਰਟੀ ਦਾ ਸਾਹਿਤ ਫੜੇ ਜਾਣ ਤੇ ਉਸ ਨੂੰ ਜੁਰਮਾਨਾ ਹੋਇਆ।

30 ਅਗਸਤ 1927 ਨੂੰ ਊਧਮ ਸਿੰਘ ਨੂੰ ਪੁਲਸ ਨੇ ਇੱਕ ਗੁਪਤ ਸੂਚਨਾ ਦੇ ਆਧਾਰ ਅੰਮ੍ਰਿਤਸਰ ਵਿਚ ਫੜਿਆ ਤਾਂ ਉਸ ਦੀ ਤਲਾਸ਼ੀ ਤੇ ਉਸਦੇ ਕੋਟ ਦੀ ਜੇਬ ਵਿੱਚ ਇੱਕ ਭਰਿਆ ਹੋਇਆ ਪਿਸਤੌਲ ਮਿਲਿਆ ਤੇ ਨਿਸ਼ਾਨਦੇਹੀ ਤੋਂ ਅਸਲਾ ਤੇ ਗ਼ਦਰ ਵੱਲੋਂ ਛਾਪਿਆ ਜਾਂਦਾ ਸਾਹਿਤ (1) ਗ਼ਦਰ ਦੀ ਗੂੰਜ (2) ਰੂਸੀ ਗ਼ਦਰ ਗਿਆਨ ਸਮਾਚਾਰ (3) ਪੈਫਲੈਂਟ ਗੁਲਾਮੀ ਦੀ ਜ਼ਹਿਰ (4) ਗ਼ਦਰ ਦੀ ਦੂਰੀ (5) ਦੇਸ਼ ਭਗਤਾਂ ਦੀ ਜਾਨ ਆਦਿ ਪ੍ਰਾਪਤ ਹੋਏ।

ਡਾਇਰੈਕਟਰ ਇਟੈਲੀਜੈਂਸੀ ਬਿਊਰੋ (ਹੋਮ ਵਿਭਾਗ ਭਾਰਤ ਸਰਕਾਰ) ਵੱਲੋਂ ਸਾਲ 1934 ਵਿੱਚ ਗ਼ਦਰ ਡਾਇਰੈਕਟਰੀ ਜਾਰੀ ਕੀਤੀ ਗਈ ਸੀ, ਜਿਸ ਵਿੱਚ ਉਨ੍ਹਾਂ ਦੇ ਨਾਮ ਸ਼ਾਮਲ ਕੀਤੇ ਗਏ ਜਿਨ੍ਹਾਂ ਨੇ ਅਮਰੀਕਾ, ਯੂਰਪ, ਅਫਗਾਨਿਸਤਾਨ ਅਤੇ ਭਾਰਤ ਵਿਚ ਗਦਰ ਲਹਿਰ ਵਿੱਚ ਹਿੱਸਾ ਲਿਆ। ਊਧਮ ਸਿੰਘ ਦਾ ਨਾਮ ਇਸ ਡਾਇਰੈਕਟਰੀ ਵਿੱਚ (ਪੰਨਾ 267) 'ਤੇ ਦਰਜ ਹੈ, ਜਿਸ ਵਿੱਚ ਲਿਖਿਆ ਕਿ ਅਮਰੀਕਾ ਵਿਚ ਰਹਿੰਦੇ ਸਮੇਂ ਉਹ ਗ਼ਦਰ ਪਾਰਟੀ ਦੇ ਸੰਪਰਕ ਵਿੱਚ ਆਇਆ ਅਤੇ ਇਸ ਦੀਆਂ ਸਿੱਖਿਆਵਾਂ ਤੋਂ ਪ੍ਰਭਾਵਿਤ ਹੋ ਕੇ ਉਹ ਗ਼ਦਰ ਦੀ ਗੂੰਜ ਅਤੇ ਗ਼ਦਰ ਪਾਰਟੀ ਵੱਲੋਂ ਪ੍ਰਕਾਸ਼ਿਤ ਹੋਰ ਬਾਗੀ ਸਾਹਿਤ ਪੜ੍ਹਦਾ ਸੀ।

ਉਹ ਅਗਸਤ 1927 ਵਿੱਚ ਭਾਰਤ ਪਹੁੰਚਿਆ ਉਸ ਨੂੰ 30 ਅਗਸਤ 1927 ਨੂੰ ਅੰਮ੍ਰਿਤਸਰ ਵਿਖੇ ਗ੍ਰਿਫ਼ਤਾਰ ਕੀਤਾ ਗਿਆ ਕਿਉਂਕਿ ਉਸ 'ਤੇ ਸ਼ੱਕ ਸੀ ਕਿ ਉਸ ਕੋਲ ਗੈਰ ਕਾਨੂੰਨੀ ਹਥਿਆਰ ਸਨ। ਉਸ ਕੋਲੋਂ 2 ਰਿਵਾਲਵਰ, ਇੱਕ ਪਿਸਤੌਲ ਅਤੇ ਗ਼ਦਰ ਗੂੰਜ ਦੀਆਂ ਕੁਝ ਕਾਪੀਆਂ ਬਰਾਮਦ ਹੋਈਆਂ। ਉਸ ਤੇ ਆਰਮਜ ਐਕਟ ਦੇ ਸੈਕਸ਼ਨ 20 ਤਹਿਤ ਮੁਕੱਦਮਾ ਚੱਲਿਆ ਅਤੇ ਉਸ ਨੂੰ ਪੰਜ ਸਾਲ ਦੀ ਸਖ਼ਤ ਸਜ਼ਾ ਹੋਈ। ਉਸ ਨੇ ਬਿਆਨ ਦਿੱਤਾ ਕਿ ਉਸਦਾ ਮੰਤਵ ਯੂਰਪੀਅਨਾਂ ਨੂੰ ਮਾਰਨਾ ਸੀ ਜੋ ਕਿ ਭਾਰਤੀਆਂ 'ਤੇ ਰਾਜ ਕਰਦੇ ਸਨ ਅਤੇ ਉਸ ਨੂੰ ਬਾਲਸ਼ਵਿਕਾਂ ਨਾਲ ਹਮਦਰਦੀ ਸੀ ਕਿਉਂਕਿ ਉਨ੍ਹਾਂ ਦਾ ਮੰਤਵ ਭਾਰਤ ਨੂੰ ਵਿਦੇਸ਼ੀ ਕਬਜ਼ੇ ਤੋਂ ਆਜ਼ਾਦ ਕਰਵਾਉਣਾ ਸੀ।

ਊਧਮ ਸਿੰਘ ਨੇ ਨੌਜਵਾਨ ਭਾਰਤ ਸਭਾ ਦੀ ਕਾਨਫਰੰਸ 'ਚ ਆਪਣੇ ਵਿਚਾਰ ਪੇਸ ਕਰਦਿਆਂ ਕਿਹਾ ਸੀ:

"ਇਨਕਲਾਬ ਦੇ ਅਰਥ ਹਨ, ਬਦੇਸ਼ੀ ਖੂਨੀ ਜਬਾੜ੍ਹਿਆਂ ਤੋਂ ਛੁਟਕਾਰਾ। ਲੁੱਟ-ਖਸੁੱਟ ਅਤੇ ਉਸ ਨਿਜ਼ਾਮ ਦਾ ਅੰਤ ਜੋ ਅਮੀਰ ਨੂੰ ਹੋਰ ਅਮੀਰ ਬਣਾਉਣ ਅਤੇ ਗਰੀਬ ਨੂੰ ਕੰਗਾਲੀ ਦੇ ਪੁੜਾਂ 'ਚ ਪੀਸੇ ਜਾਣ ਲਈ ਮਜਬੂਰ ਕਰਦਾ ਸੀ। ਸਾਮਰਾਜੀ ਨਿਜ਼ਾਮ ਕਾਰਨ ਲਖੂਖਾਂ ਕਿਰਤੀ, ਕੁੱਲੀ, ਗੁੱਲੀ, ਜੁੱਲੀ, ਵਿਦਿਆ ਅਤੇ ਇਲਾਜ ਤੱਕ ਦੀਆਂ ਬੁਨਿਆਦੀ ਲੋੜਾਂ ਦੇ ਮੁਹਤਾਜ ਹਨ। ਕਿਹੜਾ ਐਸਾ ਪੱਥਰ ਦਿਲ ਮਨੁੱਖ ਹੈ ਕਿਰਤੀਆਂ ਕਿਸਾਨਾਂ ਦੀ ਬੇਵਸੀ ਅਤੇ ਲਾਚਾਰੀ ਨੂੰ ਵੇਖ ਕੇ ਜਿਸ ਦਾ ਖੂਨ ਉਬਲ ਨਹੀਂ ਪੈਂਦਾ। ਕਹਿਰ ਹੈ ਯਾਰੋ! ਜਿਹੜਾ ਆਪਣੀ ਜ਼ਿੰਦਗੀ ਅਤੇ ਖੂਨ ਨਾਲ ਸਰਮਾਏਦਾਰੀ ਦੇ ਮਹੱਲ ਉਸਾਰਦਾ ਹੈ ਉਹ ਆਪ ਰਾਤ ਨੂੰ ਢਿੱਡੋਂ ਖਾਲੀ ਤੇ ਕੇਵਲ ਆਕਾਸ਼ ਦੀ ਛੱਤ ਥੱਲੇ ਸੌਂਵੇਂ। ਅਜਿਹੇ ਨਿਜ਼ਾਮ ਨੂੰ ਸਾੜ ਕੇ ਸੁਆਹ ਕਿਉਂ ਨਹੀਂ ਕਰ ਦਿੱਤਾ ਜਾਂਦਾ। ਹੁਣ ਤਾਂ ਇਨਕਲਾਬ, ਇਨਕਲਾਬ ਦੇ ਵਹਿਣ 'ਤੇ ਖੜ੍ਹਾ ਹੈ। ਅਸੀਂ ਕਰੋੜਾਂ ਲੋਕੀਂ ਜਿਹੜੇ ਬਦੇਸ਼ੀ ਅੱਗ ਵਿੱਚ ਧੁਖ ਰਹੇ ਹਾਂ ਜੇਕਰ ਅਸੀਂ ਆਪਣੀ ਕਿਸਮਤ ਦੇ ਆਪ ਕਰਿੰਦੇ ਬਣ ਜਾਈਏ ਤਾਂ ਇਸ ਦਾ ਸਿੱਟਾ ਇਨਕਲਾਬ ਹੋਵੇਗਾ ਅਤੇ ਇਹੋ ਇਨਕਲਾਬ ਸਾਡੀ ਆਜ਼ਾਦੀ ਦੀ ਜਾਮਨੀ ਹੈ।"



ਊਧਮ ਸਿੰਘ ਨੇ ਕਿਹਾ ਸੀ:

"ਆਜ਼ਾਦੀ ਦੀ ਬੁਨਿਆਦ, ਇਨਕਲਾਬ ਹੈ। ਗੁਲਾਮੀ ਦੇ ਵਿਰੁੱਧ ਇਨਕਲਾਬ ਮਨੁੱਖ ਦਾ ਧਰਮ ਹੈ। ਇਹ ਮਨੁੱਖ ਦੀ ਮਨੁੱਖਤਾ ਦਾ ਆਦਰਸ਼ ਹੈ, ਜਿਹੜੀ ਕੌਮ ਅਧੀਨਗੀ ਕਬੂਲ ਕਰਕੇ ਸਿਰ ਨਿਵਾ ਦਿੰਦਾ ਹੈ ਉਹ ਮੌਤ ਨੂੰ ਪਰਵਾਨ ਕਰਦੀ ਹੈ ਕਿਉਂਕਿ ਆਜ਼ਾਦੀ ਜੀਵਨ ਤੇ ਗੁਲਾਮੀ ਮੌਤ ਹੈ। ਆਜ਼ਾਦੀ ਸਾਡਾ ਜਮਾਂਦਰੂ ਹੱਕ ਹੈ। ਅਸੀਂ ਇਸ ਨੂੰ ਪ੍ਰਾਪਤ ਕਰਕੇ ਹੀ ਰਹਾਂਗੇ। ਅਸੀਂ ਇਨਕਲਾਬ ਦੇ ਦਰ ਆਪਣੀਆ ਜਵਾਨੀਆਂ ਦੀਆਂ ਬਹਾਰਾਂ ਵਾਰਨ ਲਈ ਤਤਪਰ ਹੋ ਗਏ ਹਾਂ। ਇਸ ਮਹਾਨ ਆਦਰਸ਼ ਦੀ ਭੇਂਟ ਆਪਣੀ ਜਵਾਨੀ ਤੋਂ ਘੱਟ ਹੋਰ ਹੋ ਵੀ ਕੀ ਸਕਦਾ ਹੈ।"

ਊਧਮ ਸਿੰਘ ਨੇ 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ ਇਕੱਲੇ ਮਾਈਕਲ ਓਡਵਾਇਰ ਤੇ ਨਹੀਂ ਸਗੋਂ ਚਾਰ ਅੰਗਰੇਜ਼ ਅਫਸਰਾਂ ਮਾਈਕਲ ਓਡਵਾਇਰ, ਮਾਰਕੁਅਸ ਆਫ ਜੈੱਟਲੈਂਡ, ਲੁਈਸ ਡੇਨ, ਲਾਰਡ ਲੈਮਿੰਗਟਨ 'ਤੇ 6 ਗੋਲੀਆਂ ਚਲਾਈਆਂ ਜਿਸ ਵਿਚ ਮਾਈਕਲ ਓਡਵਾਇਰ ਮੌਕੇ 'ਤੇ ਹੀ ਮਾਰਿਆ ਗਿਆ ਤੇ ਬਾਕੀ ਜਖ਼ਮੀ ਹੋ ਗਏ। ਇਹ ਸਾਰੇ ਭਾਰਤ 'ਚ ਗਵਰਨਰ ਰਹਿ ਚੁੱਕੇ ਸਨ ਅਤੇ ਭਾਰਤ ਦੀ ਆਜ਼ਾਦੀ ਦੇ ਵਿਰੋਧੀ ਸਨ। ਊਧਮ ਸਿੰਘ ਜਦੋਂ ਮੌਕੇ 'ਤੇ ਫੜ੍ਹਿਆ ਗਿਆ ਤਾਂ ਉਸਨੇ ਪੁੱਛਿਆ ਕਿ ਜੈਟਲੈਂਡ ਮਰ ਗਿਆ ਇਹ ਵੀ ਮਰਨਾ ਚਾਹੀਦਾ ਸੀ। ਮੈਂ ਉਸ ਦੇ ਦੋ ਗੋਲੀਆਂ ਠੋਕੀਆਂ ਸਨ।

ਮਾਈਕਲ ਓਡਵਾਇਰ ਨੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਹੁੰਦੇ ਹੋਏ ਵਿਸ਼ੇਸ਼ ਅਦਾਲਤਾਂ ਰਾਹੀਂ ਗ਼ਦਰ ਲਹਿਰ ਦੇ ਮਹਾਨ ਸੂਰਵੀਰਾਂ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਨੇਸ਼ ਪਿੰਗਲੇ, ਭਾਈ ਜਗਤ ਸਿੰਘ, ਭਾਈ ਹਰਨਾਮ ਸਿੰਘ ਸਿਆਲਕੋਟੀ, ਡਾ. ਮਥਰਾ ਦਾਸ ਤੇ ਹੋਰਨਾਂ ਨੂੰ ਫਾਂਸੀਆਂ ਦਿੱਤੀਆਂ। ਗ਼ਦਰੀਆਂ ਨੂੰ ਉਮਰ ਕੈਦ ਦੀਆਂ ਸਜ਼ਾਵਾਂ ਦਿਵਾਈਆਂ, ਕਾਲੇਪਾਣੀ ਭੇਜਿਆ ਬਹੁਤ ਸਾਰਿਆਂ ਦੀਆਂ ਜਾਇਦਾਦਾਂ ਜਬਤ ਕਰਵਾਈਆਂ ਅਤੇ ਬੇਤਹਾਸ਼ਾ ਤਸੀਹੇ ਦਿੱਤੇ। ਗ਼ਦਰੀਆਂ ਨੂੰ ਫੜਾਉਣ 'ਚ ਅੰਗਰੇਜ਼ਾਂ ਦੀ ਸਹਾਇਤਾ ਕਰਨ ਵਾਲੇ ਟੋਡੀਆਂ ਨੂੰ ਵੱਡੇ-ਵੱਡੇ ਇਨਾਮ ਦਿੱਤੇ। ਜ਼ਮੀਨਾਂ ਤੋਹਫ਼ੇ 'ਚ ਦਿੱਤੀਆਂ ਗਈਆਂ।

ਊਧਮ ਸਿੰਘ ਦੇ ਫੜੇ ਜਾਣ 'ਤੇ ਉਸ ਕੋਲੋਂ ਬਰਾਮਦ ਸਾਲ 1940 ਦੀ ਡਾਇਰੀ 'ਚ ਲਿਖਿਆ ਸੀ।

"ਮੈਂ ਦੁਨੀਆਂ ਦੇਖ ਲਈ ਹੈ। ਇੱਕੋ ਇਕ ਖਾਹਿਸ ਰਹਿ ਗਈ ਹੈ। ਮੈਂ ਭਾਰਤ ਨੂੰ ਆਜ਼ਾਦ ਦੇਖਣਾ ਚਾਹੁੰਦਾ ਹਾਂ।"

ਫੜ੍ਹੇ ਜਾਣ ਤੇ ਉਸ ਨੇ ਆਪਣਾ ਨਾਮ ਮੁਹੰਮਦ ਸਿੰਘ ਅਜ਼ਾਦ ਦੱਸਿਆ ਸੀ ਤੇ ਬਾਅਦ ਵਿਚ ਮੰਨਿਆ ਕਿ ਮੁਹੰਮਦ ਸਿੰਘ ਆਜ਼ਾਦ ਉਸ ਦੀ ਕਾਢ ਹੈ। ਇਹ ਮੁਸਲਿਮ ਸਿੱਖ-ਹਿੰਦੂ ਏਕਤਾ ਦਾ ਚਿੰਨ੍ਹ ਹੈ।

ਊਧਮ ਸਿੰਘ ਭਗਤ ਸਿੰਘ ਨੂੰ ਆਪਣਾ ਸਭ ਤੋਂ ਵਧੀਆ ਦੋਸਤ ਸਮਝਦਾ ਸੀ। ਉਸ ਨੇ 30 ਮਾਰਚ 1940 ਅਤੇ 5 ਅਪ੍ਰੈਲ 1940 ਨੂੰ ਬਰਿਕਸਟਨ ਜੇਲ੍ਹ 'ਚ ਆਪਣੇ ਮਿੱਤਰ ਜੌਹਲ ਸਿੰਘ ਨੂੰ ਲਿਖੇ ਪੱਤਰਾਂ 'ਚ ਇਸ ਦਾ ਜ਼ਿਕਰ ਕੀਤਾ ਸੀ।

ਊਧਮ ਸਿੰਘ ਜੇਲ੍ਹ ਵਿਚ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੇ ਪਦਚਿੰਨ੍ਹਾਂ 'ਤੇ ਚੱਲਦੇ 42 ਦਿਨ ਭੁੱਖ ਹੜਤਾਲ 'ਤੇ ਰਿਹਾ। ਉਸ ਦਾ ਅਸਲ ਮਕਸਦ ਦੁਨੀਆਂ ਦਾ ਧਿਆਨ ਭਾਰਤ ਦੀ ਆਜ਼ਾਦੀ ਵੱਲ ਖਿੱਚਣਾ ਸੀ ਅਤੇ ਅੰਗਰੇਜ਼ਾਂ ਵਲੋਂ ਭਾਰਤੀਆਂ 'ਤੇ ਕੀਤੇ ਜਾ ਰਹੇ ਜ਼ੁਲਮਾਂ ਵੱਲ ਕੇਂਦਰਿਤ ਕਰਨਾ ਸੀ।

ਊਧਮ ਸਿੰਘ ਨੇ ਮੁਕੱਦਮੇ ਦੌਰਾਨ ਗ਼ਦਰ ਪਾਰਟੀ ਅਮਰੀਕਾ ਤੋਂ ਅਜਮੇਰ ਸਿੰਘ ਰਾਹੀਂ ਹਰ ਤਰ੍ਹਾਂ ਨਾਲ ਸਹਾਇਤਾ ਕੀਤੀ। ਅਜਮੇਰ ਸਿੰਘ ਗ਼ਦਰ ਪਾਰਟੀ ਨਾਲ ਜੁੜਿਆ ਸੀ ਤੇ ਸਟਾਕਟਨ, ਕੈਲੀਫੋਰਨੀਆ ਦੇ ਗੁਰਦੁਆਰੇ ਦਾ ਸਕੱਤਰ ਸੀ। ਉਹ ਲਗਾਤਾਰ ਟੈਲੀਗਰਾਮ ਰਾਹੀਂ ਮੁਕੱਦਮੇ ਦੀ ਪੈਰਵਾਈ ਕਰਨ ਵਾਲਿਆਂ ਤੋਂ ਪੁੱਛਦਾ ਰਿਹਾ ਸੀ ਕਿ ਕਾਨੂੰਨੀ ਪੱਖ ਤੋਂ ਆਜ਼ਾਦ ਦੇ ਬਚਾਓ 'ਚ ਕੀ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਮੁਕੱਦਮੇ ਲਈ ਪੈਸੇ ਵੀ ਭੇਜੇ।

ਊਧਮ ਸਿੰਘ ਅਦਾਲਤ 'ਚ ਆਪਣੇ ਨਾਲ ਲੈ ਕੇ ਗਏ 8 ਪੇਜ਼ਾਂ 'ਚੋਂ 25 ਮਿੰਟ ਤੱਕ ਬੋਲਦਾ ਰਿਹਾ।

ਉਸ ਨੇ ਅਦਾਲਤ 'ਚ ਆਪਣੇ ਬਿਆਨ ਦੀ ਸ਼ੁਰੂਆਤ ਹੀ 'ਬ੍ਰਿਟਿਸ਼ ਸਾਮਰਾਜ ਮੁਰਦਾਬਾਦ', 'ਇੰਗਲੈਂਡ ਮੁਰਦਾਬਾਦ', 'ਅੰਗਰੇਜ਼ ਲੋਕਤੰਤਰ ਮੁਰਦਾਬਾਦ' ਤੋਂ ਕੀਤੀ।

**ਦੇਸ਼ ਦੀ ਆਜ਼ਾਦੀ ਬਾਰੇ ਕਿਹਾ**

"ਮੈਂ ਮੌਤ ਦੀ ਸਜ਼ਾ ਤੋਂ ਨਹੀਂ ਡਰਦਾ। ਇਹ ਮੇਰੇ ਵਾਸਤੇ ਕੁਝ ਵੀ ਨਹੀਂ ਹੈ। ਮੈਨੂੰ ਮਰ ਜਾਣ ਦੀ ਵੀ ਕੋਈ ਪ੍ਰਵਾਹ ਨਹੀਂ। ਇਸ ਬਾਰੇ ਮੈਨੂੰ ਕੋਈ ਫਿਕਰ ਨਹੀਂ। ਮੈਂ ਕਿਸੇ ਮਕਸਦ ਲਈ ਮਰ ਰਿਹਾ ਹਾਂ। ਅਸੀਂ ਬ੍ਰਿਟਿਸ਼ ਸਾਮਰਾਜ ਦੇ ਹੱਥੋਂ ਸਤਾਏ ਹੋਏ ਹਾਂ ਮੈਨੂੰ ਮਰਨ ਤੇ ਮਾਣ ਹੈ। ਆਪਣੀ ਜਨਮ ਭੂਮੀ ਨੂੰ ਆਜ਼ਾਦ ਕਰਵਾਉਣ ਲਈ ਮੈਨੂੰ ਆਪਣੇ ਮਰਨ 'ਤੇ ਵੀ ਮਾਣ ਹੋਵੇਗਾ। ਮੈਨੂੰ ਉਮੀਦ ਹੈ ਕਿ ਜਦੋਂ ਮੈਂ ਚਲਾ ਗਿਆ ਤਾਂ ਮੇਰੇ ਹਜ਼ਾਰਾਂ ਦੇਸਵਾਸੀ ਤੁਹਾਨੂੰ ਗੰਦੇ ਕੁੱਤਿਆਂ ਨੂੰ ਬਾਹਰ ਧੱਕਣਗੇ ਅਤੇ ਮੇਰੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਅੱਗੇ ਆਉਣਗੇ।"

**ਉਹ ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਬਾਰੇ ਕਿਸਾਨਾਂ, ਮਜ਼ਦੂਰਾਂ ਦੀ ਲੁੱਟ ਬਾਰੇ ਸਕੂਲਾਂ ਤੇ ਵਿੱਦਿਆ ਦੇ ਪਾਸਾਰ ਆਦਿ ਬਾਰੇ ਬੋਲਿਆ।**

ਅੰਤ ਵਿਚ ਤਿੰਨ ਵਾਰ ਗਰਜਵੀ ਆਵਾਜ਼ 'ਚ ਬੋਲਿਆ:

**ਇਨਕਲਾਬ ਇਨਕਲਾਬ ਇਨਕਲਾਬ**

**ਬ੍ਰਿਟਿਸ਼ ਸਾਮਰਾਜਵਾਦ ਮੁਰਦਾਬਾਦ,**

**ਅੰਗਰੇਜ਼ ਕੁੱਤੇ ਮੁਰਦਾਬਾਦ**

**ਭਾਰਤ ਅਮਰ ਰਹੇ।**

ਊਧਮ ਸਿੰਘ ਸਬੰਧੀ ਮੌਜੂਦ ਪ੍ਰਮਾਣਿਤ ਤੱਥ ਸਪਸ਼ਟ ਦੱਸਦੇ ਹਨ ਕਿ ਊਧਮ ਸਿੰਘ ਦਾ ਨਿਸ਼ਾਨਾ ਜ਼ਲ੍ਹਿਆਂ ਵਾਲੇ ਬਾਗ਼ ਦੇ ਖੂਨੀ ਕਾਂਡ ਦਾ ਬਦਲਾ ਲੈਣਾ ਨਹੀਂ ਸਗੋਂ ਆਪਣੇ ਮੁਲਕ ਨੂੰ ਬ੍ਰਿਟਿਸ਼ ਸਾਮਰਾਜੀ ਗਲਬੇ ਤੋਂ ਮੁਕਤ ਕਰਵਾ ਕੇ ਆਜ਼ਾਦ ਜਮਹੂਰੀ ਅਤੇ ਬਰਾਬਰੀ ਤੇ ਟਿਕੇ ਨਿਆਂ-ਭਰੇ ਭਾਰਤ ਦੀ ਸਿਰਜਣਾ ਕਰਨ ਦੇ ਆਦਰਸ਼ ਨੂੰ ਪਰਨਾਇਆ ਸੀ। ਉਸ ਦੇ ਗ਼ਦਰ ਪਾਰਟੀ ਨਾਲ ਸਬੰਧ ਸਨ ਉਹ ਬੌਧਿਕ, ਚਿੰਤਨਸ਼ੀਲ ਇਨਕਲਾਬੀ ਸੋਚ ਨੂੰ ਪਰਨਾਇਆ ਕਰਾਂਤੀਕਾਰੀ ਸੀ।

ਬੁੱਧੀਜੀਵੀਆਂ, ਇਤਿਹਾਸਕਾਰਾਂ, ਆਲੋਚਕਾਂ, ਲੇਖਕਾਂ ਅਤੇ ਸੁਹਿਰਦ ਪਾਠਕਾਂ ਨੂੰ ਅਪੀਲ ਹੈ ਕਿ ਉਹ ਸ਼ਹੀਦ ਊਧਮ ਸਿੰਘ ਦੀ ਜ਼ਿੰਦਗੀ ਬਾਰੇ ਮੌਜੂਦ ਇਤਿਹਾਸਕ ਪ੍ਰਮਾਣਿਤ ਤੱਥਾਂ ਤੇ ਗੰਭੀਰ ਵਿਚਾਰ ਚਰਚਾਵਾਂ ਛੇੜਨ ਤਾਂ ਜੋ ਊਧਮ ਸਿੰਘ ਦੀ ਸਹੀ ਸੋਚ ਲੋਕਾਂ ਸਾਹਮਣੇ ਆਵੇ, ਜਿਸ ਕਰਕੇ ਉਸਨੇ ਆਪਣੀ ਅਣਮੁੱਲੀ ਜ਼ਿੰਦਗੀ ਕੁਰਬਾਨ ਕੀਤੀ ਸੀ।

ਊਧਮ ਸਿੰਘ ਦੀ ਸਹੀ ਸੋਚ ਬਾਰੇ ਨਵੇਂ ਗੀਤ, ਕਵਿਤਾਵਾਂ ਲਿਖੀਆਂ ਜਾਣ, ਢਾਡੀ ਵਾਰਾਂ ਗਾਈਆਂ ਜਾਣ, ਨਾਟਕ ਲਿਖੇ ਜਾਣ, ਦਸਤਾਵੇਜ਼ੀ ਫ਼ਿਲਮਾਂ ਤੇ ਫ਼ਿਲਮਾਂ ਬਣਨ।

# ਸੰਗਰਾਮੀ ਇਤਿਹਾਸ ਦੇ ਪੰਨਿਆਂ 'ਤੇ ਸਦਾ ਚਮਕੇਗਾ

# ਸ਼ਹੀਦ ਪ੍ਰਿਥੀਪਾਲ ਰੰਧਾਵਾ

ਪਾਵੇਲ ਕੁੱਸਾ

*ਜਿਉਣ-ਮਰਨ ਦੀ ਸ਼ਾਨਦਾਰ ਰਵਾਇਤ "ਸਾਰੇ ਬੰਦਿਆਂ ਨੇ ਮਰ ਹੀ ਜਾਣਾ ਹੈ, ਪਰ ਮਹੱਤਤਾ ਪੱਖੋਂ ਮੌਤ ਮੌਤ ਵਿੱਚ ਫਰਕ ਹੋ ਸਕਦਾ ਹੈ। ਪ੍ਰਾਚੀਨ ਚੀਨੀ ਲਿਖਾਰੀ ਜ਼ੂਮਾ ਚੀਅਨ ਨੇ ਕਿਹਾ ਸੀ, "ਭਾਵੇਂ ਸਾਰੇ ਬੰਦਿਆਂ ਨੂੰ ਇੱਕੋ ਜਿਹੀ ਮੌਤ ਆਉਂਦੀ ਹੈ, ਪਰ ਇਹ ਤਾਈ ਪਰਬਤ ਤੋਂ ਭਾਰੀ ਵੀ ਹੋ ਸਕਦੀ ਹੈ ਜਾਂ ਫੰਘ ਤੋਂ ਹੌਲੀ ਵੀ'' ਲੋਕਾਂ ਵਾਸਤੇ ਮਰਨਾ ਤਾਈ ਪਰਬਤ ਤੋਂ ਭਾਰੀ ਹੈ ਪਰ ਫਾਸ਼ਿਸਟਾਂ ਵਾਸਤੇ ਕੰਮ ਕਰਨਾ ਅਤੇ ਲੁਟੇਰਿਆਂ ਤੇ ਜਾਬਰਾਂ ਵਾਸਤੇ ਮਰ ਜਾਣਾ ਫੰਘ ਤੋਂ ਹੌਲਾ ਹੈ।'' -ਮਾਓ-ਜ਼ੇ-ਤੁੰਗ*

70 ਵਿਆਂ ਦਾ ਦਹਾਕਾ ਪੰਜਾਬ ਦੀ ਇਨਕਲਾਬੀ ਨੌਜਵਾਨ ਵਿਦਿਆਰਥੀ ਲਹਿਰ ਦੇ ਸ਼ਾਨਮੱਤੇ ਇਤਿਹਾਸ ਦਾ ਸਮਾਂ ਹੈ ਜਦੋਂ ਪੰਜਾਬ ਦੀ ਜਵਾਨੀ ਨੇ ਲੋਕਾਂ ਨੂੰ ਹੱਕਾਂ ਲਈ ਜੂਝਣ ਦਾ ਰਾਹ ਵਿਖਾਇਆ ਤੇ ਸ਼ਾਨਦਾਰ ਇਨਕਲਾਬੀ ਭੂਮਿਕਾ ਅਦਾ ਕੀਤੀ। ਪ੍ਰਿਥੀਪਾਲ ਰੰਧਾਵਾ ਇਸ ਲਹਿਰ ਦਾ ਅਜਿਹਾ ਨਾਇਕ ਸੀ ਜੀਹਦੀ ਅਗਵਾਈ ਵਿੱਚ ਪੰਜਾਬ ਦੇ ਨੌਜਵਾਨਾਂ ਤੇ ਵਿਦਿਆਰਥੀਆਂ ਨੇ ਸ਼ਾਨਦਾਰ ਸੰਗਰਾਮੀ ਰਵਾਇਤਾਂ ਸਿਰਜੀਆਂ ਜਿਹੜੀਆਂ ਅੱਜ ਵੀ ਸਾਡਾ ਰਾਹ ਰੁਸ਼ਨਾਉਂਦੀਆਂ ਹਨ। ਭਾਵੇਂ 18 ਜੁਲਾਈ 1979 ਨੂੰ ਅਕਾਲੀ ਸਰਕਾਰ ਦੇ ਗੁੰਡਿਆਂ ਨੇ ਪ੍ਰਿਥੀ ਨੂੰ ਜਿਸਮਾਨੀ ਤੌਰ 'ਤੇ ਸਾਡੇ ਕੋਲੋਂ ਖੋਹ ਲਿਆ ਪਰ ਉਹਦੀ ਜੀਵਨ ਘਾਲਣਾ ਤੇ ਸ਼ਹਾਦਤ ਸਾਡੇ ਲਈ ਪ੍ਰੇਰਨਾ ਦਾ ਅਮੁੱਕ ਸੋਮਾ ਹੈ।

ਪ੍ਰਿਥੀ ਦਾ ਜੀਵਨ ਤੇ ਪੀ.ਐਸ.ਯੂ. ਦਾ ਸਫ਼ਰ ਇਕ ਦੂਜੇ ਨਾਲ ਏਨੀ ਗਹਿਰੀ ਤਰਾਂ ਜੁੜਿਆ ਹੈ ਕਿ ਵੱਖ-2 ਕਰਕੇ ਨਹੀਂ ਦੇਖਿਆ ਜਾ ਸਕਦਾ। 5 ਮਾਰਚ, 1952 ਨੂੰ ਜਨਮਿਆ ਪ੍ਰਿਥੀ ਜਦੋਂ ਟਾਂਡੇ ਕਾਲਜ ਤੋਂ ਪਰੀ-ਮੈਡੀਕਲ ਕਰਕੇ ਪੀ.ਏ.ਯੂ. ਲੁਧਿਆਣੇ ਦਾਖਲ ਹੋਇਆ ਤਾਂ ਉਦੋਂ ਤੋਂ ਹੀ ਉਹਨੇ ਸਮਾਜ ਵਿੱਚ ਫੈਲੇ ਲੁੱਟ, ਜਬਰ, ਅਨਿਆਂ ਤੇ ਵਿਤਕਰਿਆਂ ਨੂੰ ਨੀਝ ਨਾਲ ਘੋਖਣਾ ਸ਼ੁਰੂ ਕਰ ਦਿੱਤਾ। ਉਹਨੇ ਬਾਕੀ ਦੀ ਜ਼ਿੰਦਗੀ ਨੌਜਵਾਨਾਂ, ਵਿਦਿਆਰਥੀਆਂ ਤੇ ਹੋਰਨਾਂ ਮਿਹਨਤਕਸ਼ ਤਬਕਿਆਂ ਦਾ ਰਾਹ ਰੁਸ਼ਨਾਉਣ ਦੇ ਲੇਖੇ ਲਾਈ ਅਤੇ ਅੰਤ ਆਪਣੇ ਲਹੂ ਦਾ ਆਖਰੀ ਕਤਰਾ ਵੀ ਲੋਕ ਹੱਕਾਂ ਦੀ ਲਹਿਰ ਦੇ ਬੂਟੇ ਨੂੰ ਸਿੰਜਣ ਲਈ ਵਹਾ ਦਿੱਤਾ।

ਪਿਰਥੀ ਤੇ ਸਾਥੀਆਂ ਨੇ 70-71 ਦੇ ਅਜਿਹੇ ਔਖੇ ਵੇਲਿਆਂ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਦੇ ਝੰਡੇ ਹੇਠ ਵਿਦਿਆਰਥੀਆਂ ਨੂੰ ਜਥੇਬੰਦ ਕਰਨ ਦਾ ਬੀੜਾ ਚੁੱਕਿਆ ਜਦੋਂ ਪੰਜਾਬ ਵਿੱਚ ਨੌਜਵਾਨਾਂ ਨੂੰ ਹੱਕ ਸੱਚ ਦੀ ਗੱਲ ਕਰਨ ਬਦਲੇ ਵੱਡੀ ਕੀਮਤ ਤਾਰਨੀ ਪੈਂਦੀ ਸੀ। ਪੰਜਾਬ ਵਿੱਚ ਇਨਕਲਾਬੀ ਨੌਜਵਾਨਾਂ ਦੇ ਝੂਠੇ ਮੁਕਾਬਲੇ ਬਣਾਏ ਜਾ ਰਹੇ ਸਨ। ਕਾਲਜਾਂ-ਯੂਨੀਵਰਸਿਟੀਆਂ ਦੇ ਧੱਕੜ ਅਧਿਕਾਰੀ ਚੰਮ ਦੀਆਂ ਚਲਾਉਂਦੇ ਸਨ, ਵਿਦਿਅਕ ਸੰਸਥਾਵਾਂ ਧੱਕੜ ਪੁਲਸ ਅਫ਼ਸਰਾਂ ਲਈ ਜਬਰ ਦੇ ਅਖਾੜੇ ਬਣੀਆਂ ਹੋਈਆਂ ਸਨ। ਪਹਿਲੇ ਸਾਲਾਂ ਵਿੱਚ ਬਣੀ ਪੀ.ਐਸ.ਯੂ. ਇਨਕਲਾਬੀਆਂ ਅੰਦਰ ਉੱਠੇ ਗਲਤ ਰੁਝਾਨ ਦੀ ਭੇਟ ਚੜ ਕੇ ਖਿੰਡ ਪੁੰਡ ਗਈ ਸੀ। ਅਜਿਹੇ ਵੇਲਿਆਂ ਵਿੱਚ ਪਿਰਥੀ ਤੇ ਸਾਥੀਆਂ ਨੇ ਆਪਣੀਆਂ ਜ਼ਿੰਦਗੀਆਂ ਦੀ ਪ੍ਰਵਾਹ ਨਾ ਕਰਦਿਆਂ ਪੀ.ਐਸ.ਯੂ. ਦਾ ਬੂਟਾ ਲਾਇਆ। ਪੀ.ਐਸ.ਯੂ. ਨੇ ਅਜੇ ਮੁੱਢਲੇ ਕਦਮ ਹੀ ਪੁੱਟੇ ਸਨ ਕਿ ਮੋਗੇ ਵਿੱਚ ਰੀਗਲ ਸਿਨੇਮੇ ਦੇ ਮਾਲਕਾਂ ਦੀ ਗੁੰਡਾਗਰਦੀ ਖਿਲਾਫ਼ ਮੁਜ਼ਾਹਰਾ ਕਰ ਰਹੇ ਵਿਦਿਆਰਥੀਆਂ 'ਤੇ ਪੁਲਿਸ ਨੇ ਗੋਲੀ ਚਲਾ ਦਿੱਤੀ। ਦੋ ਵਿਦਿਆਰਥੀ ਹਰਜੀਤ ਤੇ ਸਵਰਨ ਤੇ ਹੋਰ ਲੋਕ ਸ਼ਹੀਦ ਕਰ ਦਿੱਤੇ। ਹਕੂਮਤ ਦੇ ਇਸ ਜਬਰ ਖਿਲਾਫ਼ ਵਿਦਿਆਰਥੀ ਰੋਹ ਦੀ ਕਾਂਗ ਉੱਠ ਖੜੀ ਹੋਈ। ਪੰਜਾਬ ਵਿੱਚ ਵਿਦਿਆਰਥੀਆਂ ਦਾ ਗੁੱਸਾ ਫੁੱਟ ਪਿਆ ਤੇ ਮੋਗਾ ਸੰਗਰਾਮ ਛਿੜ ਪਿਆ। ਹਾਕਮਾਂ ਦੀਆਂ ਸਭਨਾਂ ਚਾਲਾਂ ਨੂੰ ਫੇਲ ਕਰਦਿਆਂ ਪਿਰਥੀ ਦੀ ਅਗਵਾਈ ਵਿੱਚ ਵਿਦਿਆਰਥੀਆਂ ਨੇ ਅਜਿਹਾ ਦਲੇਰਾਨਾ ਸੰਗਰਾਮ ਲੜਿਆ ਜੀਹਨੇ ਪੰਜਾਬ ਦੀ ਜਨਤਕ ਇਨਕਲਾਬੀ ਲਹਿਰ ਨੂੰ ਨਵਾਂ ਮੁਹਾਂਦਰਾ ਦਿੱਤਾ। ਪੁਲਸ ਜਬਰ ਮੂਹਰੇ ਬੇਵੱਸ ਹੋਈ ਜਵਾਨੀ ਨੂੰ ਪਿਰਥੀ ਨੇ ਸਹੀ ਸੇਧ ਦਿੱਤੀ। ਮੋਗੇ ਦੇ ਇਸ ਲੰਬੇ ਖਾੜਕੂ ਘੋਲ ਨੇ ਇਨਕਲਾਬੀ ਨੌਜਵਾਨਾਂ ਦੇ ਕਤਲ ਵਰਗੇ ਅਨਰਥ ਕਰਨ ਤੋਂ ਹਾਕਮਾਂ ਦੇ ਮਨਾਂ ਵਿੱਚ ਤਹਿਕਾ ਬਿਠਾ ਦਿੱਤਾ ਅਤੇ ਪੰਜਾਬ ਦੇ ਲੋਕਾਂ ਸਾਹਮਣੇ ਹੱਕਾਂ ਲਈ ਜਥੇਬੰਦ ਹੋ ਕੇ ਲੰਮੇ ਖਾੜਕੂ ਸੰਘਰਸ਼ਾਂ ਦੇ ਰਾਹ ਪੈਣ ਦੀ ਮਿਸਾਲ ਪੈਦਾ ਕੀਤੀ।

ਇਸਤੋਂ ਬਾਅਦ ਪ੍ਰਿਥੀ ਦੀ ਅਗਵਾਈ ਵਿੱਚ ਪੀ.ਐਸ.ਯੂ. ਨੇ ਵਿਦਿਆਰਥੀ ਮੰਗਾਂ ਜਿਵੇਂ ਬੱਸ ਪਾਸ ਸਹੂਲਤ ਹਾਸਲ ਕਰਨ, ਵਧਦੀਆਂ ਫੀਸਾਂ ਦਾ ਵਿਰੋਧ ਕਰਨ, ਸਸਤੀਆਂ ਮੈੱਸਾਂ-ਕੰਟੀਨਾਂ ਤੇ ਹੋਸਟਲਾਂ ਦੇ ਇੰਤਜ਼ਾਮ ਕਰਵਾਉਣ, ਸਸਤੀਆਂ ਕਿਤਾਬਾਂ ਕਾਪੀਆਂ ਹਾਸਲ ਕਰਨ, ਵਿਦਿਅਕ ਸੰਸਥਾਵਾਂ ਵਿੱਚ ਜਮਹੂਰੀ ਮਾਹੌਲ ਸਿਰਜਣ ਤੇ ਹੋਰਨਾਂ ਮਸਲਿਆਂ ਤੇ ਅਨੇਕਾਂ ਹੀ ਪੰਜਾਬ ਪੱਧਰੇ ਤੇ ਸਥਾਨਕ ਪੱਧਰੇ ਸੰਘਰਸ਼ ਲੜੇ ਅਤੇ ਜਿੱਤਾਂ ਜਿੱਤੀਆਂ।


ਪ੍ਰਿਥੀਪਾਲ ਰੰਧਾਵਾ ਸਾਧਾਰਨ ਵਿਦਿਆਰਥੀ ਆਗੂ ਨਹੀਂ ਸੀ ਸਗੋਂ ਜੁਝਾਰੂ ਇਨਕਲਾਬੀ ਲੋਕ ਆਗੂ ਸੀ ਜੀਹਦੀ ਅਗਵਾਈ ਵਿੱਚ ਵਿਦਿਆਰਥੀ ਸਿਰਫ਼ ਆਪਣੇ ਤਬਕੇ ਦੇ ਮਸਲਿਆਂ ਤੱਕ ਹੀ ਸੀਮਤ ਨਾ ਰਹੇ ਸਗੋਂ ਆਪਣੇ ਇਨਕਲਾਬੀ ਸਮਾਜਿਕ ਰੋਲ ਦੀ ਪਹਿਚਾਣ ਕਰਦਿਆਂ ਸਮਾਜ ਦੇ ਹੋਰਨਾਂ ਮਿਹਨਤਕਸ਼ ਤਬਕਿਆਂ ਲਈ ਜੂਝਣ ਦੀ ਪ੍ਰੇਰਨਾ ਵੀ ਬਣੇ। ਸਮਾਜ ਵਿੱਚ ਲੋਕਾਂ 'ਤੇ ਅਸਰ ਪਾਉਣ ਵਾਲੇ ਵੱਡੇ ਮਸਲਿਆਂ ਤੇ ਖਾਸ ਕਰ ਜਦੋਂ ਲੋਕਾਂ ਨੂੰ ਭੁਚਲਾਉਣ ਲਈ ਲੋਕ ਦੋਖੀ ਤਾਕਤਾਂ ਆਪਣਾ ਤਾਣ ਲਗਾਉਂਦੀਆਂ ਰਹੀਆਂ ਤਾਂ ਪੰਜਾਬ ਦੇ ਨੌਜਵਾਨ ਵਿਦਿਆਰਥੀਆਂ ਨੇ ਪ੍ਰਿਥੀ ਦੀ ਅਗਵਾਈ ਵਿੱਚ ਕਿਰਤੀ ਲੋਕਾਂ ਦਾ ਮਾਰਗ ਰੌਸ਼ਨ ਕੀਤਾ।

1974 ਵਿੱਚ ਮੁਲਕ ਦੀ ਜਨਤਾ ਵਿੱਚ ਇੰਦਰਾ ਗਾਂਧੀ ਹਕੂਮਤ ਖਿਲਾਫ਼ ਉੱਠੀ ਬੇਚੈਨੀ ਨੂੰ ਹਾਕਮ ਜਮਾਤਾਂ ਦੇ ਹੀ ਦੂਸਰੇ ਹਿੱਸੇ ਵਰਤਣ ਲਈ ਤੁਰੇ। ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਵਿੱਚ ਜੁੜੇ ਮੌਕਾਪ੍ਰਸਤ ਟੋਲੇ ਨੇ ਲੋਕਾਂ ਦੇ ਸਾਹਮਣੇ ਫ਼ਰੇਬੀ ਨਾਹਰੇ ਪੇਸ਼ ਕੀਤੇ ਅਤੇ ਲੋਕਾਂ ਦੀ ਲਹਿਰ ਨੂੰ ਪਟੜੀ ਤੋਂ ਲਾਹ ਕੇ ਆਪਣੀਆਂ ਵੋਟ ਗਿਣਤੀਆਂ ਵਾਸਤੇ ਵਰਤਣ ਦੇ ਯਤਨ ਕੀਤੇ। ਭ੍ਰਿਸ਼ਟਾਚਾਰ, ਮਹਿੰਗਾਈ, ਗਰੀਬੀ ਹਟਾਉ ਦੇ ਅਮੂਰਤ ਤੇ ਬੇ-ਨਕਸ਼ ਨਾਅਰੇ ਦਿੱਤੇ ਗਏ। ਅਜਿਹੇ ਸਮੇਂ ਪੰਜਾਬ ਦੇ ਵਿਦਿਆਰਥੀਆਂ ਨੇ ਪ੍ਰਿਥੀ ਦੀ ਅਗਵਾਈ ਵਿੱਚ ਮਿਹਨਤਕਸ਼ ਲੋਕਾਂ ਨੂੰ ਸਹੀ ਸੇਧ ਦਿੱਤੀ। ਪੀ.ਐਸ.ਯੂ. ਨੇ ਮੋਗੇ ਵਿੱਚ ਨੌਜਵਾਨ ਭਾਰਤ ਸਭਾ ਤੇ ਹੋਰਨਾਂ ਮਿਹਨਤਕਸ਼ ਤਬਕਿਆਂ ਦੇ ਸਹਿਯੋਗ ਨਾਲ 'ਸੰਗਰਾਮ ਰੈਲੀ' ਜਥੇਬੰਦ ਕਰਕੇ ਮੌਕਾਪ੍ਰਸਤ ਟੋਲੇ ਦਾ ਕਿਰਦਾਰ ਨੰਗਾ ਕੀਤਾ ਅਤੇ 'ਸੰਕਟ ਮੂੰਹ ਆਈ ਕੌਮ ਲਈ ਕਲਿਆਣ ਦਾ ਮਾਰਗ' ਪੇਸ਼ ਕੀਤਾ।

26 ਜੂਨ 1975 ਵਿੱਚ ਇੰਦਰਾ ਗਾਂਧੀ ਸਰਕਾਰ ਨੇ ਆਪਣੀ ਕੁਰਸੀ ਬਚਾਉਣ ਲਈ ਤੇ ਲੋਕ ਬੇਚੈਨੀ ਨੂੰ ਕੁਚਲਣ ਲਈ ਸਾਰੇ ਦੇਸ਼ ਵਿੱਚ ਐਮਰਜੈਂਸੀ ਮੜ ਦਿੱਤੀ। ਸਭਨਾਂ ਲੋਕ ਪੱਖੀ ਤੇ ਜਮਹੂਰੀ ਸ਼ਕਤੀਆਂ ਉੱਤੇ ਜਬਰ ਦਾ ਝੱਖੜ ਝੁਲਾ ਦਿੱਤਾ। ਪੀ.ਐਸ.ਯੂ. ਨੇ ਆਪਣੀਆਂ ਸੰਗਰਾਮੀ ਰਵਾਇਤਾਂ ਤੇ ਪਹਿਰਾ ਦਿੰਦਿਆਂ ਇਸ ਵੰਗਾਰ ਨੂੰ ਕਬੂਲ ਕੀਤਾ। ਅੰਨੇ ਹਕੂਮਤੀ ਜਬਰ ਦੇ ਦੌਰ ਵਿੱਚ ਤੇ ਐਮਰਜੈਂਸੀ ਦੀਆਂ ਸਖਤ ਪਾਬੰਦੀਆਂ ਦੇ ਬਾਵਜੂਦ 'ਐਮਰਜੈਂਸੀ ਖਤਮ ਕਰੋ' ਤੇ 'ਜਮਹੂਰੀ ਹੱਕ ਬਹਾਲ ਕਰੋ' ਦੀਆਂ ਆਵਾਜ਼ਾਂ ਕਾਂਗਰਸੀ ਹਾਕਮਾਂ ਨੂੰ ਕੰਬਣੀਆਂ ਛੇੜਦੀਆਂ ਰਹੀਆਂ। 'ਅਸੀਂ ਜਿਉਂਦੇ-ਅਸੀਂ ਜਾਗਦੇ' ਦਾ ਸੱਦਾ ਲਾਉਂਦੀਆਂ ਰਹੀਆਂ। ਪੀ.ਐਸ.ਯੂ. ਦੇ ਆਗੂਆਂ-ਵਰਕਰਾਂ ਨੇ ਪੁਲਸੀ ਕਹਿਰ ਨੂੰ ਖਿੜੇ ਮੱਥੇ ਝੱਲਿਆ। ਰੰਧਾਵੇ ਨੂੰ ਮੀਸਾ ਕਾਨੂੰਨ ਤਹਿਤ ਗ੍ਰਿਫਤਾਰ ਕੀਤਾ ਗਿਆ, ਕਹਿਰਾਂ ਦਾ ਜਬਰ ਢਾਹਿਆ ਗਿਆ ਪਰ ਪ੍ਰਿਥੀ ਅਡੋਲ ਰਿਹਾ, ਉਹਨੂੰ ਝੁਕਾਇਆ ਨਾ ਜਾ ਸਕਿਆ। ਡੇਢ ਸਾਲ ਜੇਲ ਵਿੱਚ ਰਹਿਣ ਮਗਰੋਂ ਮੁੜ ਆ ਸੰਗਰਾਮ ਦੇ ਮੈਦਾਨ ਵਿੱਚ ਕੁੱਦਿਆ।

ਪ੍ਰਿਥੀ ਦੀ ਅਗਵਾਈ ਵਿੱਚ ਹੀ ਪੰਜਾਬ ਦੇ ਵਿਦਿਆਰਥੀਆਂ ਨੇ ਹਰ ਮਿਹਨਤਕਸ਼ ਤਬਕੇ ਦੇ ਸੰਘਰਸ਼ਾਂ ਨੂੰ ਜਾ ਹਮਾਇਤੀ ਕੰਨਾ ਲਾਇਆ ਤੇ ਬੇ-ਗਰਜ਼ ਭਰਾਤਰੀ ਹਮਾਇਤ ਦੀਆਂ ਪਿਰਤਾਂ ਪਾਈਆਂ। ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਤੇ ਹੋਰਨਾਂ ਮਿਹਨਤਕਸ਼ ਤਬਕਿਆਂ ਨਾਲ ਸਾਂਝੇ ਸੰਘਰਸ਼ਾਂ ਦੀਆਂ ਤੰਦਾਂ ਮਜ਼ਬੂਤ ਕੀਤੀਆਂ।

ਪ੍ਰਿਥੀ ਨੇ ਜਮਹੂਰੀ ਹੱਕਾਂ ਦੇ ਦਮਨ ਖਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਉਹਦੀ ਅਗਵਾਈ ਵਿੱਚ ਹੀ ਵਿਦਿਆਰਥੀਆਂ ਨੇ ਪੰਜਾਬ ਦੇ ਕਿਰਤੀ ਲੋਕਾਂ ਵਿੱਚ ਜਮਹੂਰੀ ਹੱਕਾਂ ਦੀ ਸੋਝੀ ਦਾ ਸੰਚਾਰ ਕਰਨ ਦੇ ਯਤਨਾਂ ਵਿੱਚ ਭਰਪੂਰ ਹਿੱਸਾ ਪਾਇਆ। ਪੀ.ਐਸ.ਯੂ. ਨੇ ਜਮਹੂਰੀ ਹੱਕਾਂ ਦੀ ਰਾਖੀ ਲਈ ਮੋਗੇ ਵਿੱਚ ਵਿਸ਼ਾਲ ਮਾਰਚ ਜਥੇਬੰਦ ਕੀਤਾ।



ਰੰਧਾਵਾ ਗੰਭੀਰ, ਸੂਝਵਾਨ, ਹੋਣਹਾਰ ਤੇ ਨਿਧੜਕ ਆਗੂ ਸੀ ਜੀਹਨੇ ਬੇਹੱਦ ਕਸੂਤੀਆਂ ਹਾਲਤਾਂ ਵਿੱਚ ਪੀ.ਐਸ.ਯੂ. ਖੜੀ ਕਰਨ, ਇਹਦੀ ਅਗਵਾਈ ਕਰਨ, ਪੰਜਾਬ ਵਿੱਚ ਜਨਤਕ ਜਮਹੂਰੀ ਲਹਿਰ ਨੂੰ ਤਕੜੀ ਕਰਨ ਤੇ ਵੱਖ-ਵੱਖ ਤਬਕਿਆਂ ਦੀ ਸੰਗਰਾਮੀ ਸਾਂਝ ਦੀਆਂ ਰਵਾਇਤਾਂ ਕਾਇਮ ਕੀਤੀਆਂ। ਰੰਧਾਵੇ ਦੀ ਅਗਵਾਈ ਵਿੱਚ ਹੀ ਪੰਜਾਬ ਦੀ ਵਿਦਿਆਰਥੀ ਲਹਿਰ ਨੂੰ ਫਿਰਕੂ ਵਣਜਾਰਿਆਂ ਦੇ ਜ਼ਹਿਰੀ ਡੰਗਾਂ ਤੋਂ ਮੁਕਤ ਰੱਖਿਆ ਜਾ ਸਕਿਆ ਤੇ ਨੌਜਵਾਨਾਂ-ਵਿਦਿਆਰਥੀਆਂ ਨੇ ਸਮਾਜ ਵਿੱਚ ਫਿਰਕੂ ਸਦਭਾਵਨਾ ਦਾ ਹੋਕਾ ਦਿੱਤਾ।

ਪੰਜਾਬ ਦੇ ਵਿਦਿਆਰਥੀਆਂ ਨੌਜਵਾਨਾਂ ਵਿੱਚ ਹੀ ਨਹੀਂ ਸਗੋਂ ਹੋਰਨਾਂ ਮਿਹਨਤਕਸ਼ ਤਬਕਿਆਂ ਵਿੱਚ ਵੀ ਪ੍ਰਿਥੀਪਾਲ ਰੰਧਾਵਾ ਸਤਿਕਾਰਿਆ ਤੇ ਪਿਆਰਿਆ ਜਾਣ ਲੱਗ ਪਿਆ ਸੀ। ਉਹ ਸਮੇਂ ਦੇ ਹਾਕਮਾਂ ਲਈ ਇਕ ਵੰਗਾਰ ਸੀ। ਮੌਕੇ ਦੀ ਅਕਾਲੀ ਸਰਕਾਰ ਦੇ ਪਾਲਤੂ ਗੁੰਡਿਆਂ ਨੇ ਉਹਨੂੰ ਅਗਵਾ ਕਰਕੇ ਕਹਿਰਾਂ ਦਾ ਤਸ਼ੱਦਦ ਢਾਹਿਆ ਪਰ ਉਹਨੂੰ ਝੁਕਾਇਆ ਨਾ ਜਾ ਸਕਿਆ। ਅਖੀਰ ਉਹਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ। ਰੰਧਾਵੇ ਦੇ ਕਤਲ ਦੇ ਖਿਲਾਫ਼ ਪੰਜਾਬ ਦੀ ਧਰਤੀ ਤੇ ਜ਼ੋਰਦਾਰ ਸੰਗਰਾਮ ਲੜਿਆ ਗਿਆ। ਨੌਜਵਾਨਾਂ ਵਿਦਿਆਰਥੀਆਂ ਤੇ ਲੋਕਾਂ ਨੇ ਆਪਣੇ ਵਿਛੜ ਗਏ ਆਗੂ ਨੂੰ ਸ਼ਰਧਾਂਜਲੀ ਵੱਡੇ ਘਮਸਾਨੀ ਘੋਲ ਵਿੱਚ ਦਿੱਤੀ।

**ਪੜ੍ਹਾਈ ਵਿੱਚ ਬੇਹੱਦ ਹੁਸ਼ਿਆਰ ਪ੍ਰਿਥੀ ਨੇ ਯੂਨੀ:** ਵਿੱਚੋਂ ਆਪਣੀ ਐਮ.ਐਸ.ਸੀ. ਦੀ ਪੜ੍ਹਾਈ ਹਾਲੇ ਕੁਝ ਸਮਾਂ ਪਹਿਲਾਂ ਹੀ ਖਤਮ ਕੀਤੀ ਸੀ। ਉਹਨੇ ਰੁਜ਼ਗਾਰ 'ਤੇ ਲੱਗ ਕੇ ਕਮਾਈ ਕਰਨ ਦੀ ਥਾਂ ਆਪਣੀ ਜ਼ਿੰਦਗੀ ਲੋਕ ਸੰਗਰਾਮਾਂ ਨੂੰ ਅਰਪਿਤ ਕਰਨ ਦਾ ਫੈਸਲਾ ਕਰ ਲਿਆ ਸੀ। ਉਹਦੇ ਲਈ ਜ਼ਿੰਦਗੀ ਦੇ ਅਰਥ ਆਪਣੇ ਆਪ ਤੋਂ, ਘਰ ਪਰਿਵਾਰ ਤੋਂ ਵੱਡੇ ਸਨ। ਉਹਦੇ ਲਈ ਜ਼ਿੰਦਗੀ ਦੀ ਸਾਰਥਿਕਤਾ ਸਮਾਜ ਵਿੱਚੋਂ ਹਰ ਤਰਾਂ ਦੀ ਲੁੱਟ ਜਬਰ ਖਤਮ ਕਰਕੇ, ਬਰਾਬਰੀ ਭਰਿਆ ਰਾਜ ਸਿਰਜਣ ਦੇ ਮਹਾਨ ਕਾਜ਼ ਵਿੱਚ ਹਿੱਸਾ ਪਾਈ ਦੀ ਸੀ। ਉਹਨੇ ਆਪਣੀ ਜ਼ਿੰਦਗੀ ਏਸ ਕਾਜ਼ ਨੂੰ ਸਮਰਪਿਤ ਕਰ ਦਿੱਤੀ।

ਅੱਜ ਦੇ ਦੌਰ ਵਿੱਚ, ਨਵੀਆਂ ਆਰਥਿਕ ਨੀਤੀਆਂ ਦਾ ਹੱਲਾ ਸਿੱਖਿਆ ਖੇਤਰ ਦਾ ਤੇਜ਼ੀ ਨਾਲ ਨਿੱਜੀਕਰਨ ਤੇ ਵਪਾਰੀਕਰਨ ਕਰ ਰਿਹਾ ਹੈ। ਸਰਕਾਰ ਆਏ ਦਿਨ ਸਿੱਖਿਆ ਤੇ ਖਰਚ ਕਰਨ ਤੋਂ ਹੱਥ ਘੁੱਟਦੀ ਆ ਰਹੀ ਹੈ। ਫੰਡ, ਗ੍ਰਾਂਟਾ ਸੁੰਗੇੜਦੀ ਆ ਰਹੀ ਹੈ। ਸਰਕਾਰੀ ਕਾਲਜ, ਸਕੂਲ ਅਧਿਆਪਕਾਂ ਤੋਂ ਸੱਖਣੇ ਹੋ ਰਹੇ ਹਨ। ਪ੍ਰਾਈਵੇਟ ਅਧਿਆਪਕ ਰੱਖਕੇ ਕੰਮ ਚਲਾਇਆ ਜਾ ਰਿਹਾ ਹੈ, ਬੋਝ ਵਿਦਿਆਰਥੀਆਂ 'ਤੇ ਪਾਇਆ ਜਾ ਰਿਹਾ ਹੈ। ਪ੍ਰਾਈਵੇਟ ਵਿਦਿਅਕ ਸੰਸਥਾਵਾਂ ਮਨ-ਮਰਜ਼ੀ ਦੇ ਫੀਸਾਂ ਫੰਡ ਬਟੋਰ ਕੇ ਵਿਦਿਆਰਥੀਆਂ ਦੀ ਅੰਨੀ ਲੁੱਟ ਕਰ ਰਹੇ ਹਨ। ਨਿੱਤ ਨਵੇਂ ਵਪਾਰੀ-ਕਾਰੋਬਾਰੀ ਵਿਦਿਅਕ ਖੇਤਰ ਵਿੱਚ ਦਾਖ਼ਲ ਹੋ ਰਹੇ ਹਨ ਤੇ ਚੰਮ ਦੀਆਂ ਚਲਾ ਰਹੇ ਹਨ।

ਸ਼ੁਰੂ ਹੋ ਰਹੇ ਮੌਜੂਦਾ ਵਿਦਿਅਕ ਸੈਸ਼ਨ ਦੌਰਾਨ ਵੀ ਵਿਦਿਆਰਥੀ ਹਿੱਤਾਂ ਤੇ ਨਵੇਂ ਹੱਲੇ ਹੋਏ ਹਨ। ਐਸ.ਸੀ. ਵਿਦਿਆਰਥੀਆਂ ਨੂੰ ਮਿਲਦੀ ਫ਼ੀਸ ਮੁਆਫ਼ੀ ਰੱਦ ਕਰਕੇ ਪੂਰੀ ਫ਼ੀਸ ਉਗਰਾਹੁਣ ਦੇ ਫ਼ੁਰਮਾਨ ਆ ਗਏ ਹਨ ਅਤੇ ਕਾਲਜਾਂ ਨੇ ਫ਼ੀਸਾਂ ਉਗਰਾਹੁਣੀਆਂ ਵੀ ਸ਼ੁਰੂ ਕਰ ਦਿੱਤੀਆਂ ਹਨ। ਪੰਜਾਬੀ ਯੂਨੀਵਰਸਿਟੀ ਨੇ ਫ਼ੀਸਾਂ ਫੰਡਾਂ ਵਿੱਚ ਲਗਭਗ 1200 ਰੁ. ਦਾ ਵਾਧਾ ਕਰ ਦਿੱਤਾ ਹੈ। ਪੰਜਾਬ ਯੂਨੀਵਰਸਿਟੀ ਨੇ ਵੀ ਹਰ ਸਾਲ 10 ਫ਼ੀਸਦੀ ਵਾਧਾ ਕਰਨ ਦੀ ਨੀਤੀ ਜਾਰੀ ਰੱਖਦਿਆਂ ਫੀਸ ਵਧਾ ਦਿੱਤੀ ਹੈ। ਸਰਕਾਰੀ ਸਹਾਇਤਾ ਪ੍ਰਾਪਤ ਕਾਲਜ ਨੂੰ ਦਿੱਤੀ ਜਾਂਦੀ 95 ਫ਼ੀਸਦੀ ਸਰਕਾਰੀ ਗਰਾਂਟ ਨੂੰ ਕੱਟ ਕੇ 80 ਫ਼ੀਸਦੀ ਤੱਕ ਲੈ ਆਂਦਾ ਹੈ ਤੇ ਹਰ ਸਾਲ 5 ਫ਼ੀਸਦੀ ਘਟਾਉਂਦੇ ਜਾਣ ਦਾ ਰਾਹ ਫੜ ਲਿਆ ਹੈ। ਇਨਾਂ ਤਾਜ਼ਾ ਫੈਸਲਿਆਂ ਦੀ ਵਿਦਿਆਰਥੀ ਵਰਗ ਤੇ ਵੱਡੀ ਮਾਰ ਪੈਣੀ ਹੈ। ਪਹਿਲਾਂ ਹੀ ਸਿੱਖਿਆ ਦੇ ਹੱਕ ਤੋਂ ਵਾਂਝੇ ਹੋ ਰਹੇ ਵਿਦਿਆਰਥੀਆਂ ਨੂੰ ਵੱਡਾ ਝਟਕਾ ਮਿਲਣਾ ਹੈ।

ਨਿਤ ਦਿਨ ਲਾਗੂ ਹੋ ਰਹੀਆਂ ਨੀਤੀਆਂ ਵਿਦਿਆਰਥੀ ਜਨਤਾ ਦੇ ਜਥੇਬੰਦ ਹੋਣ ਦੀ ਮੰਗ ਕਰਦੀਆਂ ਹਨ। ਵਿਦਿਆਰਥੀ ਜਨਤਾ ਦੇ ਜਥੇਬੰਦ ਹੋਣ ਦਾ ਮਹੱਤਵ ਪਹਿਲਾਂ ਨਾਲੋਂ ਵੀ ਵਧਦਾ ਜਾ ਰਿਹਾ ਹੈ। ਸਰਕਾਰ ਦੀਆਂ ਵਿਦਿਆਰਥੀ ਮਾਰੂ ਨੀਤੀਆਂ ਖਿਲਾਫ਼ ਸੰਘਰਸ ਕਰਨ ਲਈ ਅੱਜ ਸ਼ਹੀਦ ਰੰਧਾਵੇ ਦੀ ਅਗਵਾਈ ਹੇਠਲੀ ਵਿਦਿਆਰਥੀ ਜਥੇਬੰਦੀ ਵਰਗੀ ਜਥੇਬੰਦੀ ਉਸਾਰਨ ਦੀ ਲੋੜ ਹੈ।

ਭਾਵੇਂ ਅੱਜ ਤੋਂ 35 ਵਰੇ ਪਹਿਲਾਂ ਉਹਦੀ ਅਗਵਾਈ ਤੋਂ ਪੰਜਾਬ ਦੀ ਜਨਤਕ ਇਨਕਲਾਬੀ ਲਹਿਰ ਨੂੰ ਵਾਂਝੇ ਕੀਤਾ ਗਿਆ ਸੀ ਪਰ ਉਹਦੀਆਂ ਪਾਈਆਂ ਪੈੜਾਂ 'ਤੇ ਕਦਮ ਟਿਕਾ ਕੇ ਅੱਜ ਇਹ ਲਹਿਰ ਭਰ ਜਵਾਨ ਹੋਣ ਵੱਲ ਵਧ ਰਹੀ ਹੈ। ਸਾਡੇ ਸਾਹਮਣੇ ਅੱਜ ਹਨੇਰੇ ਰਾਹਾਂ ਵਿੱਚ ਭਟਕਦੀ ਜਵਾਨੀ ਨੂੰ ਚਾਨਣ ਦਿਖਾਉਣ ਦਾ ਵੱਡਾ ਕਾਰਜ ਹੈ। ਇਹਦੇ ਲਈ ਰੌਸ਼ਨੀ ਸਾਨੂੰ ਪ੍ਰਿਥੀਪਾਲ ਰੰਧਾਵਾ ਦੀ ਜਗਾਈ ਮਸ਼ਾਲ ਵੰਡਦੀ ਹੈ। ਇਸ ਮਸ਼ਾਲ ਦੀ ਰੌਸ਼ਨੀ ਵਿੱਚ ਹੀ ਅਸੀਂ ਮੁੜ ਪੰਜਾਬ ਅੰਦਰ ਇਨਕਲਾਬੀ ਵਿਦਿਆਰਥੀ ਲਹਿਰ ਦੀ ਉਸਾਰੀ ਲਈ ਕਦਮ ਪੁੱਟ ਸਕਦੇ ਹਾਂ। ਇਹ ਮਸ਼ਾਲ ਸਦਾ ਸਾਡੇ ਰਾਹਾਂ ਵਿੱਚ ਚਾਨਣ ਬਿਖੇਰਦੀ ਰਹੇਗੀ।

9417054015

## ਅਸੀਂ ਤਾਂ ਪਿੰਡਾਂ ਦੇ ਜੰਮਪਲ ਹਾਂ

ਅਸੀਂ ਤਾਂ ਪਿੰਡਾਂ ਦੇ ਜੰਮਪਲ ਹਾਂ
ਸਾਨੂੰ ਨਹੀਂ ਆਉਂਦੇ
ਮਿਣਨੇ ਲੱਕ ਕੁੜੀਆਂ ਦੇ
ਅਸੀਂ ਤਾਂ ਮਿਣਦੇ ਹਾਂ
ਨਿੱਤ ਫ਼ਸਲਾਂ ਕੁਚਲ ਕੇ
ਵਧਦੀ ਇੰਡਸਟਰੀ ਦੇ ਮੁਕਾਬਲੇ
ਦਿਨੋ-ਦਿਨ ਕੁੱਬੀ ਹੁੰਦੀ
ਕਿਸਾਨੀ ਦਾ ਕੱਦ
ਅਸੀ ਤਾਂ ਟੋਹਲਦੇ ਹਾਂ
ਇੱਕ ਹੱਸਦੇ ਕਿਸਾਨ ਦੀਆਂ
ਮੰਡੀ ਚ ? , ਤੀਲਾ ਤੀਲਾ
ਹੋ ਬਿੱਖਰੀਆਂ ਸਧਰਾਂ ਨੂੰ

ਅਸੀਂ ਉਹਨਾਂ ਚੋਂ ਨਹੀਂ
ਜਿੰਨਾਂ ਨੇ ਹੈ ਮਾਣੀਂ
ਮਹਿਬੂਬ ਦੀਆਂ ਜੁਲਫ਼ਾਂ ਦੀ ਛਾਂ
ਸਾਡੇ ਤਾਂ ਸਾੜ ਛੱਡੇ ਨੇਂ ਪਿੰਡੇ
ਜੇਠ ਹਾੜ ਦੀਆਂ
ਤਪਦੀਆਂ ਦੁਪਹਿਰਾਂ ਨੇ
ਤੇ ਨੇ ਕਰ ਸੁੱਟੇ ਨੇਂ
ਮਾਲਵੇ ਦੇ ਟਿੱਬਿਆਂ ਦੀ
ਰੇਤ ਜਿਹੇ ਵੀ, ਰੋਹੀ ਦੀਆਂ
ਕਿੱਕਰਾਂ ਵਰਗੇ....

ਨਹੀਂ ਹੈ ਸਾਡੀ ਕੋਈ ਰੀਝ
ਬਾਹਲੀਆਂ ਉਚਾਈਆਂ ਛੂਹਣ ਦੀ
ਅਸੀਂ ਤਾਂ ਇਹੀ ਮੰਗਦੇ ਹਾਂ
ਕਦੇ ਵਿੱਸਰੇ ਨਾਂ ਤੇਰਾ ਨਾਂ
ਤੇ ਹਰ ਹਾਲਤ ਚ ? ਰਹਿਣ
ਸਾਡੇ ਪੈਰ ਧਰਤੀ ਤੇ
ਕੋਈ ਲੋੜ ਨਹੀਂ ਸਾਨੂੰ
ਉੱਚੀਆਂ ਇਮਾਰਤਾਂ ਚ ? ਵੱਸਣ ਦੀ
ਸਾਨੂੰ ਤਾਂ ਸਾਡਾ ਖੇਤ ਵਾਲਾ
ਸੱਤ ਫ਼ੁੱਟ ਉੱਚਾ ਮਣਾਂ ਹੀ ਕਰਵਾਉਂਦਾ ਏ
"ਸੱਤਵੇ ਆਸਮਾਨ" ਦਾ ਅਹਿਸਾਸ
ਜਦ ਓਸ ਮਣੇ ਤੇ ਚੜਕੇ
ਮਾਰਦੇ ਹਾਂ ਨਜ਼ਰ ਆਪਣੀ
ਸਲਤਨਤ ਵੱਲ ਨੂੰ , ਤਾਂ
ਹਕੀਕਤ ਵਿੱਚ ਬਹੁਤ
ਛੋਟੀਆਂ ਨਜ਼ਰ ਆਉਂਦੀਆਂ ਨੇ
ਉਹ ਉੱਚੀਆਂ ਇਮਾਰਤਾਂ..

ਸਾਡੀਆਂ ਤਾ ਹੱਥਾਂ ਦੀਆਂ ਲਕੀਰਾਂ
ਤੱਕ ਮੇਟ ਛੱਡੀਆਂ ਨੇ
ਰੇਹਾ-ਸਪਰੇਹਾਂ ਨੇ
ਏਸੇ ਲਈ ਸਾਨੂੰ ਨਹੀਂ
ਵਿਸ਼ਵਾਸ਼ ਇਹਨਾਂ ਟੋਟਕਿਆਂ ਤੇ
ਕਿਉਂਕਿ ਮਿਹਨਤਕਸ਼ ਕਿਰਸਾਨ
ਆਪਣੇ ਹੱਥੀਂ ਲਿਖਦੇ ਨੇ
ਆਪਣੀਂ ਕਿਸਮਤ
ਤੇ ਹਿੱਕ ਚੀਰ ਕੇ ਧਰਤੀ ਦੀ
ਕਰਦੇ ਨੇ ਆਪਣੀਂ ਕਿਸਮਤ
ਦਾ ਰਾਹ ਪੱਧਰਾ....

ਸਾਡੀ ਫ਼ਿਤਰਤ ਚ ? ਨਹੀਂ
ਮਾਯੂਸ ਹੋ ਕੇ ਰੁਕ ਜਾਣਾਂ
ਹੱਥ ਤੇ ਹੱਥ ਧਰ ਬੈਠ ਜਾਣਾਂ
ਸਾਡਾ ਤਾਂ ਨਿੱਤਨੇਮ ਹੈ
ਹਨੇਰਿਆਂ ਨੂੰ ਚੀਰਦਿਆਂ
ਭਵਿੱਖ ਨੂੰ ਰੁਸ਼ਨਾਉਣਾਂ
ਸਾਰੀ ਦੁਨੀਆਂ ਨੂੰ ਅੰਨ ਵਰਤਾ ਕੇ
ਖੁਦ ਭੁੱਖਾ ਸੌਂ ਜਾਣਾਂ
ਖਿੜੇ ਚਿਹਰੇ ਨਾਲ , ਮੰਡੀ
ਫ਼ਸਲ ਲੈ ਕੇ ਜਾਣਾਂ , ਤੇ
ਨਿੰਮੋਝੂਣਾਂ ਹੋ ਵਾਪਸ ਆਉਣਾਂ
ਬਥੇਰੀਆਂ ਹੀ ਅਟਕਲਾਂ ਦੇ
ਬਾਵਜੂਦ ਨਿਰੰਤਰ ਚਲਦੇ ਰਹਿਣਾਂ

ਕਿਉਂਕਿ ਅਸੀਂ ਕਿਰਸਾਨ ਹਾਂ
ਅਸੀਂ ਅੰਨਦਾਤੇ ਹਾਂ
ਕਦੇ ਥੰਮ ਨਹੀ ਸਕਦਾ
ਸਾਡਾ ਇਹ ਸਫ਼ਰ
ਕਿਉਂਕਿ ਇਹ ਕੰਮ ਤਾਂ ਸਾਨੂੰ
ਬਾਬੇ ਨਾਨਕ ਨੇ ਜਿੰਮੇਂ
ਲਾਇਆ ਹੈ........

- **ਨਿਮਰਬੀਰ ਸਿੰਘ**

## ਦੋਸ਼ ਧਰਦੇ ਨੇ

ਮੇਰੇ ਗੀਤਾਂ ਦੇ ਬੋਲਾਂ ਤੇ ਉਹ ਯਾਰੋ! ਦੋਸ਼ ਧਰਦੇ ਨੇ।
ਉਹ ਕਹਿੰਦੇ ਗੀਤ ਕਿਉਂ ਤੇਰੇ, ਲੋਕਾਂ ਦੀ ਗੱਲ ਕਰਦੇ ਨੇ?
ਆਜ਼ਾਦੀ ਇਹ ਤਾਂ ਨਹੀਂ ਤੈਨੂੰ! ਜੋ ਮਰਜ਼ੀ ਲਿਖਦਾ ਜਾਏ ਤੂੰ।
ਆਜ਼ਾਦੀ ਏ, ਬਹਾਰਾਂ ਦੇ ਹਮੇਸ਼ਾਂ ਗੀਤ ਗਾਵੇ ਤੂੰ।
ਹਰਦਮ ਗੀਤ ਕਿਉਂ ਤੇਰੇ! ਹੱਕਾਂ ਦੀ ਹਾਮੀ ਭਰਦੇ ਨੇ?
ਉਹ ਕਹਿੰਦੇ ਗੀਤ.....

ਇਨ੍ਹਾਂ ਦੇ ਬੋਲ ਸੁਣ ਕੇ ਤੇ, ਮਹਿਲਾਂ ਦਾ ਏ ਦਿਲ ਰੋਇਆ।
ਕਰੇਂ ਜੋ ਗੱਲ ਭੁੱਖਿਆਂ ਦੀ, ਭਲਾ ਦੱਸ ਸਾਹਿਤ ਕੀ ਹੋਇਆ?
ਕਰੇਂ ਤੂੰ ਗੱਲ ਕੁਲੀਆਂ ਦੀ, ਕਦੋਂ ਇਹ ਮਹਿਲ ਜਰਦੇ ਨੇ।
ਉਹ ਕਹਿੰਦੇ ਗੀਤ.....

ਇਨ੍ਹਾਂ ਦੇ ਬੋਲ ਮਹਿਲਾਂ ਦੇ, ਤਾਜਾਂ ਨੂੰ ਹੱਥ ਪਾਉਂਦੇ ਕਿਉਂ?
ਬਗ਼ਾਵਤ ਦੇ ਇਸ਼ਾਰੇ ਵੀ ਇਨ੍ਹਾਂ 'ਚੋਂ ਨਜ਼ਰ ਆਉਂਦੇ ਕਿਉਂ?
ਇਹੋ ਹੀ ਦੋਸ਼ ਹੈ ਮੇਰਾ, ਜਿਨ੍ਹਾਂ ਤੋਂ ਉਹ ਪਏ ਡਰਦੇ ਨੇ।
ਉਹ ਕਹਿੰਦੇ ਗੀਤ...

ਸੱਚਾਈ ਇਸ਼ਕ ਹੈ ਸਾਡਾ, ਜ਼ੁਲਮ ਤੁਹਾਡੀ ਰਵਾਇਤ ਹੈ।
(ਤਾਂ) ਸਮਝੋ ਮੈਂ ਵੀ ਬਾਗੀ ਹਾਂ! ਜੇ ਸੱਚ ਕਹਿਣਾ ਬਗਾਵਤ ਹੈ।
ਮਨੁੱਖਤਾ ਲਈ ਜੋ ਜਿਉਂਦੇ ਨੇ, ਮਨੁੱਖਤਾ ਲਈ ਹੀ ਮਰਦੇ ਨੇ।
ਉਹ ਕਹਿੰਦੇ ਗੀਤ....

– ਜੈਮਲ ਪੱਡਾ

• • •

## ਊਧਮ ਵੀ ਜੰਮਦੇ ਰਹਿਣਗੇ!

ਮੂਹਰੇ ਖੜ੍ਹ ਅਡਵਾਇਰ ਦੇ ਕਿਹਾ ਊਧਮ ਸਿੰਘ ਵੰਗਾਰ ਕੇ।
ਕੀ ਤੂੰ ਹੀ ਅਡਵਾਇਰ ਏਂ? ਇਹ ਪੁੱਛਿਆ ਲਲਕਾਰ ਕੇ।

ਨਿਰਦੋਸ਼ ਰੱਤ ਸੰਗ ਸਿੰਜਿਆ, ਤੂੰ ਜਲ੍ਹਿਆਂ ਵਾਲਾ ਬਾਗ ਸੀ।
ਭੁੰਨ ਦਿੱਤੇ ਗੋਲੀਆਂ ਸੰਗ, ਸੈਂਕੜੇ ਹੀ ਤੂੰ ਸੁਹਾਗ ਸੀ,
ਅੰਨ੍ਹੇ ਵਾਹ ਕਤਲੇਆਮ ਤੂੰ, ਕੀਤੀ ਸੀ ਦਿਲ ਵਿਚ ਧਾਰ ਕੇ।
ਕੀ ਤੂੰ ਹੀ ਅਡਵਾਇਰ ਏਂ?....

ਪੈਗ਼ਾਮ ਤੇਰੀ ਮੌਤ ਦਾ, ਆਇਆ ਮੈਂ ਲੈ ਕੇ ਹਿੰਦ 'ਚੋਂ,
ਮੁੱਕੀ ਨਾ ਹਾਲੇ ਵੈਰੀਆ, ਹੈ ਅਣਖ ਸਾਡੀ ਜਿੰਦ 'ਚੋਂ
ਤੂੰ ਸਮਝਿਆ ਸੀ ਬੈਠ ਗਏ ਨੇ, ਹਿੰਦੀ ਹਿੰਮਤ ਹਾਰ ਕੇ।
ਕੀ ਤੂੰ ਹੀ ਅਡਵਾਇਰ ਏਂ?

ਆਇਆ ਸਾਂ ਖਾ ਕੇ ਸਹੁੰ ਮੈਂ, ਕਰਨੇ ਲਈ ਤੇਰਾ ਖ਼ਾਤਮਾ।
ਅੱਜ ਹੋ ਜਾਏਗੀ ਸ਼ਾਂਤ ਏ, ਮੇਰੇ ਵਤਨ ਦੀ ਆਤਮਾ।
ਇੰਨੇ ਨੂੰ ਕੀਤਾ ਚਿੱਤ ਸੀ, ਸੀਨੇ 'ਚ ਗੋਲੀ ਮਾਰ ਕੇ।
ਕੀ ਤੂੰ ਹੀ ਅਡਵਾਇਰ ਏਂ?......

ਜਿੰਨਾ ਚਿਰ ਅਡਵਾਇਰ ਨੇ, ਊਧਮ ਵੀ ਜੰਮਦੇ ਰਹਿਣਗੇ।
ਬਦਲਾ ਬੇਦੋਸ਼ੇ ਖ਼ੂਨ ਦਾ, ਇਹ ਖ਼ੂਨ ਵਿਚ ਹੀ ਲੈਣਗੇ।
ਰਹਿਣਗੇ ਛੱਟ ਜ਼ੁਲਮ ਦੀ ਇਹ ਸਿਰ ਤੋਂ ਉਤਾਰ ਕੇ।
ਕੀ ਤੂੰ ਹੀ ਅਡਵਾਇਰ ਏਂ?....

- **ਜੈਮਲ ਪੱਡਾ**

## ਹੱਦਾਂ ਸਰਹੱਦਾਂ

ਦੋਨੋਂ ਹੀ ਪੰਜਾਬ ਇਕ ਸੀ, ਖਿੜਿਆ ਫੁੱਲ ਗੁਲਾਬ ਇਕ ਸੀ।
ਹਰ ਦੁੱਖ ਸੁੱਖ ਦੀ ਸਾਂਝ ਸੀ ਸਾਡੀ, ਸਤਲੁਜ ਅਤੇ ਝਨਾਬ ਇਕ ਸੀ।
ਸੁਣੀ ਕਹਾਣੀ ਦਾਦੀ ਤੋਂ ਮੈਂ, ਹੁੱਬਕੀਂ-ਹੁੱਬਕੀਂ ਰੋਈ।
ਵੱਟ ਪਾ'ਤੀ ਵੈਰੀਆਂ ਨੇ, ਸਾਡੇ ਦਿਲ ਵਿਚ ਵੱਟ ਨਾ ਕੋਈ।

ਤੱਕੀਏ ਕਬਰਾਂ ਹੀਰ ਦੀਆਂ, ਸਾਡੀ ਤਾਂਘ ਦਿਲਾਂ ਵਿਚ ਰਹਿੰਦੀ।
ਪਰ ਖੇਤੀਂ ਜਾਣ ਲਈ ਹੁਣ ਤਾਂ ਲੋੜ ਵੀਜ਼ੇ ਦੀ ਪੈਂਦੀ।
ਦੱਬ ਦਿੱਤੀ ਬਰੂਦਾਂ ਨੇ, ਵਾਰਿਸ, ਬੁੱਲ੍ਹੇ ਦੀ ਖ਼ੁਸ਼ਬੋਈ।
ਵੱਟ ਪਾਤੀ ਜ਼ਾਲਮਾਂ ਨੇ....

ਰੰਗ ਵੱਟ ਗਿਆ ਨੋਟਾਂ ਦਾ, ਸਾਰਾ ਉਲਝ ਗਿਆ ਨੀ ਤਾਣਾ।
ਸਾਥੋਂ ਵੱਖ ਕਰ ਦਿੱਤੇ, ਗੁਰੂ ਘਰ ਪੰਜਾ ਸਾਹਿਬ ਨਨਕਾਣਾ।
ਚਿੱਤ ਕਰਦੈ ਦਰਸ਼ਨਾਂ ਨੂੰ, ਫਿਰਦੀ ਹਿਰਦੇ ਵਿਚ ਸਮੋਈ।
ਵੱਟ ਪਾਤੀ ਜ਼ਾਲਮਾਂ ਨੇ...

ਸੀ ਸੰਨ ਸੰਤਾਲੀ ਨੂੰ ਰੋ-ਰੋ ਕੇ ਵਿਛੜੀਆਂ ਜੋ ਧੀਆਂ।
ਕਦ ਕੱਠੀਆਂ ਹੋ ਭੈਣਾਂ, ਮੁੜਕੇ ਫੇਰ ਲਾਉਣਗੀਆਂ ਤੀਆਂ।
ਦੁੱਖ ਬੁਰਾ ਵਿਛੋੜੇ ਦਾ, ਝੱਲਦਾ ਜੋ ਜਾਣਦਾ ਸੋਈ।
ਵੱਟ ਪਾਤੀ ਜ਼ਾਲਮਾਂ ਨੇ....

ਧਰਤੀ ਦੇ ਪਿੰਡੇ ਤੋਂ 'ਹਾਕਮਾਂ' ਦੇਈਏ ਮੇਟ ਲਕੀਰਾਂ।
ਆ ਗਲ਼ ਵਿਚ ਮੀਤੋ ਦੇ, ਬਾਹਾਂ ਪਾ ਲੇ ਫੇਰ ਬਸ਼ੀਰਾਂ।
ਮਾਂ ਧਰਤੀਏ ਜੰਮੀ ਨਾ, ਮੁੜਕੇ ਐਸੇ ਦੇਸ ਧਰੋਹੀ
ਵੱਟ ਪਾਤੀ ਜ਼ਾਲਮਾਂ ਨੇ....

- **ਹਾਕਮ ਰੂੜੇਕੇ**

## ਲੈ ਮਸ਼ਾਲ ਕੋਈ ਤੁਰਦੈ ਹਾਲੇ

ਹੁੰਦੇ ਪਏ ਨੇ ਨਿੱਤ ਘੁਟਾਲੇ।
ਨ੍ਹੇਰ ਨੇ ਖਾਧੇ ਵੇਖ ਉਜਾਲੇ।
ਟੁੱਟੇ ਘਰਾਂ 'ਚ ਵੱਸਣ ਲੋਕ,
ਜਿੰਦਾਂ ਨੂੰ ਕੋਈ ਕਿੱਦਾਂ ਪਾਲੇ।
ਓਝੜ ਰਾਹ ਤੇ ਬਿੱਖੜੇ ਪੈਂਡੇ,
ਹੱਥੀਂ ਅੱਟਣ ਤੇ ਪੈਰੀਂ ਛਾਲੇ।
ਕੁੱਟ-ਕੁੱਟ ਪੱਥਰ ਪੱਥਰ ਹੋਏ,
ਨਰਮ ਸੋਹਲ ਦਿਲ ਜ਼ੇਰੇ ਵਾਲੇ।
ਕਾਲੀਆਂ ਰਾਤਾਂ ਦੇ ਅੰਦਰ ਹੀ,
ਹੁੰਦੇ ਨੇ ਸਭ ਘਾਲੇ ਮਾਲੇ।
ਮਨ ਦੀ ਗੱਲ ਕੋਈ ਕਿੱਦਾਂ ਆਖੂ,
ਹੋਠਾਂ ਤੇ ਲੱਗੇ ਨੇ ਤਾਲੇ।
ਹੱਥਾਂ ਵਿਚੋਂ ਛੁਟਕ ਗਏ ਨੇ,
ਵੇਖੋ! ਕਹੀਆਂ ਤੇਸੇ ਭਾਲੇ।
ਕਲਮਾਂ ਵਾਲਿਓ ਹੁਣ ਤਾਂ ਜਾਗੋ,
ਵੇਖ! ਲਏ ਤੁਸਾਂ ਸਭ ਦੇ ਚਾਲੇ।
ਗੀਤਾਂ ਵਿਚ ਲੋਕ-ਦਰਦ ਸਮੋਵੋ,
ਲੋਕ ਪੀੜ ਦੇ ਗਾਓ ਨਾਲੇ।
'ਸਿੱਧੂਆ' ਵੇਖ ਅਜੇ ਵੀ ਏਥੇ,
ਲੈ ਮਸ਼ਾਲ ਕੋਈ ਤੁਰਦੈ ਹਾਲੇ।

- **ਸੁਖਚਰਨ ਸਿੰਘ ਸਿੱਧੂ**

## ਪਿੰਡ ਦੀ ਯਾਦ

ਪਹਿਲਾਂ ਵਰਗਾ ਪਿੰਡ ਰਿਹਾ ਨਾ
ਤੇ ਨਾ ਹੀ ਪਿੰਡ ਵਾਲੇ
ਯਾਦਾਂ ਪਈਆਂ ਵਿਲਕਣ
ਦਿਲ ਦੇ ਕਿਸੇ ਹਨੇਰੇ ਆਲੇ।

ਇਕ ਯਾਦ ਮੇਰੇ ਪਿੰਡ ਦੇ ਬੋਹੜ
ਪਿੱਪਲ ਠੰਡੀਆਂ ਛਾਵਾਂ
ਬੇਰਾਂ ਲੱਦੀਆਂ ਬੇਰੀਆਂ ਸਾਨੂੰ
ਜਾਪਦੀਆਂ ਸਨ ਮਾਵਾਂ
ਪਿੰਡ ਜਾਵਾਂ ਹੁਣ ਓਹਨਾਂ ਵਿਚੋਂ
ਰੁੱਖ ਨਾ ਕੋਈ ਥਿਆਵੇ
ਪਰ ਹਾਂ ਇਕ ਬੇਰੀ ਦੀ ਥਾਂ 'ਤੇ
ਇਕ ਠੇਕਾ ਨਜ਼ਰੀਂ ਆਵੇ
ਤਾਏ ਚਾਚੇ ਵੀਰ ਭਤੀਜੇ
ਬਹਿਣ ਜਿਥੇ ਬੰਨ੍ਹ ਢਾਣੀ
ਦਾਰੂ ਨੇ ਸੂਹੇ ਬੇਰਾਂ ਦੀ
ਕੀਤੀ ਖਤਮ ਕਹਾਣੀ

ਨਸ਼ਿਆਂ ਨੇ ਹੁਣ ਟੱਪ ਦਹਿਲਜ਼ਾਂ
ਵਿਹੜੇ ਸਿਵੇ ਬਣਾਏ
ਧੀ ਭੈਣ ਦਾ ਸਿਰ ਪਲੋਸਣ
ਨਾ ਕਿਸੇ ਤੋਂ ਉਠਿਆ ਜਾਂਦਾ
ਨਾ ਕੋਈ ਉਠਣਾ ਚਾਹੇ
ਫਿਰ ਵੀ ਮੇਰੇ ਪਿੰਡ ਦੀ ਮਿੱਟੀ
ਵਾਜਾਂ ਮਾਰੀ ਜਾਵੇ
ਮੈਂ ਓਧਰ ਨੂੰ ਤੁਰ ਪੈਂਦੀ ਹਾਂ
ਛੱਡ ਕੰਮ ਹਥਲੇ ਸਾਰੇ

ਇਹ ਮੇਰੀ ਮਿੱਟੀ ਦਾ ਮੋਹ ਹੈ
ਇਹ ਮਿੱਟੀ ਦੇ ਮੋਹ ਦੀ ਲੋਅ ਹੈ।

- **ਸੁਰਿੰਦਰ ਗੀਤ**

## ਗਾਥਾ ਪਾਣੀ ਦੀ

ਪੰਜ ਆਬਾਂ ਦੀ ਧਰਤੀ ਉੱਤੇ,
ਚੱਲ ਪਈ ਉਲਟ ਕਹਾਣੀ।
ਪਾਣੀ ਦਿਆਂ ਸੋਮਿਆਂ ਨੂੰ,
ਲੱਗੀ ਲੁੱਟਣ ਸਾਮਰਾਜੀ ਢਾਣੀ।
ਠੱਗ ਰਹੀਆਂ ਕੰਪਨੀਆਂ,
ਵਿਚ ਬੋਤਲਾਂ ਵਿਕੇਂਦਾ ਪਾਣੀ।
ਧਰਤੀ ਮਾਂ ਧਾਹਾਂ ਮਾਰਦੀ,
ਕੁੱਖੋਂ ਮੁੱਕਦਾ ਜਾ ਰਿਹਾ ਪਾਣੀ।
ਬੰਜਰ ਜ਼ਮੀਨਾਂ ਹੋਣੀਆਂ,
ਪੈ ਜੂ ਖ਼ਤਰੇ 'ਚ ਜੀਵਨ ਕਹਾਣੀ।
ਮਿੱਲਾਂ ਵਾਲੇ ਗੰਦ ਘੋਲਦੇ,
ਕੁੱਲ ਦੂਸ਼ਿਤ ਕਰਤੇ ਪਾਣੀ।
ਘਰੋ-ਘਰੀਂ ਘੇਰੇ ਰੋਗ ਨੇ,
ਬਣੇ ਗੱਭਰੂ ਮੌਤ ਦੇ ਹਾਣੀ।
ਹਕੂਮਤਾਂ ਦਲਾਲ ਹੋ ਗਈਆਂ,
ਕੁੱਤੀ ਬਣਗੀ ਚੋਰ ਦੀ ਰਾਣੀ।
ਜਾਗੋ ਉੱਠੋ ਸੁਤਿਓ ਓਏ,
ਲਿਆਓ ਰਾਜ ਜੋ ਕਿਰਤ ਦਾ ਹਾਣੀ।
ਲੋਟੂਆਂ ਨੂੰ ਹੂੰਝ ਦਿਓ,
ਜੇ ਦੇਸ਼ ਦਾ ਬਚਾਉਣਾ ਪਾਣੀ।
ਲੋਟੂਆਂ ਨੂੰ....

- **ਜਸਦੇਵ ਲਲਤੋਂ**

## ਵਿਦੇਸ਼ ਨੂੰ ਖਤ

ਮੁੱਦਤਾਂ ਤੋਂ ਦੂਰ ਗਏ, ਯਾਰ ਪ੍ਰਦੇਸੀਆ ਵੇ,
ਆ ਕੇ ਵੇਖ ਵਤਨਾਂ ਦਾ ਹਾਲ।
ਕਿਵੇਂ ਸਾਡੇ ਪਿੰਡ ਦਾ ਏ ਪਿੰਡਾ ਪ੍ਰਚਾਡਿਆ ਵੇ,
ਚੀਤਿਆਂ ਨੇ ਪਾਂਚਿਆਂ ਦੇ ਨਾਲ।

ਕੇਹਰੂ ਰਮਦਾਸੀਆ ਵੇ, ਮਰ ਗਿਆ ਬੁਖਾਰ ਨਾਲ,
ਦਵਾਈ ਲਈ ਤਰਸਦਾ ਰਿਹਾ।
ਲੋਕੋ ਸਾਡੀ ਕੁੱਤਿਆਂ ਤੋਂ ਮਾੜੀ ਹੋ 'ਗੀ ਜੂਨ
ਉਹ ਸਾਰੀ ਰਾਤ ਬਹਿਕਦਾ ਰਿਹਾ।
ਸਿਹਤ ਦੇ ਮੰਤਰੀ ਦਾ ਅੱਜ ਦਾ ਬਿਆਨ,
'ਦੇਸ਼ 'ਚ ਦਵਾਈਆਂ ਦੇ ਭੰਡਾਰ।'

ਤੁਲ ਜਾਏ ਜਿਨਸ ਜਦ, ਕੌਡੀਆਂ ਦੇ ਭਾਅ,
'ਗਾਮਾ' ਬੋਹਲ ਜਿੱਡਾ ਹੌਕਾ ਵੇ ਭਾਰੇ।
ਜਿਵੇਂ ਕੋਈ ਵਿਧਵਾ ਵੇ, ਕੱਲੇ ਇਕਹਿਰੇ ਪੁੱਤਰ ਨੂੰ,
ਫੌਜ ਵਿਚ ਭਰਤੀ ਕਰੇ।
ਜਾਂ ਫਿਰ ਵਿਦੇਸ਼ ਜਾਂਦਾ, ਬੇਰੁਜ਼ਗਾਰ ਕੋਈ,
ਜਹਾਜ਼ ਵਿਚੋਂ ਤੱਕੀ ਜਾਏ ਬਾਹਰ.....।

ਵੱਡਾ ਸਾਰਾ ਟਰੈਕਟਰ ਵੇ, ਵੱਡੇ ਲਾਣੇ ਵਾਲਿਆਂ ਦਾ,
ਖਾ ਗਿਆ ਏ ਅੱਧੀ ਤਾਂ ਜ਼ਮੀਨ।
ਬਾਕੀ ਰਹਿੰਦੀ ਲੋਕ ਕਹਿੰਦੇ, ਮਾਰਗੇਜ਼ ਵਾਲਿਆਂ ਨੇ,
ਥੋੜ੍ਹੇ ਸਮੇਂ ਤਾਈ ਲੈਣੀ ਛੀਨ।
ਉਨ੍ਹਾਂ ਦੇ ਦਰਵਾਜ਼ੇ ਉਤੇ, ਮੋਰਨੀਆਂ ਦੀ ਡਾਰ ਸੀ ਜੋ,
ਉੱਡਗੀ ਤਕਾਵੀਆਂ ਦੇ ਨਾਲ....।

ਤੂੰ ਕੋਈ ਕੋਲੰਬਸ ਨਾ ਕਿ, ਗਿਆ ਹੋਵੇ ਖੋਜ ਕਰਨ,
ਤੂੰ ਵੀ ਗਿਐਂ ਰੋਟੀ ਦਾ ਹੀ ਮਾਰਿਆ।
ਧਰਤੀ ਹੈ ਗੋਲ ਜਿੰਨੀ, ਰੋਟੀ ਵੀ ਹੈ ਗੋਲ ਇੰਨੀ,
ਤਾਂ ਹੀ ਤੈਨੂੰ ਇਹ ਖਤ ਡਾਰਿਆ।
ਧਰਤੀ ਤੇ ਰੋਟੀ ਅੱਜ ਦੋਵੇਂ ਮੰਗ ਕਰਦੇ ਨੇ,
ਖ਼ੂਨੀ ਦੈਂਤਾਂ ਦੀ ਵੀ ਲਈਏ ਸਾਰ।
ਮੁੱਦਤਾਂ ਤੋਂ ਦੂਰ ਗਏ....।

- **ਮਿੰਦਰਪਾਲ ਭੱਠਲ**

## ਕਿਉਂ ਰੱਖੀ ਭਾਣੇ ਸੰਗ ਡੋਰੀ

ਕਿਉਂ ਰੱਖੀ ਭਾਣੇ ਸੰਗ ਡੋਰੀ, ਤੇ ਢਾਹਕੇ ਬਹਿ ਗਿਐ ਢੇਰੀ ਉਏ!
ਕੰਮ ਹੀ ਤੇਰਾ ਕਰਮ ਤੇ ਕੰਮ ਹੀ ਕਿਸਮਤ ਤੇਰੀ ਉਏ!

ਨਰਕ ਸੁਰਗ ਹੈ ਇਥੇ, ਵੇਖਿਆ ਕਿਸੇ ਨੇ ਅੱਗੇ ਨਹੀਂ।
ਜੋ ਸਮਝ ਨੇ ਜਾਂਦੇ, ਜਾਂਦੇ ਕਦੇ ਵੀ ਠੱਗੇ ਨਹੀਂ।
ਮਜ਼੍ਹਬਾਂ ਦੇ ਠੇਕੇਦਾਰਾਂ ਦੀ ਇਹ ਹੇਰਾਫੇਰੀ ਉਏ!
ਕੰਮ ਹੀ ਤੇਰਾ....

ਤੇਰੇ ਨਾਲੋਂ ਵੱਧ ਨਾ ਜਾਣੇ, ਤੇਰੀ ਕੋਈ ਵਿਥਿਆ
ਹੱਥਾਂ ਦੀਆਂ ਲਕੀਰਾਂ ਉਤੇ, ਕੁਝ ਵੀ ਨਹੀਂ ਲਿਖਿਆ।
ਪਾਈ ਪਾਖੰਡੀਆਂ ਲੋਕਾਂ ਨੇ ਹੈ ਘੁੰਮਣਘੇਰੀ ਉਏ!
ਕੰਮ ਹੀ ਤੇਰਾ....

ਤੂੰ ਚੌਂਕੀ ਉਹਨਾਂ ਦੀ ਭਰਦੈਂ, ਤੇਰਾ ਭਾਗ ਨੇ ਖਾਂਦੇ ਜੋ।
ਦਿਨ ਰਾਤ ਹੈ ਵੀਰਾ, ਤੈਨੂੰ ਲੁੱਟੀ ਜਾਂਦੇ ਜੋ।
ਨਾ ਮਿਹਨਤ ਦਾ ਮੁੱਲ ਮਿਲਦਾ ਕਰਦੈਂ ਕਿਰਤ ਬਥੇਰੀ ਉਏ।
ਕੰਮ ਹੀ ਤੇਰਾ...

ਕੰਮ ਕਰਦਿਆਂ ਘਸ ਗਏ ਪੋਟੇ, ਪਤਾ ਹੈ ਸਭ ਨੂੰ ਉਏ!
ਕੱਲਾ ਹੀ ਮਾਰੇਂ ਕਿਲਕਾਰੀ, ਦੋਸ਼ ਤੂੰ ਦਿੰਨੈ ਰੱਬ ਨੂੰ ਉਏ!
ਕੱਠਿਆਂ ਦੀ ਵੱਜਜੇ ਹੂਕ ਤਾਂ ਮਿਟ ਜੇ ਰਾਤ ਅੰਧੇਰੀ ਉਏ!
ਕੰਮ ਹੀ ਤੇਰਾ....

ਹੱਕ ਨਾ 'ਹਾਕਮਾਂ' ਮਿਲਦੇ, ਹੱਕ ਹਥਿਆਉਣੇ ਪੈਂਦੇ ਨੇ
ਕੰਮ ਸਵੱਲੇ ਕਰਕੇ ਕਰਮ, ਬਣਾਉਣੇ ਪੈਂਦੇ ਨੇ।
ਸੁੱਤੀ ਕਿਸਮਤ ਜਾਗੇ, ਕਰਕੇ ਵੇਖ ਦਲੇਰੀ ਉਏ।
ਕੰਮ ਹੀ ਤੇਰਾ...

- **ਹਾਕਮ ਰੂੜੇਕੇ**

## ਮਿੰਨੀ ਕਹਾਣੀਆਂ

### ਕਾਗਜ਼ੀ ਸ਼ੇਰ

ਨਵੀਂ ਬਣੀ ਸੰਸਥਾ ਦੇ ਪਹਿਲੇ ਸਮਾਗਮ ਵਿਚ ਪ੍ਰਧਾਨ ਜੀ ਨੇ ਭਾਸ਼ਣ ਦਿੰਦਿਆਂ ਕਿਹਾ, "ਰਿਸ਼ਵਤਖੋਰੀ ਸਾਡੇ ਸਮਾਜ ਨੂੰ ਘੁਣ ਵਾਂਗ ਚਟਮ ਕਰ ਰਹੀ ਹੈ, ਜ਼ਿੰਦਗੀ ਦੇ ਹਰ ਮੋੜ 'ਤੇ ਇਸ ਨਾਲ ਵਾਸਤਾ ਪੈਂਦਾ ਹੈ, ਆਮ ਆਦਮੀ ਦਾ ਜਿਉਣਾ ਦੁੱਭਰ ਹੋ ਚੁੱਕਿਆ ਹੈ। ਕਿਤੇ ਵੀ ਕਿਸੇ ਵੀ ਮਹਿਕਮੇ 'ਚ ਕਿਸੇ ਕੋਲ ਚਲੇ ਜਾਓ, ਭ੍ਰਿਸ਼ਟਾਚਾਰ ਸਾਡਾ ਸੁਆਗਤ ਕਰਦਾ ਹੈ। ਸਮਾਜ ਪ੍ਰਤੀ ਆਪਣਾ ਫਰਜ਼ ਸਮਝਦਿਆਂ ਅਸੀਂ ਬੁੱਧੀਜੀਵੀਆਂ ਨੇ ਰਲ ਕੇ ਇਹ ਸੰਸਥਾ ਬਣਾਈ ਹੈ।" ਤੇ ਪ੍ਰਧਾਨ ਜੀ ਨੇ ਸੰਸਥਾ ਦੇ ਉਦੇਸ਼ਾਂ ਨੂੰ ਦੱਸਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ, "ਅਸੀਂ ਸਾਡੇ ਸਮਰਪਿਤ ਮੈਂਬਰਾਂ ਦੀਆਂ ਔਡ ਔਡ ਥਾਵਾਂ 'ਤੇ ਡਿਊਟੀਆਂ ਲਗਾ ਦਿੱਤੀਆਂ ਹਨ। ਰਿਸ਼ਵਤਖੋਰ ਅਫ਼ਸਰਾਂ ਅਤੇ ਕਰਮਚਾਰੀਆਂ ਨੂੰ ਕਿਸੇ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।"

ਇਸੇ ਸਭਾ ਦੇ ਸੀਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਤਿੰਨ ਕੁ ਐਕਜੈਕਟਿਵ ਦੇ ਮੈਂਬਰਾਂ ਨੇ ਬੇਈਮਾਨੀ ਵਿਰੁੱਧ ਧੂੰਆਂਧਾਰ ਭਾਸ਼ਣ ਦਿੱਤਾ। ਲੋਕਾਂ ਨੂੰ ਲੱਗਣ ਲੱਗ ਪਿਆ ਸੀ ਕਿ ਹੁਣ ਰਾਮ-ਰਾਜ ਆਉਣ ਹੀ ਵਾਲਾ ਹੈ। ਕੁਰੱਪਸ਼ਨ ਦਾ ਨਾਮੋ-ਨਿਸ਼ਾਨ ਮਿਟ ਜਾਵੇਗਾ। ਅਖੀਰ ਵਿਚ ਸਭਾ ਦੇ ਮੈਂਬਰਾਂ ਨੇ ਜਲਦੀ-ਸ਼ਮ੍ਹਾਂ ਨੂੰ ਹਾਜ਼ਰ ਨਾਜ਼ਰ ਜਾਣਦਿਆਂ ਕਸਮ ਖਾਧੀ ਕਿ ਅਸੀਂ ਕੁਰੱਪਸ਼ਨ ਨੂੰ ਮਿਟਾਉਣ ਲਈ ਆਪਣੇ ਆਪ ਨੂੰ ਮਿਟਾ ਦਿਆਂਗੇ। ਜੰਗਲ ਦੇ ਸ਼ੇਰ ਵਰਗੀ ਦਹਾੜ ਸੁਣਕੇ ਸਰੋਤੇ ਆਸਵੰਦ ਹੋ ਗਏ ਸਨ। ਫੰਕਸ਼ਨ ਦੀ ਸਮਾਪਤੀ ਤੇ ਐਲਾਨ ਕੀਤਾ ਗਿਆ ਕਿ ਸਾਰੇ ਆਏ ਮਹਿਮਾਨਾਂ ਨੂੰ ਬੇਨਤੀ ਹੈ ਕਿ ਹੋਟਲ ਤਾਜ ਵਿਚ ਡਿਨਰ ਦਾ ਇੰਤਜ਼ਾਮ ਕੀਤਾ ਗਿਆ ਹੈ ਸਭ ਨੇ ਛਕ ਕੇ ਜਾਣਾ ਹੈ।

'ਤਾਜ' ਦਾ ਨਾਮ ਸੁਣਦਿਆਂ ਲੋਕ ਇਕ ਦੂਜੇ ਦੇ ਮੂੰਹ ਵੱਲ ਵੇਖਣ ਲੱਗੇ, 'ਬਈ ਆਹ ਤਾਂ ਬੜੀ ਵਧੀਆ ਮੌਕਾ ਮਿਲਿਆ, ਸ਼ਹਿਰ ਦੇ ਸਭ ਤੋਂ ਮਹਿੰਗੇ ਹੋਟਲ 'ਚ ਖਾਣਾ ਖਾਣ ਦਾ। ਪਰ ਇਹ ਇਨਾ ਪੈਸਾ ਕਿਥੋਂ ਲਿਆਉਣਗੇ?' ਇਹ ਸਵਾਲ ਕਈਆਂ ਦੇ ਮਨ ਵਿਚ ਉਠਿਆ।

ਕੋਈ ਝੰਝਟ ਨਹੀਂ, ਇਹ ਸਾਰਾ ਇੰਤਜ਼ਾਮ ਸ਼ਹਿਰ ਦੀ ਕਹਿੰਦੀ ਕਹਾਉਂਦੀ ਸ਼ਖ਼ਸੀਅਤ ਦੀਨਾ ਨਾਥ ਰੈਵੇਨਿਊ ਅਫ਼ਸਰ ਵਲੋਂ ਕੀਤਾ ਗਿਆ ਸੀ ਜਿਨ੍ਹਾਂ ਨੂੰ ਗਬਨ ਦੇ ਦਸ ਕੇਸ ਬਣ ਜਾਣ ਕਰਕੇ ਡਿਊਟੀ ਤੋਂ ਪਹਿਲਾਂ ਰਿਟਾਇਰਮੈਂਟ ਲੈਣੀ ਪਈ ਸੀ ਅਤੇ ਅੱਜ ਉਹ ਇਸ ਸੰਸਥਾ ਦੇ ਸਰਪ੍ਰਸਤ ਹਨ।

- ਮੰਗਤ ਕੁਲਜਿੰਦ

### ਕੁਰਬਾਨੀ

ਕਿਸ਼ਤੀ ਸਮੁੰਦਰ ਵਿਚਕਾਰ ਪਹੁੰਚ ਚੁੱਕੀ ਸੀ, ਜਿਸ ਵਿਚ ਦੋ ਅਲੱਗ-ਅਲੱਗ ਧਰਮਾਂ ਦੇ ਪ੍ਰਚਾਰਕ ਆਪਣੇ ਧਾਰਮਿਕ ਗ੍ਰੰਥਾਂ ਸਮੇਤ ਇਕ ਦੂਜੇ ਤੋਂ ਵਿਸ਼ੇਸ਼ ਦੂਰੀ ਬਣਾਈ ਬੈਠੇ ਸਨ। ਪਿਛਲੇ ਦਿਨੀਂ ਇਨ੍ਹਾਂ ਦੇ ਪ੍ਰਚਾਰ ਦਾ ਹੀ ਸਿੱਟਾ ਸੀ, ਕਿ ਦੋਹਾਂ ਫ਼ਿਰਕਿਆਂ 'ਚ ਜੰਮ ਕੇ ਦੰਗੇ ਹੋਏ ਸਨ ਤੇ ਹੁਣ ਦੋਵੇਂ ਕਿਸੇ ਹੋਰ ਜਗ੍ਹਾ ਪ੍ਰਚਾਰ ਲਈ ਜਾ ਰਹੇ ਸਨ ਤੇ ਸਬੱਬ ਵਿਚ ਬਣਿਆ ਕਿ ਦੋਵਾਂ ਨੂੰ ਇਕ ਕਿਸ਼ਤੀ ਰਾਹੀਂ ਸਮੁੰਦਰ ਪਾਰ ਕਰਨਾ ਪੈਣਾ ਸੀ, ਪਰ ਕਿਸ਼ਤੀ ਸੀ, ਕਿ ਭਾਰ ਜ਼ਿਆਦਾ ਹੋਣ ਕਾਰਨ ਡੁੱਬਦੀ ਜਾ ਰਹੀ ਸੀ। ਗਰੀਬ ਮਲਾਹ ਨੂੰ ਤਾਂ ਉਹ ਪਹਿਲਾਂ ਹੀ ਸਮੁੰਦਰ 'ਚ ਸੁੱਟ ਚੁੱਕੇ ਸਨ। ਹੁਣ ਤਾਂ ਇਕ ਦੂਸਰੇ ਵੱਲ ਨਫ਼ਰਤ ਦੀ ਨਿਗ੍ਹਾ ਨਾਲ ਦੇਖ ਛੱਡਦੇ, ਦੋਵਾਂ 'ਚੋਂ ਕਿਸੇ ਦੀ ਵੀ ਹਿੰਮਤ ਨਹੀਂ ਸੀ ਪੈ ਰਹੀ ਕਿ ਦੂਸਰੇ ਨੂੰ ਸਮੁੰਦਰ 'ਚ ਧੱਕ ਦੇਵੇ, ਧਾਰਮਿਕ ਗ੍ਰੰਥ ਨੂੰ ਉਹ ਸਮੁੰਦਰ 'ਚ ਕਿਵੇਂ ਸੁੱਟ ਦੇਣ ਇਨ੍ਹਾਂ ਲਈ ਤਾਂ ਕਿੰਨੀਆਂ ਹੀ ਜ਼ਿੰਦਗੀਆਂ ਕੁਰਬਾਨ ਕਰਕੇ ਆਏ ਸਨ। ਹੁਣ ਤਾਂ ਆਪਣੀਆਂ ਜ਼ਿੰਦਗੀਆਂ ਹੀ ਕੁਰਬਾਨ ਕਰ ਸਕਦੇ ਸਨ। ਕਿਸ਼ਤੀ ਦੇ ਉਪਰਲੇ ਕਿਨਾਰੇ ਤੱਕ ਪਾਣੀ ਪਹੁੰਚਣ 'ਚ ਥੋੜ੍ਹਾ ਹੀ ਫ਼ਰਕ ਰਹਿ ਗਿਆ। ਦੋਵਾਂ ਦੀਆਂ ਨਜ਼ਰਾਂ ਮਿਲੀਆਂ ਤੇ ਇਕ ਖਾਮੋਸ਼ ਜਿਹਾ ਸਮਝੌਤਾ ਹੋ ਗਿਆ ਤੇ ਦੋਵਾਂ ਨੇ ਆਪਣੇ ਆਪਣੇ ਧਾਰਮਿਕ ਗ੍ਰੰਥ ਸਮੁੰਦਰ 'ਚ ਸੁੱਟ ਦਿੱਤੇ। ਕਿਸ਼ਤੀ ਹੌਲੀ-ਹੌਲੀ ਉਪਰ ਆਉਣ ਲੱਗੀ।

- ਕੁਲਵਿੰਦਰ ਕੌਸ਼ਲ

• • •

### ਸਰਮਾਇਆ

ਅੱਜ ਉਹ ਕਾਫ਼ੀ ਸਾਲਾਂ ਬਾਅਦ ਪਿੰਡ ਆਇਆ ਸੀ। ਸ਼ਾਮ ਨੂੰ ਪਿੰਡ 'ਚ ਘੁੰਮਦਾ-ਘੁੰਮਾਉਂਦਾ ਉਹ ਸੱਥ 'ਚ ਚਲਾ ਗਿਆ, ਪਿੰਡ ਦੀ ਸੱਥ 'ਚ ਜਿਥੇ ਕਦੇ ਉਸ ਨੇ ਬੜੇ ਹੀ ਉੱਦਮ ਨਾਲ ਪਿੰਡ ਦੇ ਨੌਜਵਾਨ ਸ਼ਹੀਦ ਦਾ ਬੁੱਤ ਲਗਵਾਇਆ ਸੀ ਤੇ ਉਸ ਦੇ ਆਲੇ ਦੁਆਲੇ ਚਾਰਦੀਵਾਰੀ ਕਰਵਾਕੇ ਫੁੱਲ ਬੂਟੇ ਲਗਵਾਏ ਸੀ। ਪ੍ਰੰਤੂ ਉਸ ਨੂੰ ਇਹ ਦੇਖ ਬੜਾ ਧੱਕਾ ਲੱਗਾ ਕਿ ਸ਼ਹੀਦ ਦੇ ਬੁੱਤ ਤੇ ਜਾਨਵਰਾਂ ਨੇ ਬਿੱਠਾਂ ਹੀ ਬਿੱਠਾਂ ਕੀਤੀਆਂ ਹੋਈਆਂ ਸਨ ਤੇ ਚਾਰਦੀਵਾਰੀ ਅੰਦਰ ਲੰਬਾ ਲੰਬਾ ਘਾਹ ਉੱਗਿਆ ਹੋਇਆ ਸੀ। ਬਾਹਰ ਕੁਝ ਬਜ਼ੁਰਗ ਬੈਠੇ ਤਾਸ਼ ਖੇਡ ਰਹੇ ਸਨ।

"ਸਤਿ ਸ੍ਰੀ ਅਕਾਲ ਬਜ਼ੁਰਗੋ" ਉਹਨੇ ਕੋਲ ਆ ਕੇ ਕਿਹਾ।

"ਸਤਿ ਸ੍ਰੀ ਅਕਾਲ ਪੁੱਤਰਾ, ਕਦੋਂ ਆਉਣੇ ਹੋਏ?"

"ਸਵੇਰੇ ਹੀ ਆਇਆਂ ਜੀ, ਆਹ ਆਪਣੇ ਨੌਜਵਾਨ ਸ਼ਹੀਦ ਦੀ ਯਾਦਗਾਰ ਦੀ ਬੜੀ ਬੇਅਦਬੀ ਹੋਈ ਪਈ ਹੈ....।"

"ਤੈਨੂੰ ਪਤਾ ਹੀ ਹੈ ਪੁੱਤਰਾ, ਸਰਕਾਰਾਂ ਕਿਥੇ ਸੂਰਬੀਰ ਦੇਸ਼ ਭਗਤਾਂ ਦੀ ਕਦਰ ਕਰਦੀਆਂ ਨੇ। ਕੋਈ ਗਰਾਂਟ-ਗਰੁੰਟ ਆਵੇ ਇਹਨੂੰ ਬੈਠਣ ਯੋਗ ਕਰੀਏ?" ਇਕ ਬਜ਼ੁਰਗ ਨੇ ਗੱਲ ਕੱਟਦੇ ਹੋਏ ਕਿਹਾ।

"ਤਾਇਆ ਅਸੀਂ ਏਨੇ ਗਏ ਗੁਜ਼ਰੇ ਹਾਂ ਕਿ ਆਪਣੇ ਸ਼ਹੀਦਾਂ ਦੀਆਂ ਯਾਦਗਾਰਾਂ ਸੰਭਾਲਣ ਲਈ ਸਰਕਾਰਾਂ ਦਾ ਮੂੰਹ ਦੇਖੀਏ? ਅਸੀਂ ਲੋਕ ਆਏ ਸਾਲ ਯੱਗ ਕਰਵਾਉਣ ਲਈ ਲੱਖਾਂ ਰੁਪਏ ਖਰਚ ਦਿੰਦੇ ਹਾਂ ਤੇ ਇਸ ਸਾਡੇ ਸਰਮਾਏ ਦੀ ਦੇਖਭਾਲ ਲਈ ਕੁਝ ਸਮਝ ਨਹੀਂ ਦੇ ਸਕਦੇ, ਸ਼ਰਮ ਆਉਣੀ ਚਾਹੀਦੀ ਹੈ।" ਕਹਿੰਦਾ ਹੋਇਆ ਉਹ ਅਗਾਂਹ ਚਲਿਆ ਗਿਆ। ਸਾਰੀ ਰਾਤ ਉਸ ਨੂੰ ਨੀਂਦ ਨਾ ਆਈ, ਸਵੇਰ ਹੋਣ ਸਾਰ ਹੀ ਉਹ ਕਹੀ ਚੁੱਕ ਕੇ ਸੱਥ ਵੱਲ ਨੂੰ ਤੁਰ ਪਿਆ, ਪਰ ਜਦੋਂ ਉਹ ਉਥੇ ਪਹੁੰਚਿਆ, ਉਹਨੇ ਦੇਖਿਆ ਕਿ ਉਸ ਤੋਂ ਪਹਿਲਾਂ ਹੀ ਕਈ ਬਜ਼ੁਰਗ ਪਹਿਲਾ ਟੱਕ ਲਾ ਚੁੱਕੇ ਸਨ।

- ਕੁਲਵਿੰਦਰ ਕੌਸ਼ਲ

## ਬਹੁ-ਬਿਧ ਪ੍ਰਤਿਭਾ ਦਾ ਝਲਕਾਰਾ : ਜਗਜੀਤ ਸਿੰਘ ਆਨੰਦ

(ਸਫ਼ਾ 31 ਦੀ ਬਾਕੀ)

ਵਾਹ!!' ਨਿਕਲ ਜਾਂਦਾ ਹੈ। ਉਂਜ ਜਿਹੜਾ ਬੰਦਾ ਉਹਦੀ ਲਿਖਤ ਪੜ੍ਹ ਕੇ ਇਕ ਵਾਰ 'ਵਾਹ! ਵਾਹ!!' ਕਹਿ ਉੱਠੇ ਉਸ ਦਾ ਉਸ ਨੂੰ ਦੋਬਾਰਾ ਪੜ੍ਹਨ ਨੂੰ ਜੀ ਜ਼ਰੂਰ ਕਰਦਾ ਹੈ। ਜੇ ਦੋਬਾਰਾ ਪੜ੍ਹਨ ਲੱਗ ਜਾਵੇਗਾ, ਉਹਦੀ ਆਨੰਦ ਦੇ ਜਾਲ ਵਿਚ ਫਸ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਆਨੰਦ ਦੀ ਕਲਮ ਦੀ ਪਾਰਸ-ਛੋਹ ਪੱਤਰਕਾਰੀ ਨੂੰ ਤਾਂ ਸਾਹਿਤਕਾਰੀ ਦਾ ਰੰਗ ਚਾੜ੍ਹਦੀ ਹੈ, ਪਰ ਜਦੋਂ ਮਨ-ਚਿੱਤ ਬਿਰਤੀ ਨੂੰ ਇਕਾਗਰ ਕਰਕੇ ਉਹ ਕੋਈ ਮੌਲਿਕ ਲੇਖ ਲਿਖ ਰਿਹਾ ਹੋਵੇ ਜਾਂ ਆਪਣੇ ਚੇਤੇ ਦੀ ਚੰਗੇਰ ਵਿਚੋਂ ਕੋਈ ਪੂਣੀ ਛੋਹ ਰਿਹਾ ਹੋਵੇ ਤਾਂ ਉਸ ਦੀ ਕਰਤਾਰੀ ਪ੍ਰਤਿਭਾ ਦਾ ਜਲੌਅ ਵੇਖਣ ਯੋਗ ਹੁੰਦਾ ਹੈ। ਉਸ ਅੰਦਰ ਬੰਦ ਸੈਂਕੜੇ ਕਲੀਆਂ ਇਕ-ਦਮ ਜਿਵੇਂ ਚਟਕ ਕੇ ਫੁੱਲ ਬਣ ਜਾਂਦੀਆਂ ਹਨ। 'ਚੇਤੇ ਦੀ ਚੰਗੇਰ ਵਿਚੋਂ' ਉਸ ਦੀ ਅਜਿਹੀ ਹੀ ਵਿਲੱਖਣ ਸਿਰਜਣਾ ਹੈ ਜੋ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਵੱਖਰੀ ਤੇ ਮਾਣਯੋਗ ਰੂਪ-ਵਿਧਾ ਬਣਨ ਵੱਲ ਯਤਨਸ਼ੀਲ ਹੈ। ਇਤਿਹਾਸ, ਜੀਵਨੀ ਤੇ ਗਲਪ ਦਾ ਮਿਸ਼ਰਣ ਇਹ ਲਿਖਤ ਸਾਧਾਰਨ ਦਿਸਦੇ ਪਰ ਮਹਾਂਮਹਿਮ ਪਾਤਰਾਂ ਦੇ ਅਣ-ਲਿਖੇ ਇਤਿਹਾਸ ਦੀ ਅਜਿਹੀ ਸਜਿੰਦ ਤੇ ਸੁਹਜੀਲੀ ਕਲਾਤਮਕ ਝਾਕੀ ਹੈ ਕਿ ਪਾਠਕ ਇਸ ਨੂੰ ਪੜ੍ਹਦਾ ਹੋਇਆ ਉਸ ਸਮੇਂ ਵਿਚ ਸਾਹ ਲੈਂਦਾ ਹੋਇਆ ਵੀ ਮਹਿਸੂਸ ਕਰਦਾ ਹੈ ਤੇ ਸੰਬੰਧਤ ਪਾਤਰਾਂ ਦੇ ਦਿਲ ਦੀ ਧੜਕਣ ਵੀ ਸੁਣ ਰਿਹਾ ਹੁੰਦਾ ਹੈ। ਇਸੇ ਸਮੇਂ ਉਹ ਇਤਿਹਾਸ ਦੀਆਂ ਉਲਝੀਆਂ ਹੋਈਆਂ ਤੰਦਾਂ ਵੀ ਸੁਲਝਾ ਰਿਹਾ ਹੁੰਦਾ ਹੈ ਤੇ ਮਨੁੱਖੀ ਮਨ ਉੱਤੇ ਡੂੰਘੀ ਅੰਤਰਝਾਤ ਵੀ ਪਾਉਂਦਾ ਹੈ। ਉਹਦਾ ਆਪਣੇ ਅੰਦਰਲੇ ਜਗਤ ਸਮੇਤ ਬਾਹਰਲੇ ਜਗਤ ਦੇ ਤੱਥਾਂ, ਘਟਨਾਵਾਂ ਤੇ ਪਾਤਰਾਂ ਪ੍ਰਤੀ ਮੁਲਾਂਕਣੀ ਰਵੱਈਆ ਉਨ੍ਹਾਂ ਸਭ ਨੂੰ ਲੋੜੀਂਦੀ ਮੁਹੱਬਤ ਵਾਂਗ ਨਾਲ-ਨਾਲ ਜਚਵੀਂ ਦੂਰੀ ਤੋਂ ਵੀ ਨਿਹਾਰਦਾ ਹੈ। ਕਿੰਨਾ ਚੰਗਾ ਹੋਵੇ ਜੇ ਉਹ ਚੇਤੇ ਦੀ ਚੰਗੇਰ ਵਿਚੋਂ ਹੋਰ ਪੂਣੀਆਂ ਕੱਤੇ ਤੇ ਸੋਹਣੇ ਸਾਹਿਤ ਵਿਚ ਕਲਾ ਦੀਆਂ ਰੰਗਦਾਰ ਪਿੜੀਆਂ ਪਾਵੇ।

ਅਨੁਵਾਦ ਦਾ ਇਕ ਹੋਰ ਖੇਤਰ ਹੈ, ਜਿਸ ਵਿਚ ਉਸ ਨੇ ਉੱਚ-ਦੁਮਾਲੜੇ ਕਲਾਕਾਰ ਵਜੋਂ ਆਪਣੇ ਆਪ ਨੂੰ ਸਥਾਪਤ ਕਰਕੇ ਆਪਣੀ ਨਿਵੇਕਲੀ ਪੈਂਠ ਬਣਾਈ ਤੇ ਪੰਜਾਬੀ ਜ਼ਬਾਨ ਨੂੰ ਭਰਪੂਰ ਅਮੀਰੀ ਬਖ਼ਸ਼ੀ। ਦਾਰਸ਼ਨਿਕ ਤੇ ਸਿਧਾਂਤਕ ਲਿਖਤਾਂ ਵਿਚ ਸੰਕਲਪਾਂ ਦੀ ਭਰਮਾਰ ਹੋਣ ਕਰਕੇ ਇਨ੍ਹਾਂ ਦਾ ਉਲਥਾਉਣਾ ਕੋਈ ਸਹਿਜ ਕਾਰਜ ਨਹੀਂ, ਖ਼ਾਸ ਕਰਕੇ ਪੰਜਾਬੀ ਵਿਚ ਤਾਂ ਇਹ ਹੋਰ ਵੀ ਔਖਾ ਤੇ ਬਿਖੜਾ ਪੰਧ ਤੈਅ ਕਰਨ ਬਰਾਬਰ ਹੈ। ਸਾਡੇ ਵਿਦਵਾਨ ਤਾਂ ਹੁਣ ਤੱਕ ਰੋਜ਼ ਇਹ ਢੋਂਡੀ ਪਿੱਟਦੇ ਆ ਰਹੇ ਹਨ ਕਿ ਸਾਡੀ ਜ਼ਬਾਨ ਵਿਚ ਤਕਨੀਕੀ ਤੇ ਸੰਕਲਪੀ ਸ਼ਬਦਾਂ ਨੂੰ ਉਲਥਾਉਣ ਲਈ ਸਾਵੇਂ ਤੁਲਦੇ ਸ਼ਬਦਾਂ ਦੀ ਡਾਢੀ ਅਣਹੋਂਦ ਹੈ। ਪਰ ਜਗਜੀਤ ਸਿੰਘ ਆਨੰਦ ਦੀ ਪੰਜਾਬੀ ਜ਼ਬਾਨ ਉੱਤੇ ਕਮਾਲ ਦੀ ਪਕੜ ਤੇ ਡੂੰਘੀ ਤੋਂ ਡੂੰਘੀ ਚੁੱਭੀ ਮਾਰ ਕੇ ਭਾਸ਼ਾ ਦੇ ਅਖੁੱਟ ਖ਼ਜ਼ਾਨੇ ਵਿਚੋਂ ਲੋੜੀਂਦਾ ਸ਼ਬਦ ਲੱਭ ਲਿਆਉਣ ਦਾ ਲੰਮਾ ਦਮ ਤੇ ਸੂਝ-ਸਮਰੱਥਾ ਹੀ ਹੈ ਕਿ ਉਹਦੇ ਕੀਤੇ ਅਨੁਵਾਦ ਏਨੇ ਸਹਿਜ ਅਤੇ ਪੰਜਾਬੀ ਮੁਹਾਵਰੇ ਦੇ ਏਨੇ ਨੇੜੇ ਹਨ ਕਿ ਬਲਰਾਜ ਸਾਹਨੀ ਜਿਹੇ ਪੰਜਾਬੀ ਜ਼ਬਾਨ ਦੇ ਆਸ਼ਕ ਨੂੰ ਮੈਂ ਆਪਣੇ ਵਲੋਂ ਇਕ ਗਵਾਹ ਵਜੋਂ ਭੁਗਤਾ ਸਕਦਾ ਹਾਂ। ਬਲਰਾਜ ਸਾਹਨੀ ਨੇ ਆਪਣਾ ਇਹ ਲਿਖਤੀ ਬਿਆਨ ਆਨੰਦ ਦੁਆਰਾ ਅਨੁਵਾਦਿਤ ਪੁਸਤਕ 'ਮਾਰਕਸਵਾਦ-ਲੈਨਿਨਵਾਦ ਦੇ ਮੂਲ ਸਿਧਾਂਤ ਨੂੰ ਵਾਚਣ' ਤੋਂ ਪਿੱਛੋਂ ਉਸ ਦੀ 'ਬਲਵਾਨ ਸ਼ੈਲੀ' ਨੂੰ ਖ਼ਿਰਾਜ-ਤਹਿਸੀਨ ਪੇਸ਼ ਕਰਦਿਆਂ ਦਿੱਤਾ ਸੀ :

"ਤੁਹਾਡਾ ਇਹ ਕਾਰਨਾਮਾ ਮੇਰੀਆਂ ਆਸ਼ਾਵਾਂ ਤੋਂ ਵੀ ਵੱਧ ਕਾਮਯਾਬ ਹੈ। ਤੁਸੀਂ ਆਵੱਸ਼ ਇਹ ਸੰਤੋਸ਼ ਮਨ ਵਿਚ ਰੱਖ ਸਕਦੇ ਹੋ ਕਿ ਤੁਸੀਂ ਇਕ ਐਸੀ ਖ਼ਿਦਮਤ ਅੰਜਾਮ ਦਿੱਤੀ ਹੈ ਜਿਸ ਲਈ ਪੰਜਾਬੀ ਭਾਸ਼ਾ ਅਤੇ ਪੰਜਾਬੀ ਜਨਤਾ ਤੁਹਾਨੂੰ ਬੜੇ ਹੀ ਪਿਆਰ ਤੇ ਸ਼ਰਧਾ ਨਾਲ ਯਾਦ ਕਰਿਆ ਕਰੇਗੀ।"

ਸਿਧਾਂਤਕ ਜਾਂ ਦਾਰਸ਼ਨਿਕ ਲਿਖਤਾਂ ਦਾ ਅਨੁਵਾਦ ਤਾਂ ਪਾਰਟੀ ਲੋੜਾਂ ਦੀ ਮਜਬੂਰੀ ਦੀ ਉਪਜ ਵੀ ਹੋ ਸਕਦਾ ਹੈ ਪਰ ਸੰਸਾਰ ਦੀਆਂ ਜਿਨ੍ਹਾਂ ਮਹਾਨ ਸਾਹਿਤਕ ਰਚਨਾਵਾਂ ਨੇ ਉਸ ਨੂੰ 'ਸਵਾਦ ਗੜੁੱਚ' ਕਰ ਦਿੱਤਾ ਹੋਵੇ ਉਨ੍ਹਾਂ ਦਾ ਅਨੁਵਾਦ ਤਾਂ ਉਨ੍ਹਾਂ ਮਹੱਤਵਪੂਰਨ ਲਿਖਤਾਂ ਦੀ ਰਚਨਾਤਮਕ ਵਡਿਆਈ ਪ੍ਰਤੀ ਉਹਦੀ ਭਿੱਜੀ ਹੋਈ ਰੂਹ ਦਾ ਪਰਤਵਾਂ ਹੁੰਗਾਰਾ ਹੈ। ਆਨੰਦ ਦੇ ਕੀਤੇ ਅਨੁਵਾਦਾਂ ਦੀ ਕਲਾਤਮਕ ਖੂਬੀ ਇਹ ਹੈ ਕਿ ਅਨੁਵਾਦਤ ਰਚਨਾ ਮੌਲਿਕ ਰਚਨਾ ਵਾਂਗ ਹੀ ਜੀਵੰਤ ਲੱਗਦੀ ਹੈ। ਉਹ ਏਨੀ ਚੰਗੀ ਤਰ੍ਹਾਂ 'ਪੰਜਾਬੀਆਈ' ਗਈ ਹੁੰਦੀ ਹੈ ਕਿ ਉਸ ਵਿਚ ਪੇਸ਼ ਪਾਤਰ, ਮਾਹੌਲ ਤੇ ਮਾਨਸਿਕਤਾ ਸਾਡੀ ਅਤਿ ਨੇੜੇ ਦੀਆਂ ਯਾਦਾਂ ਵਿਚ ਵੱਸੀ ਝਾਕੀ ਲੱਗਦੇ ਹਨ। ਜਦੋਂ ਆਨੰਦ ਨੇ ਸਤਰੰਗੀ ਪੀਂਘ ਦੀ ਅਨੁਵਾਦਤ ਕਾਪੀ ਖ਼ੁਸ਼ਵੰਤ ਸਿੰਘ ਦੀ ਮਾਂ ਲੇਡੀ ਸੋਭਾ ਸਿੰਘ ਨੂੰ ਦਿੱਤੀ ਤਾਂ ਉਹ ਉਸਨੂੰ ਪੜ੍ਹਨ ਪਿੱਛੋਂ ਅਗਲੀ ਕਿਸੇ ਮਿਲਣੀ ਉੱਪਰ ਆਨੰਦ ਨੂੰ ਲਾਡ ਨਾਲ ਕਹਿਣ ਲੱਗੀ:

"ਮਿੰਨਾ! ਜਾਤਕ ਤਾਂ ਤੂੰ ਡਾਢਾ ਚੰਗੈ। ਕਿਤਾਬ ਵੀ ਸੋਹਣੀ ਲਿਖੀ ਆ ਪਰ ਨਾਂ ਏਹ ਕਿਹੜੇ ਭੈੜੇ-ਭੈੜੇ ਲਿਖ ਦਿੱਤੇ ਨੀ ਕੋਈ ਮੀਸ਼ਾ ਐ ਕੋਈ ਕੀ ਐ"

ਅਸਲ ਵਿਚ ਉਹ ਆਨੰਦ ਦੀ ਉਸ ਅਨੁਵਾਦਤ ਰਚਨਾ ਨੂੰ ਉਹਦੀ ਮੌਲਿਕ ਰਚਨਾ ਹੀ ਸਮਝ ਰਹੀ ਸੀ ਅਤੇ ਭੋਲੇ-ਭਾ ਹੀ ਆਨੰਦ ਦੇ ਅਨੁਵਾਦ ਕਰਨ ਦੀ ਕਲਾ ਦੀ ਵਡਿਆਈ ਕਰਦਿਆਂ ਅਸਿੱਧੇ ਤੌਰ 'ਤੇ ਕਹਿ ਗਈ ਸੀ ਕਿ ਉਹਦਾ ਅਨੁਵਾਦ ਕਿਵੇਂ ਵੀ ਮੌਲਿਕ ਲਿਖਤ ਤੋਂ ਘੱਟ ਨਹੀਂ। ਬਲਰਾਜ ਸਾਹਨੀ ਵਾਂਗ ਇਹ ਉਹਦੀ ਅਨੁਵਾਦ-ਯੋਗਤਾ ਨੂੰ ਦੂਜਾ ਵੱਡਾ ਖ਼ਿਰਾਜ-ਤਹਿਸੀਨ ਹੈ।

ਸਰਸਵਤੀ ਵਲੋਂ ਤਹਿਰੀਰ ਦੇ ਇਲਾਵਾ ਓਨੇ ਹੀ ਉੱਚੇ ਪੱਧਰ 'ਤੇ ਤਕਰੀਰ ਦੇ ਗੁਣ ਨਾਲ ਵਰੋਸਾਇਆ ਆਨੰਦ ਉਨ੍ਹਾਂ ਵਿਰਲੇ ਭਾਗਵਾਨ ਲੋਕਾਂ ਵਿਚੋਂ ਇਕ ਹੈ, ਜਿਸ ਦੇ ਸ਼ਬਦਾਂ ਵਿਚ ਸਰੋਤਿਆਂ ਨੂੰ ਕੀਲ ਕੇ ਰੱਖਣ ਤੇ ਆਪਣੇ ਨਾਲ ਵਹਾਅ ਲੈ ਜਾਣ ਦੀ ਬੇਮਿਸਾਲ ਸਮਰੱਥਾ ਹੈ। ਉਮਰੋਂ ਛੋਟਾ ਪਰ ਅਕਲੋਂ 'ਬਾਬਾ ਬੁੱਢਾ' ਤੀਖਣ ਬੁੱਧ ਤੇ ਹੱਸਾਸ ਨੌਜੁਆਨ ਆਨੰਦ ਪਹਿਲਿਆਂ ਤੋਂ ਹੀ ਆਪਣੇ ਬੋਲਾਂ ਦੀ ਤਾਕਤ ਦਾ ਮੁਜ਼ਾਹਰਾ ਕਰਦਿਆਂ ਆਪਣੀ ਜਮਾਤ ਦੇ ਪ੍ਰੋਫ਼ੈਸਰਾਂ ਨਾਲ ਨਹੁੰ-ਖੁਰ ਲੈਣ ਲਗ ਪਿਆ ਸੀ ਤੇ ਚੇਲਾ ਹੁੰਦਿਆਂ ਵੀ ਗੁਰੂ ਬਣ ਕੇ ਆਪਣੇ ਗੁਰੂਆਂ ਨੂੰ ਵੀ ਚੇਲਾ ਬਣਾ ਧਰਿਆ ਸੀ। ਪ੍ਰੋ. ਫ਼ਰੈਂਕ ਠਾਕੁਰ ਦਾਸ ਤੇ ਪ੍ਰੋ. ਐਰਿਕ ਸਿਪਨੀਅਨ ਨੂੰ ਜਮਾਤਾਂ ਵਿਚ ਬਹਿਸ ਕਰਕੇ ਹੀ ਉਸ ਨੇ ਲੈਨਿਲ ਦੇ ਮਾਰਗ 'ਤੇ ਲੈ ਆਂਦਾ ਸੀ। ਉਂਜ ਉਸ ਦੀ ਇਸ ਜਾਦੂ-ਬਿਆਨੀ ਨੇ ਪਿਛਲੀ ਸਾਰੀ ਉਮਰ ਪਤਾ ਨਹੀਂ ਕਿੰਨੇ ਲੋਕਾਂ ਨੂੰ 'ਉਧਰੋਂ' ਪੁੱਟ ਕੇ 'ਇਧਰ' ਲਾਇਆ।

ਦੂਜੇ ਰਾਜਾਂ ਅਤੇ ਬਦੇਸ਼ਾਂ ਵਿਚੋਂ ਆਏ ਪ੍ਰਸਿੱਧ ਆਗੂਆਂ ਵਲੋਂ ਪੰਜਾਬ ਦੇ ਵੱਖ-ਵੱਖ ਜਲਸਿਆਂ ਵਿਚ ਦਿੱਤੇ ਭਾਸ਼ਣਾਂ ਦੇ ਆਨੰਦ ਦੇ ਮੂੰਹੋਂ ਸੁਣੇ ਜਾਨਦਾਰ ਤੇ ਪ੍ਰਭਾਵਸ਼ਾਲੀ ਅਨੁਵਾਦਾਂ ਦੀ ਚਰਚਾ ਤਾਂ ਦੰਦ-ਕਥਾਵਾਂ ਵਾਂਗ ਅੱਜ ਤੱਕ ਹੁੰਦੀ ਹੈ। ਅਗਲੇ ਦੀ ਕੀਤੀ ਗੱਲ ਨੂੰ ਚੇਤੇ ਵਿਚ ਵਸਾ ਕੇ ਨਾਲ ਦੇ ਨਾਲ ਢੁਕਵੇਂ ਸ਼ਬਦ ਤਲਾਸ਼ਣੇ ਤੇ ਉਨ੍ਹਾਂ ਨੂੰ ਗੂੜ੍ਹੀ ਪੰਜਾਬੀ-ਪੁੱਠ ਦੇ ਕੇ ਏਨੇ ਪ੍ਰਭਾਵਸ਼ਾਲੀ ਢੰਗ ਨਾਲ ਕਹਿਣਾ ਕਿ ਲੋਕ 'ਅਸ਼! ਅਸ਼!!' ਕਰ ਉੱਠਿਆ ਕਰਦੇ।

ਲੋਕਾਂ ਮੂੰਹੋਂ ਆਪ-ਮੁਹਾਰੇ 'ਵਾਹ! ਵਾਹ!!' ਕਢਵਾ ਸਕਣ ਪਿੱਛੋਂ ਪੰਜਾਬੀ ਬੋਲੀ ਦੀ ਅਥਾਹ ਅਮੀਰੀ, ਸਮਰੱਥਾ ਤੇ ਸੰਭਾਵਨਾ ਵਿਚ ਉਸ ਦਾ ਅਟੁੱਟ ਵਿਸ਼ਵਾਸ ਹੈ। ਇਹ ਵਿਸ਼ਵਾਸ ਕੋਈ ਉਲਾਰ ਭਾਵੁਕ ਉਛਾਲ ਨਹੀਂ ਸਗੋਂ ਉਸ ਨੂੰ ਪੜ੍ਹਨ ਤੇ ਸੁਣਨ ਵਾਲੇ ਜਾਣਦੇ ਹਨ ਕਿ ਜਿਵੇਂ ਜਾਦੂਗਰ ਆਪਣੇ ਅੰਦਰੋਂ ਰੰਗਦਾਰ ਕਾਗਜ਼ਾਂ ਦੇ ਟੁਕੜਿਆਂ ਨੂੰ ਇਕ ਲੜੀ ਬਣਾ ਕੇ ਹੌਲੀ ਹੌਲੀ ਕੱਢੀ ਜਾਂਦਾ ਹੈ... ਕੱਢੀ ਜਾਂਦਾ ਹੈ ਤੇ ਵੇਖਣ ਵਾਲਿਆਂ ਨੂੰ ਚਕ੍ਰਿਤ ਕਰੀ ਜਾਂਦੀ ਹੈ, ਇੰਜ ਹੀ ਜਦੋਂ ਆਨੰਦ ਬੋਲ ਜਾਂ ਲਿਖ ਰਿਹਾ ਹੋਵੇ ਤਾਂ ਸ਼ਬਦਾਂ ਦੀਆਂ ਸਤਰੰਗੀਆਂ ਲੜੀਆਂ ਲੱਛਿਆਂ ਦੇ ਲੱਛੇ ਬਣ ਕੇ ਉਸ ਅੰਦਰੋਂ ਨਿਕਲੀ ਆਉਂਦੀਆਂ ਹਨ। ਇਸ ਵਿਚ ਉਸ ਨੂੰ ਔਖ ਤਾਂ ਕੀ ਹੋਣੀ ਹੈ ਸਗੋਂ ਸ਼ਬਦ ਤਾਂ ਉਹਦੀ ਹਜ਼ੂਰੀ ਵਿਚ ਹੱਥੀਂ-ਬੱਧੇ ਗੁਲਾਮ ਵਾਂਗ ਸਿਰ ਝੁਕਾਈ ਖੜੋਤੇ ਨਜ਼ਰ ਆਉਂਦੇ ਹਨ। ਸਮੇਂ ਦੀ ਧੂੜ ਵਿਚ ਗੁੰਮ-ਗੁਆਚ ਗਏ ਕਈ ਸ਼ਬਦ ਉਹ ਅਛੋਪਲੇ ਜਿਹੇ ਹੀ ਮਨ ਦੇ ਕਿਸੇ ਖੂੰਜੇ ਵਿਚੋਂ ਪੁੱਟ ਲਿਆਉਂਦਾ ਹੈ ਤੇ ਉਨ੍ਹਾਂ ਨੂੰ ਮਾਂਜ ਸਵਾਰ ਕੇ ਆਪਣੀ ਤਹਿਰੀਰ ਜਾਂ ਤਕਰੀਰ ਵਿਚ ਇੰਜ ਜੜਦਾ ਹੈ ਕਿ ਉਨ੍ਹਾਂ ਦੇ ਅਰਥਾਂ ਦੀ ਲਿਸ਼ਕ ਸਾਡੇ ਧੁਰ ਅੰਦਰ ਕੌਂਧ ਜਾਂਦੀ ਹੈ। ਜੜ੍ਹਤ-ਫੱਬਤ ਤੇ ਤਰਤੀਬ ਦੀ ਖ਼ੂਬਸੂਰਤੀ ਤੋਂ ਇਲਾਵਾ ਉਨ੍ਹਾਂ ਸ਼ਬਦਾਂ ਵਿਚ ਤਾਜ਼ੀ ਵਾਹੀ ਵੱਤਰ ਭੋਇੰ ਦੀ ਮਹਿਕ ਵੀ ਆਉਂਦੀ ਹੈ। ਕਈ ਵਾਰ ਅਸਲੋਂ ਮਾਮੂਲੀ ਦਿਸਦੇ ਸ਼ਬਦ ਉਹਦੀ ਛੋਹ ਪਾ ਕੇ 'ਜੱਟੀਓਂ ਹੀਰ' ਹੋ ਜਾਂਦੇ ਹਨ।

ਸ਼ਬਦਾਂ ਨੂੰ ਬਣਾਉਣ, ਲਿਸ਼ਕਾਉਣ ਤੇ ਨਚਾਉਣ ਵਾਲੇ ਇਸ ਪ੍ਰਸਿੱਧ ਕਲਾਕਾਰ ਦੀ ਵਿਰਾਟਤਾ ਨੂੰ ਮੇਰੇ ਜਿਹੇ ਸਾਧਾਰਨ ਬੰਦੇ ਵਲੋਂ ਕਲਾਵੇ ਵਿਚ ਲੈ ਸਕਣਾ ਵੱਸੋਂ ਤੇ ਵਿੱਤੋਂ ਬਾਹਰੀ ਗੱਲ ਹੈ। ਆਪਣੀ ਇਸ ਸੀਮਾ ਨੂੰ ਸਵੀਕਾਰ ਕਰਦਾ ਹਾਂ।

Hiring Drivers/Owners/Operators

GALAXY Frightline inc.

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive, Professional Attitude

For:
* GTA
* ON-QC
* ON-MB-AB-BC
* USA

TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

ਵਿਸ਼ੇਸ਼ ਰਿਪੋਰਟ

# ਰੂੜੀਆਂ ਅਤੇ ਪਖਾਨਿਆਂ ਲਈ ਜਗਾਹ ਦੀ ਮੰਗ ਕਰ ਰਹੇ ਦਲਿਤਾਂ 'ਤੇ ਲਾਠੀਚਾਰਜ

ਹਮੀਰਗੜ੍ਹ ਵਿਚ 30 ਅਪ੍ਰੈਲ ਅਤੇ 1 ਮਈ 2015 ਨੂੰ ਰੂੜੀਆਂ ਅਤੇ ਪਖਾਨਿਆਂ ਲਈ ਜਗਾਹ ਦੀ ਮੰਗ ਕਰ ਰਹੇ ਦਲਿਤਾਂ ਤੇ, ਪੁਲਿਸ ਅਤੇ ਉਚ ਜਾਤੀ ਦੇ "ਮੋਹਤਬਰ ਲੋਕਾਂ" ਵੱਲੋਂ ਕੀਤੇ ਹਿੰਸਕ ਹਮਲੇ ਸਬੰਧੀ ਤਥ ਖੋਜ ਰਿਪੋਰਟ:

ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਬਠਿੰਡਾ ਇਕਾਈ ਵਲੋ ਇਸ ਸਾਲ 30 ਅਪਰੈਲ ਅਤੇ ਪਹਿਲੀ ਮਈ ਨੂੰ ਹਮੀਰਗੜ੍ਹ ਪਿੰਡ ਵਿੱਚ ਦਲਿਤ ਪਰਿਵਾਰਾਂ ਲਈ ਰੂੜੀਆਂ ਅਤੇ ਪਾਖਾਨਿਆ ਲਈ ਥਾਂ ਦੇ ਮਸਲੇ ਤੇ ਖੂਨੀ ਪੁਲਿਸ ਕਾਰਵਾਈ ਅਤੇ ਟਕਰਾਅ, ਜਿਸ ਵਿੱਚ ਲੱਗਭਗ 18 ਦਲਿਤ ਔਰਤਾਂ ਅਤੇ ਮਰਦ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ, ਸਬੰਧੀ ਤੱਥਾਂ ਦੀ ਪੜਤਾਲ ਕਰਨ ਲਈ 10 ਮੈਬਰੀ ਤੱਥ ਖੋਜ ਕਮੇਟੀ ਨਿਯੁਕਤ ਕੀਤੀ ਗਈ? ਕਮੇਟੀ ਨੇ ਸਭਾ ਦੇ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ ਅਤੇ ਸੂਬਾ ਕਮੇਟੀ ਮੈਬਰ ਐਡਵੋਕੇਟ ਨਰਿੰਦਰ ਕੁਮਾਰ ਜੀਤ ਦੀ ਅਗਵਾਈ ਵਿੱਚ 4 ਮਈ ਨੂੰ ਪਹਿਲਾਂ ਸਿੱਵਲ ਹਸਪਤਾਲ ਭਗਤਾ ਵਿੱਚ ਜਾ ਕੇ ਉਥੇ ਦਾਖਲ ਜਖਮੀਆਂ ਨਾਲ ਮੁਲਾਕਾਤ ਕੀਤੀ ਅਤੇ ਓਹਨਾਂ ਤੋ ਘਟਨਾ ਦੇ ਵੇਰਵੇ ਸੁਣੇ। ਪਿੰਡ ਵਿੱਚ ਜਾ ਕੇ ਝਗੜੇ ਵਾਲੀ ਥਾਂ ਦੇਖੀ ਅਤੇ ਦੋਹਾਂ ਧਿਰਾਂ ਦੇ ਇਕੱਠਾਂ ਵਿੱਚ ਦੋਹੋਂ ਦਿਨ ਵਾਪਰੀਆਂ ਘਟਨਾਂਵਾਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਹਾਸਲ ਕੀਤੀ ? ਜਦੋ ਸਭਾ ਦੀ ਟੀਮ ਪਿੰਡ ਵਿੱਚ ਗਈ ਤਾਂ ਮੁੱਖ ਸੜਕ ਤੇ ਪੁਲਿਸ ਦਾ ਨਾਕਾ ਲੱਗਿਆ ਹੋਇਆ ਸੀ। ਪੁਲਿਸ ਨੇ ਟੀਮ ਨੂੰ ਰੋਕ ਕੇ ਪੁੱਛ ਗਿੱਛ ਕੀਤੀ। ਟੀਮ ਨੇ ਆਪਣੀ ਜਾਣ ਪਹਿਚਾਣ ਕਰਵਾਈ ਅਤੇ ਆਉਣ ਦਾ ਮਕਸਦ ਦੱਸਿਆ। ਪੁਲਿਸ ਨੇ ਇਸ ਤੋ ਬਾਅਦ ਟੀਮ ਨੂੰ ਅੱਗੇ ਪਿੰਡ ਵਿੱਚ ਜਾਣ ਦਿੱਤਾ। ਦਲਿਤ ਵਿਹੜੇ ਵਿੱਚ ਘਟਨਾ ਵਾਲੀ ਥਾਂ ਦੇ ਨੇੜੇ ਪਸ਼ੂ ਡਿਸਪੈਸਰੀ ਵਿੱਚ ਵੀ ਪੁਲਿਸ ਦੀ ਇੱਕ ਟੁਕੜੀ ਤੈਨਾਤ ਸੀ ਜੋ ਉਥੇ ਆਉਣ ਵਾਲੇ ਹਰ ਵਿਅਕਤੀ ਤੇ ਨਿਗਾਹ ਰੱਖ ਰਹੀ ਸੀ।

ਤੱਥ ਖੋਜ ਟੀਮ ਨੇ ਪਿੰਡ ਵਿੱਚ ਜਾ ਕੇ ਪਹਿਲਾਂ ਦਲਿਤ ਵਿਹੜੇ ਦੇ ਲੋਕਾਂ ਨਾਲ ਮੁਲਾਕਾਤ ਕੀਤੀ। ਇੱਕ ਘਰ ਦੇ ਵਿਹੜੇ ਵਿੱਚ ਲਗਭਗ 60-70 ਮਰਦ ਔਰਤਾਂ ਇਕੱਠੇ ਹੋ ਗਏ ਅਤੇ ਟੀਮ ਮੈਬਰਾਂ ਨੂੰ ਇਸ ਘਟਨਾ ਦੇ ਪਿਛੋਕੜ, 30 ਅਪਰੈਲ ਅਤੇ ਪਹਿਲੀ ਮਈ ਦੀਆਂ ਘਟਨਾਵਾਂ ਦੇ ਵੇਰਵੇ ਅਤੇ ਹੱਡ-ਬੀਤੀਆਂ ਦੱਸੀਆਂ, ਦੋ ਛੋਟੇ ਬੱਚੇ-ਜਿੰਨਾ ਚੋ ਇੱਕ ਨੂੰ ਪੁਲਿਸ ਨੇ ਕੁੱਟਿਆ ਸੀ ਅਤੇ ਦੂਜੇ ਨੂੰ ਕੰਧ ਨਾਲ ਮਾਰਿਆ ਸੀ, ਵੀ ਟੀਮ ਦੇ ਸਾਹਮਣੇ ਪੇਸ਼ ਹੋਏ ਅਤੇ ਆਪਣੀ ਦਰਦ ਕਹਾਣੀ ਬਿਆਨ ਕੀਤੀ। ਇਸ ਤੋ ਬਾਅਦ ਤੱਥ ਖੋਜ ਟੀਮ ਨੇ ਪੰਚਾਇਤ ਦਾ ਪੱਖ ਜਾਨਣ ਲਈ ਸਰਪੰਚ ਕਰਮਜੀਤ ਕੌਰ ਨੂੰ ਫੋਨ ਕਰਕੇ ਸਮਾਂ ਮੰਗਿਆ , ਜਿਸ ਨੇ ਟੀਮ ਨੂੰ ਪਿੰਡ ਦੇ ਗੁਰਦੁਆਰੇ ਵਿੱਚ ਆਉਣ ਲਈ ਕਿਹਾ ਜਿੱਥੇ ਪੰਚਾਂ -ਸਰਪੰਚਾਂ ਦੀ ਧਿਰ ਦੇ 40-50 ਮੋਹਤਬਰ ਵਿਅਕਤੀ ਮੌਜੂਦ ਸਨ। ( ਤਥ ਖੋਜ ਟੀਮ ਨੇਂ ਪਛਾਣ ਅਤੇ ਵਰਨਣ ਦੀ ਸਹੂਲਤ ਲਈ ਇਸ ਧਿਰ ਨੂੰ "ਪੰਚਾਂ -ਸਰਪੰਚਾਂ" ਜਾਂ "ਪਿੰਡ ਦੇ ਮੋਹਤਬਰਾਂ" ਦੀ ਧਿਰ ਦਾ ਨਾਂ ਦਿੱਤਾ ਹੈ ਕਿਓਂਕੇ ਇਸ ਧਿਰ ਚ ਮੁਖ ਤੌਰ ਤੇ ਮੌਜੂਦਾ ਅਤੇ ਸਾਬਕਾ ਪੰਚ ਸਰਪੰਚ, ਸਹਿਕਾਰੀ ਸਭਾ ਦੇ ਅਹੁਦੇਦਾਰ, ਪਿੰਡ ਦੀ ਗੁਰਦਵਾਰਾ ਕਮੇਟੀ ਅਤੇ ਕੁਝ ਕਲੱਬਾਂ ਦੇ ਅਹੁਦੇਦਾਰ ਸ਼ਾਮਿਲ ਹਨ ) ਉਹਨਾ ਦਾ ਪੱਖ ਵੀ ਸੁਣਿਆ ਗਿਆ ?ਟੀਮ ਨੇ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ ਦਾ ਪੱਖ ਜਾਨਣ ਲਈ ਭਗਤੇ ਉਸਦੇ ਦਫਤਰ ਵਿੱਚ ਉਸ ਨਾਲ ਮੁਲਾਕਾਤ ਕੀਤੀ। ਤੱਥ-ਖੋਜ ਟੀਮ ਰਾਮਪੁਰਾ ਦੇ ਸਿਵਲ ਹਸਪਤਾਲ ਵਿੱਚ ਦਾਖਲ ਦੋਹਾਂ ਧਿਰਾਂ ਦੇ 4 ਜਖਮੀਆਂ ਅਤੇ ਉਹਨਾ ਦੇ ਵਾਰਸਾਂ ਨੂੰ ਵੀ ਮਿਲੀ, ਪੁਲਿਸ ਤੋ ਦੋਹਾਂ ਐਫ ਆਈ ਆਰ - ਨੰ: 47 ਮਿਤੀ:30-4-2015 ਅਤੇ ਨੰ: 48 ਮਿਤੀ: 1-5-2015 ਥਾਣਾ ਦਿਆਲਪੁਰਾ ਦੀਆਂ ਨਕਲਾਂ ਲਈਆ, ਝਗੜੇ ਵਾਲੀ ਜਮੀਨ ਦੀ ਜਮਾਬੰਦੀ ਹਾਸਲ ਕੀਤੀ ਅਤੇ ਜਖਮੀਆਂ ਦੀਆਂ ਮੈਡੀਕੋ-ਲੀਗਲ ਰਿਪੋਟਰਾਂ ਪ੍ਰਾਪਤ ਕੀਤੀਆਂ।

**ਦਲਿਤਾਂ ਦਾ ਪੱਖ:**

ਦਲਿਤਾਂ ਦੀ ਧਿਰ ਵਲੋਂ ਇਸ ਘਟਨਾ ਦੇ ਜੋ ਵੇਰਵੇ ਮਿਲੇ ਉਹ ਇਸ ਪ੍ਰਕਾਰ ਹਨ:-

? ਦਲਿਤਾਂ ਦਾ ਕਹਿਣਾ ਸੀ ਕਿ ਹੁਣ ਤੋ ਦਸ ਪੰਦਰਾਂ ਸਾਲ ਪਹਿਲਾਂ ਤੱਕ ਝਗੜੇ ਵਾਲੀ ਥਾਂ ਉਹਨਾ ਦੇ ਕਬਜੇ ਵਿੱਚ ਸੀ ਜਿੱਥੇ ਓਹਨਾਂ ਵਲੋ ਵੱਗ ਬਿਠਾਇਆ ਜਾਂਦਾ ਸੀ ਅਤੇ ਰੂੜੀਆਂ ਲਾਈਆਂ ਜਾਂਦੀਆਂ ਸਨ। ਉਸਤੋ ਬਾਅਦ ਪੰਚਾਇਤ ਨੇ ਇਹ ਜਮੀਨ ਠੇਕੇ ਤੇ ਦੇਣੀ ਸ਼ੁਰੂ ਕਰ ਦਿੱਤੀ। ਜਦੋ ਕੁੱਝ ਲੋਕਾਂ ਨੇ ਇਸ ਤੇ ਇਤਰਾਜ ਕੀਤਾ ਤਾ ਪੰਚਾਇਤ ਨੇ ਰੂੜੀਆਂ ਲਈ ਥਾਂ ਦਾ ਬਦਲਵਾਂ ਪ੍ਰਬੰਧ ਕਰਨ ਦਾ ਭਰੋਸਾ ਦਿੱਤਾ, ਪਰ ਇਸ ਨੂੰ ਲਾਗੂ ਨਹੀ ਕੀਤਾ। ਲਗਭਗ ਹਰ ਪੰਚਾਇਤੀ ਚੋਣ ਦੌਰਾਨ ਦਲਿਤਾਂ ਵਲੋ ਰੂੜੀਆਂ ਲਈ ਥਾਂ ਦਿੱਤੇ ਜਾਣ ਦੀ ਮੰਗ ਉਠਾਈ ਜਾਂਦੀ ਰਹੀ । ਇਸ ਬਾਰੇ ਉਹਨਾ ਨੂੰ ਭਰੋਸਾ ਵੀ ਦਿੱਤਾ ਜਾਂਦਾ ਰਿਹਾ, ਪਰ ਕਾਰਵਾਈ ਕੋਈ ਨਹੀ ਹੋਈ।

? ਪਿਛਲੀਆ ਪੰਚਾਇਤੀ ਚੋਣਾਂ ਵਿੱਚ ਮੌਜੂਦਾ ਸਰਪੰਚ ਕਰਮਜੀਤ ਕੌਰ, ਜੋ ਖੁੱਦ ਇੱਕ ਦਲਿਤ ਔਰਤ ਹੈ, ਨੇ ਵੀ ਦਲਿਤਾਂ ਨੂੰ ਰੂੜੀਆਂ ਲਈ ਥਾਂ ਦੇਣ ਦਾ ਵਾਅਦਾ ਕੀਤਾ ਸੀ, ਪ੍ਰੰਤੂ ਸਰਪੰਚ ਬਨਣ ਤੋ ਬਾਅਦ ਉਹ ਆਵਦਾ ਵਾਅਦਾ ਪੂਰਾ ਕਰਨ ਦੀ ਥਾਂ ਉਚ ਜਾਤੀ ਦੇ "ਮੋਹਤਬਰ ਲੋਕਾਂ" ਦਾ ਪੱਖ ਪੂਰਨ ਲੱਗ ਪਈ। ਦਲਿਤਾਂ ਨੇ ਇਹ ਵੀ ਦੋਸ਼ ਲਾਇਆ ਕਿ "ਪੰਚਾਂ ਸਰਪੰਚਾਂ ਦੀ ਧਿਰ" ਦੇ ਬੰਦਿਆਂ ਨੇ ਪਿੰਡ ਦੇ ਤਿੰਨ ਛੱਪੜਾ ਦੀ ਜਮੀਨ ਤੇ ਵੀ ਨਜਾਇਜ ਕਬਜੇ ਕਰਕੇ ਕੋਠੀਆਂ ਪਾ ਲਈਆ ਹਨ।

? ਮਸਲੇ ਦਾ ਕੋਈ ਹੱਲ ਨਾ ਹੁੰਦਾ ਦੇਖ ਕੇ ਪਿੰਡ ਦੇ ਦਲਿਤ, ਗੁਰਚਰਨ ਸਿੰਘ ਭਗਤਾ, ਸੇਵਕ ਸਿੰਘ ਭਗਤਾ, ਅਤੇ ਤੀਰਥ ਸਿੰਘ ਕੋਠਾ ਗੁਰੂ ਦੀ ਅਗਵਾਈ ਵਿੱਚ ਇਕੱਠੇ ਹੋ ਗਏ ਅਤੇ ਝਗੜੇ ਵਾਲੀ ਜ਼ਮੀਨ ਤੇ ਆਪਣਾ ਹੱਕ ਜਤਾਉਣਾਂ ਸ਼ੁਰੂ ਕਰ ਦਿੱਤਾ। ਇਸ ਤੋਂ ਚਿੜ੍ਹ ਕੇ 30 ਅਪ੍ਰੈਲ ਨੂੰ "ਪਿੰਡ ਦੇ ਮੋਹਤਬਰਾਂ ਦੀ ਧਿਰ" ਨੇ ਇਸ ਜ਼ਮੀਨ ਤੇ ਆਪਣਾ ਕਬਜ਼ਾ ਬਰਕਰਾਰ ਰੱਖਣ ਲਈ ਇਸ ਨੂੰ ਟ੍ਰੈਕਟਰ ਨਾਲ ਵਾਹੁਣ ਦੀ ਤਿਆਰੀ ਸ਼ੁਰੂ ਕਰ ਦਿੱਤੀ। ਗੁਰਦੁਆਰੇ ਦੇ ਸਪੀਕਰ ਤੋਂ ਹੋਕਾ ਇਹ ਦਿੱਤਾ ਗਿਆ ਕਿ ਦਲਿਤ ਪੰਚਾਇਤ ਦੀ ਜ਼ਮੀਨ ਤੇ ਧੱਕੇ ਨਾਲ ਕਬਜਾ ਕਰਦੇ ਹਨ, ਉਨਾਂ ਨੂੰ ਰੋਕਣਾ ਹੈ। ਦੁਪਹਿਰੇ ਵੇਲੇ ਜਦੋਂ ਉਹ ਟਰੈਕਟਰ ਲੈ ਕੇ ਜ਼ਮੀਨ ਵਾਹੁਣ ਆਏ ਤਾਂ ਦਲਿਤ ਮਰਦ - ਔਰਤਾਂ ਟਰੈਕਟਰ ਦੇ ਮੂਹਰੇ ਲਿਟ ਗਏ। ਉਸ ਵੇਲੇ ਪੰਚਾਇਤ ਸਕੱਤਰ, ਪੁਲਿਸ ਦੀ ਇੱਕ ਟੁਕੜੀ, ਹਰਦਿਆਲ ਸਿੰਘ ਸਾਬਕਾ ਸਰਪੰਚ ਕਰਮਜੀਤ ਕੌਰ, ਰਾਜਾ ਸਿੰਘ ਜੋ ਇੱਕ ਔਰਤ ਪੰਚ ਦਾ ਪਤੀ ਹੈ, ਸੁਖਮੰਦਰ ਸਿੰਘ ਦੋਧੀ (ਪੰਚ) ਅਤੇ ਮੌਜੂਦਾ ਸਰਪੰਚ ਕਰਮਜੀਤ ਕੌਰ, ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ ਆਦਿ ਵੀ ਉਹਨਾਂ ਦੇ ਨਾਲ ਸਨ। ਇਸ ਵੇਲੇ ਤੱਕ ਝਗੜੇ ਵਾਲੀ ਜ਼ਮੀਨ ਦੇ ਪਿਛਲੇ ਸਾਲ ਦੇ ਠੇਕੇ ਦੀ ਮਿਆਦ ਖਤਮ ਹੋ ਚੁੱਕੀ ਸੀ ਅਤੇ ਨਵੀਂ ਬੋਲੀ ਅਜੇ ਦਿੱਤੀ ਨਹੀਂ ਗਈ ਸੀ। ਉਹਨਾਂ ਨੇ ਆਉਂਦੇ ਸਾਰ ਹੀ ਦਲਿਤ ਔਰਤਾਂ ਨੂੰ ਗਾਹਲਾਂ ਕੱਢਣੀਆਂ ਅਤੇ ਧੱਕੇ ਮਾਰਨੇਂ ਸ਼ੁਰੂ ਕਰ ਦਿੱਤੇ ਅਤੇ ਉਹਨਾਂ ਨੂੰ ਟ੍ਰੈਕਟਰ ਦੇ ਮੂਹਰਿਓਂ ਪਾਸੇ ਕਰਨ ਦੀ ਕੋਸ਼ਿਸ਼ ਕੀਤੀ, ਪਰ ਕਾਮਯਾਬ ਨਹੀਂ ਹੋਏ। ਪੁਲਿਸ ਨੇ ਪੰਚਾਇਤ ਸਕੱਤਰ ਜਗਮੀਤ ਸਿੰਘ ਦੇ ਬਿਆਨਾਂ ਤੇ 50-60 ਵਿਅਕਤੀਆਂ ਖਿਲਾਫ ਮੁਕੱਦਮਾ ਨੰ: 47 ਅਧੀਨ ਧਾਰਾ 353, 186, 427, 506, 447, 511, 146, 93 ਦਰਜ ਕਰ ਲਿਆ । ਇਸ ਕੇਸ ਵਿੱਚ 24 ਵਿਅਕਤੀ (ਜਿਨਾਂ ਵਿੱਚ 8 ਔਰਤਾਂ ਹਨ) ਨਾਂ ਲੈ ਕੇ ਦੋਸ਼ੀ ਨਾਮਜਦ ਕੀਤੇ ਹਨ ਅਤੇ 30-35 ਅਣਪਛਾਤੇ ਦੱਸੇ ਗਏ ਹਨ। ਪੰਚਾਇਤ ਸਕੱਤਰ ਨੇ ਆਪਣੇ ਬਿਆਨ ਵਿੱਚ ਦੋਸ਼ ਲਾਇਆ ਹੈ ਕਿ ਉਕਤ ਸਾਰੇ ਮਰਦ ਅਤੇ ਔਰਤਾਂ ਪੰਚਾਇਤ ਦੀ 6 ਕਨਾਲ ਜ਼ਮੀਨ ਦੀ ਕੰਧ ਢਾਹ ਕੇ ਉਸ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਜਦੋਂ ਉਹ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ, ਪੁਲਿਸ ਪਾਰਟੀ ਅਤੇ ਪੰਚਾਇਤੀ ਲੋਕਾਂ ਨਾਲ ਜਾ ਕੇ ਸਵਰਨਜੀਤ ਕੌਰ ਪੰਚ ਦੇ ਪਤੀ ਰਾਜਾ ਸਿੰਘ ਦੇ ਟਰੈਕਟਰ ਨਾਲ ਜ਼ਮੀਨ ਵਾਹੁਣ ਲੱਗਾ ਤਾਂ ਇਹ ਲੋਕ "ਭੱਜ ਕੇ ਟਰੈਕਟਰ ਅੱਗੇ ਆ ਗਏ, ਟਰੈਕਟਰ ਰੋਕ ਕੇ ਮੈਨੂੰ ਅਤੇ ਟਰੈਕਟਰ ਡਰਾਈਵਰ ਨੂੰ ਧੱਕੇ ਮਾਰੇ, ਗੰਦੀਆਂ ਗਾਲਾਂ ਕੱਢੀਆਂ, ਮੇਰੀ ਸਰਕਾਰੀ ਡਿਊਟੀ ਵਿੱਚ ਵਿਘਨ ਪਾਇਆ, ਮੇਰੇ ਨਾਲ ਹੱਥੋਂ ਪਾਈ ਕੀਤੀ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ" ਅਸਲ ਵਿਚ ਅਜੇਹਾ ਕੁਝ ਵੀ ਨਹੀਂ ਵਾਪਰਿਆ, ਦਲਿਤਾਂ ਨੇਂ ਸਿਰਫ ਜਮੀਨ ਵਿਚ ਹਲ ਨਹੀਂ ਵਾਹੁਣ ਦਿੱਤਾ? 69ਵ ਵਿੱਚ ਦਰਜ ਤੱਥਾਂ ਅਨੁਸਾਰ ਇਸ ਘਟਨਾਂ ਦੇ ਵਾਪਰਨ ਸਮੇਂ, ਉਥੇ ਦਿਆਲਪੁਰਾ ਠਾਣੇਂ ਦੇ ਮੁੱਖ ਅਫ਼ਸਰ ਪ੍ਰਿਤਪਾਲ ਸਿੰਘ ਦੀ ਅਗਵਾਈ ਵਿੱਚ ਤਿੰਨ ਸਹਾਇਕ ਥਾਣੇਦਾਰ, 4 ਹੌਲਦਾਰ (83) ਇੱਕ ਹੋਮ ਗਾਰਡੀਆ ਅਤੇ ਇੱਕ ਲੇਡੀ ਕਾਂਸਟੇਬਲ ਮੌਜੂਦ ਸਨ।

? ਇੱਕ ਮਈ 2015 ਨੂੰ ਸਵੇਰੇ ਦਲਿਤ ਵਿਹੜੇ ਚੋਂ ਬਹੁਤੇ ਮਰਦ ਜੋ ਪੱਲੇਦਾਰੀ ਦਾ ਕੰਮ ਕਰਦੇ ਹਨ, ਆਪਣੇ ਕੰਮ ਧੰਦਿਆਂ ਤੇ ਚਲੇ ਗਏ। ਇਸ ਗੱਲ ਤੇ ਨਿਗਾਹ ਰੱਖਣ ਲਈ ਕਿ ਝਗੜੇ ਵਾਲੀ ਜ਼ਮੀਨ ਤੇ ਪੰਚਾਇਤ ਵੱਲੋਂ ਮੁੜ ਕਬਜ਼ਾ ਕਰਨ ਦੀ ਕੋਈ ਕਾਰਵਾਈ ਨਾ ਹੋਵੇ, 20-25 ਦਲਿਤਾਂ ਔਰਤਾਂ ਉਥੇ ਇਕੱਠੀਆਂ ਹੋਈਆਂ ਬੈਠੀਆਂ ਸਨ। ਦੂਜੇ ਪਾਸੇ "ਪੰਚਾਂ-ਸਰਪੰਚਾਂ ਦੀ ਧਿਰ" ਅਤੇ ਪੁਲਿਸ ਵੱਲੋਂ ਫੈਸਲਾਕੁਨ ਕਾਰਵਾਈ ਕਰਨ ਦੀਆਂ ਪਹਿਲਾਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਸਨ। ਪਿੰਡ ਦੇ ਗੁਰਦੁਆਰੇ ਚੋਂ ਹੋਕਾ ਦਿਵਾ ਕੇ "ਪੰਚਾਂ-ਸਰਪੰਚਾਂ ਦੀ ਧਿਰ" ਨੇ ਦਲਿਤਾਂ ਨੂੰ ਜ਼ਮੀਨਾਂ ਤੇ ਕਬਜ਼ਾ ਕਰਨ ਤੋਂ ਰੋਕਣ ਲਈ, ਉੱਚ ਜਾਤੀ ਦੇ ਲੋਕਾਂ ਨੂੰ ਇਕੱਠਾ ਕਰ ਲਿਆ ਸੀ। ਪੁਲਿਸ ਨੇ ਸੁਵੱਖਤੇ ਹੀ ਛਾਪੇ ਮਾਰ ਕੇ ਖੇਤ ਮਜ਼ਦੂਰਾਂ ਦੇ ਤਿੰਨਾਂ ਆਗੂਆਂ - ਗੁਰਚਰਨ ਸਿੰਘ ਭਗਤਾ, ਸੇਵਕ ਸਿੰਘ ਭਗਤਾ ਅਤੇ ਤੀਰਥ ਸਿੰਘ ਕੋਠਾ ਗੁਰੂ ਨੂੰ ਉਹਨਾਂ ਦੇ ਘਰਾਂ ਤੋਂ ਚੁੱਕ ਲਿਆ ਗਿਆ। ਫੂਲ ਦੀ ਅਗਵਾਈ ਵਿੱਚ ਦਿਆਲਪੁਰਾ ਅਤੇ ਰਾਮਪੁਰਾ ਸਿਟੀ ਠਾਣਿਆਂ ਦੀ ਪੁਲਿਸ; ਜਸਕਾਰ ਸਿੰਘ ਦੀ ਅਗਵਾਈ ਵਿੱਚ ਪੁਲਿਸ ਦੀ ਫੁਲਵੀਰ ਸਿੰਘ ਦੀ ਅਗਵਾਈ ਵਿੱਚ ਵਜਰ ਵਹੀਕਲ ਨੰ: 2-32-9315 ਸਮੇਤ ਸਮੁੱਚੀ ਪੁਲਿਸ ਟੀਮ ਆਦਿ ਭਾਰੀ ਪੁਲਿਸ ਫੋਰਸ ਮੌਕੇ ਤੇ ਪਹੁੰਚ ਗਈ। ਉਧਰ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ ਭਗਤਾ-ਸ੍ਰੀ ਸੁਖਮੰਦਰ ਸਿੰਘ, ਸਾਬਕਾ ਸਰਪੰਚ ਹਰਦਿਆਲ ਸਿੰਘ, ਸਵਰਜੀਤ ਕੌਰ ਪੰਚ ਅਤੇ ਉਸਦਾ ਪਤੀ ਰਾਜਾ ਸਿੰਘ, ਸਰਪੰਚ ਕਰਮਜੀਤ ਕੌਰ, ਸੁਖਮੰਦਰ ਸਿੰਘ ਦੋਧੀ ਪੰਚ ਆਦਿ ਪਿੰਡ ਦੇ ਉੱਚ ਜਾਤੀ ਦੇ ਲੋਕਾਂ ਦੀ ਭਾਰੀ ਭੀੜ ਨਾਲ ਉਥੇ ਪਹੁੰਚੇ ਹੋਏ ਸਨ। ਇਹਨਾਂ ਸਾਰਿਆਂ ਕੋਲ ਇੱਟਾਂ-ਰੋੜੇ ਅਤੇ ਦਰਖ਼ਤਾਂ ਤੋਂ ਤੋੜੇ ਹੋਏ ਡੰਡੇ ਸਨ। ਰਾਜਾ ਸਿੰਘ, ਸੁਖਮੰਦਰ ਸਿੰਘ ਦੋਧੀ ਅਤੇ ਹਰਨੇਕ ਸਿੰਘ ਵਗੈਰਾ ਕੋਲ ਪਿਸਤੌਲ ਸਨ। ਹਾਕਮ ਸਿੰਘ ਝਗੜੇ ਵਾਲੀ ਜ਼ਮੀਨ ਵਾਹੁਣ ਲਈ ਟਰੈਕਟਰ ਲੈ ਕੇ ਆਇਆ ਸੀ।

? ਪੁਲਿਸ ਦੇ ਆਉਣ ਸਮੇ ਝਗੜੇ ਵਾਲੀ ਥਾਂ ਦੇ ਕੋਲ 25-30 ਦਲਿਤ ਔਰਤਾਂ ਬੈਠੀਆਂ ਸਨ। ਜਦੋ ਹਾਕਮ ਸਿੰਘ ਟਰੈਕਟਰ ਨਾਲ ਜਮੀਨ ਵਾਹੁਣ ਲੱਗਾ ਤਾਂ ਉਹਨਾ ਨੇ ਇਸ ਦਾ ਵਿਰੋਧ ਕੀਤਾ। ਪੁਲਿਸ ਨੇ ਉਹਨਾ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਰਾਜਾ ਸਿੰਘ ਨੇ ਇੱਕ ਦਲਿਤ ਨਿਰਮਲ ਸਿੰਘ ਨੂੰ ਫੜ ਕੇ ਹਲ ਤੇ ਸੁੱਟ ਦਿੱਤਾ ਜਿਸ ਨਾਲ ਉਹਦੀ ਲੱਤ ਅਤੇ ਪਿੰਜਣੀ ਤੇ ਸੱਟਾਂ ਲੱਗੀਆਂ ਫਿਰ ਪੁਲਸ ਅਤੇ "ਪੰਚਾਂ ਸਰਪੰਚਾਂ ਦੀ ਧਿਰ" ਦੇ ਲੋਕ ਉਸ ਨੂੰ ਕੁੱਟਣ ਪੈ ਗਏ।

? ਇਸ ਤੋਂ ਬਾਦ "ਪੰਚਾਂ-ਸਰਪੰਚਾਂ ਦੀ ਧਿਰ" ਦੇ ਵਿਅਕਤੀ ਅਤੇ ਪੁਲਿਸ ਦਲਿਤਾਂ ਤੇ ਟੁੱਟ ਪਏ। ਦਰਸ਼ਨ ਸਿੰਘ ਪਟਵਾਰੀ ਦਾ ਘਰ ਉਹਨਾਂ ਦੇ ਗੁੱਸੇ ਦਾ ਚੋਣਵਾਂ ਨਿਸ਼ਾਨਾ ਬਣਿਆ ਕਿਉਂਕਿ ਉਹਨਾਂ ਨੂੰ ਸ਼ੱਕ ਸੀ ਕਿ ਪਟਵਾਰੀ ਹੋਣ ਕਾਰਣ ਉਸ ਨੂੰ ਝਗੜੇ ਵਾਲੀ ਜ਼ਮੀਨ ਦੀ ਅਸਲੀ ਸਥਿਤੀ ਬਾਰੇ ਪਤਾ ਹੈ ਅਤੇ ਉਹ ਦਲਿਤਾਂ ਨੂੰ ਭੜਕਾ ਰਿਹਾ ਹੈ। "ਪੰਚਾਂ - ਸਰਪੰਚਾਂ ਦੀ ਧਿਰ" ਦੇ ਵਿਅਕਤੀਆਂ ਨੇ ਉਹਦੇ ਘਰ ਤੇ ਡਲਿਆਂ ਦਾ ਮੀਂਹ ਵਰਾਂ ਦਿੱਤਾ, ਗੇਟ ਤੇ ਡਲੇ ਵੱਜਣ ਦੇ ਨਿਸ਼ਾਨ ਤੱਥ ਖੋਜ ਟੀਮ ਨੇ ਦੇਖੇ। ਮਕਾਨ ਦੇ ਸ਼ੀਸ਼ੇ ਭੰਨ ਦਿੱਤੇ ਗਏ ਅਤੇ ਉਸ ਦੀ ਕਾਰ ਦੀ ਵੀ ਭੰਨ ਤੋੜ ਕੀਤੀ।

? ਦਲਿਤ ਔਰਤਾਂ ਨੇ ਤੱਥ ਖੋਜ ਟੀਮ ਨੂੰ ਦੱਸਿਆ ਕਿ "ਪੰਚਾਂ -ਸਰਪੰਚਾਂ ਦੀ ਧਿਰ" ਦੇ ਵਿਅਕਤੀ ਜਿਨਾਂ ਦੀ ਅਗਵਾਈ ਹਰਦਿਆਲ ਸਿੰਘ, ਰਾਜਾ ਸਿੰਘ ਅਤੇ ਸੁਖਮੰਦਰ ਸਿੰਘ ਦੋਧੀ - ਜੋ ਹਥਿਆਰਾਂ ਨਾਲ ਲੈਸ ਸਨ, ਕਰ ਰਹੇ ਸਨ, ਜਬਰੀ ਦਲਿਤਾਂ ਦੇ ਘਰਾਂਵਿੱਚ ਵੜ ਆਏ, ਔਰਤਾਂ ਦੀ ਕੁੱਟਮਾਰ ਅਤੇ ਬੇਪਤੀ ਕੀਤੀ, ਕਈਆਂ ਨੂੰ ਵਾਲਾਂ ਅਤੇ ਚੁੰਨੀਆਂ ਤੋਂ ਘੜੀਸਿਆ, ਗੰਦੀਆਂ ਅਤੇ ਜਾਤੀਸੂਚਕ ਗਾਲਾਂ ਕੱਢੀਆਂ। ਪੁਲਿਸ ਇਨਾਂ ਵਿਅਕਤੀਆਂ ਨੂੰ ਪਿੱਛੋਂ ਕਵਰ ਦੇ ਰਹੀ ਸੀ। ਪੁਲਿਸ ਨੇ ਜਿੱਥੇ ਦਲਿਤਾਂ ਨੂੰ ਡਾਂਗਾਂ ਨਾਲ ਕੁੱਟਣਾ ਜਾਰੀ ਰੱਖਿਆ, ਉਥੇ ਨਾਲ ਹੀ ਉਨਾਂ ਤੇ ਸਟੰਨ ਗਰਨੇਡ ਵੀ ਵਰਸਾਏ। ਸਟੰਨ ਗਰਨੇਡ ਬਹੁਤ ਉੱਚੀ ਅਵਾਜ਼ ਕਰਕੇ ਦਹਿਲ ਪੈਦਾ ਕਰਦਾ ਹੈ ਅਤੇ ਵਿਅਕਤੀ-ਸਮੂਹ ਨੂੰ ਸੁੰਨ ਕਰਦਾ ਹੈ । ਇਸਦੇ ਫਟਣ ਨਾਲ ਅੱਥਰੂ ਗੈਸ ਵੀ ਪੈਦਾ ਹੁੰਦੀ ਹੈ। ਤਿੰਨ ਦਲਿਤ ਔਰਤਾਂ ਸਟੰਨ ਗਰਨੇਡ ਵੱਜਣ ਨਾਲ ਗੰਭੀਰ ਰੂਪ ਵਿੱਚ ਜ਼ਖਮੀ ਹੋਈਆਂ। ਇਨਾਂ ਚੋਂ ਦੋ ਔਰਤਾਂ ਦੇ ਪੇਟ ਤੇ ਅਤੇ ਤੀਜੀ ਔਰਤ ਦੇ ਅੱਖ ਦੇ ਥੱਲੇ ਗੱਲ੍ਹ ਤੇ ਵੱਡੇ ਜ਼ਖਮ ਹੋਏ ਹਨ, ਜਿਸ ਤੋਂ ਲੱਗਦਾ ਹੈ ਕਿ ਗਰਨੇਡ ਉਨਾਂ ਨੂੰ ਨਿਸ਼ਾਨਾ ਬਣਾ ਕੇ ਚਲਾਏ ਗਏ ਸਨ? ਪੁਲਸ ਇਸ ਗੱਲ ਤੋਂ ਚੰਗੀ ਤਰਾਂ ਵਾਕਿਫ਼ ਸੀ ਕਿ ਇਸ ਤਰਾਂ ਸਟੰਨ ਗਰਨੇਡ ਵੱਜਣ ਨਾਲ ਲੋਕ ਗੰਭੀਰ ਰੂਪ ਚ ਜਖਮੀ ਹੋ ਜਾਣਗੇ ਅਤੇ ਮਰ ਵੀ ਸਕਦੇ ਹਨ?

? ਭਗਤਾ ਭਾਈਕਾ ਦੇ ਹਸਪਤਾਲ ਵਿੱਚ ਦਾਖਲ ਸੁਖਜੀਤ ਕੋਰ ਨੇ ਦੱਸਿਆ ਕਿ ਉਸਦੇ ਘਰਵਾਲਾ ਕੰਮ ਤੇ ਗਿਆ ਹੋਇਆ ਸੀ। ਕੁੱਝ ਔਰਤਾਂ ਝਗੜੇ ਵਾਲੀ ਥਾਂ ਤੇ ਬੈਠੀਆਂ ਸਨ । ਪੁਲਿਸ ਅਤੇ "ਪੰਚਾਂ ਸਰਪੰਚਾਂ ਦੀ ਧਿਰ" ਨੇ ਆਉਣ ਸਾਰ ਉਹਨਾਂ ਨੂੰ ਗਾਲਾਂ ਕੱਢਣੀਆਂ ਅਤੇ ਡਾਗਾਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆ। ਉਹ ਡਰਦੀਆਂ ਹੋਈਆਂ ਉਥੋਂ ਭੱਜ ਕੇ ਘਰਾਂ ਨੂੰ ਆ ਗਈਆਂ । ਰੋਂਦਿਆਂ ਹੋਇਆ ਉਸਨੇ ਦੱਸਿਆ ਕਿ ਸਾਬਕਾ ਸਰਪੰਚ ਹਾਕਮ ਸਿੰਘ, ਰਾਜਾ ਸਿੰਘ ਅਤੇ ਸੁਖਮੰਦਰ ਸਿੰਘ ਪੰਚ, ਜਿੰਨਾ ਕੋਲ ਪਿਸਤੌਲ ਸਨ ਨੇ ਉਸ ਦੇ ਘਰ ਵਿੱਚ ਧੱਕੇ ਨਾਲ ਵੜ ਕੇ ਉਸ ਨੂੰ ਗਾਲਾਂ ਕੱਢੀਆਂ ਅਤੇ ਥੱਪੜ ਮਾਰੇ। ਹਰਦਿਆਲ ਸਿੰਘ ਸਾਬਕਾ ਪੰਚ ਨੇ ਉਸ ਦੇ ਸਿਰੋ ਚੁੰਨੀ ਖਿੱਚ ਕੇ ਲਾਹ ਦਿੱਤੀ। ਪੁਲਿਸ ਨੇ ਉਸ ਦੇ 8 ਸਾਲਾਂ ਵੱਡੇ ਲੜਕੇ ਹਰਮਨ ਸਿੰਘ ਦੀ ਲੱਤ ਤੇ ਡੰਡੇ ਮਾਰੇ ਅਤੇ ਛੋਟੇ ਲੜਕੇ ਰਣਦੀਪ ਸਿੰਘ (ਉਮਰ 6 ਸਾਲ) ਨੂੰ ਕੰਧ ਨਾਲ ਮਾਰਿਆ। ਜਦੋ ਉਹ ਘਰੋ ਬਾਹਰ ਨੂੰ ਭੱਜੀ ਤਾਂ ਪੁਲਿਸ ਵਲੋ ਚਲਾਇਆ ਸਟੰਨ ਗਰਨੇਡ ਉਸ ਦੀ ਅੱਖ ਦੇ ਥੱਲੇ ਗੱਲ੍ਹ ਤੇ ਵੱਜਾ? ਇਸ ਜਖਮ ਤੇ 8 ਟੰਕੇ ਲੱਗੇ ਹੋਏ ਸਨ। ਬਾਅਦ ਵਿੱਚ ਸਾਰੇ ਜਖਮੀ ਮਰਦ ਔਰਤਾਂ ਨੂੰ ਮੰਜਿਆ ਤੇ ਪਾ ਲਿਆ ਗਿਆ? ਆਲੇ ਦੁਆਲੇ ਪੁਲਿਸ ਅਤੇ "ਪੰਚਾਂ ਸਰਪੰਚਾਂ ਦੀ ਧਿਰ" ਦਾ ਪਹਿਰਾ ਸੀ। ਉਹਨਾ ਨੂੰ ਹਸਪਤਾਲ ਨਹੀ ਲਿਜਾਣ ਦਿੱਤਾ ਜਾ ਰਿਹਾ ਸੀ? ਬਾਅਦ ਵਿਚ ਕੁੱਝ ਪੱਤਰਕਾਰਾਂ ਅਤੇ ਖੇਤ ਮਜਦੂਰ ਯੂਨੀਅਨਾਂ ਦੇ ਆਗੂਆਂ ਵਲੋ ਉਚ ਅਧਿਕਾਰੀਆ ਤੱਕ ਪਹੁੰਚ ਕਰਨ ਤੇ ਡੇਢ ਵਜੇ ਦੇ ਲਗਭਗ ਉਹਨਾ ਨੂੰ ਹਸਪਤਾਲ ਪਹੁੰਚਾਇਆ ਜਦੋ ਕਿ ਇਹ ਘਟਨਾ ਸਵੇਰੇ 10 ਵਜੇ ਤੋ ਪਹਿਲਾਂ ਦੀ ਹੈ। ਇਸ ਘਟਨਾ ਤੋ ਬਾਅਦ ਪਿੰਡ ਵਿੱਚ ਦਹਿਸ਼ਤ ਫੈਲ ਗਈ। ਦਲਿਤ ਵਿਹੜੇ ਦੇ ਮਰਦ ਪੁਲਿਸ ਦੇ ਡਰੋਂ ਪਿੰਡ ਨਹੀ ਗਏ । ਉਸਦੇ ਬੱਚੇ ਘਰੇ ਇਕੱਲੇ ਸਨ ਉਹਨਾ ਨੂੰ ਸਾਂਭਣ ਲਈ ਉਸਨੇ ਆਪਣੀ ਮਾਂ ਨੂੰ ਬੁਲਾਇਆ ਪਰ ਨਾਕੇ ਤੇ ਬੈਠੀ ਪੁਲਿਸ ਨੇ ਉਸ ਨੂੰ ਵੀ ਵਿਹੜੇ ਵਿੱਚ ਵੜਨ ਨਹੀ ਦਿੱਤਾ? ਕਈ ਘੰਟਿਆ ਦੀ ਖੱਜਲ ਖੁਆਰੀ ਤੋ ਬਾਦ ਉਹ ਬੜੀ ਮੁਸ਼ਕਲ ਨਾਲ ਮਾਸੂਮ ਬੱਚਿਆ ਕੋਲ ਜਾ ਸਕੀ।

? ਰਾਮਪੁਰਾ ਹਸਪਤਾਲ ਵਿੱਚ ਦਾਖਲ ਕਰਮਜੀਤ ਕੋਰ ਪੁਤਰੀ ਨਿਰਮਲ ਸਿੰਘ ਉਮਰ 19 ਸਾਲ ਨੇ ਦੱਸਿਆ ਕਿ ਘਟਨਾ ਵਾਲੇ ਦਿਨ ਮੰਦਰ ਦੋਧੀ ਅਤੇ ਰਾਜਾ ਉਸ ਦੇ ਪਿਓ ਨਿਰਮਲ ਸਿੰਘ ਨੂੰ ਟਰੈਕਟਰ ਥੱਲੇ ਦੇ ਰਹੇ ਸਨ, ਜਿਸ ਨੂੰ ਹਾਕਮ ਸਿੰਘ ਚਲਾ ਰਿਹਾ ਸੀ, ਜਦੋਂ ਉਹ ਆਪਣੇ ਪਿਓ ਨੂੰ ਬਚਾਉਣ ਲਈ ਭੱਜ ਕੇ ਉਥੇ ਗਈ ਤਾਂ ਸਾਰੇ ਜਣੇ ਉਸ ਨੂੰ ਗਾਹਲਾਂ ਕੱਢਣ ਲੱਗ ਪਏ? ਜਾਤੀ ਸੂਚਕ ਗਾਹਲਾਂ ਨਾਲ ਜਲੀਲ ਕੀਤਾ। ਕਹਿੰਦੇ ਸੀ "ਇਹਨਾਂ ਢੇਡਾਂ ਨੂੰ ਅੱਜ ਮਾਰ ਕੇ ਛੱਡਣਾ ਹੈ"। ਮੰਦਰ ਦੋਧੀ ਨੇ ਉਸ ਦੇ ਥੱਪੜ ਮਾਰੇ, ਢਿੱਡ ਵਿੱਚ ਲੱਤਾਂ ਮਾਰੀਆਂ ਅਤੇ ਗੁੱਤ ਤੋ ਫੜ ਕੇ ਘੜੀਸਿਆ । ਇਸ ਸਾਰੇ ਤਸ਼ੱਦਦ ਨਾਲ ਉਹ ਬੇਹੋਸ਼ ਹੋ ਗਈ। ਕੋਲ ਬੈਠੀ ਉਸ ਦੀ ਮਾਂ ਹਰਪਾਲ ਕੌਰ ਨੇ ਦੱਸਿਆ ਕਿ ਜਦੋ ਉਹ ਉਸ ਨੂੰ ਐਬੂਲੈਸ ਵਿੱਚ ਪਾ ਕੇ ਰਾਮਪੁਰਾ ਹਸਪਤਾਲ ਵੱਲ ਆ ਰਹੀ ਸੀ ਤਾਂ ਪੁਲਿਸ ਨੇ ਕਾਫੀ ਸਮਾਂ ਉਹਨਾ ਨੂੰ ਜਬਰੀ ਰੋਕੀ ਰੱਖਿਆ ? ਉਸ ਨੇ ਇਹ ਵੀ ਦੱਸਿਆ ਕਿ ਪੁਲਿਸ ਦੀ ਛਤਰ ਛਾਇਆ ਹੇਠ "ਪੰਚਾਂ ਸਰਪੰਚਾਂ ਦੀ ਧਿਰ" ਦੇ ਬੰਦੇ ਦਲਿਤ ਵਿਹੜੇ ਵਿੱਚ ਔਰਤਾਂ ਦੀ ਕੁੱਟ ਮਾਰ ਕਰ ਰਹੇ ਸਨ। ਉਨਾ ਨੂੰ ਗੰਦੀਆ ਗਾਲਾ ਕੱਢ ਰਹੇ ਸਨ। ਗੁੱਤਾਂ ਤੋ ਫੜ ਕੇ ਘੜੀਸ ਰਹੇ ਸਨ ਅਤੇ ਬੇਇੱਜਤੀ ਕਰ ਰਹੇ ਸਨ।

? ਰਾਮਪੁਰਾ ਹਸਪਤਾਲ ਵਿੱਚ ਦਾਖਲ ਰਾਮ ਸਿੰਘ ਪੁੱਤਰ ਨਛੱਤਰ ਸਿੰਘ ਉਮਰ 24 ਸਾਲ ਨੇ ਦੱਸਿਆ ਕਿ ਉਹ ਖੇਤੋਂ ਆ ਰਿਹਾ ਸੀ, ਉਸ ਦਾ ਘਰ ਝਗੜੇ ਵਾਲੀ ਜਮੀਨ ਦੇ ਕੋਲ ਹੀ ਹੈ। ਜਦੋ ਉਹ ਘਰ ਕੋਲ ਪੁੱਜਾ ਤਾਂ ਰਾਜਾ ਸਿੰਘ ਅਤੇ ਮੰਦਰ ਦੋਧੀ ਨੇ ਆਵਦੇ ਨਾਲ ਦਿਆਂ ਨੂੰ ਲਲਕਾਰ ਕੇ ਕਿਹਾ "ਫੜ ਲਓ ਇਸ ਢੇਡ ਨੂੰ।" ਮੰਦਰ ਦੋਧੀ ਨੇ ਉਸ ਦੇ ਮੱਥੇ ਤੇ ਡਾਂਗ ਮਾਰੀ, ਉਹ ਡਿੱਗ ਪਿਆ ਫਿਰ ਉਸ ਨੂੰ ਬੇਸਬਾਲ ਨਾਲ ਕੁੱਟਿਆ? ਉਸ ਵੇਲੇ "ਪੰਚਾਂ ਸਰਪੰਚਾਂ ਦੀ ਧਿਰ" ਦੇ ਬੰਦੇ ਦਰਸ਼ਨ ਸਿੰਘ ਪਟਵਾਰੀ ਦੇ ਘਰ ਤੇ ਡਲੇ ਚਲਾ ਰਹੇ ਸਨ। ਪੁਲਿਸ ਉਸ ਵੇਲੇ ਅਥਰੂ ਗੈਸ ਵਾਲੇ ਗੋਲੇ ਛੱਡ ਰਹੀ ਸੀ। ਰਾਮ ਸਿੰਘ ਦੇ ਸਿਰ, ਖੱਬੇ ਮੋਢੇ ਤੇ ਢੂਹੀ ਤੇ ਸੱਟਾਂ ਹਨ।

? "ਪੰਚਾਂ-ਸਰਪੰਚਾਂ ਦੀ ਧਿਰ" ਚੋ ਹਾਕਮ ਸਿੰਘ ਵੀ ਜਖਮੀ ਹਾਲਤ ਵਿੱਚ ਰਾਮਪੁਰਾ ਹਸਪਤਾਲ ਵਿੱਚ ਦਾਖਲ ਸੀ। ਉਸ ਦਾ ਕਹਿਣਾ ਸੀ ਕਿ ਦਲਿਤਾਂ ਦੀ ਧਿਰ ਵਲੋ ਉਸ ਤੇ ਰੋੜੇ ਚਲਾਏ ਗਏ ਕਿਓਂਕਿ ਉਹ ਝਗੜੇ

ਵਾਲੀ ਜਮੀਨ ਨੂੰ ਵਾਹੁਣ ਲਈ ਟਰੈਕਟਰ ਲੈ ਕੇ ਆਇਆ ਸੀ। ਰੋੜੇ ਵੱਜਣ ਕਾਰਨ ਉਸ ਦੇ ਅੰਗੂਠੇ ਅਤੇ ਮੋਢੇ ਤੇ ਸੱਟਾਂ ਲੱਗੀਆਂ।

? ਗੁਰਮੇਲ ਕੌਰ ਪਤਨੀ ਦਲੀਪ ਸਿੰਘ ਨੇ ਦੱਸਿਆ ਕਿ ਉਹ ਝਗੜੇ ਵਾਲੀ ਜਮੀਨ ਕੋਲ 20-25 ਹੋਰ ਦਲਿਤ ਔਰਤਾਂ ਨਾਲ ਖੜੀ ਸੀ। ਪੁਲਿਸ ਅਤੇ "ਪੰਚਾ-ਸਰਪੰਚਾਂ ਦੀ ਧਿਰ" ਦੇ ਬੰਦਿਆ ਨੇ ਆਉਣ ਸਾਰ ਉਹਨਾਂ ਨੂੰ ਡਾਗਾਂ ਅਤੇ ਇੱਟਾ ਰੋੜਿਆ ਆਦਿ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ? ਸੱਟਾ ਵੱਜਣ ਕਾਰਨ ਉਹ ਬੇਹੋਸ਼ ਹੋ ਗਈ। ਜਦੋਂ ਉਸ ਨੂੰ ਹਸਪਤਾਲ ਲਿਆਦਾਂ ਗਿਆ ਉਦੋਂ ਉਸ ਦੀ ਲੱਤ ਅਤੇ ਖੱਬੇ ਪੈਰ ਤੇ ਸੱਟਾਂ ਸਨ ਜਿਹਨਾਂ ਚੋ ਖੂਨ ਵਹਿ ਰਿਹਾ ਸੀ ।

? ਦਲਿਤਾਂ ਨੇ ਇਹ ਵੀ ਦੋਸ਼ ਲਾਇਆ ਕਿ ਪਿੰਡ ਦੀ ਪੰਚਾਇਤ, ਰਾਜ ਕਰ ਰਹੀ ਪਾਰਟੀ, ਅਕਾਲੀ ਦਲ (ਬਾਦਲ) ਨਾਲ ਸੰਬੰਧਤ ਹੈ ਅਤੇ ਉਨਾਂ ਤੇ ਹਮਲਾ ਕਰਨ ਪਿੱਛੇ ਇਲਾਕੇ ਦੇ ਇੱਕ ਅਕਾਲੀ ਮੰਤਰੀ ਦਾ ਹੱਥ ਹੈ।

? ਦਲਿਤਾਂ ਵੱਲੋਂ ਤੱਥ ਖੋਜ ਟੀਮ ਨੂੰ ਇਹ ਵੀ ਦੱਸਿਆ ਗਿਆ ਕਿ ਪੁਲਿਸ ਅਤੇ "ਪੰਚਾਂ-ਸਰਪੰਚਾਂ ਦੀ ਧਿਰ" ਦੇ ਡਰੋਂ ਉਨਾਂ ਨੇ ਆਪਣੀਆਂ ਸਾਰੀਆਂ ਨੌਜੁਆਨ ਲੜਕੀਆਂ ਨੂੰ ਰਿਸ਼ਤੇਦਾਰੀਆਂ ਵਿੱਚ ਭੇਜ ਦਿੱਤਾ ਹੈ ਕਿਉਂਕਿ ਉਨਾਂ ਨੂੰ ਲਗਾਤਾਰ ਪੁਲਿਸ ਕੋਲ ਫੜਾਉਣ ਅਤੇ ਬੇਇਜ਼ਤੀ ਕਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਉਨਾਂ ਨੇ ਪਿੰਡ ਵਿੱਚ ਤੈਨਾਤ ਪੁਲਿਸ ਅਧਿਕਾਰੀਆਂ ਤੇ ਬਦਸਲੂਕੀ ਕਰਨ ਦੇ ਦੋਸ਼ ਵੀ ਲਾਏ। ਇਸ ਘਟਨਾ ਤੋਂ ਸਹਿਮੀਆਂ ਦਲਿਤ ਕੁੜੀਆਂ ਸਕੂਲ ਵਿੱਚ ਪੜ੍ਹਣ ਵੀ ਨਹੀਂ ਜਾ ਰਹੀਆਂ ਹਨ। ਟੀਮ ਨੇ ਬਾਦ ਵਿੱਚ ਇਹਨਾਂ ਮਸਲਿਆਂ ਬਾਰੇ ਬਲਾਕ ਪੰਚਾਇਤ ਅਤੇ ਵਿਕਾਸ ਅਧਿਕਾਰੀ ਨਾਲ ਗੱਲਬਾਤ ਕੀਤੀ ਜਿਸ ਨੇ ਸਭਾ ਦੇ ਮੈਂਬਰਾਂ ਦੀ ਚਿੰਤਾ ਤੋਂ ਡੀ.ਐਸ.ਪੀ. ਫੂਲ ਨੂੰ ਫੋਨ ਤੇ ਜਾਣੂ ਕਰਵਾਇਆ। ਇਸ ਗੱਲਬਾਤ ਤੋਂ ਬਾਦ ਬੀ.ਡੀ.ਪੀ. ਓ. ਨੇ ਸਭਾ ਨੂੰ ਯਕੀਨ ਦਿਵਾਇਆ ਕਿ ਅੱਗੋ ਤੋਂ ਪੁਲਿਸ ਜਾਂ "ਪੰਚਾਂ -ਸਰਪੰਚਾਂ ਦੀ ਧਿਰ" ਵੱਲੋਂ ਦਲਿਤਾਂ ਨਾਲ ਕੋਈ ਵਧੀਕੀ ਨਹੀਂ ਕੀਤੀ ਜਾਵੇਗੀ ਅਤੇ ਪਿੰਡ ਵਿੱਚੋ ਜਲਦੀ ਹੀ ਪੁਲਿਸ ਵਾਪਿਸ ਬੁਲਾ ਲਈ ਜਾਵੇਗੀ।

**ਪੰਚਾਂ - ਸਰਪੰਚਾਂ ਦੀ ਧਿਰ ਦਾ ਪੱਖ :**

ਸਰਪੰਚ ਸ੍ਰੀਮਤੀ ਕਰਮਜੀਤ ਕੌਰ ਨਾਲ ਮਿਥੇ ਪ੍ਰੋਗ੍ਰਾਮ ਅਨੁਸਾਰ ਜਦੋ ਸਭਾ ਦੀ ਟੀਮ ਗੁਰਦੁਆਰੇ ਪਹੁੰਚੀ ਤਾ ਉਥੇ ਪਿੰਡ ਦੇ "ਮੋਹਤਬਰ ਲੋਕਾਂ" ਜਿੰਨਾ ਵਿੰਚ ਸਾਬਕਾ ਪੰਚ-ਸਰਪੰਚ, ਗੁਰਦੁਆਰਾ ਕਮੇਟੀ ਦੇ ਆਗੂ, ਸਹਿਕਾਰੀ ਸਭਾ ਦੇ ਅਹੁਦੇਦਾਰ, ਆਦਿ ਪਹਿਲਾਂ ਹੀ ਪਹੁੰਚੇ ਹੋਏ ਸਨ। ਸਾਬਕਾ ਸਰਪੰਚ ਹਰਦਿਆਲ ਸਿੰਘ, ਸਵਰਨਜੀਤ ਕੋਰ ਪੰਚ ਦਾ ਪਤੀ ਰਾਜਾ ਸਿੰਘ, ਸੁਖਮੰਦਰ ਸਿੰਘ ਆਦਿ ਜਿੰਨਾ ਤੇ ਦਲਿਤਾਂ ਵਲੋ ਉਨਾ ਦੇ ਘਰਾਂ ਵਿੱਚ ਆਕੇ ਕੁੱਟ ਮਾਰ ਕਰਨ, ਔਰਤਾਂ ਦੀ ਬੇਪਤੀ ਕਰਨ ਅਤੇ ਪੁਲਿਸ ਨਾਲ ਮਿਲ ਕੇ ਓਹਨਾਂ ਤੇ ਹਮਲਾ ਕਰਨ ਦੇ ਦੋਸ਼ ਲਾਏ ਗਏ ਸਨ, ਵੀ ਉਥੇ ਹਾਜਰ ਸਨ। ਉਨਾ ਨਾਲ ਗੱਲ ਬਾਤ ਚੱਲਣ ਤੋ ਕੁਝ ਸਮਾਂ ਬਾਅਦ ਸਰਪੰਚ ਕਰਮਜੀਤ ਕੌਰ ਵੀ ਉਥੇ ਪਹੁੰਚ ਗਏ। ਇਸ ਧਿਰ ਨਾਲ ਹੋਈ ਗੱਲ ਬਾਤ ਵਿੱਚ ਉਹਨਾ ਦੇ ਪੱਖ ਦਾ ਸਾਰ ਤੱਤ ਇਹ ਸੀ :-

? ਪਿੰਡ ਵਿੱਚ ਹੁਣ ਤੱਕ ਦਲਿਤਾਂ ਅਤੇ ਉਚ ਜਾਤੀ ਦੇ ਲੋਕਾਂ ਵਿਚਕਾਰ ਚੰਗੇ ਸਬੰਧ ਰਹੇ ਸਨ? ਪਰ ਬਾਹਰੋ ਆਏ ਤਿੰਨ ਵਿਅਕਤੀਆ - ਗੁਰਚਰਨ ਸਿੰਘ (ਭਗਤਾ), ਸੇਵਕ ਸਿੰਘ ਅਤੇ ਤੀਰਥ ਸਿੰਘ-ਜੋ ਖੇਤ ਮਜਦੂਰ ਜਥੇਬੰਦੀਆਂ ਦੇ ਆਗੂ ਹਨ, ਨੇ ਦਲਿਤਾਂ ਨੂੰ ਭੜਕਾਅ ਕੇ ਪਿੰਡ ਵਿੱਚ ਦੁਫੇੜ ਪਾ ਦਿੱਤੀ? ਇਹ ਤਿੰਨੇ ਆਗੂ ਦਲਿਤਾਂ ਨੂੰ ਜੱਟਾਂ ਤੋਂ ਜਮੀਨਾ ਖੋਹਣ ਲਈ ਉਕਸਾ ਰਹੇ ਸਨ। ਉਕਤ ਤਿੰਨਾ ਖੇਤ ਮਜਦੂਰ ਆਗੂਆ ਨੇ ਦਲਿਤਾਂ ਨੂੰ ਜਮੀਨਾ ਦੁਆਉਣ ਦਾ ਲਾਰਾ ਲਾਕੇ ਉਹਨਾਂ ਤੋਂ ਪੰਜ ਪੰਜ ਸੌ ਰੁਪਏ ਲਏ ਹਨ। (ਖੇਤ ਮਜ਼ਦੂਰਾਂ ਦੀ ਜਥੇਬੰਦੀ ਦੇ ਆਗੂਆਂ ਵੱਲੋਂ ਮਜ਼ਦੂਰਾਂ ਤੋਂ ਭਾਰੀ ਫੰਡ ਲਏ ਜਾਣ ਦੇ ਦੋਸ਼ ਨੂੰ ਦਲਿਤਾਂ ਨੇ ਬਿਲਕੁਲ ਝੂਠਾ ਅਤੇ ਬੇਬੁਨਿਆਦ ਦੱਸਿਆ)

? ਸ਼ੁਰੂ ਵਿੱਚ ਇਸ ਧਿਰ ਨੇ ਪੁਲਿਸ ਨਾਲ ਮਿਲ ਕੇ ਦਲਿਤਾਂ ਦੇ ਘਰਾਂ ਤੇ ਹਮਲਾ ਕਰਨ, ਉਹਨਾ ਦੀ ਕੁੱਟਮਾਰ ਕਰਨ ਅਤੇ ਔਰਤਾਂ ਦੀ ਬੇਪਤੀ ਕਰਨ ਦੇ ਦੋਸ਼ਾ ਨੂੰ ਜ਼ੋਰ ਨਾਲ ਨਕਾਰਿਆ? ਪਰ ਕੁੱਝ ਦੇਰ ਦੀ ਗੱਲ ਬਾਤ ਤੋ ਬਾਅਦ ਉਹਨਾਂ ਨੇਂ ਇਸ ਘਟਨਾ ਵਿੱਚ ਪੁਲਿਸ ਦੀ ਮੱਦਦ ਕਰਨ ਦੀ ਗੱਲ ਮਲਵੀਂ ਜਿਹੀ ਜੀਭ ਨਾਲ ਇਹ ਕਹਿੰਦਿਆ ਮੰਨ ਲਈ ਕਿ ਦਲਿਤਾਂ ਵਲੋ ਚਲਾਏ ਰੋੜਿਆ ਕਾਰਨ ਪੁਲਿਸ ਕਮਜੋਰ ਪੈ ਗਈ ਸੀ ਕਿਉਕਿ "ਬਹੁਤੇ ਪੁਲਸੀਆ ਕੋਲ ਤਾਂ ਡਾਗਾਂ ਵੀ ਨਹੀ ਸਨ", ਇਸ ਲਈ ਉਹਨਾ ਨੇ ਪੁਲਿਸ ਦੀ ਮੱਦਦ ਕਰ ਦਿੱਤੀ।

? ਸਭਾ ਦੀ ਟੀਮ ਨੇ ਜਦੋ "ਪੰਚਾਂ-ਸਰਪੰਚਾਂ ਦੀ ਧਿਰ" ਤੋਂ ਪੁੱਛਿਆ ਕਿ ਮਾਲ ਮਹਿਕਮੇ ਦੇ ਰਿਕਾਰਡ ਅਨੁਸਾਰ ਝਗੜੇ ਵਾਲੀ ਜਮੀਨ ਦੀ ਮਾਲਕੀ ਅਤੇ ਕਬਜਾ ਕਿਸ ਦੇ ਨਾਂ ਹੈ ਤਾਂ ਉਹਨਾ ਨੇ ਇਸ ਤੋ ਅਗਿਆਨਤਾ ਪ੍ਰਗਟ ਕੀਤੀ।

? ਪਹਿਲੀ ਮਈ ਦੀ ਘਟਨਾ ਦੇ ਸਬੰਧ ਵਿੱਚ ਇਸ ਧਿਰ ਦਾ ਕਹਿਣਾ ਸੀ ਕਿ ਪੰਚਾਇਤ, ਪੁਲਿਸ ਫੋਰਸ ਤੇ ਬੀ ਡੀ ਪੀ ਓ ਨਾਲ ਜਦੋ ਉਹ ਟਰੈਕਟਰ ਲੈ ਕੇ ਝਗੜੇ ਵਾਲੀ ਜਮੀਨ ਵਾਹੁਣ ਲਈ ਗਏ ਤਾਂ ਦਲਿਤਾਂ ਨੇ ਉਹਨਾਂ ਦੇ ਰੋੜੇ ਮਾਰਨੇ ਸ਼ੁਰੂ ਕਰ ਦਿੱਤੇ ? ਉਹ ਅਫਸਰਾਂ ਨੂੰ ਚੰਗਾ ਮੰਦਾ ਬੋਲੇ, ਟਰੈਕਟਰ ਡਰਾਈਵਰ ਹਾਕਮ ਸਿੰਘ ਦੇ ਸੱਟਾ ਮਾਰੀਆਂ ਅਤੇ ਪੁਲਿਸ ਵਾਲਿਆ ਨੂੰ ਵੀ ਜਖਮੀ ਕਰ ਦਿੱਤਾ। ਪਹਿਲਾਂ ਉਹਨਾ ਨੇ ਦਲਿਤਾਂ ਵਲੋ ਆਪਦੇ ਕੋਠਿਆ ਤੇ ਇੱਟਾ ਰੋੜੇ ਇਕੱਠੇ ਕਰਕੇ ਉਥੋਂ ਪੁਲਿਸ ਤੇ ਚਲਾਉਣ ਦੀ ਗੱਲ ਜ਼ੋਰ ਨਾਲ ਕਹੀ ਪਰ ਬਾਅਦ ਵਿੱਚ ਉਹਨਾ ਨੇ ਕੋਠਿਆਂ ਦੀ ਥਾਂ ਘਰਾਂ ਦੇ ਅੰਦਰੋ ਰੋੜੇ ਚਲਾਏ ਜਾਣ ਦੀ ਗੱਲ ਕਹੀ। ਉਹਨਾ ਨੇ ਕਿਸੇ ਵੀ ਦਲਿਤ ਮਰਦ ਜਾਂ ਔਰਤ ਦੀ ਕੁੱਟ ਮਾਰ ਜਾਂ ਬੇਇੱਜਤੀ ਕਰਨ ਤੋ ਇਨਕਾਰ ਕੀਤਾ।

? "ਪੰਚਾਂ-ਸਰਪੰਚਾਂ ਦੀ ਧਿਰ" ਨਾਲ ਗੱਲਬਾਤ ਕਰਦਿਆਂ ਜਦੋਂ ਤੱਥ ਖੋਜ ਟੀਮ ਨੇ ਇਸ ਘਟਨਾ ਦੌਰਾਨ ਪਿੰਡ ਦੀ ਇੱਕ ਨੌਜਵਾਨ ਦਲਿਤ ਲੜਕੀ ਦੇ ਥੱਪੜ ਮਾਰੇ ਜਾਣ, ਉਸ ਦੇ ਢਿੱਡ ਵਿੱਚ ਲੱਤਾਂ ਮਾਰਨ ਅਤੇ ਗੁੱਤ ਤੋਂ ਫੜ ਕੇ ਘੜੀਸਣ ਨੂੰ ਇਨਸਾਨੀਅਤ ਤੋਂ ਗਿਰੀ ਹੋਈ ਕਹਿ ਕੇ, ਇਸ ਨੂੰ ਅੰਜਾਮ ਦੇਣ ਵਾਲੇ ਵਿਅਕਤੀ ਦੀ ਪਛਾਣ ਕਰਨ ਦਾ ਸੁਝਾ ਦਿੱਤਾ ਤਾਂ ਇਸ ਧਿਰ ਦੇ ਕੁੱਝ ਵਿਅਕਤੀ ਕਾਫ਼ੀ ਤੈਸ਼ ਵਿੱਚ ਆ ਗਏ। ਪਰ ਬਾਦ ਵਿੱਚ ਸਭਾ ਦੇ ਪ੍ਰਧਾਨ ਬੱਗਾ ਸਿੰਘ ਦੇ ਸਮਝਾਉਣ ਤੇ ਸਥਿਤੀ ਸ਼ਾਂਤ ਹੋ ਗਈ।

**ਤਥਾਂ ਦੀ ਘੋਖ ਦੇ ਨਤੀਜੇ:**

ਤੱਥ ਖੋਜ ਕਮੇਟੀ, ਇਕੱਤਰ ਕੀਤੇ ਗਏ ਤੱਥਾਂ ਦੇ ਅਧਾਰ ਤੇ ਹੇਠ ਲਿਖੇ ਨਤੀਜਿਆ ਤੇ ਪਹੁੰਚੀ ਹੈ:-

1. ਦਲਿਤ ਵਿਹੜੇ ਦੇ ਲੋਕਾਂ ਦੀ ਰੂੜੀਆਂ ਅਤੇ ਪਾਖਾਨਿਆ ਲਈ ਜਗ੍ਹਾ ਦੀ ਮੰਗ ਬਿਲਕੁੱਲ ਹੱਕੀ ਤੇ ਵਾਜਬ ਹੈ। ਪੰਚਾਇਤ ਇਹ ਤਰਕ ਸੀ ਕਿ ਦਲਿਤਾ ਵਲੋ ਕਦੇ ਵੀ ਇਹ ਮੰਗ ਬਕਾਇਦਾ ਲਿਖਤੀ ਰੂਪ ਵਿੱਚ ਉਹਨਾ ਦੇ ਸਾਹਮਣੇ ਨਹੀ ਰੱਖੀ ਗਈ। ਹਕੀਕਤ ਇਹ ਹੈ ਕਿ ਹਰ ਪੰਚਾਇਤੀ ਚੋਣ ਮੌਕੇ ਇਹ ਮੰਗ ਜਨਤਕ ਰੂਪ ਵਿੱਚ ਉਭਾਰੀ ਜਾਂਦੀ ਰਹੀ ਹੈ ਅਤੇ ਪੰਚ ਸਰਪੰਚ ਬਨਣ ਦੇ ਉਮੀਦਵਾਰ ਇਸ ਮੰਗ ਨੂੰ ਪੂਰਾ ਕਰਨ ਬਾਰੇ ਦਲਿਤਾਂ ਨੂੰ ਭਰੋਸਾ ਵੀ ਦਿੰਦੇ ਰਹੇ ਹਨ। ਮੌਜੂਦਾ ਸਰਪੰਚ ਸ੍ਰੀਮਤੀ ਕਰਮਜੀਤ ਕੌਰ, ਜੋ ਖ਼ੁੱਦ ਦਲਿਤ ਹੈ, ਨੇ ਵੀ ਇਸ ਸਬੰਧ ਵਿੱਚ ਚੋਣ ਲੜਨ ਸਮੇ ਵਾਅਦਾ ਕੀਤਾ ਸੀ।

2. ਪੰਚਾਇਤੀ ਜਮੀਨ ਦੀ ਜਮਾਂਬੰਦੀ ਦੀ ਘੋਖ ਕਰਨ ਤੋ ਸ਼ਪੱਸ਼ਟ ਹੁੰਦਾ ਹੈ ਕਿ ਦਲਿਤਾਂ ਦੀਆਂ ਰੂੜੀਆਂ ਅਤੇ ਪਾਖਾਨਿਆ ਲਈ ਖੇਵਟ ਨੰ:449/383 ਖਤੋਨੀ ਨੰਬਰ 681 ਖਸਰਾ ਨੰਬਰ 1328 ਵਿੱਚ 15 ਮਰਲੇ ਥਾਂ ਰੂੜੀਆ ਲਈ ਅਤੇ ਖਸਰਾ ਨੰਬਰ:1402 ਵਿੱਚ 14 ਮਰਲੇ ਟੱਟੀਆ ਲਈ ਰੱਖੀ ਗਈਹੈ। ਇਸੇ ਤਰਾਂ ਖਤੋਨੀ ਨੰਬਰ 683 ਖਸਰਾ ਨੰਬਰ 1262 ਵਿੱਚ 2 ਕਨਾਲ 4 ਮਰਲੇ ਰੂੜੀਆ ਲਈ ਅਤੇ ਖਸਰਾ ਨੰਬਰ 1263 ਵਿੱਚ 1 ਕਨਾਲ 12 ਮਰਲੇ ਟੱਟੀਆ ਲਈ ਰੱਖੀ ਗਈ ਹੈ? ਖਤੋਨੀ ਨੰਬਰ 684 ਵਿੱਚ 2 ਕਲਾਲ 8 ਮਰਲੇ (ਖਸਰਾ ਨੰਬਰ 1220 ਅਤੇ 1355 ਵਿੱਚ) ਟੱਟੀਆ ਲਈ ਰੱਖੀ ਗਈ ਹੈ। ਇਸ ਤਰ੍ਹਾਂ ਇਸ ਖੇਵਟ ਵਿੱਚ ਮਾਲ ਮਹਿਕਮੇ ਦੇ ਰਿਕਾਰਡ ਅਨੁਸਾਰ, ਕੁੱਲ 2 ਕਲਾਲ 19 ਮਰਲੇ ਜਮੀਨ ਰੂੜੀਆ ਲਈ ਅਤੇ 6 ਕਨਾਲ 19 ਮਰਲੇ ਟੱਟੀਆ ਲਈ ਰੱਖੀ ਗਈ ਹੈ। ਇਸ ਦੇ ਬਾਵਜੂਦ ਵੀ ਦਲਿਤਾਂ ਨੂੰ ਰੂੜੀਆ ਅਤੇ ਟੱਟੀਆ ਲਈ ਥਾਂ ਦਾ ਨਾ ਮਿਲਣਾ ਇਸ ਗੱਲ ਦਾ ਸ਼ਪੱਸਟ ਸੰਕੇਤ ਹੈ ਕਿ ਇਹ ਜਮੀਨ ਪ੍ਰਭਾਵਸ਼ਾਲੀ ਲੋਕਾਂ ਵਲੋ ਗੈਰ ਕਾਨੂੰਨੀ ਢੰਗ ਨਾਲ ਨੱਪ ਲਈ ਗਈ ਹੈ।

3. 30 ਅਪਰੈਲ ਨੂੰ ਦਰਜ ਕੀਤੀ ਮੁਤਾਬਿਕ ਪੰਚਾਇਤ ਅਤੇ ਬੀ ਡੀ ਪੀ ਓ ਨੂੰ ਦਲਿਤਾਂ ਦੀ ਰੂੜੀਆ ਅਤੇ ਟੱਟੀਆ ਲਈ ਜਗ੍ਹਾ ਦੀ ਮੰਗ ਬਾਰੇ ਉਸ ਦਿਨ ਬਕਾਇਦਾ ਜਾਣਕਾਰੀ ਮਿਲ ਗਈ ਸੀ ਪਰ ਇਸਦੇ ਬਾਵਜੂਦ ਵੀ ਉਹਨਾ ਨੇ ਇਸ ਕਾਨੂੰਨੀ ਹੱਕੀ ਅਤੇ ਵਾਜਬ ਮੰਗ ਨੂੰ ਪੂਰਾ ਕਰਨ ਲਈ ਕੋਈ ਕਦਮ ਨਹੀ ਚੁੱਕਿਆ । ਨਾਂ ਹੀ ਦਲਿਤਾਂ ਨਾਲ ਗੱਲ ਬਾਤ ਲਈ ਕੋਈ ਪਹਿਲ ਕਦਮੀ ਕੀਤੀ ਸਗੋ ਉਹਨਾ ਦੇ ਖਿਲਾਫ ਪੁਲਿਸ ਕੇਸ ਦਰਜ ਕਰਕੇ ਟਕਰਾਅ ਦੀ ਸ਼ੁਰੂਆਤ ਕੀਤੀ।

4. 30-4-2015 ਨੂੰ 24 ਦਲਿਤਾ ਅਤੇ ਉਹਨਾ ਦੇ ਆਗੂਆ ਜਿੰਨਾ ਚ 8 ਔਰਤਾਂ ਸਨ ਅਤੇ 30-35 ਹੋਰ ਅਨਪਛਾਤੇ ਵਿਅਕਤੀਆਂ ਖਿਲਾਫ਼ ਦਰਜ 69ਵ ਨੰ: 47 ਅਨੁਸਾਰ ਪੰਚਾਇਤ ਸਕੱਤਰ ਜਗਜੀਤ ਸਿੰਘ, ਬਲਾਕ ਵਿਕਾਸ ਅਧਿਕਾਰੀ ਸੁਖਵਿੰਦਰ ਸਿੰਘ ,ਕਰਮਜੀਤ ਕੌਰ ਸਰਪੰਚ, ਸੁਖਮੰਦਰ ਸਿੰਘ ਪੰਚ, ਕਰਨੈਲ ਸਿੰਘ ਪੰਚ ਆਦਿ ਨੇ ਸਵਰਨਜੀਤ ਕੌਰ ਪੰਚ ਦੇ ਪਤੀ ਰਾਜਾ ਸਿੰਘ ਦਾ ਟਰੈਕਟ ਲਿਆ ਕੇ ਜਮੀਨ ਵਾਹੁਣੀ ਸ਼ੁਰੂ ਕਰ ਦਿੱਤੀ। ਮੌਕੇ ਤੇ ਇਕੱਠੇ ਹੋਏ ਦਲਿਤ ਟਰੈਕਟਰ ਦੇ ਮੂਹਰੇ ਪੈ ਗਏ ਅਤੇ ਉਹਨਾ ਨੇ ਜਮੀਨ ਵਾਹੁਣ ਤੋ ਰੋਕ ਦਿੱਤਾ? ਇਸ ਦਿਨ ਦੇ ਟਕਰਾਅ ਵਿੱਚ ਐਫ ਆਈ ਆਰ ਅਨੁਸਾਰ ਕਿਸੇ ਦੇ ਵੀ ਕੋਈ ਸੱਟ ਫੇਟ ਨਹੀ ਲੱਗੀ। ਇਹ ਮੁਕਦਮਾ ਬਿਲਕੁਲ ਝੂਠਾ ਦਰਜ ਕੀਤਾ ਗਿਆ ਹੈ? ਅਸਲ ਵਿਚ ਇਹ ਮੁਕਦਮਾ ਦਰਜ ਕਰਕੇ ਪੰਚਾਇਤ, ਪੁਲਸ ਅਤੇ ਹੋਰ ਅਧਿਕਾਰੀਆਂ ਨੇਂ ਦਲਿਤਾਂ ਦੀ ਜਮੀਨ ਦੀ ਮੰਗ ਨੂੰ ਸਖਤੀ ਨਾਲ ਕੁਚਲਣ ਦਾ ਜਾਬਰ ਇਜਹਾਰ ਕੀਤਾ ਹੈ?

5. ਪਿੰਡ ਦੇ "ਮੋਹਤਬਰਾਂ" ਅਤੇ "ਪੰਚਾ ਸਰਪੰਚਾਂ ਵਾਲੀ ਧਿਰ" ਦਾ ਕਹਿਣਾ ਸੀ ਕਿ ਜਦੋ ਉਹ ਝਗੜੇ ਵਾਲੀ ਜਮੀਨ ਤੋ ਦਲਿਤਾਂ ਦਾ ਕਬਜਾ ਛਡਾਉਣ ਲਈ ਪੁਲਿਸ ਅਤੇ ਬੀ ਡੀ ਪੀ ਓ ਦੇ ਨਾਲ ਗਏ ਤਾਂ ਦਲਿਤਾਂ ਨੇ ਪਹਿਲਾਂ ਤੋ ਹੀ ਕੀਤੀ ਤਿਆਰੀ ਤਹਿਤ ਉਨਾ ਤੇ ਰੋੜੇ ਚਲਾਉਣੇ ਸ਼ੁਰੂ ਕਰ ਦਿੱਤੇ। ਉਨਾ ਦੇ ਕਹਿਣ ਅਨੁਸਾਰ "ਪੁਲਿਸ ਵਾਲਿਆ ਚੋ ਬਹੁਤਿਆ ਕੋਲ ਤਾਂ ਡਾਗਾਂ ਵੀ ਨਹੀ ਸਨ, ਕਿਉਕਿ ਪੁਲਿਸ ਨੂੰ ਕਿਸੇ ਝਗੜੇ ਦੀ ਉਮੀਦ ਨਹੀ ਸੀ"। ਇਸ ਧਿਰ ਦੇ ਵਿਅਕਤੀਆ ਨੇ ਮਲਵੀਂ ਜਿਹੀ ਜੀਭ ਨਾਲ ਇਹ ਗੱਲ ਮੰਨ ਲਈ ਕਿ ਦਲਿਤਾਂ ਦੇ ਘਰਾਂ ਵਿੱਚ ਜਾ ਕੇ ਉਹਨਾ ਨੇ ਪੁਲਿਸ ਨਾਲ ਮਿਲ ਕੇ ਹਮਲੇ ਕੀਤੇ ਕਿਉਕਿ "ਪੁਲਿਸ ਬੇ ਹਥਿਆਰੀ ਹੋਣ ਕਾਰਨ ਦਲਿਤਾਂ ਵਲੋ ਚਲਾਏ ਜਾ ਰਹੇ ਰੋੜਿਆ ਕਾਰਨ ਲਾਚਾਰ ਹੋ ਗਈ ਸੀ"। ਬੀ ਡੀ ਪੀ ਓ ਨੇ ਵੀ ਲਗਭਗ ਇਹੀ ਕਹਾਣੀ ਦੁਹਰਾਈ? ਉਂਝ ਉਸ ਦਾ ਕਹਿਣਾ ਸੀ ਕਿ ਜਦੋ ਰੋੜੇ ਵਰ੍ਹਨ ਲੱਗ ਪਏ ਤਾ ਉਹ ਆਵਦੇ ਬਚਾਅ ਲਈ ਭੀੜ (ਪੰਚਾਂ-ਸਰਪੰਚਾਂ ਵਾਲੀ ਧਿਰ ਦੀ) ਦੇ ਪਿਛਲੇ ਪਾਸੇ ਹੋ ਗਿਆ ਸੀ ਕਿਉਕਿ ਡਲਾ ਤਾਂ ਕਿਸੇ ਦੇ ਵੀ ਵੱਜ ਸਕਦਾ ਹੈ। ਪੰਚਾਂ-ਸਰਪੰਚਾਂ ਵਾਲੀ ਧਿਰ ਅਤੇ ਬੀ ਦੀ ਪੀ ਓ ਦੀ ਇਹ ਕਹਾਣੀ ਤਥਾਂ ਦੀ ਕਸਵੱਟੀ ਤੇ ਖਰੀ ਨਹੀਂ ਉੱਤਰਦੀ? ਪਹਿਲੀ ਮਈ ਦੀ ਘਟਨਾ ਨਾਲ ਸਬੰਧਿਤ ਪ੍ਰਤੱਖ ਹਾਲਾਤਾਂ ਸੰਕੇਤ ਕਰਦੀਆ ਹਨ ਕਿ :-ਦਲਿਤਾਂ ਵਲੋ ਪੁਲਿਸ ਪੁਲਿਸ ਅਤੇ ਪੰਚਾਂ ਸਰਪੰਚਾਂ ਦੀ ਧਿਰ ਦੇ ਇੱਟਾ ਰੋੜੇ ਮਾਰਕੇ ਇਸ ਟਕਰਾਅ ਨੂੰ ਸ਼ੁਰੂ ਕਰਨ ਦੇ ਦੋਸ਼ ਦੀ ਪੁਸ਼ਟੀ ਨਹੀ ਹੁੰਦੀ। ਪਹਿਲੀ ਗੱਲ ਤਾਂ ਇਹ ਕਿ ਝਗੜੇ ਵਾਲੀ ਥਾਂ ਤੋਂ ਦਲਿਤਾਂ ਦੇ ਘਰਾਂ ਦਾ ਜਿੰਨਾ ਫਾਸਲਾ ਹੈ, ਓਥੋਂ ਇੱਟਾ ਰੋੜਿਆ ਨਾਲ ਕਿਸੇ ਨੂੰ ਜਖਮੀ ਕਰਨਾਂ ਸੰਭਵ ਨਹੀ? ਪੰਚਾਂ-ਸਰਪੰਚਾਂ ਦੀ ਧਿਰ ਨੇ ਪਹਿਲਾਂ ਦਲਿਤਾਂ ਦੇ ਕੋਠਿਆ ਤੇ ਚੜ ਕੇ ਇੱਟਾ ਰੋੜੇ ਮਾਰਨ ਬਾਰੇ ਕਿਹਾ ਸੀ ਪਰ ਬਾਅਦ ਉਹਨਾ ਦੇ ਘਰਾਂ ਚੋ ਇੱਟਾ ਰੋੜੇ ਮਾਰਨ ਦੀ ਗੱਲ ਕਹੀ ? 8-10 ਫੁੱਟ ਉਚੀਆ ਕੰਧਾਂ ਦੇ ਪਿੱਛੇ ਖੜ ਕੇ ਕਿਸੇ ਸੇਧ ਵਿੱਚ ਰੋੜੇ ਨਹੀ ਚਲਾਏ ਜਾ ਸਕਦੇ ਪੰਚਾਂ ਸਰਪੰਚਾਂ ਦੀ ਧਿਰ ਅਤੇ ਪੁਲਿਸ ਚੋ ਸਿਰਫ ਇੱਕੋ ਵਿਅਕਤੀ ਹਾਕਮ ਸਿੰਘ ਦੇ ਜਿਕਰਯੋਗ ਸੱਟਾ ਲੱਗੀਆਂ ਹਨ ਉਸ ਦਾ ਕਹਿਣਾ ਸੀ ਕਿ ਇੱਕ ਰੋੜਾ ਉਸਦੇ ਹੱਥ ਤੇ ਵੱਜਿਆ ਅਤੇ ਦੂਜਾ ਮੋਢੇ ਤੇ, ਉਸ ਦੇ ਹਥ ਤੇ ਪੱਟੀ ਬੰਨੀ ਹੋਈ ਸੀ। ਜੇਕਰ ਸੱਚੀ ਮੁੱਚੀ ਦਲਿਤਾਂ ਵਲੋ ਇੱਟਾ ਰੋੜੇ ਮਾਰੇ ਗਏ ਹੁੰਦੇ ਤਾਂ ਦੂਜੀ ਧਿਰ ਦੇ ਜਿਆਦਾ ਲੋਕ ਜਖਮੀ ਹੁੰਦੇ। ਦੂਜੇ ਪਾਸੇ ਦਲਿਤਾਂ ਦੀ ਧਿਰ ਵਿੱਚ ਡੇਢ ਦਰਜਨ ਦੇ ਲਗਭਗ ਮਰਦ-ਔਰਤਾਂ ਜਖਮੀ ਸਨ, ਹਸਪਤਾਲ ਵਿੱਚ ਦਾਖਲ ਸਨ ਅਤੇ ਉਹਨਾ ਦੀਆਂ ਸੱਟਾ ਬਕਾਇਦਾ ਡਾਕਟਰੀ ਰਿਪੋਰਟਾਂ ਵਿੱਚ ਦਰਜ ਹਨ। ਇਹਨਾਂ 'ਚੋਂ ਤਿੰਨ ਔਰਤਾਂ ਦੇ ਸਟੰਨ ਗਰਨੇਡ ਨਾਲ ਡੂੰਘੇ ਜਖਮ ਹੋਏ ਹਨ ਅਤੇ ਸਰੀਰ ਸੜਿਆ ਹੈ। ਪੰਚਾਂ ਸਰਪੰਚਾਂ ਦੀ ਧਿਰ ਦਾ ਇਹ ਕਹਿਣਾ ਕਿ "ਪੁਲਿਸ ਵਾਲਿਆ ਚੋ ਬਹੁਤਿਆ ਕੋਲ ਤਾਂ ਡਾਗਾਂ ਵੀ ਨਹੀ ਸਨ, ਕਿਉਕਿ ਪੁਲਿਸ ਨੂੰ ਕਿਸੇ ਝਗੜੇ ਦੀ ਉਮੀਦ ਨਹੀ ਸੀ", ਸਰਾਸਰ ਝੂਠ ਹੈ। ਪੁਲਸ ਦਲਿਤਾਂ ਤੇ ਜਬਰ ਢਾਉਣ ਅਤੇ ਉਹਨਾਂ ਨੂੰ ਸਬਕ ਸਿਖਾਉਣ ਦੇ ਇਰਾਦੇ ਨਾਲ ਪੂਰੀ ਤਿਆਰੀ ਕਰਕੇ, ਡਾਂਗਾਂ, ਸਟੰਨ ਗਰਨੇਡ, ਅਥਰੂ ਗੈਸ, ਪਾਣੀ ਦੀਆਂ ਬੁਛਾੜਾਂ, ਸਵੈ-ਚਾਲਿਤ ਰਾਈਫਲਾਂ, ਪਿਸਤੌਲਾਂ ਆਦਿ ਨਾਲ ਲੈਸ ਹੋ ਕੇ ਆਈ ਸੀ?


6. ਤੱਥ ਖੋਜ ਟੀਮ ਨੇ ਪੰਚਾਇਤੀ ਜ਼ਮੀਨ ਦੀ 449/383ਨੰ: ਖੇਵਟ ਦੀ ਜਮਾਂਬੰਦੀ ਹਾਸਲ ਕਰਕੇ ਇਸ ਦੀ ਡੂੰਘਾਈ ਨਾਲ ਛਾਣਬੀਨ ਕੀਤੀ ਹੈ ਜਿਸ ਦੇ ਸਿੱਟੇ ਦਲਿਤਾਂ, ਪੰਚਾਂ-ਸਰਪੰਚਾਂ ਦੀ ਧਿਰ ਅਤੇ ਸੁਖਮੰਦਰ ਸਿੰਘ ਦੋਧੀ ਪੰਚ ਵੱਲੋਂ ਇਸ ਝਗੜੇ ਵਿੱਚ ਨਿਭਾਏ ਗਏ ਰੋਲ ਪਿੱਛੇ ਕਾਰਨਾਂ ਦੀ ਨਿਸ਼ਾਨਦੇਹੀ ਕਰਦੇ ਹਨ। ਸੰਖੇਪ ਵਿੱਚ ਛਾਣਬੀਨ ਦੇ ਸਿੱਟੇ ਇਸ ਪ੍ਰਕਾਰ ਹਨ:-

? 9 ਖਤੌਨੀਆਂ (ਖਤੌਨੀ ਨੰ:681ਤੋਂ 689 ਤੱਕ) ਵਿੱਚ ਫੈਲੀ ਇਸ ਖੇਵਟ ਵਿੱਚ ਕੁਲ 462 ਕਨਾਲਾਂ 11 ਮਰਲੇ ਜ਼ਮੀਨ ਹੈ। ਕਾਨੂੰਨ ਅਨੁਸਾਰ ਪਿੰਡ ਦੇ ਦਲਿਤ ਇਸ ਜ਼ਮੀਨ ਦਾ ਤੀਜਾ ਹਿੱਸਾ 154 ਕਨਾਲਾਂ ਜ਼ਮੀਨ ਠੇਕੇ ਤੇ ਲੈ ਕੇ ਵਾਹੀ ਕਰਨ ਦੇ ਹੱਕਦਾਰ ਹਨ ਪ੍ਰੰਤੂ ਪੰਚਾਂ-ਸਰਪੰਚਾਂ ਦੀ ਧਿਰ ਨੇ ਇੱਕ ਗਿਣੀ-ਮਿਥੀ ਸ਼ਜਿਸ ਤਹਿਤ ਦਲਿਤਾਂ ਦਾ ਇਹ ਹੱਕ ਸਦਾ ਲਈ ਖੋਹ ਲਿਆ ਹੈ ਅਤੇ ਇਸ ਜ਼ਮੀਨ ਦੇ ਵੱਡੇ ਹਿੱਸੇ ਤੇ ਆਵਦਾ ਕਬਜ਼ਾ ਜਮਾ ਲਿਆ ਹੈ।

? ਉਪਰੋਕਤ ਮਕਸਦ ਲਈ ਉਹਨਾਂ ਨੇ ਮੁਰੱਬਾਬੰਦੀ ਸਮੇਂ ਸਾਰੇ ਪਿੰਡ ਦੀ ਜ਼ਮੀਨ ਨੂੰ ਲੱਗਦੇ ਖਾਲ, ਪਹੀਆਂ, ਰਸਤੇ ਆਦਿ ਸਬੰਧਤ ਜ਼ਮੀਨ ਮਾਲਕਾਂ ਦੀ ਜ਼ਮੀਨ 'ਚੋਂ ਕੱਟੇ ਜਾਣ ਦੀ ਥਾਂ ਗੈਰ ਕਾਨੂੰਨੀ ਢੰਗ ਨਾਲ ਪੰਚਾਇਤੀ ਜ਼ਮੀਨ ਦੀ ਇਸ ਖੇਵਟ ਚੋਂ ਕੱਟਵਾ ਦਿੱਤੇ ਹਨ। ਮਿਸਾਲ ਵਜੋਂ 18 ਕਨਾਲ 1 ਮਰਲੇ ਦੀ 683 ਨੰ: ਖਤੌਨੀ ਵਿੱਚ 10 ਕਨਾਲ 10 ਮਰਲੇ ਪਹੀ ਦਿਖਾਈ ਗਈ ਹੈ। 75 ਕਨਾਲ 17 ਮਰਲੇ ਦੀ 684 ਨੰ:ਖਤੌਨੀ ਵਿੱਚ 59 ਕਨਾਲ 16 ਮਰਲੇ ਖਾਲ ਅਤੇ 13 ਕਨਾਲ 13 ਮਰਲੇ ਪਹੀ, 290 ਕਨਾਲ 2 ਮਰਲੇ ਦੀ ਖਤੌਨੀ ਨੰ 685 ਵਿੱਚ 201 ਕਨਾਲ 17 ਮਰਲੇ ਪਹੀ, 54 ਕਨਾਲ 5 ਮਰਲੇ ਰਸਤਾ 33 ਕਨਾਲ 18 ਮਰਲੇ ਫਿਰਨੀ ਦਿਖਾਈ ਗਈ ਹੈ। ਇਹ ਪਹੀਆਂ, ਖਾਲ ,ਰਸਤੇ ਅਤੇ ਫਿਰਨੀਆਂ ਅਸਲ ਵਿੱਚ ਹੋਰ ਖੇਵਟਾਂ ਵਿੱਚ ਲੱਗੇ ਹੋਏ ਹਨ ਪਰ ਜ਼ਮੀਨ-ਮਾਲਕਾਂ ਨੇ ਆਵਦੀ ਜ਼ਮੀਨ ਬਚਾਉਣ ਲਈ ਦਿਖਾਏ ਪੰਚਾਇਤੀ ਜ਼ਮੀਨ ਦੀ ਇਸ ਖੇਵਟ ਵਿੱਚ ਹਨ।

? ਖਤੌਨੀ ਨੰ: 688 ਵਿੱਚ 12 ਕਨਾਲ 18 ਮਰਲੇ ਸੁਖਮੰਦਰ ਸਿੰਘ ਪੁੱਤਰ ਚੰਦ ਸਿੰਘ ਅਤੇ ਮਲਕੀਤ ਸਿੰਘ ਪੁੱਤਰ ਕਰਤਾਰ ਸਿੰਘ ਦੇ ਪਰਿਵਾਰਾਂ ਨੂੰ ਅਤੇ ਖਤੌਨੀ ਨੰ:689 ਵਿੱਚ 17 ਕਨਾਲ 2 ਮਰਲੇ ਜ਼ਮੀਨ ਬੂਟਾ ਸਿੰਘ ਪੁੱਤਰ ਮੇਜਰ ਸਿੰਘ ਨੂੰ ਉਕਾ-ਪੁੱਕਾ 800 ਪ੍ਰਤੀ ਕਿੱਲੇ ਦੇ ਹਿਸਾਬ ਨਾਲ ਦਿੱਤੀ ਹੋਈ ਹੈ। ਇਹ 30 ਕਨਾਲਾਂ ਜ਼ਮੀਨ ਇਹਨਾਂ ਵਿਅਕਤੀਆਂ ਦੇ ਨਾਂ ਤੇ ਕਿਵੇਂ ਤਬਦੀਲ ਹੋਈ, ਇਸ ਬਾਰੇ ਕੋਈ ਅਧਿਕਾਰੀ ਕੁਝ ਵੀ ਦੱਸਣ ਲਈ ਤਿਆਰ ਨਹੀਂ।

? ਪੰਚਾਂ-ਸਰਪੰਚਾਂ ਦੀ ਧਿਰਅਤੇ ਸੁਖਮੰਦਰ ਸਿੰਘ ਆਦਿ ਨੂੰ ਇਹ ਪਤਾ ਹੈ ਕਿ ਜੇਕਰ ਪੰਚਾਇਤੀ ਜ਼ਮੀਨ ਦੀ ਇਸ ਖੇਵਟ ਦੀ ਸਹੀ ਨਿਸ਼ਾਨਦੇਹੀ ਕੀਤੀ ਜਾਂਦੀ ਹੈ ਤਾਂ ਉਨਾਂ ਵਲੋਂ 404 ਕਨਾਲਾਂ 1 ਮਰਲਾ ਪੰਚਾਇਤੀ ਜ਼ਮੀਨ ਵਿੱਚੋਂ ਕੀਤੀ ਹੇਰਾ ਫੇਰੀ ਨੰਗੀ ਹੋ ਜਾਵੇਗੀ। ਇਸ ਲਈ ਪਹਿਲੀ ਮਈ ਨੂੰ ਪੁਲਿਸ ਦੀ ਛਤਰ ਛਾਇਆ ਅਤੇ ਸਹਿਯੋਗ ਨਾਲ, ਦਲਿਤ ਵਿਹੜੇ ਦੇ ਲੋਕਾਂ ਤੇ ਲੋਕਾਂ ਤੇ ਉਨਾਂ ਵੱਲੋਂ ਕੀਤਾ ਵਹਿਸ਼ੀ ਹਮਲਾ,ਅਸਲ ਵਿੱਚ ਦਲਿਤਾਂ ਤੇ ਦਹਿਸ਼ਤ ਪਾ ਕੇ ਉਹਨਾਂ ਨੂੰ ਚੁੱਪ ਕਰਵਾਉਣ ਦੀ ਧੱਕੜ ਕਾਰਵਾਈ ਸੀ।

CENTUM®
E Z Mortgage Group Inc.
All your financial needs.
private loans .debt consolidation.
self employment. secured line of credit.
business loan. bad credit no problem.
1st, 2nd & 3d Mortgages get approved
Brokerage Licence #2105
Cell:416-625-3352
hs_7matharu@yahoo.ca,
Fax: 905-676-8018
Website: www.centum.ca/ezmortgage
7050-14A Bramalea Road Mississauga, ON L5S 1T1

HARJIT SINGH
Mortgage consultant
Lic#M08007991

7. ਇਸ ਮਾਮਲੇ ਵਿੱਚ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ ਭਗਤਾ ਦਾ ਰੋਲ ਸਿਰੇ ਦਾ ਦਲਿਤ ਵਿਰੋਧੀ ਅਤੇ ਗੈਰਕਾਨੂੰਨੀ ਸੀ। ਤੱਥ ਖੋਜ ਟੀਮ ਨਾਲ ਗੱਲਬਾਤ ਕਰਦਿਆਂ ਉਸਨੇ ਆਪਣੇ ਆਪ ਨੂੰ ਬੇਹੱਦ ਸਾਊ, ਦਲਿਤ ਹਿੱਤਾਂ ਪ੍ਰਤੀ ਸੰਵੇਦਨਸ਼ੀਲ, ਅਤੇ ਪੰਚਾਇਤਾਂ ਦੀ ਜ਼ਮੀਨ-ਜਾਇਦਾਦ ਦੇ ਰਖਵਾਲੇ ਵਜੋਂ ਪੇਸ਼ ਕੀਤਾ। ਪਰੰਤੂ ਤੱਥ ਇਸ ਤੋਂ ਉਲਟ ਹਨ:

? 30 ਅਪਰੈਲ ਅਤੇ ਪਹਿਲੀ ਮਈ ਨੂੰ ਦਲਿਤਾਂ ਦੇ ਖਿਲਾਫ਼ ਪੰਚਾਇਤ ਸਕੱਤਰ ਰਾਹੀਂ ਪਰਚੇ ਦਰਜ ਕਰਵਾਉਣ ਤੋਂ ਪਹਿਲਾਂ ਉਸ ਨੇ ਮਾਲ-ਮਹਿਕਮੇ ਦੇ ਰਿਕਾਰਡ ਵਿੱਚ ਝਗੜੇ ਵਾਲੀ ਜ਼ਮੀਨ ਦੀ ਮਾਲਕੀ ਅਤੇ ਕਾਬਜ਼ੀ ਦੀ ਸਥਿਤੀ ਦੀ ਪੜਤਾਲ ਕਰਨ ਬਾਰੇ ਕੋਈ ਕਦਮ ਨਹੀਂ ਚੁਕਿਆ ਹਾਲਾਂਕਿ ਉਸ ਦੇ ਦਫ਼ਤਰ ਵਿੱਚ ਇਸ ਜ਼ਮੀਨ ਦੀ ਜਮਾਂਬੰਦੀ ਮੌਜੂਦ ਸੀ। ਨਾਂ ਹੀ ਉਸ ਨੇ ਇਸ ਤੱਥ ਦੀ ਪੜਤਾਲ ਕੀਤੀ ਕਿ ਕੀ ਖੇਵਟ ਨੰ:449/383 ਵਿੱਚ ਦਲਿਤਾਂ ਦੀਆਂ ਰੂੜੀਆਂ ਅਤੇ ਪਾਖਾਨਿਆਂ ਲਈ ਨਿਰਧਾਰਤ 9 ਕਨਾਲ 18 ਮਰਲੇ ਜ਼ਮੀਨ ਉਹਨਾਂ ਨੂੰ ਦਿੱਤੀ ਜਾ ਚੁੱਕੀ ਹੈ ਕਿ ਨਹੀਂ।

? 30 ਅਪਰੈਲ ਨੂੰ ਝਗੜੇ ਵਾਲੀ ਥਾਂ ਤੇ ਮੌਕੇ ਤੇ ਪਹੁੰਚ ਕੇ ਉਸ ਨੂੰ ਮਸਲੇ ਦੇ ਤੱਤ ਅਤੇ ਗੰਭੀਰਤਾ ਦਾ ਪਤਾ ਲੱਗ ਗਿਆ ਸੀ। ਪਰੰਤੂ ਉਸਨੇਂ ਗੱਲਬਾਤ ਰਾਹੀਂ ਮਸਲਾ ਹੱਲ ਕਰਨ ਦੀ ਥਾਂ ਦਲਿਤਾਂ ਨਾਲ ਟਕਰਾਅ ਦਾ ਰਾਹ ਚੁਣ ਲਿਆ। ਤੱਥ ਖੋਜ ਟੀਮ ਨਾਲ ਗੱਲਬਾਤ ਕਰਦਿਆਂ ਬੀ ਡੀ ਪੀ ਓ ਨੇ ਖੁੱਦ ਮੰਨਿਆਂ ਕਿ ਕੇਂਦਰ ਸਰਕਾਰ ਦੀ 'ਸਵੱਛ ਭਾਰਤ ਮੁਹਿੰਮ' ਤਹਿਤ ਦਲਿਤਾਂ ਲਈ ਪਖਾਨੇ ਬਣਾਉਣ ਵਾਸਤੇ ਉਸ ਕੋਲ ਕਾਫ਼ੀ ਫੰਡ ਮੌਜੂਦ ਸਨ। ਇਸ ਦੇ ਬਾਵਜੂਦ ਵੀ ਉਸ ਨੇ ਦਲਿਤਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੱਤਾ।

? ਇੱਕ ਜ਼ਿੰਮੇਵਾਰ ਅਧਿਕਾਰੀ ਹੋਣ ਦੇ ਨਾਤੇ,ਪੰਚਾਂ-ਸਰਪੰਚਾਂ ਦੀ ਧਿਰ ਨੂੰ ਦਲਿਤਾਂ ਦੇ ਘਰਾਂ ਦੇ ਹਮਲੇ ਕਰਨ, ਉਹਨਾਂ ਦੀਆਂ ਔਰਤਾਂ ਦੀ ਕੁੱਚ ਮਾਰ ਅਤੇ ਬੇਪਤੀ ਕਰਨ ਆਦਿ ਤੋਂ ਰੋਕਣਾ ਉਸਦਾ ਫਰਜ਼ ਬਣਦਾ ਸੀ। ਪਰੰਤੂ ਇਹ ਫਰਜ਼ ਨਿਭਾਉਣ ਦੀ ਥਾਂ, ਪੀੜਤ ਦਲਿਤਾਂ ਦੇ ਦੱਸਣ ਅਨੁਸਾਰ, ਉਹ ਖੁਦ ਹਮਲਾ ਕਰਨ ਵਾਲਿਆਂ ਵਿੱਚ ਸ਼ਾਮਲ ਸੀ।

? ਪੰਚਾਇਤਾਂ ਦੀ ਜ਼ਮੀਨਾਂ-ਜਾਇਦਾਦਾਂ ਦੀ ਰਾਖੀ ਕਰਨ ਦਾ ਉਸਦਾ ਦਾਅਵਾ ਬਿਲਕੁਲ ਖੋਖਲਾ ਅਤੇ ਦਲਿਤ ਵਿਰੋਧੀ ਪ੍ਰਤੀਤ ਹੁੰਦਾ ਹੈ, ਕਿਉਕਿ ਪੰਚਾਂ-ਸਰਪੰਚਾਂ ਦੀ ਧਿਰ ਦੇ ਜ਼ਮੀਨ-ਮਾਲਕਾਂ ਵੱਲੋਂ ਨਜ਼ਾਇਜ਼ ਰੂਪ ਵਿੱਚ ਹਥਿਆਈ 404 ਕਨਾਲਾਂ ਤੋਂ ਵੱਧ ਜ਼ਮੀਨ ਛੁਡਾਉਣ ਲਈ ਉਸ ਨੇ ਅੱਜ ਤੱਕ ਕੋਈ ਕਦਮ ਨਹੀਂ ਚੁੱਕਿਆ।

8. ਇਸ ਮਾਮਲੇ ਵਿੱਚ ਪੁਲਿਸ ਨੇ ਸਿਰੇ ਦਾ ਗੈਰਕਾਨੂੰਨੀ ਅਤੇ ਮੁਜਰਮਾਨਾਂ ਰੋਲ ਅਦਾ ਕੀਤਾ ਹੈ। ਸਾਰੇ ਨੇਮਾਂ-ਕਾਨੂੰਨਾਂ ਨੂੰ ਛਿੱਕੇ ਤੇ ਟੰਗ ਕੇ ਇਸ ਨੇ ਆਪਣੀ ਸ਼ਹਿ ਅਤੇ ਛੱਤਰ-ਛਾਇਆ ਵਿੱਚ ਪੰਚਾਂ-ਸਰਪੰਚਾਂ ਦੀ ਧਿਰ ਤੋਂ ਦਲਿਤਾਂ ਦੇ ਘਰਾਂ-ਪਰਿਵਾਰਾਂ ਤੇ ਯੋਜਨਾ ਬੱਧ ਹਮਲਾ ਕਰਵਾਇਆ ਹੈ, ਬਿਨਾਂ ਕਿਸੇ ਚਿਤਾਵਨੀ ਅਤੇ ਭੜਕਾਹਟ ਤੋਂ ਲਾਠੀਚਾਰਜ ਅਤੇ ਸਟੰਨ ਗਰਨੇਡ ਦੇ ਹਮਲੇ ਕੀਤੇ ਹਨ ਅਤੇ ਬੇਕਸੂਰ ਲੋਕਾਂ ਦੇ ਗੰਭੀਰ ਸੱਟਾਂ ਮਾਰੀਆਂ ਹਨ, ਤਾਕਤ ਦੀ ਵਰਤੋਂ ਲੋਕਾਂ ਨੂੰ ਖਿੰਡਾਉਣ ਲਈ ਨਹੀਂ ਸਗੋਂ ਉਹਨਾਂ ਨੂੰ ਗੰਭੀਰ ਰੂਪ ਵਿੱਚ ਜ਼ਖਮੀ ਕਰਨ ਅਤੇ ਜਾਨੋਂ ਮਾਰ ਦੇਣ ਦੇ ਇਰਾਦੇ ਨਾਲ ਕੀਤੀ ਹੈ। ਇਸ ਕਾਰਵਾਈ ਦੌਰਾਨ ਫੱਟੜ ਹੋਇਆਂ ਔਰਤਾਂ ਨੂੰ ਸਮੇਂ ਸਿਰ ਡਾਕਟਰੀ ਮੱਦਦ ਹਾਸਲ ਕਰਨ ਤੋਂ ਵੀ ਜਬਰੀ ਰੋਕਿਆ ਹੈ। ਪੰਚਾਂ- ਸਰਪੰਚਾਂ ਦੀ ਧਿਰ ਨੂੰ ਦਲਿਤ ਵਿਹੜੇ ਵਿੱਚ ਦਰਿੰਦਗੀ ਦਾ ਤਾਂਡਵ ਕਰਨ ਲਈ ਉਤਸ਼ਾਹਤ ਕੀਤਾ ਹੈ। ਦਲਿਤਾਂ ਸਿਰ ਝੂਠੇ ਕੇਸ ਮੜ੍ਹੇ ਹਨ। ਗੁਰਚਰਨ ਸਿੰਘ ਭਗਤਾ, ਸੇਵਕ ਸਿੰਘ ਅਤੇ ਤੀਰਥ ਸਿੰਘ ਪਹਿਲੀ ਮਈ ਨੂੰ ਸੁਵਖਤੇ ਹੀ ਘਰਾਂ ਤੋਂ ਪੁਲਿਸ ਨੇ ਚੁੱਕ ਲਏ ਸਨ, ਇਸ ਲਈ ਘਟਨਾਂ ਸਮੇਂ ਉਹ ਪੁਲਿਸ ਹਿਰਾਸਤ ਵਿੱਚ ਸਨ। ਪਰ ਇਸ ਦੇ ਬਾਵਜੂਦ ਉਹਨਾਂ ਨੂੰ ਮੌਕੇ ਤੇ ਦਿਖਾ ਕੇ ਝੂਠਾ ਕੇਸ ਪਾਇਆ ਹੈ।

ਮੰਗਾਂ :-

ਉਪਰੋਕਤਾਂ ਤੱਥਾਂ ਦੀ ਰੌਸ਼ਨੀ ਵਿੱਚ ਜਮਹੂਰੀ ਅਧਿਕਾਰ ਸਭਾ ਮੰਗ ਕਰਦੀ ਹੈ ਕਿ:

1. ਹਮੀਰਗੜ੍ਹ ਪਿੰਡ ਵਿੱਚ ਦਲਿਤਾਂ ਲਈ ਰੂੜੀਆਂ ਅਤੇ ਪਾਖਾਨਿਆਂ ਲਈ ਤਰੁੰਤ ਜਗਾਂ ਦਿੱਤੀ ਜਾਵੇ ਅਤੇ ਪਾਖਾਨੇ ਬਣਾ ਕੇ ਦਿੱਤੇ ਜਾਣ।

2. 30 ਅਪਰੈਲ ਅਤੇ ਪਹਿਲੀ ਮਈ ਨੂੰ ਵਾਪਰੀਆਂ ਸਾਰੀਆਂ ਘਟਨਾਵਾਂ ਦੀ ਹਾਈਕੋਰਟ ਦੀ ਦੇਖ ਰੇਖ ਅਧੀਨ ਕਿਸੇ ਮੌਜੂਦ ਜਿਲਾ ਅਤੇ ਸ਼ੈਸ਼ਨ ਜੱਜ ਤੋਂ ਪੜਤਾਲ ਕਰਵਾਈ ਜਾਵੇ ਅਤੇ ਵੱਖ ਵੱਖ ਅਧਿਕਾਰੀਆਂ -ਜਿਵੇਂ ਬੀ.ਡੀ.ਪੀ.ਓ. ਭਗਤਾ, ਡੀ ਐਸ ਪੀ ਫੂਲ, ਦਿਆਲਪੁਰਾ ਅਤੇ ਰਾਮਪੁਰਾ ਸਿਟੀ ਥਾਣਿਆਂ ਦੇ ਮੁਖ ਅਫਸਰ, ਨਾਇਬ ਤਹਿਸੀਲਦਾਰ -ਕਮ-ਕਾਰਜਕਾਰੀ ਮੈਜਿਸਟਰੇਟ ਭਗਤਾ ਦੀ ਜ਼ਿੰਮੇਦਾਰੀ ਨਿਸ਼ਚਿਤ ਕੀਤੀ ਜਾਵੇ ਅਤੇ ਉਹਨਾਂ ਵਿਰੁੱਧ ਢੁੱਕਵੀਂ ਕਾਰਵਾਈ ਕੀਤੀ ਜਾਵੇ।

3. ਇਸ ਘਟਨਾ ਵਿੱਚ ਜ਼ਖਮੀ ਹੋਏ ਦਲਿਤ ਮਰਦ-ਔਰਤਾਂ ਵੱਲੋਂ ਭੇਜੀਆਂ ਗਈਆਂ ਸ਼ਿਕਾਇਤਾਂ ਦੇ ਆਧਾਰ ਤੇ ਦੋਸ਼ੀ ਪੁਲਿਸ ਅਧਿਕਾਰੀਆਂ, ਹਰਦਿਆਲ ਸਿੰਘ ਸਾਬਕਾ ਪੰਚ, ਰਾਜਾ ਸਿੰਘ, ਸੁਖਮੰਦਰ ਸਿੰਘ ਦੋਧੀ ਪੰਚ ਅਤੇ ਦਲਿਤ ਘਰ-ਪਰਿਵਾਰਾਂ ਤੇ ਹਮਲਾ ਕਰਨ ਵਾਲੇ ਹੋਰ ਲੋਕਾਂ ਦੇ ਖਿਲਾਫ ਮੁੱਕਦਮਾਂ ਦਰਜ ਕੀਤਾ ਜਾਵੇ।

4. ਹਮੀਰਗੜ੍ਹ ਪਿੰਡ ਦੀ ਪੰਚਾਇਤੀ ਜ਼ਮੀਨ (ਖੇਵਟ ਨੰ:449/383) ਚੋਂ 404 ਕਨਾਲਾਂ 1 ਮਰਲਾ ਜ਼ਮੀਨ ਹੇਰਾਫੇਰੀ ਨਾਲ ਖੁਰਦ ਬੁਰਦ ਕਰਨ ਦੇ ਮਾਮਲੇ ਦੀ ਪੜਤਾਲ ਕੀਤੀ ਜਾਵੇ ਅਤੇ ਇਹ ਜ਼ਮੀਨ ਪੰਚਾਇਤ ਕੋਲ ਬਹਾਲ ਕੀਤੀ ਜਾਵੇ। ਸੁਖਮੰਦਰ ਸਿੰਘ ਪੁੱਤਰ ਚੰਦ ਸਿੰਘ ਦੇ ਪਰਿਵਾਰ ਅਤੇ ਬੂਟਾ ਸਿੰਘ ਪੁੱਤਰ ਮੇਜਰ ਸਿੰਘ ਨੂੰ ਉੱਕਾ-ਪੁੱਕਾ 800 ਰੁ.ਫ਼ੀ ਕਿੱਲਾ ਦੇ ਹਿਸਾਬ ਦਿੱਤੀ 30 ਕਨਾਲਾਂ ਜ਼ਮੀਨ ਦੇ ਮਾਮਲੇ ਦੀ ਵੀ ਪੜਤਾਲ ਕੀਤੀ ਜਾਵੇ।

5. ਇਸ ਘਟਨਾਂ ਵਿੱਚ ਜ਼ਖਮੀ ਹੋਏ ਅਤੇ ਨਾਜ਼ਾਇਜ਼ ਢੰਗ ਨਾਲ ਫੜ ਕੇ ਝੂਠੇ ਕੇਸਾਂ ਵਿੱਚ ਜੇਲ ਡੱਕੇ ਦਲਿਤਾਂ ਨੂੰ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ।

6. ਦਿਆਲਪੁਰਾ ਥਾਣੇ ਵਿਚ ਦਲਿਤਾਂ ਖਿਲਾਫ਼ ਦਰਜ, ਇਸ ਘਟਨਾ ਨਾਲ ਸਬੰਧਿਤ ਮੁਕਦਮਾ ਨੰਬਰ 47 ਮਿਤੀ 30.04.2015 ਅਤੇ ਮੁਕਦਮਾ ਨੰਬਰ 48 ਮਿਤੀ 01.05.2015 ਤੁਰੰਤ ਰੱਦ ਕੀਤੇ ਜਾਣ?

7. ਪੰਜਾਬ ਸਰਕਾਰ ਰਾਜ ਦੇ ਸਾਰੇ ਪਿੰਡਾਂ ਵਿਚ ਉਚ ਪਧਰੀ ਪੜਤਾਲ ਕਰਕੇ ਇਹ ਯਕੀਨੀ ਬਣਾਵੇ ਕਿ ਪੰਚਾਇਤੀ ਜਮੀਨਾਂ, ਸ਼ਾਮਲਾਟ, ਸਰਕਾਰੀ ਅਤੇ ਹੋਰ ਸਾਂਝੀਆਂ ਜਮੀਨਾਂ, ਛੱਪੜ, ਆਦਿ ਚੋਂ ਦਲਿਤਾਂ ਨੂੰ ਉਹਨਾਂ ਦੇ ਬਣਦੇ ਇੱਕ ਤਿਹਾਈ ਹਿੱਸੇ ਦੀ ਜਮੀਨ ਠੇਕੇ ਤੇ ਮਿਲੇ, ਰੂੜੀਆਂ, ਪਖਾਨਿਆਂ, ਅਤੇ 5-ਮਰਲੇ ਦੇ ਰਿਹਾਇਸ਼ੀ ਪਲਾਟਾਂ ਆਦਿ ਲਈ ਨਿਸਚਿਤ ਜਮੀਨਾਂ ਦਾ ਕਬਜਾ ਉਹਨਾਂ ਨੂੰ ਦਵਾਇਆ ਜਾਵੇ, ਦਲਿਤਾਂ ਦੀ ਔਸਤ ਆਮਦਨ ਦੇ ਪਧਰ ਨੂੰ ਧਿਆਨ ਚ ਰਖਦੇ ਹੋਏ ਉਹਨਾਂ ਲਈ ਰਾਖਵੀਂ ਜਮੀਨ ਹੋਰ ਜਮੀਨ ਨਾਲੋਂ ਇੱਕ ਚੌਥਾਈ ਰੇਟ ਤੇ ਠੇਕੇ ਤੇ ਦਿੱਤੀ ਜਾਵੇ, ਨ ?ਜ਼ੂਲ ਜਮੀਨਾਂ ਜੋ ਗੈਰ-ਦਲਿਤਾਂ ਨੇਂ ਰੈਹਨ ਲੈ ਲਈਆਂ ਜਾਂ ਪ੍ਰ ?ਨੋਟਾਂ / ਅਸ਼ਟਾਮਾਂ ਤੇ ਖਰੀਦ ਲਈਆਂ ਹਨ ਵਾਪਿਸ ਦਲਿਤਾਂ ਜਾਂ ਉਹਨਾਂ ਦੀਆਂ ਸਹਿਕਾਰੀ ਸਭਾਵਾਂ ਨੂੰ ਦਵਾਈਆਂ ਜਾਣ ? ਜਿਥੇ ਜਿਥੇ ਵੀ ਪਹੀਆਂ, ਰਸਤਿਆਂ, ਫਿਰਨੀਆਂ ਅਤੇ ਖਾਲਾਂ ਦੀਆਂ ਜਮੀਨਾਂ ਸਾਂਝੀਆਂ ਜਮੀਨਾਂ ਚੋਂ ਕਟੀਆਂ ਹਨ ਉਥੇ ਦਲਿਤਾਂ ਦਾ ਬਣਦਾ ਹਿੱਸਾ ਉਹਨਾਂ ਨੂੰ ਦਿਵਾਇਆ ਜਾਵੇ?

**ਬੱਗਾ ਸਿੰਘ ਪ੍ਰਿੰਸੀਪਲ (ਰਿਟਾਇਰਡ), ਪ੍ਰਧਾਨ**
**ਰਣਧੀਰ ਸਿੰਘ ਗਿੱਲ ਪੱਤੀ ਜ਼ਿਲ੍ਹਾ ਸਕੱਤਰ**
**ਜਮਹੂਰੀ ਅਧਿਕਾਰ ਸਭਾ, ਜ਼ਿਲ੍ਹਾ ਇਕਾਈ ਬਠਿੰਡਾ**

# ਸੀਨੀਅਰਜ਼ ਕਲੱਬਾਂ ਨੂੰ ਚੋਣ ਅਖਾੜੇ ਨਾ ਬਣਾਓ



ਸੀਨੀਅਰਜ਼ ਕਲੱਬ ਸੀਨੀਅਰਾਂ ਦੀ ਵਿਹਲ ਦੇ ਸਮੇਂ ਦੀ ਯੋਗ ਵਰਤੋਂ ਕਰਨ,ਉਹਨਾ ਦੇ ਮਨੋਰੰਜਨ ਲਈ ਮੌਕੇ, ਟੂਰਾਂ ਦਾ ਪ੍ਰਬੰਧ, ਮਿਲ ਰਹੀਆਂ ਮੈਡੀਕਲ ਸਹੂਲਤਾਂ ਅਤੇ ਹੈਲਥ ਸਬੰਧੀ ਜਾਣਕਾਰੀ, ਅਖਬਾਰ ਤੇ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਕਰਨਾ, ਕੰਪਿਊਟਰ ਬਾਰੇ ਮੁਢਲੀ ਜਾਣਕਾਰੀ ਦਾ ਪਰਬੰਧ ਕਰਨ ਵਗੈਰਾ ਲਈ ਬਣਾਈਆਂ ਜਾਂਦੀਆਂ ਹਨ। ਇਸ ਤੋਂ ਬਿਨਾਂ ਕਮਿਊਨਿਟੀ ਪ੍ਰੋਗਰਾਮ ਕਰਨੇ, ਬੱਸਾਂ ਦੇ ਪਾਸ ਬਣਾਉਣ ਲਈ ਸਹਾਇਤਾ, ਅੰਗਰੇਜੀ ਨਾ ਜਾਨਣ ਵਾਲਿਆਂ ਦੀ ਲੋੜ ਸਮੇਂ ਮੱਦਦ,ਵੱਖ ਵੱਖ ਫਾਰਮ ਭਰਨ ਲਈ ਸਹਾਇਤਾ, ਪਾਰਕਾਂ ਅਤੇ ਨੇਬਰਹੁੱਡ ਨੂੰ ਸਾਫ ਰੱਖਣ ਦਾ ਯਤਨ ਕਰਨ ਅਤੇ ਇੱਕ ਦੂਜੇ ਦੇ ਦੱਖ -ਸੁੱਖ ਸਮੇਂ ਸਾਥ ਦੇਣ ਲਈ ਬਣਾਏ ਜਾਂਦੇ ਹਨ।

ਹਰ ਇੱਕ ਕਲੱਬ ਵਿੱਚ ਵੱਖ ਵੱਖ ਧਰਮਾਂ, ਜਾਤਾਂ, ਪਿਛੋਕੜ ਅਤੇ ਸਿਆਸੀ ਵਿਚਾਰਾਂ ਵਾਲੇ ਲੋਕ ਸ਼ਾਮਲ ਹੁੰਦੇ ਹਨ।ਕਲੱਬ ਕਿਸੇ ਇੱਕ ਸਿਆਸੀ ਵਿਚਾਰਧਾਰਾ ਦੇ ਵਿਅਕਤੀਆਂ ਦਾ ਇਕੱਠ ਨਹੀਂ ਹੁੰਦਾ। ਕਲੱਬ ਨੂੰ ਕਿਸੇ ਖਾਸ ਸਿਆਸੀ ਵਿਚਾਰਧਾਰਾ ਦੇ ਪਲੇਟਫਾਰਮ ਦੇ ਤੌਰ ਤੇ ਜਾਂ ਕਿਸੇ ਵਿਸ਼ੇਸ਼ ਵਿਅਕਤੀ ਲਈ ਵਰਤਨਾ ਬਹੁਤ ਵਾਰੀ ਆਪਸੀ ਕੁੜੱਤਣ ਦਾ ਕਾਰਨ ਬਣਦਾ ਹੈ ਅਤੇ ਕਲੱਬ ਬਣਾਉਣ ਦੇ ਆਸ਼ੇ ਦੇ ਉਲਟ ਹੋ ਨਿਬੜਦਾ ਹੈ। ਇਸ ਤਰ੍ਹਾਂ ਆਪਸੀ ਖਿੱਚੋਤਾਨ ਵਧਦੀ ਹੈ ਅਤੇ ਕਲੱਬ ਦੇ ਨਿਰਧਾਰਤ ਕੰਮਾ ਵਿੱਚ ਖੜੋਤ ਆ ਜਾਂਦੀ ਹੈ।ਇਸ ਨਾਲ ਧੜੇਬੰਦੀ ਪੈਦਾ ਹੁੰਦੀ ਹੈ ਜੋ ਕਲੱਬਾਂ ਦੇ ਖਿੰਡਣ ਦਾ ਕਾਰਣ ਬਣਦੀ ਹੈ। ਕਲੱਬ ਮੈਂਬਰਾ ਵਿੱਚ ਇਸ ਦਾ ਮਾੜਾ ਪ੍ਰਭਾਵ ਪੈਂਦਾ ਹੈ। ਇਸ ਸਭ ਕਾਸੇ ਨੂੰ ਰੋਕਣ ਲਈ ਇਸ ਤੇ ਵਿਚਾਰ ਕਰਨਾ ਜਰੂਰੀ ਹੈ।

ਹਰ ਇੱਕ ਵਿਅਕਤੀ ਦੀ ਵਿਚਾਰ ਧਾਰਾ ਵੱਖ ਹੋ ਸਕਦੀ ਹੈ,ਕਲੱਬ ਨੂੰ ਆਪਣੀ ਵਿਚਾਰਧਾਰਾ ਦਾ ਪਲੇਟਫਾਰਮ ਬਣਾਉਣ ਦੀ ਥਾਂ ਉਹ ਆਪਣੇ ਖਿਆਲਾਂ ਦਾ ਪਰਗਟਾਵਾ ਆਪਣੇ ਸਿਆਸੀ ਵਿਚਾਰਧਾਰਾ ਦੀ ਸੰਸਥਾ ਵਿੱਚ ਕਰ ਸਕਦਾ ਹੈ,ਜਿਸ ਦੀ ਉਸ ਨੂੰ ਪੂਰੀ ਆਜਾਦੀ ਹੈ।ਇਸਲਈ ਆਪਣੀ ਵਿਚਾਰਧਾਰਾ ਆਪਣੇ ਸਿਆਸੀ ਪਲੇਟਫਾਰਮ ਤੱਕ ਹੀ ਮਹਿਦੂਦ ਰੱਖਣੀ ਚਾਹੀਦੀ ਹੈ। ਸਿਆਸੀ ਖਿਆਲ ਰੱਖਣੇ ਕੋਈ ਮਾੜੀ ਗੱਲ ਨਹੀਂ ਸਗੋਂ ਮਨੁੱਖ ਦੇ ਸਿਆਣੇ ਤੇ ਸੁਚੇਤ ਹੋਣ ਦੀ ਨਿਸ਼ਾਨੀ ਹੈ। ਮਸਲਾ ਤਾਂ ਇਹ ਹੈ ਕਿ ਇਹਨਾ ਵਿਚਾਰਾਂ ਦਾ ਪ੍ਰਗਟਾਵਾ ਕਿੱਥੇ ਅਤੇ ਕਦੋਂ ਕੀਤਾ ਜਾਵੇ।

ਕਲੱਬ ਦੇ ਉਦੇਸ਼ਾਂ ਦੀ ਪੂਰਤੀ ਲਈ ਜਰੂਰੀ ਹੈ ਕਿ ਕਲੱਬਾਂ ਨੂੰ ਚੋਣਾਂ ਦਾ ਅਖਾੜਾ ਨਾ ਬਣਾਇਆ ਜਾਵੇ।ਇਸ ਮੰਤਵ ਦੀ ਪੂਰਤੀ ਲਈ ਕਲੱਬਾਂ ਨੂੰ ਆਪਣੇ ਵਿਧਾਨਾਂ ਵਿੱਚ ਇਹ ਧਾਰਾ ਦਰਜ਼ ਕਰਨੀ ਚਾਹੀਦੀ ਹੈ ਜੋ ਉਹਨਾਂ ਵਿਅਕਤੀਆਂ ਨੂੰ ਰੋਕ ਸਕੇ ਜੋ ਕਲੱਬਾਂ ਨੂੰ ਪੌੜੀ ਬਣਾ ਕੇ ਆਪਣੇ ਹਿੱਤ ਪੂਰਨਾ ਚਾਹੁੰਦੇ ਹਨ। ਇਸ ਸਬੰਧੀ ਬਰੈਂਪਟਨ ਸਿਟੀ ਦੇ ਕਲੱਬਾਂ ਨੂੰ ਕੰਟਰੋਲ ਤੇ ਰਜਿਸਟਰ ਕਰਨ ਵਾਲੀ ਸੰਸਥਾ ਨੇ ਮਈ 2015 ਵਿੱਚ ਗਾਈਡ-ਲਾਈਨਜ ਜਾਰੀ ਕੀਤੀਆਂ ਹਨ ਜਿਸਦੀ ਧਾਰਾ 7 ਅਨੁਸਾਰ ਜੇ ਕਿਸੇ ਕਲੱਬ ਦਾ ਕੋਈ ਵੀ ਐਗਜੈਕਟਿਵ ਕਮੇਟੀ ਮੈਂਬਰ ਕਿਸੇ ਲਾਭਕਾਰੀ ਜਾਂ ਰਾਜਨੀਤਕ ਅਹੁਦੇ ਲਈ ਚੋਣ ਲੜਦਾ ਹੈ ਤਾਂ ਉਸ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਵੇਗਾ ਉਹ ਕਲੱਬ ਦੇ ਕਿਸੇ ਵੀ ਪਰੋਗਰਾਮ ਜਾਂ ਐਕਟੀਵਿਟੀ ਨੂੰ ਆਪਣੇ ਚੋਣ ਪਰਚਾਰ ਲਈ ਨਹੀਂ ਵਰਤ ਸਕੇਗਾ।ਅਸੀਂ ਆਸ ਰਖਦੇ ਹਾਂ ਕਿ ਉਪਰੋਕਤ ਗੱਲਾਂ ਨੂੰ ਮੁੱਖ ਰਖਦੇ ਹੋਏ ਕਲੱਬ ਆਪਣੇ ਅਸਲੀ ਕੰਮਾ ਵੱਲ ਕੇਂਦਰਤ ਹੋਣ ਤੇ ਕਲੱਬਾਂ ਨੂੰ ਚੋਣਾਂ ਦੇ ਅਖਾੜੇ ਨਾ ਬਨਣ ਦੇਣ।ਇਸ ਸਬੰਧੀ ਕਿਸੇ ਵੀ ਪ੍ਰਤੀਕਰਮ ਲਈ ਹਰਜੀਤ ਬੇਦੀ ਜਾਂ ਪਰਮਜੀਤ ਬੜਿੰਗ ਨਾਲ ਸੰਪਰਕ ਕਰੋ।

ਰੈਂਡ ਵਿੱਲੋਂ ਸੀਨੀਅਰਜ਼ ਕਲੱਬ ਦੀ ਜਨਰਲ ਬਾਡੀ ਦੀ ਮੀਟਿੰਗ 28 ਜੂਨ ਦਿਨ ਐਤਵਾਰ5ਵਜੇ ਸ਼ਾਮ ਰੈਂਡ ਵਿੱਲੋਂ ਪਾਰਕ ਵਿੱਚ ਹੋਵੇਗੀ ਸਾਰੇ ਮੈਂਬਰਾਂ ਨੂੰ ਪਹੁੰਚਣ ਦੀ ਬੇਨਤੀ ਹੈ।

**ਹਰਜੀਤ ਬੇਦੀ-905 794-8871,**
**ਪਰਮਜੀਤ ਬੜਿੰਗ-647-963-0331**

# ਲਲਿਤ ਮੋਦੀ ਸਕੈਂਡਲ ਸੰਬਧੀ ਸ੍ਰੀ ਮੋਦੀ ਕਿਉਂ ਮੋਨ ਹਨ ?

(ਸਫ਼ਾ 31 ਦੀ ਬਾਕੀ)

ਬਣਾਉਣ ਦੀ ਕਲਾ ਖੂਬ ਜਾਣਦੇ ਹਨ। ਸ੍ਰੀ ਮੋਦੀ ਅਤੇ ਸੰਘ ਪਰਿਵਾਰ ਨੇ ਵੀ ਅਜਿਹਾ ਹੀ ਕੀਤਾ। ਇਕ ਸਾਲ ਵਿਚ ਹੀ ਸ੍ਰੀ ਮੋਦੀ ਦੇ ਝੂਠੇ ਵਾਅਦਿਆਂ ਦਾ ਗੁਬਾਰਾ ਫੱਟ ਗਿਆ। ਸਵੱਛ ਭਾਰਤ, ਮੇਕਇਨ ਇੰਡੀਆ, ਕਾਲੇ ਧੰਨ ਦੀ ਵਾਪਸੀ, ਭ੍ਰਿਸ਼ਟਾਚਾਰ ਰਹਿਤ ਪਾਰਦਰਸ਼ੀ ਸਰਕਾਰ, ਭਾਰਤੀ ਰੁਪਏ ਦੀ ਮਜ਼ਬੂਤੀ, ਮਹਿਗਾਈ ਨੂੰ ਲਗਾਮ, 60 ਮਹੀਨੇ ਦਿਓ ਭਾਰਤ ਬਦਲ ਦਿਆਂਗਾ, ਕਾਨੂੰਨ ਦਾ ਰਾਜ, ਨੌਜਵਾਨਾਂ ਨੂੰ ਰੁਜ਼ਗਾਰ, ਹਰ ਪਰਿਵਾਰ ਨੂੰ ਘਰ ਆਦਿ ਵਾਅਦੇ ਸਭ ਮਿੱਟੀ ਵਿਚ ਮਿਲ ਗਏ। ਬੀਬੀ ਸੁਸ਼ਮਾ ਸਵਰਾਜ ਅਤੇ ਵਸੂੰਧਰਾ ਰਾਜੇ ਸਿੰਧੀਆ ਦੀ ਲਾਈਨ ਵਿਚ ਜਾਅਲੀ ਡਿਗਰੀ ਘੋਟਾਲੇ ਵਿਚ ਤੀਸਰੀ ਬੀਬੀ ਸਮ੍ਰਿਤੀ ਇਰਾਨੀ ਖੜ੍ਹੀ ਹੋਣ ਵਾਲੀ ਹੈ, ਚੌਥੀ ਮਹਾਰਾਸ਼ਟਰ ਤੋਂ ਭਾਜਪਾ-ਸ਼ਿਵ ਸੈਨਾ ਸਰਕਾਰ ਅੰਦਰ ਮੰਤਰੀ ਪੰਕਜਾ ਮੁੰਡੇ 206 ਕਰੋੜ ਦੇ ਖਰੀਦ ਘੋਟਾਲੇ ਦੇ ਦੋਸ਼ਾਂ ਵਿਚ ਖੜ੍ਹੀ ਹੋਣ ਵਾਲੀ ਹੈ।

ਇਸ ਤੋਂ ਸਪਸ਼ਟ ਹੈ ਕਿ ਸ੍ਰੀ ਮੋਦੀ ਦੀ ਅਗਵਾਈ ਵਾਲੀ ਐਨ. ਡੀ. ਏ. ਸਰਕਾਰ ਭ੍ਰਿਸ਼ਟਾਚਾਰ, ਘੋਟਾਲਿਆਂ, ਮਹਿੰਗਾਈ, ਬੇਰੁਜ਼ਗਾਰੀ, ਗੁਰਬਤ ਦੇ ਪਸਾਰੇ, ਅਮਨ ਕਾਨੂੰਨ ਪੱਖੋਂ ਯੂ. ਪੀ. ਏ. ਜਾਂ ਹੋਰ ਪੂਰਵਜ ਸਰਕਾਰਾਂ ਵਰਗੀ ਹੈ। ਬਲਕਿ ਸਿੱਖਿਆ ਦੇ ਭਗਵੇਂਕਰਨ, ਇਲਾਕਾਈ ਸਭਿਆਚਾਰਾਂ ਦੇ ਭਗਵੇਂਕਰਨ, ਹਿੰਦੂਤਵ ਵਾਦ ਦੀ ਧੌਂਸ ਨਾਲ ਘੱਟ ਗਿਣਤੀਆਂ ਨੂੰ ਆਤੰਕਿਤ ਕਰਨ, ਦੇਸ਼ ਅੰਦਰ ਹਿਦੂਤਵ ਦੇ ਏਕਾਧਿਕਾਰ ਰਾਹੀਂ ਐਮਰਜੈਂਸੀ ਵਰਗੇ ਹਲਾਤ ਪੈਦਾ ਕਰਨ, ਜਿਵੇਂ ਕਿ ਬਜ਼ੁਰਗ ਭਾਜਪਾ ਭੀਸ਼ਮ ਪਿਤਾਮਾ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਖਦਸ਼ਾ ਜ਼ਾਹਿਰ ਕੀਤਾ ਹੈ, ਲੋਕਤੰਤਰੀ ਸੰਸਥਾਵਾਂ ਸਮੇਤ ਨਿਆਂਪਾਲਿਕਾ ਦਾ ਭਗਵਾਂਕਰਨ ਕਰਨ ਦੇ ਕਾਰਜ ਰਾਜਕੀ ਮਸ਼ੀਨਰੀ ਬਲਬੂਤੇ ਧੜੱਲੇ ਨਾਲ ਅੱਗੇ ਵਧ ਰਹੀ ਹੈ। ਦੇਸ਼ ਵਾਸੀਆਂ ਨੂੰ ਧਰਮ ਨਿਰਪੱਖ ਅਤੇ ਲੋਕਸ਼ਾਹੀ ਸ਼ਕਤੀਆਂ ਦੇ ਬੈਨਰ ਥੱਲੇ ਇਕਜੁਟ ਹੋ ਕੇ ਸ੍ਰੀ ਮੋਦੀ ਸਰਕਾਰ ਤੋਂ ਜਵਾਬਦੇਹੀ ਲਈ ਲਾਮਬੰਦ ਸੰਘਰਸ਼ ਵਿੱਢਣਾ ਚਾਹੀਦਾ ਹੈ। ਹਿੰਦੂਤਵਵਾਦ ਦੇ ਨਾਜ਼ੀਵਾਦੀ ਅਤੇ ਫਾਸ਼ੀਵਾਦੀ ਇਰਾਦਿਆਂ ਨੂੰ ਭਾਂਜ ਦੇ ਕੇ ਧਰਮ ਨਿਰਪੱਖ ਲੋਕਸ਼ਾਹੀ ਸ਼ਕਤੀਆਂ ਨੂੰ ਸਥਾਨਕ ਪੱਧਰ ਤੋਂ ਲੈ ਕੇ ਰਾਸ਼ਟਰ ਪੱਧਰ ਤੱਕ ਮਜ਼ਬੂਤ ਬਣਾਉਣਾ ਚਾਹੀਦਾ ਹੈ।

For advertisement and donations contact
**DEVINDER TOOR 416-902-9372**
**HARBANS SINGH 416-817-7142**
Email: ppapmg@gmail.com
**Om Parkash Sharma**
**647-891-8500**
Email : omjagraon@yahoo.com
**Pro-People Arts Project Media Group**
**"Sarokaran Di Awaz" Newspaper**
29 Mapleview Ave Brampton Ontario
Canada L6R 1M2
Email: ppapmg@gmail.com
Website: www.ppapmg.com

## ਸੰਪਾਦਕ ਮੰਡਲ (ਆਨਰੇਰੀ)

ਮਾ. ਭਜਨ ਸਿੰਘ ਕੈਲਗਰੀ, ਅਲਬਰਟਾ
403-455-4220
ਹਰਬੰਸ ਸਿੰਘ
416-817-7142
ਦੇਵਿੰਦਰ ਤੂਰ
416-902-9372
ਸੁਖਵਿੰਦਰ ਸਿੰਘ ਢਿੱਲੋਂ
ਜਸਪ੍ਰੀਤ ਧਾਲੀਵਾਲ
ਸੁਖਦੇਵ ਸਿੰਘ ਸੰਧੂ

ਮਾਸਟਰ ਬਲਬੀਰ ਸਿੰਘ ਗਿੱਲ
ਹਰਨੇਕ ਧਾਲੀਵਾਲ, ਵਿਨੀਪੈਗ ਮਾਨੀਟੋਬਾ
204-488-6960
ਗੁਰਬਚਨ ਸਿੰਘ ਬਰਾੜ
403-470-2628
ਬਲਜਿੰਦਰ ਸਿੰਘ
ਗ੍ਰਾਫਿਕਸ ਡਿਜ਼ਾਇਨਰ
+91-92167-29598
akashdeep.1064@gmail.com

'ਸਰੋਕਾਰਾਂ ਦੀ ਆਵਾਜ਼' ਅਖ਼ਬਾਰ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਲਲਿਤ ਮੋਦੀ ਸਕੈਂਡਲ ਸਬੰਧੀ ਸ੍ਰੀ ਮੋਦੀ ਕਿਉਂ ਮੋਨ ਹਨ ?



ਦਰਬਾਰਾ ਸਿੰਘ ਕਾਹਲੋਂ

ਕਾਂਗਰਸ ਆਗੂ ਪਰ ਵਿਸ਼ਵ ਪ੍ਰਸਿੱਧ ਅਰਥ ਸ਼ਾਸਤਰੀ ਡਾ. ਮਨਮੋਹਨ ਸਿੰਘ ਯੂ. ਪੀ. ਏ. ਸਰਕਾਰ ਦੇ ਪ੍ਰਧਾਨ ਮੰਤਰੀ ਹੁੰਦੇ ਜਦੋਂ ਅਕਸਰ ਸਹਿਯੋਗੀ ਮੰਤਰੀਆਂ ਵਲੋਂ ਕੀਤੇ ਘੋਟਾਲਿਆਂ ਪ੍ਰਤੀ ਚੁੱਪ ਵੱਟ ਰੱਖਦੇ ਤਾਂ ਵਿਰੋਧੀ ਧਿਰਾਂ ਖਾਸ ਕਰਕੇ ਭਾਰਤੀ ਜਨਤਾ ਪਾਰਟੀ ਮੁੱਖ ਵਿਰੋਧੀ ਧਿਰ ਵਜੋਂ ਸੰਸਦ ਅੰਦਰ ਅਤੇ ਬਾਹਰ ਅਸਮਾਨ ਸਿਰ 'ਤੇ ਚੁੱਕ ਲੈਂਦੀ। ਪ੍ਰਧਾਨ ਮੰਤਰੀ 'ਤੇ ਬਿਆਨ ਦੇਣ ਲਈ ਦਬਾਅ ਪਾਉਂਦੀ। ਉਨ੍ਹਾਂ ਤੇ ਕਈ ਤਰ੍ਹਾਂ ਦੀਆਂ ਤਨਜਾਂ ਕੱਸਦੀ। ਆਦਤਨ ਚੁੱਪ ਰਹਿਣ ਵਿਚ ਵਿਸ਼ਵਾਸ ਰੱਖਣ ਵਾਲੇ ਪ੍ਰਧਾਨ ਮੰਤਰੀ ਨੂੰ 'ਮੋਨੀ ਬਾਬਾ' ਕਹਿ ਕੇ ਭੰਡਦੀ।

ਹੁਣ ਜਦੋਂ ਭਾਰਤੀ ਕਾਨੂੰਨ ਦਾ ਵਾਰ-ਵਾਰ ਚੀਰ ਹਰਨ ਕਰਨ ਵਾਲੇ 'ਭਗੌੜੇ' ਅਪਰਾਧੀ, ਸਾਬਕਾ ਆਈ. ਪੀ. ਐਲ. ਮੁਖੀ ਰਹੇ ਲਲਿਤ ਮੋਦੀ ਨੂੰ ਗੈਰ ਕਾਨੂੰਨੀ ਤੌਰ 'ਤੇ ਸੱਤਾਧਾਰੀ ਭਾਰਤੀ ਜਨਤਾ ਪਾਰਟੀਆਂ ਦੀਆਂ ਦੋ ਤਾਕਤਵਰ ਆਗੂ, ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਅਤੇ ਰਾਜਸਥਾਨ ਦੀ ਮੁੱਖ ਮੰਤਰੀ ਸ੍ਰੀਮਤੀ ਵਸੁੰਧਰਾ ਰਾਜੇ ਸਿੰਧੀਆ ਵਲੋਂ ਮਦਦ ਕਰਨ ਦੇ ਦੋਸ਼ ਬੇਨਕਾਬ ਹੋਏ ਹਨ ਤਾਂ ਹਰ ਮਹੱਤਵਪੂਰਨ ਮੁੱਦੇ 'ਤੇ ਖੁੱਲ੍ਹ ਵਿਚਾਰ ਪ੍ਰਗਟ ਕਰਨ ਜਾਂ ਪ੍ਰਤੀਕਰਮ ਜ਼ਾਹਿਰ ਕਰਨ ਵਜੋਂ ਜਾਣੇ ਜਾਂਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਇਵੇਂ ਚੁੱਪ ਵੱਟੀ ਬੈਠੇ ਹਨ ਜਿਵੇਂ ਕਿ ਸੱਪ ਸੁੰਘ ਗਿਆ ਹੋਵੇ। ਵਿਡੰਬਨਾ ਭਰੀ ਗੱਲ ਇਹ ਹੈ ਕਿ ਸੱਤਾਧਾਰੀ ਪਾਜਪਾ ਅਤੇ ਐਨ. ਡੀ. ਏ. ਸਹਿਯੋਗੀ ਕਿਧਰੇ ਵੀ ਸ੍ਰੀ ਮੋਦੀ ਤੇ ਇਸ ਸਬੰਧੀ ਬਿਆਨ ਦੇਣ ਲਈ ਮੰਗ ਕਰਦੇ ਨਜ਼ਰ ਨਹੀਂ ਆਏ। ਉਲਟਾ ਯੋਗਾ ਮੁਹਿੰਮ ਅਤੇ 26/11 ਮੁੰਬਈ ਹਮਲੇ ਦੇ ਮੁੱਖ ਦੋਸ਼ੀ ਅੱਤਵਾਦੀ ਪਾਕਿਸਤਾਨ ਸਥਿਤ ਲਸ਼ਕਰ-ਏ-ਤੋਇਬਾ ਕਮਾਂਡਰ ਜ਼ਕੀ ਉਰ ਰਹਿਮਾਨ ਲਖਵੀ ਕੇਸ ਸਬੰਧੀ ਮੁੱਦਿਆਂ ਰਾਹੀਂ ਇਸ ਮਹੱਤਵਪੂਰਨ ਸਕੈਂਡਲ ਤੋਂ ਭਾਰਤੀ ਜਨਤਾ ਦਾ ਧਿਆਨ ਪਲਟਾਉਣ ਦਾ ਯਤਨ ਕਰ ਰਹੇ ਹਨ।

ਭਾਰਤ ਦੇ ਸਾਬਕਾ ਗ੍ਰਹਿ ਸਕੱਤਰ ਰਹੇ, ਭਾਜਪਾ ਦੇ ਅਜੋਕੇ ਸਾਂਸਦ ਸ੍ਰੀ ਆਰ. ਕੇ. ਸਿੰਘ ਨੇ ਆਪਣੀ ਰਾਜਨੀਤਕ ਜ਼ਿੰਮੇਵਾਰੀ ਦੀ ਭਾਵਨਾ ਦਾ ਮੁਜ਼ਾਹਰਾ ਕਰਦੇ ਸ੍ਰੀ ਮੋਦੀ ਦੀ ਐਨ. ਡੀ. ਏ. ਸਰਕਾਰ 'ਤੇ ਜ਼ੋਰ ਦਿੱਤਾ ਹੈ ਕਿ ਉਹ ਭਗੌੜੇ ਲਲਿਤ ਮੋਦੀ ਨੂੰ ਅਪਰਾਧੀ ਕਰਾਰ ਦੇਵੇ। ਉਸਦਾ ਭਾਰਤੀ ਪਾਸਪੋਰਟ ਜ਼ਬਤ ਕਰੇ ਅਤੇ ਉਸ ਤੇ ਕਾਨੂੰਨੀ ਅਤੇ ਅਦਾਲਤੀ ਕਾਰਵਾਈ ਕਰਨ ਲਈ ਉਸ ਨੂੰ ਦੇਸ਼ ਅੰਦਰ ਲਿਆਵੇ। ਉਨ੍ਹਾਂ ਦੋਹਾਂ ਬੀਬੀਆਂ ਦੇ ਨਾਵਾਂ ਦਾ ਜ਼ਿਕਰ ਕੀਤੇ ਬਗੈਰ ਸਪਸ਼ਟ ਕੀਤਾ ਹੈ ਕਿ ਕਿਸੇ ਭਗੌੜੇ ਦੀ ਮਦਦ ਕਰਨਾ ਕਾਨੂੰਨੀ ਅਤੇ ਇਖ਼ਲਾਕੀ ਤੌਰ 'ਤੇ ਗਲਤ ਹੈ। ਮਹਾਰਾਸ਼ਟਰ ਅੰਦਰ ਮੁੰਬਈ ਪੁਲਿਸ ਕਮਿਸ਼ਨਰ ਰਾਕੇਸ਼ ਮਾਰੀਆ ਵਲੋਂ ਉਸ ਭਗੌੜੇ ਨਾਲ ਮੁਲਾਕਾਤ ਨੂੰ ਵੀ ਉਨ੍ਹਾਂ ਮੂਲੋਂ ਗਲਤ ਕਰਾਰ ਦਿੱਤਾ ਹੈ। ਸ੍ਰੀ ਸਿੰਘ ਦੇ ਦਲੇਰਾਨਾ ਬਿਆਨ ਬਾਅਦ ਦੋਹਾਂ ਗਲਤ ਬੀਬੀਆਂ ਵਿਰੁੱਧ ਹੁਣ ਭਾਜਪਾ ਆਗੂ ਅਤੇ ਸੰਸਦ ਮੈਂਬਰ ਕੀ ਅਤੇ ਕਿੰਨਾ ਕੁ ਸਟੈਂਡ ਲੈਂਦੇ ਹਨ, ਇਹ ਵੇਖਣਾ ਬਾਕੀ ਹੈ। ਆਉਣ ਵਾਲੇ ਦਿਨਾਂ ਵਿਚ ਪਾਰਟੀ, ਇਸ ਦੇ ਆਗੂਆਂ ਅਤੇ ਮਾਂ ਸੰਗਠਨ ਆਰ. ਐਸ. ਐਸ. ਦਾ ਚਾਲ, ਚਰਿਤਰ ਅਤੇ ਚਿਹਰਾ ਵੀ ਰਾਸ਼ਟਰ ਸਾਹਮਣੇ ਆ ਜਾਵੇਗਾ।

ਉਧਰ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਨੇ ਪ੍ਰਧਾਨ ਮੰਤਰੀ ਸ੍ਰੀ ਮੋਦੀ ਨੂੰ ਇਸ ਮਾਮਲੇ ਵਿਚ ਕਾਰਵਾਈ ਕਰਨ ਦੀ ਚੁਣੌਤੀ ਦਿੱਤੀ ਹੈ। ਉਸ ਨੇ ਕਿਹਾ ਹੈ ਕਿ ਉਸ ਨੂੰ ਸਾਬਕਾ ਕਾਨੂੰਨੀ ਮੰਤਰੀ ਜਤਿੰਦਰ ਕੁਮਾਰ ਤੋਮਰ ਨੇ ਆਪਣੀਆਂ ਯੋਗਤਾਵਾਂ ਸਬੰਧੀ ਹਨ੍ਹੇਰੇ ਵਿਚ ਰੱਖਿਆ। ਪਤਾ ਲੱਗਣ 'ਤੇ ਉਸ ਦਾ ਅਸਤੀਫ਼ਾ ਲੈ ਲਿਆ ਗਿਆ ਅਤੇ ਉਸ ਵਿਰੁੱਧ ਕਾਰਵਾਈ ਕੀਤੀ ਗਈ। ਕੀ ਪ੍ਰਧਾਨ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਅਤੇ ਸ੍ਰੀਮਤੀ ਸਿੰਧੀਆ ਦਾ ਅਸਤੀਫ਼ਾ ਲੈ ਕੇ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਅਰੰਭਣਗੇ?

ਸ੍ਰੀਮਤੀ ਸੁਸ਼ਮਾ ਸਵਰਾਜ ਨੇ ਮੰਨਿਆ ਹੈ ਕਿ ਉਸ ਨੇ ਮਾਨਵਵਾਦੀ ਆਧਾਰ 'ਤੇ ਲਲਿਤ ਮੋਦੀ ਦੀ ਮਦਦ ਕੀਤੀ ਹੈ। ਉਸ ਦੀ ਪਤਨੀ ਕੈਂਸਰ ਦੇ ਇਲਾਜ ਲਈ ਪੁਰਤਗਾਲ ਹੋਣ ਕਰਕੇ ਉਸ ਦੀ ਉਸ ਦੇਸ਼ ਪਹੁੰਚਣ ਲਈ ਬਰਤਾਨੀਆ ਦੇ ਭਾਰਤ ਅੰਦਰ ਹਾਈ ਕਮਿਸ਼ਨਰ ਜੇਮਜ਼ ਬੀਵਨ ਅਤੇ ਗ੍ਰਹਿ ਮਾਮਲਿਆਂ ਦੀ ਕਮੇਟੀ ਦੇ ਮੁਖੀ ਬ੍ਰਿਟਿਸ਼ ਸਾਂਸਦ ਕੀਥ ਵਾਜ਼ ਨਾਂਲ ਉਸ ਨੂੰ ਦਸਤਾਵੇਜ਼ ਜਾਰੀ ਕਰਨ ਲਈ ਗੱਲ ਕੀਤੀ ਸੀ। ਪਰ ਇਹ ਗੱਲ ਉਨ੍ਹਾਂ ਉਦੋਂ ਉਜਾਗਰ ਕੀਤੀ ਜਦੋਂ ਲਲਿਤ ਮੋਦੀ ਸਕੈਂਡਲ ਇਕ ਅਖ਼ਬਾਰ ਵਲੋਂ ਬੇਪਰਦ ਕੀਤਾ ਗਿਆ।

ਮਾਨਵਵਾਦੀ ਆਧਾਰ 'ਤੇ ਮਦਦ ਨਿਰਾ ਢੌਂਗ ਸਾਬਤ ਹੁੰਦਾ ਹੈ। ਜੇ ਮੋਦੀ ਸਰਕਾਰ ਜਾਂ ਇਸ ਦੇ ਮੰਤਰੀ ਮਾਨਵਵਾਦੀ ਮਦਦ ਪ੍ਰਤੀ ਸੰਵੇਦਨਸ਼ੀਲ ਹੁੰਦੇ ਤਾਂ ਸਜ਼ਾਵਾਂ ਭੁਗਤ ਚੁੱਕੇ ਸਿੱਖ ਕੈਦੀ ਹੁਣ ਤੱਕ ਰਿਹਾਅ ਕਰ ਦਿੱਤੇ ਹੁੰਦੇ ਜਿਨ੍ਹਾਂ ਦੀ ਰਿਹਾਈ ਲਈ ਅਣਗਿਣਤ ਅਪੀਲਾਂ ਕੀਤੀਆਂ ਜਾ ਚੁੱਕੀਆਂ ਹਨ। ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਸਬੰਧੀ ਕਾਲੀ ਸੂਚੀ ਤੇ ਨਜ਼ਰਸਾਨੀ ਕੀਤੀ ਗਈ ਹੁੰਦੀ।

ਸ੍ਰੀਮਤੀ ਸੁਸ਼ਮਾ ਸਵਰਾਜ ਨੇ ਲਲਿਤ ਮੋਦੀ ਦੀ ਮਦਦ ਕਰਨ ਲਈ ਵਿਦੇਸ਼ ਮੰਤਰਾਲ ਨੂੰ ਹਨ੍ਹੇਰੇ ਵਿਚ ਰੱਖਿਆ ਅਤੇ ਮੰਤਰਾਲੇ ਦੇ ਅਸੂਲਾਂ ਨੂੰ ਨਜ਼ਰ-ਅੰਦਾਜ਼ ਕੀਤਾ। ਈ.ਡੀ. ਵਿਭਾਗ ਤੋਂ ਆਗਿਆ ਨਹੀਂ ਲਈ ਗਈ।

ਰਾਜਸਥਾਨ ਦੀ ਮੁੱਖ ਮੰਤਰੀ ਸ੍ਰੀਮਤੀ ਵਸੁੰਧਰਾ ਰਾਜੇ ਸਿੰਧੀਆ ਨੇ ਲਲਿਤ ਮੋਦੀ ਇਮੀਗ੍ਰੇਸ਼ਨ ਅਰਜ਼ੀ ਦੀ ਹਮਾਇਤ ਲਈ ਉਦੋਂ ਪੱਤਰ ਲਿਖਿਆ। ਬ੍ਰਿਟਿਸ਼ ਸਰਕਾਰ ਨੂੰ ਜਦੋਂ ਉਹ ਰਾਜਸਥਾਨ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਸੀ। ਉਹ ਤਾਂ ਇਸ ਪੱਤਰ ਬਾਰੇ ਚੁੱਪ ਸੀ ਪਰ ਇਸ ਨੂੰ ਖ਼ੁਦ ਲਲਿਤ ਮੋਦੀ ਟੀਮ ਨੇ ਬੇਪਰਦ ਕਰ ਦਿੱਤਾ।

ਹਕੀਕਤ ਵਿਚ ਇਨ੍ਹਾਂ ਦੋਹਾਂ ਔਰਤ ਆਗੂਆਂ ਨਾਲ ਲਲਿਤ ਮੋਦੀ ਦੇ ਨੇੜਲੇ ਸਬੰਧ ਹਨ। ਲਲਿਤ ਮੋਦੀ ਤੇ ਆਰਥਿਕ ਅਪਰਾਧਾਂ ਸਬੰਧੀ ਕੇਸ ਦਰਜ ਹਨ। ਅਦਾਲਤ ਅਨੁਸਾਰ ਉਹ ਕਾਨੂੰਨ ਦਾ ਭਗੌੜਾ ਹੈ। ਐਸੇ ਅਪਰਾਧੀ ਨਾਲ ਸਬੰਧ ਕਾਨੂੰਨੀ ਅਤੇ ਨੈਤਿਕ ਤੌਰ 'ਤੇ ਗਲਤ ਹਨ।

ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਨੇ ਬ੍ਰਿਟਿਸ਼ ਸਰਕਾਰ ਨੂੰ ਕਹਿ ਰੱਖਿਆ ਸੀ ਕਿ ਲਲਿਤ ਮੋਦੀ ਦੀ ਮਦਦ ਭਾਰਤ ਬਰਤਾਨੀਆ ਦੇ ਸਬੰਧਾਂ ਨੂੰ ਖਰਾਬ ਕਰ ਦੇਵੇਗੀ।

ਸ੍ਰੀਮਤੀ ਸੁਸ਼ਮਾ ਸਵਰਾਜ ਅਤੇ ਸ੍ਰੀਮਤੀ ਸਿੰਧੀਆ ਦੇ ਪਰਿਵਾਰਾਂ ਨੂੰ ਲਲਿਤ ਮੋਦੀ ਕਈ ਤਰ੍ਹਾਂ ਦੀ ਸਹਾਇਤਾ ਕਰਦਾ ਰਿਹਾ ਹੈ। ਸ੍ਰੀਮਤੀ ਸਵਰਾਜ ਦਾ ਪਤੀ ਸਵਰਾਜ ਕੌਸ਼ਲ ਮਿਜ਼ੋਰਮ ਦੇ ਰਾਜਪਾਲ ਰਹੇ ਹਨ। ਰਾਜ ਸਭਾ ਮੈਂਬਰ ਵੀ ਰਹੇ। ਉਨ੍ਹਾਂ ਕਰੀਬ 22 ਸਾਲ ਲਲਿਤ ਮੋਦੀ ਦੇ ਵਕੀਲ ਰਹੇ ਹਨ। ਸ੍ਰੀਮਤੀ ਸਵਰਾਜ ਦੀ ਪੁੱਤਰੀ ਬਨਸੂਰੀ ਵੀ ਉਸਦੀ ਵਕੀਲ ਰਹੀ ਹੈ। ਉਹ ਜਨਵਰੀ, 20013 ਵਿਚ ਅਜੋਕੇ ਅਟਾਰਨੀ ਜਨਰਲ ਮੁਕਲ ਰਹਿਤੋਗੀ ਦੀ ਟੀਮ ਦੀ ਮੈਂਬਰ ਸੀ ਜਿਸ ਨੇ ਮੋਦੀ ਦੇ ਪਾਸਪੋਰਟ ਦੇ ਰੱਦ ਹੋਣ ਨੂੰ ਜਾਇਜ਼ ਕਰਾਰ ਦੇਣ ਵਾਲੇ ਦਿੱਲੀ ਹਾਈਕੋਰਟ ਦੇ ਸਿੰਗਲ ਜੱਜ ਬੈਂਚ ਅੱਗੇ ਉਸ ਸਬੰਧੀ ਅਸਫ਼ਲ ਜ਼ਿਰਹਾ ਕੀਤੀ ਸੀ। ਸ੍ਰੀ ਸਵਰਾਜ ਕੌਸ਼ਲ ਨੇ ਤਾਂ ਅਨੇਕ ਵਾਰ ਲਲਿਤ ਮੋਦੀ ਦੀ ਪ੍ਰਾਹੁਣਚਾਰੀ ਦਾ ਲੁੱਤਫ਼ ਉਠਾਇਆ ਸੀ। ਮੋਦੀ ਦੇ ਸਵਰਾਜ ਪਰਿਵਾਰ ਨਾਲ ਸਬੰਧ ਨਿੱਜੀ ਅਤੇ ਗੂੜ੍ਹੇ ਰਹੇ ਹਨ। ਇਸ ਕਰਕੇ ਦਾਲ ਵਿਚ ਬਹੁਤ ਕੁਝ ਕਾਲਾ ਵਿਖਾਈ ਦਿੰਦਾ ਹੈ।

ਸ੍ਰੀਮਤੀ ਸਿੰਧੀਆ ਦੇ ਪੁੱਤਰ ਦੁਸ਼ਅਤ ਸਿੰਧੀਆ ਦੀ ਕੰਪਨੀ ਨਿਅੰਤ ਹੈਰੀਟੇਜ ਵਿਚ ਲਲਿਤ ਮੋਦੀ ਕੰਪਨੀ ਅਨੰਦ ਹੈਰੀਟੇਜ਼ ਵਲੋਂ ਧੰਨ ਨਿਵੇਸ਼ ਕਰਨ ਦੇ ਦੋਸ਼ ਹਨ ਜਿਨ੍ਹਾਂ ਦੀ ਜਾਂਚ ਵਿੱਤ ਮੰਤਰੀ ਸ੍ਰੀ ਅਰੁਣ ਜੇਤਲੀ ਅਨੁਸਾਰ ਜਾਰੀ ਰਹੇਗੀ। ਰਿਪੋਰਟਾਂ ਅਨੁਸਾਰ ਮੋਦੀ ਨੇ 11.63 ਕਰੋੜ ਨਿਵੇਸ਼ 2008 'ਚ ਕੀਤਾ ਸੀ।

ਮੋਦੀ ਸਕੈਂਡਲ ਮੁੱਦੇ 'ਤੇ ਕਾਂਗਰਸ ਪਾਰਟੀ ਅਤੇ ਭਾਜਪਾ ਦੇ ਅੰਦਰ ਕਾਫ਼ੀ ਲੋਕ ਮੁੱਖ ਮੰਤਰੀ ਬੀਬੀ ਸਿੰਧੀਆ ਦਾ ਅਸਤੀਫ਼ਾ ਤੁਰੰਤ ਚਾਹੁੰਦੇ ਹਨ। ਸ੍ਰੀਮਤੀ ਸੁਸ਼ਮਾ ਸਵਰਾਜ ਦੇ ਅਸਤੀਫ਼ੇ ਸਬੰਧੀ ਵੀ ਸ੍ਰੀ ਆਰ. ਕੇ. ਸਿੰਘ ਦੇ ਬਿਆਨ ਬਾਅਦ ਸਰਕਾਰ ਦੇ ਅੰਦਰ ਅਤੇ ਬਾਹਰ ਦਬਾਅ ਵੱਧ ਰਿਹਾ ਹੈ।

ਦਿੱਲੀ ਅੰਦਰ ਸੱਤਾ ਸ਼ਕਤੀ ਅਤੇ ਰਾਜਨੀਤੀ ਦੇ ਗਲਿਆਰਿਆਂ ਅੰਦਰ ਇਸ ਗੱਲ ਦੀ ਆਮ ਚਰਚਾ ਹੈ ਕਿ ਆਪਣੇ ਮੰਤਰੀਆਂ ਦੀਆਂ ਘੜੀਆਂ ਪਲਾਂ ਦੀਆਂ ਗਤੀਵਿਧੀਆਂ ਤੇ ਬਾਜ਼ ਦੀ ਅੱਖ ਰੱਖਣ ਵਾਲੇ ਮੋਦੀ ਦੀ ਨਜ਼ਰ ਤੋਂ ਇਹ ਸਕੈਂਡਲ ਕਿਉਂ ਅਤੇ ਕਿਵੇਂ ਓਝਲ ਰਿਹਾ। ਇਕ ਵਿਦੇਸ਼ ਯਾਤਰਾ 'ਤੇ ਜਾਣ ਵਾਲੇ ਮੰਤਰੀ ਦੇ ਕੱਪੜਿਆਂ ਤੇ ਤਨਜ਼ ਜਦੋਂ ਪ੍ਰਧਾਨ ਮੰਤਰੀ ਨੇ ਕੀਤੀ ਤਾਂ ਉਹ ਪੁੱਠੇ ਪੈਰੀਂ ਮੁੜ ਆ ਕੇ ਕੱਪੜੇ ਬਦਲ ਕੇ ਗਿਆ। ਇਵੇਂ ਮੁੰਬਈ ਹੋਟਲ ਵਿਚ ਕਿਸੇ ਨਾਲ ਲੈਣ-ਦੇਣ ਦੀ ਗੱਲ ਕਰ ਰਹੇ ਮੰਤਰੀ ਨੂੰ ਸ੍ਰੀ ਮੋਦੀ ਦੀ ਉਸ ਤੇ ਅੱਖ ਹੋਣ ਦਾ ਜਦੋਂ ਪਤਾ ਲੱਗਾ ਤਾਂ ਉਹ ਤੁਰੰਤ ਉਥੋਂ ਉਠ ਭੱਜਾ।

ਸ੍ਰੀਮਤੀ ਸੁਸ਼ਮਾ ਨਾਲ ਲੰਬੇ ਸਮੇਂ ਸ੍ਰੀ ਨਰੇਂਦਰ ਮੋਦੀ ਦਾ 36 ਦਾ ਅੰਕੜਾ ਚਲ ਰਿਹਾ ਹੈ। ਗੋਧਰਾ ਕਾਂਡ ਗੁਜਰਾਤ ਬਾਅਦ ਜਦੋਂ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਉਸ ਸਮੇਂ ਮੁੱਖ ਮੰਤਰੀ ਸ੍ਰੀ ਨਰੇਂਦਰ ਮੋਦੀ ਨੂੰ 'ਰਾਜ ਧਰਮ' ਨਾ ਨਿਭਾਉਣ ਲਈ ਤਾੜਿਆ ਸੀ ਤਾਂ ਸ੍ਰੀਮਤੀ ਸਵਰਾਜ ਨੇ ਇਸ ਤਾੜਨਾ ਤੇ ਸਹਿਮਤੀ ਜਿਤਾਈ ਸੀ। ਉਹ ਪਾਰਟੀ ਅੰਦਰ ਪ੍ਰਧਾਨ ਮੰਤਰੀ ਪਦ ਦੇ ਵੀ ਸੰਜੀਦਾ ਦਾਅਵੇਦਾਰ ਰਹੇ। ਸ਼ਿਵ ਸੈਨਾ ਦੀ ਉਹ ਪਹਿਲੀ ਪਸੰਦ ਸਨ।

ਸ੍ਰੀਮਤੀ ਸਿੰਧੀਆ ਵੀ ਪਾਰਟੀ ਅੰਦਰ ਅੜੀਅਲ ਅਤੇ ਧੌਂਸਬਾਜ਼ ਆਗੂ ਹਨ। ਉਸ ਨੇ ਸੰਨ 2009 ਵਿਚ ਲੋਕ ਸਭਾ ਚੋਣਾਂ ਸਮੇਂ ਰਾਜਸਥਾਨ ਅੰਦਰ ਹਾਰ ਦੀ ਜ਼ਿੰਮੇਵਾਰੀ ਨਾ ਲਈ। ਵਿਧਾਨ ਸਭਾ ਅੰਦਰ ਵਿਰੋਧੀ ਧਿਰ ਦੀ ਆਗੂ ਬਣਨ ਦੀ ਜ਼ਿੱਦ ਕੀਤੀ। ਪਾਰਟੀ, ਆਰ. ਐਸ. ਐਸ. ਅਤੇ ਰਾਜਸਥਾਨ ਅੰਦਰ ਬਹੁਤ ਸਾਰੇ ਆਗੂ ਉਸ ਦੀ ਕਾਰਜਸ਼ੈਲੀ ਦੇ ਵਿਰੋਧੀ ਹਨ।

ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਭ੍ਰਿਸ਼ਟਾਚਾਰ ਵਿਰੋਧੀ ਨਾਅਰਾ ਦਿੱਤਾ ਸੀ, 'ਨਾ ਖਾਊਂਗਾ, ਨਾ ਖੀਨੇ ਦੂੰਗਾ' ਇਵੇਂ ਹੀ ਉਨ੍ਹਾਂ ਰਾਸ਼ਟਰ ਨੂੰ ਪਾਰਦਰਸ਼ੀ ਸਰਕਾਰ ਦੇਣ ਦਾ ਵਾਅਦਾ ਕੀਤਾ ਸੀ। ਹੁਣ ਜਦੋਂ ਦੋ ਉਚ ਕੋਟੀ ਦੀਆਂ ਆਗੂ ਔਰਤਾਂ ਵਲੋਂ ਉਸਦੇ ਭ੍ਰਿਸ਼ਟਾਚਾਰ ਵਿਰੋਧੀ ਅਤੇ ਪਾਰਦਰਸ਼ਤਾ ਸਬੰਧੀ ਸਟੈਂਡ ਨੂੰ ਪੈਰਾਂ ਥੱਲੇ ਮਧੌਲ ਦਿੱਤਾ ਹੈ ਅਤੇ ਉਹ ਇਸ ਸਬੰਧੀ ਚੁੱਪ ਕਿਉਂ ਵੱਟੀ ਬੈਠੇ ਹਨ, ਬੜੀ ਹੈਰਾਨਗੀ ਵਾਲੀ ਗੱਲ ਹੈ। ਆਰ. ਐਸ. ਐਸ. ਵੀ ਇਸ ਸਬੰਧੀ ਸਥਿਤੀ ਸਪਸ਼ਟ ਕਰਨ ਤੋਂ ਭੱਜ ਬੈਠੀ ਪਈ ਹੈ।

ਸਾਬਕਾ ਵਿੱਤ ਮੰਤਰੀ ਸ੍ਰੀ ਯਸ਼ਵੰਤ ਸਿਨਹਾ ਨੇ ਮੰਗ ਕੀਤੀ ਹੈ 'ਲਲਿਤਗੇਟ' ਦਾ ਨਾਂ ਲਏ ਬਗੈਰ ਕਿ ਸਰਕਾਰ ਸਹੀ ਕਦਮ ਉਠਾਏ ਤਾਂ ਕਿ ਪਾਰਲੀਮੈਂਟ ਸੈਸ਼ਨ ਦੌਰਾਨ ਜ਼ਰੂਰੀ ਕੰਮ ਕੀਤਾ ਜਾ ਸਕੇ। ਲੇਕਿਨ ਸਰਕਾਰ ਕੁਝ ਨਹੀਂ ਕਰ ਰਹੀ ਉਨ੍ਹਾਂ ਵਲੋਂ ਦਿੱਤੀ ਸਲਾਹ ਅਨੁਸਾਰ (ਕਿਉਂਕਿ ਸ੍ਰੀ ਮੋਦੀ 26 ਮਈ, 2014 ਬਾਅਦ 75 ਸਾਲ ਤੋਂ ਉਪਰ ਉਮਰ ਵਾਲੇ ਰਾਜਨੀਤੀਵਾਨਾਂ ਦੇ ਦਿਮਾਗ ਮਰ ਚੁੱਕੇ ਸਮਝਦਾ ਹੈ) ਹੁਣ ਸੈਸ਼ਨ ਵਿਚ ਤਮੱਚੜ ਪੈਣਾ ਲਾਜ਼ਮੀ ਹੈ। ਸਰਕਾਰ ਦਾ ਮਤ ਹੈ ਕਿ ਦੋਹਾਂ ਬੀਬੀਆਂ ਕੁਝ ਗਲਤ ਨਹੀਂ ਕੀਤਾ।

ਦਰਅਸਲ ਭਾਰਤੀ ਰਾਜਨੀਤੀ ਦੇ ਹਮਾਮ ਵਿਚ ਸਭ ਰਾਜਨੀਤਕ ਆਗੂ ਨੰਗੇ ਹਨ। ਸੱਤਾ ਪ੍ਰਾਪਤੀ ਲਈ ਲੋਕਾਂ ਨੂੰ ਮੂਰਖ

(ਬਾਕੀ ਸਫ਼ਾ 30 'ਤੇ)






# ਬਹੁ-ਬਿਧ ਪ੍ਰਤਿਭਾ ਦਾ ਝਲਕਾਰਾ : ਜਗਜੀਤ ਸਿੰਘ ਆਨੰਦ

ਵਰਿਆਮ ਸਿੰਘ ਸੰਧੂ

**ਜਗਜੀਤ ਸਿੰਘ ਆਨੰਦ ਜੀ ਦਾ ਸਾਥੋਂ ਵਿਛੜ ਜਾਣਾ ਕਮਿਊਨਿਸਟ ਲਹਿਰ ਲਈ ਨਾ ਪੂਰਿਆ ਜਾਣ ਵਾਲਾ ਘਾਟਾ ਹੈ। ਇਨਕਲਾਬੀ ਪੱਤਰਕਾਰੀ ਦੇ ਇੱਕ ਯੁੱਗ ਦਾ ਅੰਤ ਹੈ। ਇਨਕਲਾਬੀ ਲਹਿਰ ਦੇ ਪੱਤਰਕਾਰ, ਪ੍ਰਬੁੱਧ ਸੰਪਾਦਕ ਤੇ ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਦੇ ਤੁਰ ਜਾਣ 'ਤੇ ਅਦਾਰਾ 'ਸਰੋਕਾਰਾਂ ਦੀ ਆਵਾਜ਼' ਉਹਨਾਂ ਨੂੰ ਸ਼ਰਧਾਂਜਲੀ ਵਜੋਂ ਵਰਿਆਮ ਸਿੰਘ ਸੰਧੂ ਵਲੋਂ ਲਿਖਿਆ ਲੇਖ ਆਪਣੇ ਪਾਠਕਾਂ ਦੇ ਸਨਮੁਖ ਕਰਦਾ ਹੈ। (ਸੰਪਾਦਕ)**

ਜਗਜੀਤ ਸਿੰਘ ਆਨੰਦ ਦੀ ਵੱਡ-ਆਕਾਰੀ ਤੇ ਬਹੁਪਾਸਾਰੀ ਅਲੋਕਾਰ ਸ਼ਖ਼ਸੀਅਤ ਦੀਆਂ ਰੁਚੀਆਂ, ਝੁਕਾਵਾਂ ਤੇ ਜੀਵਨ ਸਰਗਰਮੀਆਂ ਦੀ ਤਰਤੀਬ ਭਾਵੇਂ ਸਿਆਸਤ ਤੋਂ ਤੁਰ ਕੇ, ਪੱਤਰਕਾਰੀ ਵਿਚੋਂ ਹੁੰਦੀ ਹੋਈ ਸਾਹਿਤਕਾਰੀ ਤੱਕ ਪੁੱਜਦੀ ਹੈ, ਪਰ ਇਹ ਤਰਤੀਬ ਵੱਖੋ-ਵੱਖ ਖਾਨਿਆਂ ਵਿਚ ਵੰਡੀ ਹੋਈ ਨਹੀਂ ਸਗੋਂ ਇਸ ਦੇ ਰੰਗ ਇਕ ਖੇਤਰ ਤੋਂ ਦੂਜੇ ਖੇਤਰ ਵਿਚ ਪਿਘਲਦੇ, ਘੁਲਦੇ ਤੇ ਲਿਸ਼ਕਦੇ ਨਜ਼ਰ ਆਉਂਦੇ ਹਨ। ਵਿਭਿੰਨ ਖੇਤਰਾਂ ਵਿਚ ਜੁੜਵਾਂ ਤੇ ਜਾਨਦਾਰ ਕੰਮ ਕਰਕੇ ਆਪਣੀ ਕਿਰਤ ਕਮਾਈ ਨਾਲ ਉਸ ਨੇ ਅਜਿਹਾ ਬੁਲੰਦ ਆਪਾ ਸਿਰਜ ਲਿਆ ਹੈ ਕਿ ਪੰਜਾਬੀ ਜਨ-ਜੀਵਨ ਵਿਚ ਉਸ ਜਿਹੀ ਬਹੁ-ਬਿਧ ਪ੍ਰਤਿਭਾ ਵਾਲਾ ਉਹ 'ਅਨੋਖਾ ਤੇ ਇਕੱਲਾ' ਹੋ ਨਿਬੜਿਆ ਹੈ।

ਪਿਛਲੇ ਛੇ ਦਹਾਕਿਆਂ ਤੋਂ ਹਰੇਕ ਅਗਾਂਹਵਧੂ ਸਿਆਸੀ ਸਮਾਜੀ ਤੇ ਸਾਹਿਤਕ-ਸਭਿਆਚਾਰਕ ਲਹਿਰ ਦਾ ਉਸ ਨੂੰ ਨੇੜਲਾ, ਗਹਿ-ਗੱਚ ਤੇ ਪ੍ਰਮਾਣਿਕ ਅਨੁਭਵ ਹੈ ਕਿਉਂਕਿ ਉਸਨੇ ਇਹ ਇਤਿਹਾਸ ਆਪਣੇ ਜਿਸਮ ਅਤੇ ਜਾਨ ਉੱਤੇ ਹੰਢਾਇਆ ਹੈ ਤੇ ਇਸ ਨੂੰ ਉਸਾਰਨ, ਬਣਾਉਣ ਅਤੇ ਬਦਲਨ ਵਿਚ ਵਿਤੋਂ ਵੱਧ ਟਿੱਲ ਵੀ ਲਾਇਆ ਹੈ। ਸਾਡੇ ਵਾਂਗ ਸ਼ਾਇਦ ਜਗਜੀਤ ਸਿੰਘ ਆਨੰਦ ਨੂੰ ਵੀ ਇਸ ਗੱਲ ਦਾ ਝੋਰਾ ਹੋਵੇ ਕਿ ਜੇ ਉਹ ਭੱਜ-ਨੱਸ ਵਾਲੀ ਆਪਣੀ ਸਿਆਸੀ ਜ਼ਿੰਦਗੀ ਵਿਚੋਂ ਕੁਝ ਸਮਾਂ ਚੁਰਾ ਕੇ ਤੇ ਬਚਾ ਕੇ ਆਪਣੀਆਂ ਰਗਾਂ ਵਿਚ ਦੌੜਦੇ ਤੇ ਅੱਖਾਂ ਵਿਚੋਂ ਟਪਕਦੇ ਇਸ ਸਦੀ ਦੇ ਸੁਰਖ ਇਤਿਹਾਸ ਨੂੰ ਇਕ ਕਲਾਤਮਕ ਸੰਜਮ ਵਿਚ ਬੰਨ੍ਹ ਕੇ ਮਹਾਂ-ਕਾਵਿਕ ਪੱਧਰ ਦੀ ਕੋਈ ਰਚਨਾ ਕਰ ਜਾਂਦਾ ਤਾਂ ਉਹ ਰਚਨਾ ਸਮੁੱਚੇ ਭਾਰਤੀ ਸਾਹਿਤ ਦਾ ਸ਼ਾਹਕਾਰ ਹੋ ਨਿੱਬੜਣੀ ਸੀ। ਭਾਵੇਂ ਕਿ ਅਸੀਂ ਜਾਣਦੇ ਹਾਂ ਕਿ ਇਸ ਸਮੇਂ ਉਸ ਦੇ ਅਣਕੀਤੇ ਉੱਤੇ ਝੂਰਨ ਦਾ ਬਹਾਨਾ ਵੀ ਤਾਂ ਸਾਨੂੰ ਉਸ ਦੇ ਕੀਤੇ ਹੋਏ ਨੂੰ ਵਾਚਣ ਅਤੇ ਜਾਚਣ ਉਪਰੰਤ ਉਸ ਦੀ ਅਥਾਹ ਸਮਰੱਥਾ ਤੇ ਸੰਭਾਵਨਾ ਦੀ ਝਲਕ ਪੈਣ ਤੋਂ ਹੀ ਮਿਲਿਆ ਹੈ।

ਆਨੰਦ ਦਿਮਾਗ ਵਲੋਂ ਉਮਰ ਭਰ ਮਾਰਕਸੀ-ਲੈਨਿਨੀ ਵਿਚਾਰਧਾਰਾ ਨੂੰ ਕੱਟੜਤਾ ਦੀ ਹੱਦ ਤੱਕ ਪ੍ਰਣਾਇਆ ਸਿਰੜੀ, ਸਿਦਕੀ ਤੇ ਸਰਗਰਮ ਸਿਆਸੀ ਸੰਗਰਾਮੀਆਂ ਰਿਹਾ ਹੈ ਅਤੇ ਸਿਆਸਤ ਹਮੇਸ਼ਾ ਉਸਦੀ ਪਹਿਲੀ ਪਸੰਦ ਰਹੀ ਹੈ ਪਰ ਦਿਲ ਦੀਆਂ ਧੁਰ ਡੂੰਘਾਣਾਂ 'ਚੋਂ ਉਹ ਇਕ ਸੰਵੇਦਨਸ਼ੀਲ ਸਾਹਿਤਕਾਰ ਅਤੇ ਸੂਖ਼ਮ ਬਿਰਤੀਆਂ ਵਾਲਾ ਭਾਵੁਕ ਮਨੁੱਖ ਰਿਹਾ ਹੈ। ਆਪਣੇ ਵਿਚਾਰਾਂ ਅਤੇ ਅਸੂਲਾਂ ਉੱਪਰ ਲੋਹ-ਪੁਰਸ਼ ਬਣ ਕੇ ਪਹਿਰਾ ਦੇਣ ਵਾਲਾ ਤੇ ਜਾਨ ਤਲੀ 'ਤੇ ਧਰ ਕੇ, ਬੇਖ਼ੌਫ਼ ਹੋ ਕੇ ਰੱਬ ਦਾ ਸਾਂਢੂ ਬਣੇ ਧੱਕੜ-ਧਾਵੀਆਂ ਨਾਲ ਪੰਜਾ ਪਾਉਣ ਵਾਲਾ ਆਨੰਦ ਭਾਵੁਕ ਪਲਾਂ ਵਿਚ ਫਿੱਸ ਫਿੱਸ ਪੈਂਦਾ ਹੈ ਤੇ ਉਹਦੀ ਪਹਿਲੇ ਪਲ ਦੀ ਪਥਰੀਲੀ ਸਖ਼ਤੀ ਦੂਜੇ ਪਲ ਅੱਥਰੂਆਂ ਦੀ ਚਾਂਦੀ ਝਾਲ ਬਣ ਕੇ ਉਹਦੀਆਂ ਅੱਖਾਂ ਵਿਚ ਲਿਸ਼ਕ ਉਠਦੀ ਹੈ। ਸ਼ਾਇਦ ਇਹੋ ਦਰਦ-ਮੰਦ ਦਿਲ ਹੀ ਸੀ ਜਿਸ ਨੇ ਉਸ ਜਿਹੇ ਸੁੱਖਾਂ-ਲੱਧੇ, ਦੁੱਧ-ਮੱਖਣਾਂ ਨਾਲ ਪਾਲੇ, ਮਾਪਿਆਂ ਦੇ ਲਾਡਲੇ ਪੁੱਤਰ ਨੂੰ ਦੀਨ-ਦੁਖੀਆਂ ਦੇ ਭਲੇ ਲਈ ਲੜੀ ਜਾਣ ਵਾਲੀ ਜੰਗ ਦੇ ਮੂਹਰੈਲ ਦਸਤੇ ਦਾ ਸਿਪਾਹੀ ਬਣਾ ਦਿੱਤਾ।



ਆਪਣੇ ਵਿਚਾਰਾਂ ਸਮੇਤ ਦੁਨੀਆਂ ਉੱਤੇ ਛਾ ਜਾਣ ਦਾ ਅਮੋੜ ਵੇਗ ਭਰ ਜੁਆਨੀ ਵਿਚ ਹੀ ਉਹਦੇ ਬੋਲਾਂ ਅਤੇ ਲਿਖਤਾਂ ਵਿਚੋਂ ਡੁੱਲ੍ਹ-ਡੁੱਲ੍ਹ ਪੈਣ ਲੱਗਾ। ਆਪਣੀ ਲਿਖਣ ਅਤੇ ਬੋਲਣ ਯੋਗਤਾ ਨਾਲ ਚਕਾਚੌਂਧ ਕਰ ਸਕਣ ਵਾਲੀ ਇਸ ਕਾਮਿਲ ਪ੍ਰਤਿਭਾ ਦਾ ਕਮਾਲ ਹੀ ਸੀ ਕਿ ਵੀਹ ਸਾਲ ਦੀ ਛੋਟੀ ਉਮਰ ਵਿਚ ਹੀ ਉਹ ਕਮਿਊਨਿਸਟ ਪਾਰਟੀ ਦੀ ਪੰਜਾਬ ਦੀ ਸੂਬਾ ਕਮੇਟੀ ਦਾ ਮੈਂਬਰ ਬਣ ਗਿਆ ਤੇ ਛੇਤੀ ਹੀ ਪਾਰਟੀ ਪਰਚੇ ਦੀ ਸੰਪਾਦਕੀ ਵੀ ਸੰਭਾਲ ਲਈ। ਫਿਰ ਗੁਪਤਵਾਸਾਂ, ਜੇਲ-ਯਾਤਰਾਵਾਂ ਅਤੇ ਲੰਮੀਆਂ ਭੁੱਖ-ਹੜਤਾਲਾਂ ਦਾ ਇਕ ਅਮੁੱਕ ਸਿਲਸਿਲਾ ਚੱਲਿਆ ਤੇ ਜ਼ਿੰਮੇਵਾਰੀਆਂ ਅਤੇ ਅਹੁਦੇਦਾਰੀਆਂ ਦਾ ਘੇਰਾ ਅਤੇ ਕੱਦ ਵੀ ਚੌੜਾ ਤੇ ਉੱਚਾ ਹੁੰਦਾ ਗਿਆ। ਉਹ ਕਮਿਊਨਿਸਟ ਪਾਰਟੀ ਦੀ ਨੈਸ਼ਨਲ ਕੌਂਸਲ ਦਾ ਮੈਂਬਰ ਵੀ ਬਣਿਆ ਤੇ ਵਰਲਡ ਪੀਸ ਕੌਂਸਲ ਦਾ ਮੈਂਬਰ ਵੀ, ਪਰ ਪੰਜਾਬੀ ਦੇ ਸਾਹਿਤਕ ਤੇ ਸਭਿਆਚਾਰਕ ਹਲਕਿਆਂ ਵਿਚ ਉਹ ਹਮੇਸ਼ਾ ਸੱਭਿਆਚਾਰਕ ਮਾਮਲਿਆਂ ਦਾ ਵਜ਼ੀਰ ਬਣ ਕੇ ਆਪਣੀ ਗੱਲ ਕਹਿੰਦਾ ਅਤੇ ਮਨਾਉਂਦਾ ਆਇਆ ਹੈ। ਹੀਰਾ ਸਿੰਘ ਦਰਦ ਅਤੇ ਹੋਰਨਾਂ ਨਾਲ ਰਲ ਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੀਆ ਪ੍ਰਧਾਨਗੀਆਂ ਸਕੱਤਰੀਆਂ ਦੇ ਫ਼ੈਸਲੇ ਵੀ ਉਸ ਦੀ ਮਰਜ਼ੀ ਨਾਲ ਹੀ ਹੁੰਦੇ-ਹਵਾਏ ਆਏ ਹਨ। ਪੰਜਾਬੀ ਭਾਸ਼ਾ ਦੀ ਠੁੱਕ ਬਣਾਈ ਰੱਖਣ ਅਤੇ ਇਸ ਨੂੰ ਸੰਸਕ੍ਰਿਤ ਦੇ ਹਮਲੇ ਤੋਂ ਬਚਾਈ ਰੱਖਣ ਲਈ ਇਕ ਵਿਸ਼ੇਸ਼ ਸਮੇਂ ਵਿਚ ਚਲਾਈ ਗਈ ਲਹਿਰ ਦਾ ਵੀ ਉਹ ਪ੍ਰਮੁੱਖ ਆਗੂ ਅਤੇ ਬੁਲਾਰਾ ਰਿਹਾ ਹੈ। ਪਾਰਟੀ ਦੇ ਅੰਦਰ ਅਤੇ ਪਾਰਟੀ ਦੇ ਬਾਹਰ ਹਮੇਸ਼ਾ ਹੀ ਉਸਨੇ ਆਪਣੇ ਵਿਚਾਰਾਂ ਅਤੇ ਅਸੂਲਾਂ ਉਪਰ ਦ੍ਰਿੜ ਅਤੇ ਬੇਲਚਕ ਲੜਾਈ ਲੜੀ ਪਰ ਇਸ ਲੜਾਈ ਵਿਚ ਸਭ ਤੋਂ ਕਾਰਗਰ ਹਥਿਆਰ ਉਸ ਦੀ ਕਲਮ ਹੀ ਰਿਹਾ ਹੈ।

ਕਲਮ ਦੀ ਨੋਕ ਵਿਚੋਂ ਛਲਕ-ਛਲਕ ਤੇ ਡੁੱਲ੍ਹ-ਡੁੱਲ੍ਹ ਪੈਂਦੀਆਂ ਪੱਤਰਕਾਰੀ ਤੇ ਸਾਹਿਤਕ ਰਚਨਾਵਾਂ ਵਿਚੋਂ ਸਹਿਜੇ ਹੀ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਹਦੇ ਮਨ ਦੀਆਂ ਤਹਿਆਂ ਅੰਦਰ ਧੁਰ ਡੂੰਘਾਣਾਂ ਵਿਚ ਸੰਵੇਦਨਸ਼ੀਲਤਾ ਤੇ ਸਾਹਿਤਕਤਾ ਦਾ ਜੋ ਰੰਗ-ਬ-ਰੰਗਾ ਸਰ-ਚਸ਼ਮਾ ਝਰ ਝਰ, ਝੰਮ ਝੰਮ ਲਿਸ਼ਕਦਾ ਤੇ ਕਲ ਕਲ ਵਗਦਾ ਪਿਆ ਹੈ ਉਹਦੇ ਰੰਗਾਂ ਦੀ ਬਦੌਲਤ ਹੀ ਉਹਦੇ ਖ਼ੁਸ਼ਕ ਸਿਧਾਂਤਕ ਪ੍ਰਵਚਨ ਵੀ ਸੁਣਨ-ਯੋਗ ਤੇ ਪੜ੍ਹਣ-ਯੋਗ, ਮਾਨਣ-ਯੋਗ ਤੇ ਮੰਨਣ-ਯੋਗ ਬਣ ਜਾਂਦੇ ਹਨ।

'ਜੰਗ-ਏ-ਆਜ਼ਾਦੀ' ਤੋਂ ਲੈ ਕੇ 'ਨਵਾਂ ਜ਼ਮਾਨਾ' ਦੀ ਮੁੱਖ ਸੰਪਾਦਕੀ ਤੱਕ ਵਿਚਕਾਰਲੇ ਕਈ ਦਹਾਕੇ ਉਹ ਅਨੇਕਾਂ ਅਖ਼ਬਾਰਾਂ ਨਾਲ ਜੁੜਿਆ ਰਿਹਾ। ਆਪਣੀ ਗੱਲ ਨੂੰ ਤਰਕਸੰਗਤ, ਨਿਰਣਾਜਨਕ ਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਡਰ ਹੋ ਕੇ ਦੋ-ਟੁੱਕ ਅੰਦਾਜ਼ ਵਿਚ ਕਹਿੰਦਿਆਂ ਉਸ ਨੇ ਪੱਤਰਕਾਰੀ ਦੇ ਖੇਤਰ ਵਿਚ ਇਕ ਅਜਿਹੀ ਨਿਵੇਕਲੀ ਸ਼ੈਲੀ ਨੂੰ ਜਨਮ ਦਿੱਤਾ ਹੈ ਜਿਸ ਵਿਚ ਸਿਧਾਂਤ ਦੀ ਅਡੋਲਤਾ ਹੈ, ਵਿਅੰਗ ਦੀ ਤੇਜ਼ਧਾਰ ਵੀ ਹੈ ਅਤੇ ਵਿਰੋਧੀ ਨੂੰ ਚੀਰ ਕੇ ਰੱਖ ਦੇਣ ਵਾਲੀ ਕਾਟਵੀਂ ਤਾਕਤ ਵੀ ਹੈ ਤੇ ਸਭ ਤੋਂ ਵੱਧ ਉਸਦੀਆਂ ਲਿਖਤਾਂ ਵਿਚ ਸ਼ਬਦਾਂ/ਵਾਕੰਸ਼ਾਂ ਦੇ ਜੁੜਵੇਂ ਤੇ ਵਿਰੋਧੀ ਜੁੱਟਾਂ ਦੀਆਂ ਬਾਜ਼ੀਆਂ ਪੈਂਦੀਆਂ ਵੇਖਣ ਦਾ ਆਪਣਾ ਵਿਲੱਖਣ ਸਾਹਿਤਕ ਸੁਆਦ ਵੀ ਹੁੰਦਾ ਹੈ। ਮਸਲਿਆਂ ਅਤੇ ਵਰਤਾਰਿਆਂ ਨੂੰ ਆਪਣੀ ਬਿਬੇਕ-ਬੁੱਧੀ ਨਾਲ ਸਮਝਣ/ਸਮਝਾਉਣ ਅਤੇ ਦਰਪੇਸ਼ ਅਹੁਰਾਂ ਦਾ ਇਲਾਜ ਲੱਭਦੀ ਉਹਦੀ ਲੁਕਮਾਨੀ ਲਿਆਕਤ ਦਰਿਆ ਵਾਂਗ ਵਾਕਾਂ ਵਿਚ ਵਗਦੀ ਜਾਂਦੀ ਹੈ। ਉਹ ਸ਼ਬਦਾਂ ਦੇ ਆਡੰਬਰ ਖੜ੍ਹੇ ਕਰਕੇ ਧੁੰਦ-ਖਿਲਾਰਨ ਦੀ ਥਾਂ ਸ਼ਬਦਾਂ ਨੂੰ ਚਿਰਾਗਾਂ ਵਾਂਗ ਬਾਲ ਕੇ ਦਿਲ ਦਿਮਾਗ ਦੀਆਂ ਹਨੇਰੀਆਂ ਕੁੰਦਰਾਂ ਨੂੰ ਰੌਸ਼ਨ ਕਰੀ ਜਾਂਦਾ ਹੈ। ਸਮੱਸਿਆ ਭਾਵੇਂ ਕੌਮੀ ਜਾਂ ਕੌਮਾਂਤਰੀ ਪੱਧਰ ਨਾਲ ਜੁੜਵੀਂ ਸਿਆਸਤ ਦੀ ਹੋਵੇ ਜਾਂ ਭਾਸ਼ਾ, ਸਾਹਿਤ ਜਾਂ ਸਭਿਆਚਾਰ ਨਾਲ ਸੰਬੰਧਤ ਕੋਈ ਸਥਾਨਕ ਮੁੱਦਾ ਹੋਵੇ, ਉਹ ਪੂਰੇ ਅਧਿਕਾਰ ਨਾਲ ਗੱਲ ਕਰਦਾ ਹੈ। ਅੱਖਰਾਂ ਦੇ ਅੱਖਰ ਉਹਦੇ ਨਿੱਕੇ-ਨਿੱਕੇ ਹੱਥਾਂ ਵਿਚੋਂ ਡਿੱਗ-ਡਿੱਗ ਵੀ ਪੈਂਦੇ ਹਨ ਤੇ ਡਿੱਗਦੇ ਵੀ ਐਨ ਠੀਕ ਟਿਕਾਣੇ ਉੱਪਰ ਹਨ, ਮਣਕੇ ਤੇ ਮਣਕਾ ਠਾਹ ਮਣਕਾ ਵਾਂਗ। ਦਲੀਲਾਂ ਦੀ ਇਹ ਪੂਰੀ ਦੀ ਪੂਰੀ ਸੰਗਲੀ ਸ਼ਬਦਾਂ ਦੇ ਸੁਹਜ ਨਾਲ ਇੰਜ ਸਵਾਰੀ ਹੁੰਦੀ ਹੈ ਕਿ ਉਹ ਉਹਦੀਆਂ ਰੀਝਾਂ, ਜਜ਼ਬਿਆਂ, ਸੋਚ ਅਤੇ ਸਿਧਾਂਤ ਨਾਲ ਗੁੰਦੀ ਹੋਈ ਮਾਲਾ ਵਾਂਗ ਲੱਗਦੀ ਹੈ। ਸੰਬੰਧਤ ਮਸਲੇ ਦੀਆਂ ਅੱਖਾਂ ਵਿਚ ਸਿੱਧਾ ਝਾਕਦਾ ਹੋਇਆ ਉਹ ਪੈਂਦੀ ਸੱਟੇ ਉਹਨੂੰ ਧੌਣੋਂ ਫੜਦਾ ਹੈ ਤੇ ਪੈਰਾਂ ਤੱਕ ਹਿਲਾ ਦਿੰਦਾ ਹੈ। ਨਾ ਉਹ ਏਧਰ-ਓਧਰ ਦੀਆਂ ਸੁਣਦਾ ਹੈ ਨਾ ਮਾਰਦਾ ਹੈ। ਉਹਦਾ ਨਿਸ਼ਾਨਾ ਤਾਂ ਸਦਾ 'ਚਿੜੀ ਦੀ ਅੱਖ' ਉਪਰ ਹੁੰਦਾ ਹੈ। ਕਦੀ-ਕਦੀ ਇਹ ਵੀ ਹੋ ਸਕਦਾ ਹੈ ਕਿ ਮੇਰੇ ਵਾਂਗ ਹੋਰ ਲੋਕ ਵੀ ਕਿਤੇ ਕਿਤੇ ਉਸ ਨਾਲ ਸਹਿਮਤ ਨਾ ਹੋਣ ਪਰ ਉਹਦੇ ਗੱਲ ਕਹਿਣ ਦੇ ਅੰਦਾਜ਼ ਉਪਰ ਉਦੋਂ ਵੀ ਸਦਕੇ ਜਾਣ ਨੂੰ ਜੀ ਕਰਦਾ ਹੈ ਤੇ ਆਪ-ਮੁਹਾਰੇ ਉਸ ਦੇ 'ਅੰਦਾਜ਼ੇ-ਬਿਆਂ' ਵਾਸਤੇ 'ਵਾਹ!

(ਬਾਕੀ ਸਫ਼ਾ 27 'ਤੇ)







